# PUNJAB VIDHAN SABHA

## DEBATES

*Monday, the 26th March, 2018*

*Vol. IV- No. 6*

## OFFICIAL REPORT

## CONTENTS


| | Page |
|---|---|
| Starred Questions and Answers | (6) 1 |
| Written Answers to Starred Questions laid on the Table of the House under Rule 38 | (6) 35 |
| Unstarred Questions and Answers | (6) 38 |
| Presentation of third report of the Business Advisory Committee | (6) 41 |
| Matters raised during zero hour and statements by the Ministers thereon | (6) 42 |
| Resolution reg. Condemning the Central Government for not pleading the Scheduled Castes and Scheduled Tribes (Prevention of Atrocities) Act, 1989 adequately and urging the Central Government to annul/ review the same in order to protect their rights | (6) 55 |
| Calling Attention Notices under Rule 66 | (6) 57 |



**Punjab Vidhan Sabha Secretariat, Chandigarh**

Price:Rs____________

| | |
|---|---|
| Papers re-laid/laid on the Table of the House | (6) 65 |
| Presentation of Report of the Committee | (6) 69 |
| Resumption of Discussion on Governor's Address and Vote on the Motion of thanks | (6) 70 |
| Walk Out | (6) 71 |
| Discussion on Governor's Address and Vote on the Motion of thanks *(Resumption)* | (6) 71 |
| Walk out | (6) 116 |
| Discussion on Governor's Address and Vote on the Motion of thanks *(Resumption)* | (6) 117 |
| Extension of Time of the sitting of the House | (6) 124 |
| Discussion on Governor's Address and Vote on the Motion of thanks *(Resumption)* | (6) 124 |
| Extension of Time of the sitting of the House again | (6) 133 |
| Discussion on Governor's Address and Vote on the Motion of thanks *(Resumption)* | (6) 134 |
| Extension of Time of the sitting of the House again | (6) 140 |
| Discussion on Governor's Address and Vote on the Motion of thanks *(Resumption)* | (6) 140 |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ | ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ ਚੌਕਸੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ। |
| 2) | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ |
| 3) | ਸਰਦਾਰ ਨਵਜੋਤ ਸਿੰਘ ਸਿੱਧੂ | ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ |
| 4) | ਸਰਦਾਰ ਮਨਪ੍ਰੀਤ ਸਿੰਘ ਬਾਦਲ | ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ |
| 5) | ਸਰਦਾਰ ਸਾਧੂ ਸਿੰਘ | ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ |
| 6) | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ | ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| 7) | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ |
| 8) | ਸ਼੍ਰੀਮਤੀ ਅਰੁਨਾ ਚੌਧਰੀ | ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ |
| 9) | ਸ਼੍ਰੀਮਤੀ ਰਜ਼ੀਆ ਸੁਲਤਾਨਾ | ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਰਾਜ ਮੰਤਰੀ |

## PUNJAB VIDHAN SABHA

*Monday, the 26th March, 2018*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.00 P.M. Mr. Speaker (Rana Kanwar Pal Singh) in the Chair.*

---------

## STARRED QUESTIONS AND ANSWERS

### ਪਿੰਡਾਂ ਵਿਚ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨਾ

*941. **ਸ਼੍ਰੀ ਜੋਗਿੰਦਰ ਪਾਲ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਿਨ੍ਹਾਂ ਪਿੰਡਾਂ ਵਿਚ ਗੰਦੇ ਪਾਣੀ ਦੇ ਨਿਕਾਸ ਦਾ ਉਚਿਤ ਪ੍ਰਬੰਧ ਨਹੀਂ ਹੈ, ਉਸ ਲਈ ਪੰਜਾਬ ਸਰਕਾਰ ਕੀ ਉਪਰਾਲਾ ਕਰ ਰਹੀ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਹਾਂ ਜੀ। ਗੰਦੇ ਪਾਣੀ ਦੇ ਨਿਕਾਸ ਦਾ ਉਚਿਤ ਪ੍ਰਬੰਧ ਕਰਨ ਲਈ ਇਕ ਨਵੀਂ ਸਕੀਮ ਤਰਲ ਵੇਸਟ ਮੈਨੇਜਮੈਂਟ ਸਰਕਾਰ ਦੇ ਵਿਚਾਰ ਅਧੀਨ ਹੈ। ਸਪੀਕਰ ਸਾਹਿਬ, ਇਹ ਸਵਾਲ ਬੜਾ ਅਹਿਮ ਹੈ ਤੇ ਸਾਰੇ ਪੰਜਾਬ ਵਿੱਚ ਇਸ ਦੀ ਲੋੜ ਹੈ। ਇਹ ਪਿੰਡਾਂ ਵਿੱਚ ਛੱਪੜਾਂ ਦੀ ਨਿਕਾਸੀ ਦੀ ਗੱਲ ਹੈ ਅਤੇ ਇਸ ਦੀ ਹਰ ਪਿੰਡ ਵਿੱਚ ਵੱਖਰੀ-ਵੱਖਰੀ ਸਮੱਸਿਆ ਹੈ। ਇਸ ਸਮੱਸਿਆ ਦਾ ਹੱਲ ਪੰਚਾਇਤ ਨੇ ਹੀ ਦੱਸਣਾ ਹੁੰਦਾ ਹੈ ਕਿ ਨਿਕਾਸੀ ਦਾ ਪਾਣੀ ਕਿੱਥੇ ਜਾਣਾ ਹੈ, ਕਿਵੇਂ ਜਾਣਾ ਹੈ ਅਤੇ ਇਸ ਦੇ ਪ੍ਰਬੰਧ ਲਈ ਕਿੰਨੇ ਪੈਸੇ ਚਾਹੀਦੇ ਹਨ। ਇਸ ਇੱਕ ਸਵਾਲ ਦੇ ਉੱਤਰ ਵਿੱਚ ਸਾਰੇ ਪੰਜਾਬ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ। ਸੋ, ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਜਿਸ ਪਿੰਡ ਵਿੱਚ ਇਨ੍ਹਾਂ ਨੂੰ ਕੋਈ ਖਾਸ ਸਮੱਸਿਆ ਹੈ, ਉਹ ਦੱਸ ਦੇਣ ਤਾਂ ਅਸੀਂ ਇਨ੍ਹਾਂ ਨੂੰ ਪੈਸਾ ਜਾਰੀ ਕਰ ਦਿਆਂਗੇ ਤਾਂ ਕਿ ਇਹ ਉਸ ਦਾ ਹੱਲ ਕਰ ਸਕਣ।

**ਸ਼੍ਰੀ ਜੋਗਿੰਦਰ ਪਾਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਦੇਸ਼ ਨੂੰ ਅਜ਼ਾਦ ਹੋਏ 70 ਸਾਲ ਹੋ ਗਏ ਹਨ। ਹਰ ਨਵੀਂ ਸਰਕਾਰ ਆਉਣ ਤੇ ਪਿੰਡਾਂ ਵਿੱਚ ਗਲੀਆਂ-ਨਾਲੀਆਂ ਦਾ ਪਲਾਨ ਬਦਲਿਆ ਜਾਂਦਾ ਹੈ ਅਤੇ ਕਿਸੇ ਇਕ ਸਿਸਟਮ ਵਿੱਚ ਕੰਮ ਨਹੀਂ ਕੀਤਾ ਜਾਂਦਾ ਕਿ ਪਿੰਡ ਦੀ ਨਿਕਾਸੀ ਦਾ ਪਾਣੀ ਕਿੱਥੇ ਸੁੱਟਣਾ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਪਿੰਡ ਕੋਲ ਪੰਚਾਇਤੀ ਜ਼ਮੀਨ ਨਹੀਂ ਹੈ, ਉਹ ਪਾਣੀ ਕਿੱਥੇ ਸੁੱਟਣਗੇ? ਆਮ ਤੌਰ ਤੇ ਉਹ ਪਾਣੀ ਕਿਸਾਨਾਂ ਦੀ ਜ਼ਮੀਨ ਤੇ ਜਾਂਦਾ ਹੈ ਤੇ ਕਿਸਾਨ ਉਹ ਪਾਣੀ ਬੰਦ ਕਰ ਦਿੰਦਾ ਹੈ। ਇਸ ਤਰ੍ਹਾਂ ਪਿੰਡਾਂ ਵਿੱਚ ਨਿਕਾਸੀ ਦਾ ਬਹੁਤ ਬੁਰਾ ਹਾਲ ਹੈ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ।

**ਸ਼੍ਰੀ ਜੋਗਿੰਦਰ ਪਾਲ :** ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਸਮੱਸਿਆ ਦੇ ਹੱਲ ਲਈ ਕੋਈ ਵਿਚਾਰ ਕਰ ਰਹੀ ਹੈ ?

**ਮਾਨਯੋਗ ਸਪੀਕਰ :** ਮੰਤਰੀ ਜੀ ਨੇ ਕਿਹਾ ਹੈ ਕਿ ਸਪੈਸੀਫਿਕ ਸਵਾਲ ਦਿਓ, ਜਨਰਲ ਸਵਾਲ ਦਾ ਜਵਾਬ ਦੇਣਾ ਮੁਸ਼ਕਲ ਹੁੰਦਾ ਹੈ।

**ਸ਼੍ਰੀ ਜੋਗਿੰਦਰ ਪਾਲ :** ਚਲੋ, ਮੇਰੇ ਇਲਾਕੇ ਦੇ ਵਿੱਚ ਨਿਕਾਸੀ ਦੀ ਕਾਫੀ ਸਮੱਸਿਆ ਹੈ। ਮੈਂ ਉਸ ਬਾਰੇ ਲਿਖ ਕੇ ਦੇ ਦਿਆਂਗਾ।

**ਮਾਨਯੋਗ ਸਪੀਕਰ :** ਲਿਖ ਕੇ ਦੇ ਦਿਉ। ਧੰਨਵਾਦ। ਪਹਿਲਾਂ ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਜੀ ਸਪਲੀਮੈਂਟਰੀ ਪੁੱਛ ਲੈਣ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਅਤੇ ਸਰਦਾਰ ਬਲਦੇਵ ਸਿੰਘ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਰਹੇ ਸਨ।)

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਤਕਰੀਬਨ ਹਰੇਕ ਚਾਰ-ਪੰਜ ਪਿੰਡਾਂ ਦਾ ਨਿਕਾਸੀ ਦਾ ਪਾਣੀ ਢਾਬਾਂ ਵਿੱਚ ਪੈ ਰਿਹਾ ਹੈ ਅਤੇ ਉਨ੍ਹਾਂ ਢਾਬਾਂ ਦਾ ਪਾਣੀ ਦੂਸ਼ਿਤ ਹੋ ਰਿਹਾ ਹੈ, ਜਿਸ ਕਾਰਨ ਪਿੰਡਾਂ ਵਿੱਚ ਬਿਮਾਰੀਆਂ ਫੈਲ ਰਹੀਆਂ ਹਨ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਨਿਕਾਸੀ ਦਾ ਪਾਣੀ ਢਾਬਾਂ ਵਿੱਚ ਪੈਣ ਤੋਂ ਰੋਕਣ ਲਈ ਕੋਈ ਤਜਵੀਜ਼ ਮੰਤਰੀ ਸਾਹਿਬ ਦੇ ਵਿਚਾਰ ਅਧੀਨ ਹੈ?

**ਮੰਤਰੀ:** ਮੈਂ ਤੁਹਾਡੇ ਢਾਬਾਂ ਸ਼ਬਦ ਦਾ ਮਤਲਬ ਨਹੀਂ ਸਮਝ ਸਕਿਆ ਹਾਂ। What do you mean by Dhaban?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਇਸ ਦਾ ਅਰਥ ਛੱਪੜ ਹੈ।

**ਮਾਨਯੋਗ ਸਪੀਕਰ:** ਛੱਪੜ ਨੂੰ ਢਾਬ ਕਿਹਾ ਹੈ ਜੀ।

**ਮੰਤਰੀ:** ਮੈਂ ਕਿਹਾ ਹੈ ਕਿ ਛੱਪੜਾਂ ਵਿੱਚ ਗੰਦਾ ਪਾਣੀ ਪੈ ਰਿਹਾ ਹੈ। ਇਸ ਵਿੱਚ ਪਿੰਡ ਵਾਲਿਆਂ ਦਾ ਹੀ ਗੰਦਾ ਪਾਣੀ ਪੈ ਰਿਹਾ ਹੈ। ਇਸ ਵਾਸਤੇ ਅਜੇ ਤੱਕ ਕੋਈ ਸਕੀਮ ਨਹੀਂ ਬਣੀ ਹੈ ਪਰ ਬਣਾਉਣ ਦੀ ਲੋੜ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਮੈਂ ਉਹੀ ਪੁੱਛ ਰਿਹਾ ਹਾਂ ਜੀ ਕਿ ਕੀ ਇਸ ਸਬੰਧੀ ਕੋਈ ਸਕੀਮ ਤੁਹਾਡੇ ਵਿਚਾਰ ਅਧੀਨ ਹੈ?

**ਮੰਤਰੀ :** ਹਾਂ ਜੀ, ਵਿਚਾਰ ਅਧੀਨ ਹੈ। ਇਸ ਸਬੰਧੀ ਸੈਂਟਰ ਸਰਕਾਰ ਵੀ ਸੀਰੀਅਸ ਹੈ ਤੇ ਅਸੀਂ ਵੀ ਸੀਰੀਅਸ ਹਾਂ। ਇਸ ਦਾ ਛੇਤੀ ਤੋਂ ਛੇਤੀ ਸਾਰੇ ਪੰਜਾਬ ਲਈ ਫੈਸਲਾ ਹੋਵੇਗਾ।

**ਮਾਨਯੋਗ ਸਪੀਕਰ:** ਸਕੀਮ ਜ਼ੇਰੇ ਗੌਰ ਹੈ ਅਤੇ ਜਲਦੀ ਤੋਂ ਜਲਦੀ ਸਾਰੇ ਪੰਜਾਬ ਵਿੱਚ ਲਾਗੂ ਕਰਾਂਗੇ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਪੀਕਰ ਸਾਹਿਬ, ਮੇਰੀ ਦੂਜੀ ਬੇਨਤੀ ਹੈ ਕਿ ਪਿੰਡਾਂ ਵਿੱਚ ਜਿਹੜੇ ਲੋਕ ਨਵੇਂ ਘਰ ਬਣਾਉਂਦੇ ਹਨ, ਲੋਕ ਇੱਕ ਦੂਜੇ ਨੂੰ ਦੇਖ ਕੇ ਉੱਚੇ ਤੋਂ ਉੱਚਾ ਘਰ ਬਣਾਈ ਜਾਂਦੇ ਹਨ। ਇਸ ਸਬੰਧੀ ਕੋਈ ਪਾਲਿਸੀ ਨਹੀਂ ਹੈ, ਇਸ ਕਰਕੇ ਵੀ ਸਾਡੇ ਪਿੰਡਾਂ ਦਾ ਡਰੇਨੇਜ਼ ਸਿਸਟਮ ਫੇਲ੍ਹ ਹੋ ਰਿਹਾ ਹੈ। ਕੀ ਇਸ ਸਬੰਧੀ ਸਰਕਾਰ ਕੋਈ ਪਾਲਿਸੀ ਲੈ ਕੇ ਆਵੇਗੀ ਕਿ ਪਿੰਡਾਂ ਵਿੱਚ ਜਿਸ ਨੇ ਵੀ ਨਵਾਂ ਮਕਾਨ ਪਾਉਣਾ ਹੈ ਤਾਂ ਉਸ ਦੀ ਕਿੰਨੀ ਭਰਤ ਪਾਈ ਜਾਵੇਗੀ, ਇਹ ਤੈਅ ਕਰਨ ਲਈ ਕੀ ਕੋਈ ਪਾਲਿਸੀ ਹੈ?

**ਮੰਤਰੀ :** ਸਪੀਕਰ ਸਾਹਿਬ, ਇਹ ਨਾਮਵਰ ਐਮ.ਐਲ.ਏ. ਹਨ ਤੇ ਬੜੇ ਵਧੀਆ ਐਮ.ਐਲ.ਏ. ਹਨ। ਸਾਡੇ ਸਾਰੇ ਪਿੰਡਾਂ ਵਿੱਚ ਪੰਚਾਇਤਾਂ ਚੁਣੀਆਂ ਹੋਈਆਂ ਹਨ ਤੇ ਉਨ੍ਹਾਂ ਪੰਚਾਇਤਾਂ ਦੀ ਵੀ ਕੋਈ ਡਿਊਟੀ ਹੁੰਦੀ ਹੈ। ਪੰਚਾਇਤਾਂ ਵੀ ਆਪਣਾ ਫਰਜ਼ ਪੂਰਾ ਕਰਨ ਕਿ ਕਿਹੜਾ ਲੈਵਲ ਬਣਨ ਦੇਣਾ ਚਾਹੀਦਾ ਹੈ ਤੇ ਕਿਹੜਾ ਲੈਵਲ ਨਹੀਂ ਬਣਨ ਦੇਣਾ ਚਾਹੀਦਾ ਹੈ। ਕੋਈ ਵੀ ਸਰਕਾਰੀ ਮੁਲਾਜ਼ਮ ਹਰ ਘਰ ਨੂੰ ਜਾ ਕੇ ਨਹੀਂ ਦੇਖ ਸਕਦਾ ਕਿ ਘਰ ਕਿੰਨੇ ਫੁੱਟ ਉੱਚਾ ਬਣਿਆ ਹੈ। ਇਸ ਲਈ ਪੰਚਾਇਤ ਆਪਣੀ ਡਿਊਟੀ sincerely ਨਿਭਾਏ ਤਾਂ ਅੱਧੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਅਮਰਜੀਤ ਸਿੰਘ ਸੰਦੋਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਪੁੱਛਣ ਲਈ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਸੰਦੋਆ ਸਾਹਿਬ, ਸਰਦਾਰ ਬਲਦੇਵ ਸਿੰਘ ਜੀ ਤੁਹਾਡੇ ਤੋਂ ਪਹਿਲਾਂ ਦੇ ਖੜ੍ਹੇ ਹਨ। ਬੈਠੋ ਜੀ, ਉਹ ਪਹਿਲਾਂ ਦੇ ਖੜ੍ਹੇ ਹਨ। ਹਾਂ ਜੀ, ਸਰਦਾਰ ਬਲਦੇਵ ਸਿੰਘ ਜੀ।

**ਸਰਦਾਰ ਬਲਦੇਵ ਸਿੰਘ:** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਬਹੁਤ ਸਾਰੇ ਛੱਪੜਾਂ ਦਾ ਪਾਣੀ ਗੰਦਾ ਹੈ। ਮੇਰੇ ਹਲਕੇ ਵਿਚ ਇੱਕ ਡੇਲੇਵਾਲੀ ਪਿੰਡ ਹੈ, ਉਹ ਪਿਛਲੇ 10-15 ਸਾਲ ਤੋਂ ਸਮੇਂ ਦੀਆਂ ਸਰਕਾਰਾਂ ਦੇ ਧਿਆਨ ਵਿੱਚ ਇਹ ਮਸਲਾ ਲਿਆ ਰਹੇ ਹਨ ਪਰ ਕਿਸੇ ਨੇ ਵੀ ਉਨ੍ਹਾਂ ਦੀ ਗੱਲ ਨਹੀਂ ਸੁਣੀ, ਜਿਸ ਕਰਕੇ ਬਹੁਤ ਨੁਕਸਾਨ ਹੋ ਰਿਹਾ ਹੈ।

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਬਲਦੇਵ ਸਿੰਘ :** ਮੇਰੀ ਗੱਲ ਤਾਂ ਸੁਣ ਲਓ, ਅਗਲੇ 5-7 ਸਾਲ ਵਿੱਚ ਜੇਕਰ ਇਸ ਦਾ ਕੋਈ ਹੱਲ ਨਾ ਕੀਤਾ ਗਿਆ ਤਾਂ ਬਹੁਤ ਨੁਕਸਾਨ ਹੋ ਜਾਵੇਗਾ। ਇਸ ਕਰਕੇ ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਘੱਟੋ ਘੱਟ ਉਸ ਪਿੰਡ ਦਾ ਜ਼ਰੂਰ ਧਿਆਨ ਰੱਖਿਆ ਜਾਵੇ।

**ਮਾਨਯੋਗ ਸਪੀਕਰ :** ਮੰਤਰੀ ਜੀ, ਇਸ ਪਿੰਡ ਦਾ ਧਿਆਨ ਰੱਖ ਲੈਣ। ਹਾਂ ਜੀ, ਸੰਦੋਆ ਸਾਹਿਬ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਨੂਰਪੁਰ ਬੇਦੀ ਬਲਾਕ ਦਾ ਇੱਕ ਪਿੰਡ ਸਿੰਘਪੁਰਾ ਹੈ। ਉਸ ਪਿੰਡ ਨੇ ਕਾਫੀ ਜ਼ਮੀਨ ਬਿਜਲੀ ਬੋਰਡ ਨੂੰ ਦਿੱਤੀ ਹੈ। ਉੱਥੇ ਦਾ ਪਾਣੀ ਤੁਹਾਡੇ ਅਫਸਰ ਸਾਹਿਬਾਨ ਨਿਕਲਣ ਨਹੀਂ ਦੇ ਰਹੇ। ਮੈਂ ਉੱਥੇ ਡੀ.ਸੀ. ਸਾਹਿਬ ਨੂੰ ਵੀ ਮਿਲ ਲਿਆ ਪਰ ਇਸ ਮਸਲੇ ਦਾ ਕੋਈ ਹੱਲ ਨਹੀਂ ਹੋ ਰਿਹਾ।

**ਮਾਨਯੋਗ ਸਪੀਕਰ :** ਸੰਦੋਆ ਸਾਹਿਬ, ਇਹ ਵੀ ਵੱਖਰਾ ਸਵਾਲ ਬਣਦਾ ਹੈ। ਇਸ ਤਰ੍ਹਾਂ ਕੰਮ ਨਹੀਂ ਚੱਲੇਗਾ। ਕ੍ਰਿਪਾ ਕਰਕੇ ਇਸ ਸਵਾਲ ਨੂੰ ਜਨਰੇਲਾਈਜ਼ ਨਾ ਕਰੋ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਰ, ਮੇਰੇ ਹਲਕੇ ਦੀ ਇਹ ਬਹੁਤ ਵੱਡੀ ਸਮੱਸਿਆ ਹੈ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਮੰਨ ਲਈ ਹੈ ਪਰ ਤੁਸੀਂ ਇਸ ਵਾਸਤੇ ਵੱਖਰਾ ਸਵਾਲ ਦੇਣਾ ਸੀ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਰ, ਮੈਂ ਸਵਾਲ ਦਿੱਤਾ ਸੀ ਪਰ ਲੱਗਿਆ ਨਹੀਂ।

**ਮਾਨਯੋਗ ਸਪੀਕਰ:** ਚਲੋ ਕੋਈ ਗੱਲ ਨਹੀਂ। ਪ੍ਰੋਫੈਸਰ ਬਲਜਿੰਦਰ ਕੌਰ ਜੀ।

**ਪ੍ਰੋਫੈਸਰ ਬਲਜਿੰਦਰ ਕੌਰ:** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਇਹ ਸਮੱਸਿਆ ਆਉਂਦੀ ਹੈ ਕਿ ਪੰਚਾਇਤਾਂ ਤਾਂ ਬਣ ਜਾਂਦੀਆਂ ਹਨ ਪਰ ਉਹ ਆਪਣੇ ਕੰਮ ਪ੍ਰਤੀ ਵਫਾਦਾਰ ਨਹੀਂ ਹੁੰਦੀਆਂ। ਮੇਰਾ ਮਤਲਬ ਹੈ ਜਿਹੜੇ ਕੰਮ ਪੰਚਾਇਤਾਂ ਨੂੰ ਕਰਨੇ ਚਾਹੀਦੇ ਹਨ, ਉਹ ਨਹੀਂ ਕਰਦੇ। ਕੀ ਸਰਕਾਰ ਵੱਲੋਂ ਕੋਈ ਅਜਿਹੀ ਤਜਵੀਜ਼ ਜਾਂ ਪਾਲਿਸੀ ਬਣਾਈ ਜਾ ਰਹੀ ਹੈ ਜਿਸ ਨਾਲ ਪੰਚਾਇਤਾਂ ਦੇ ਕੰਮ ਤੇ ਚੈੱਕ ਰੱਖਿਆ ਜਾ ਸਕੇ?

**ਮਾਨਯੋਗ ਸਪੀਕਰ:** ਮੰਤਰੀ ਜੀ, ਪੰਚਾਇਤਾਂ ਤੇ ਚੈੱਕ ਰੱਖਣ ਲਈ ਕੋਈ ਯਤਨ ਹੋਵੇਗਾ?

**ਮੰਤਰੀ:** ਸਪੀਕਰ ਸਾਹਿਬ, ਪੰਚਾਇਤਾਂ ਦੇ ਕੰਮ ਨੂੰ ਚੈੱਕ ਕਰਨ ਵਾਸਤੇ ਬੀ.ਡੀ.ਪੀ.ਓ. ਹਨ, ਡੀ.ਸੀ. ਸਾਹਿਬ ਵੀ ਹਨ। ਜੇਕਰ ਇਨ੍ਹਾਂ ਨੂੰ ਕਿਸੇ ਪਰਟੀਕੁਲਰ ਪਿੰਡ ਦੇ ਕੰਮ ਦੀ ਸ਼ਿਕਾਇਤ ਹੈ ਤਾਂ ਮੈਨੂੰ ਦੱਸ ਦੇਣ ਮੈਂ ਇਨਕੁਆਰੀ ਕਰਵਾ ਦਿਆਂਗਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਗੰਦੇ ਪਾਣੀ ਦੀ ਨਿਕਾਸੀ ਦਾ ਮਸਲਾ ਪੰਜਾਬ ਦੇ ਹਰ ਪਿੰਡ ਅਤੇ ਹਰ ਬਲਾਕ ਦਾ ਮਸਲਾ ਹੈ। ਪਿੰਡਾਂ ਦੇ ਵਿੱਚ ਛੱਪੜਾਂ ਦਾ ਪਾਣੀ ਇੰਨਾ ਗੰਦਾ ਹੋ ਚੁੱਕਿਆ ਹੈ, ਬਦਬੂਦਾਰ ਹੋ ਚੁੱਕਿਆ ਹੈ ਕਿ ਉੱਥੇ ਲੋਕਾਂ ਦਾ ਰਹਿਣਾ ਮੁਸ਼ਕਿਲ ਹੋ ਗਿਆ ਹੈ। ਪੰਚਾਇਤਾਂ ਕੋਲ ਇੰਨੇ ਫੰਡਜ਼ ਨਹੀਂ ਹਨ ਕਿ ਪਾਈਪਾਂ ਪਾ ਕੇ ਡਰੇਨੇਜ ਸਿਸਟਮ ਨੂੰ ਲਾਗੂ ਕਰ ਸਕਣ। ਜੇਕਰ ਕਿਸੇ ਇੱਕ ਛੱਪੜ ਦੇ ਪਾਣੀ ਨੂੰ ਪਾਈਪ ਰਾਹੀਂ ਕਿਤੇ ਲੈ ਕੇ ਜਾਂਦੇ ਹਾਂ ਤਾਂ ਲਗਭਗ 25-30 ਲੱਖ ਰੁਪਿਆ ਖਰਚ ਆਉਂਦਾ ਹੈ।

**ਮਾਨਯੋਗ ਸਪੀਕਰ:** ਰਾਜਾ ਜੀ, ਸਵਾਲ ਪੁੱਛੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਵੱਲੋਂ ਕੇਵਲ ਛੱਪੜਾਂ ਅਤੇ ਗੰਦੇ ਪਾਣੀ ਦੀ ਨਿਕਾਸੀ ਵਾਸਤੇ ਕੋਈ ਫੰਡ ਰੱਖੇ ਜਾਣਗੇ?

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਕੇਵਲ ਛੱਪੜਾਂ ਦੀ ਨਿਕਾਸੀ ਵਾਸਤੇ ਕੋਈ ਵਿਸ਼ੇਸ਼ ਫੰਡ ਰੱਖਿਆ ਗਿਆ ਹੈ ਜਾਂ ਕੋਈ ਤਜਵੀਜ਼ ਹੈ?

**ਮੰਤਰੀ:** ਸਪੀਕਰ ਸਾਹਿਬ, ਪਿੰਡਾਂ ਦੇ ਵਿੱਚ ਛੱਪੜਾਂ ਤੇ ਨਾਜਾਇਜ਼ ਕਬਜ਼ੇ ਸਾਡੇ ਸਾਥੀ ਹੀ ਕਰ ਰਹੇ ਹਨ। ਪੰਚਾਇਤਾਂ ਦੀ ਕੋਈ ਜੁਰੱਅਤ ਨਹੀਂ ਕਿ ਉਹ ਨਾਜਾਇਜ਼ ਕਬਜ਼ੇ ਕਰ ਲੈਣ। ਇਸ ਲਈ ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਸਾਰੇ ਆਪਣੀ ਡਿਊਟੀ ਨਿਭਾਈਏ। ਬਾਕੀ ਜਿਹੜੀ ਰਾਜਾ ਜੀ ਨੇ ਗੱਲ ਕੀਤੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਾਸਤੇ ਤਾਂ ਨਹੀਂ ਪਰ ਅਸੀਂ ਇਸ ਵਾਰ ਪਾਇਲਟ ਪ੍ਰੋਜੈਕਟ ਦੇ ਅਧੀਨ 747 ਪਿੰਡ ਚੁਣੇ ਹਨ ਜਿਸ ਵਿੱਚ ਇੱਕ ਨਵੀਂ ਸਕੀਮ ਅਧੀਨ ਕੰਮ ਕੀਤਾ ਜਾਵੇਗਾ। ਜੇਕਰ ਉਹ ਸਕੀਮ ਕਾਮਯਾਬ ਹੋ ਗਈ ਤਾਂ ਉਹ ਸਾਰੇ ਪੰਜਾਬ ਵਿੱਚ ਲਾਗੂ ਕਰ ਦੇਵਾਂਗੇ।

-----------

## ਪਬਲਿਕ ਕਾਲਜ ਸਮਾਣਾ ਵਿਖੇ ਰਾਜ ਮਾਤਾ ਮੋਹਿੰਦਰ ਕੌਰ ਇੰਜੀਨੀਅਰਿੰਗ ਕਾਲਜ ਦੇ ਕੰਮ ਨੂੰ ਮੁੜ ਚਾਲੂ ਕਰਨਾ

*886. **ਸਰਦਾਰ ਰਾਜਿੰਦਰ ਸਿੰਘ:** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਦਸੰਬਰ, 2006 ਵਿਚ ਉਸ ਸਮੇਂ ਦੇ ਵਿੱਤ ਮੰਤਰੀ ਅਤੇ ਪਟਿਆਲਾ ਤੋਂ ਲੋਕ ਸਭਾ ਦੇ ਮੈਂਬਰ ਦੁਆਰਾ ਪਬਲਿਕ ਕਾਲਜ (ਸਮਾਣਾ) ਵਿਖੇ ਰਾਜ ਮਾਤਾ ਮੋਹਿੰਦਰ ਕੌਰ ਇੰਜੀਨੀਅਰਿੰਗ ਕਾਲਜ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਅਤੇ ਇਸ ਮੰਤਵ ਲਈ ਇਕ ਕਰੋੜ ਰੁਪਏ ਜਮ੍ਹਾਂ ਕਰਵਾਏ ਗਏ ਸੀ: ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ;

(ਅ) ਕੀ ਸਰਕਾਰ ਦੀ ਨੇੜਲੇ ਭਵਿੱਖ ਵਿਚ ਇਸ ਕਾਲਜ ਦੇ ਕੰਮ ਦੀ ਸ਼ੁਰੂਆਤ ਕਰਨ ਦੀ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਸਰਦਾਰ ਚਰਨਜੀਤ ਸਿੰਘ ਚੰਨੀ:** (ੳ) ਹਾਂ ਜੀ, ਰਾਜ ਮਾਤਾ ਮੋਹਿੰਦਰ ਕੌਰ ਇੰਜੀਨੀਅਰਿੰਗ ਕਾਲਜ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਅਤੇ ਇਕ ਕਰੋੜ ਰੁਪਏ ਦੀ ਰਾਸ਼ੀ ਵੀ ਜਮ੍ਹਾਂ ਕਰਵਾਈ ਗਈ ਸੀ ਪਰ ਇਹ ਪ੍ਰਾਜੈਕਟ ਚਾਲੂ ਨਹੀਂ ਹੋਇਆ ਅਤੇ ਬਾਅਦ ਵਿਚ ਕਾਰਜਕਾਰੀ ਇੰਜੀਨੀਅਰ ਉਸਾਰੀ ਮੰਡਲ ਬੀ.ਐਂਡ.ਆਰ., ਪਟਿਆਲਾ ਵਲੋਂ ਇਕ ਕਰੋੜ ਰੁਪਏ ਦੀ ਰਾਸ਼ੀ ਵਾਪਸ ਖਜ਼ਾਨੇ ਵਿਚ ਜਮ੍ਹਾਂ ਕਰਵਾ ਦਿੱਤੀ ਗਈ ਸੀ।

(ਅ) ਇਹ ਕਾਲਜ ਖੋਲ੍ਹਣਾ ਸਰਕਾਰ ਦੇ ਵਿਚਾਰ ਅਧੀਨ ਹੈ ਜੀ।

**ਸਰਦਾਰ ਰਾਜਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਮਾਣਾ ਇੱਕ ਬਹੁਤ ਛੋਟਾ ਇੰਡਸਟਰੀਅਲ ਟਾਊਨ ਹੈ, ਜਿੱਥੇ ਇਸ ਕਾਲਜ ਦੀ ਬਹੁਤ ਸਖਤ ਜ਼ਰੂਰਤ ਹੈ। ਮੈਂ ਮੰਤਰੀ ਜੀ ਤੋਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਇਥੇ ਇੰਜੀਨੀਅਰਿੰਗ ਕਾਲਜ ਨਾ ਬਣਦਾ ਹੋਵੇ ਤਾਂ ਕੀ ਇਸ ਥਾਂ ਤੇ ਸਕਿੱਲ ਡਿਵੈਲਪਮੈਂਟ ਜਾਂ ਨਰਸਿੰਗ ਕਾਲਜ ਬਣਾਇਆ ਜਾ ਸਕਦਾ ਹੈ? ਮੈਂ ਇਸ ਵਾਸਤੇ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ।

**ਮਾਨਯੋਗ ਸਪੀਕਰ:** ਹਾਂ ਜੀ, ਮੰਤਰੀ ਜੀ, ਕੋਈ ਸਕਿੱਲ ਡਿਵੈਲਪਮੈਂਟ ਕਾਲਜ ਵੀ ਬਣ ਸਕਦਾ ਹੈ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਲ 2006 ਵਿੱਚ ਸਰਦਾਰ ਲਾਲ ਸਿੰਘ ਜੀ ਖਜ਼ਾਨਾ ਮੰਤਰੀ ਸਨ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਮੁੱਖ ਮੰਤਰੀ ਸਨ। ਉਸ ਸਮੇਂ ਸਰਕਾਰ ਨੇ ਇੱਕ ਕਰੋੜ ਰੁਪਿਆ ਵੀ ਦਿੱਤਾ ਤੇ ਰਾਜ ਮਾਤਾ ਮੋਹਿੰਦਰ ਕੌਰ ਇੰਜੀਨੀਅਰਿੰਗ ਕਾਲਜ ਦਾ ਨੀਂਹ ਪੱਥਰ ਵੀ ਰੱਖਿਆ ਲੇਕਿਨ ਬਦਕਿਸਮਤੀ ਇਹ ਰਹੀ ਹੈ ਕਿ ਉਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ। ਉਨ੍ਹਾਂ ਨੇ ਹਰ ਉਹ ਪ੍ਰਾਜੈਕਟ ਜਿਸ ਨੂੰ ਪਿਛਲੀ ਸਰਕਾਰ ਸ਼ੁਰੂ ਕਰਕੇ ਗਈ ਸੀ, ਉਸ ਨੂੰ ਰਾਜਨੀਤਕ ਸ਼ੀਸ਼ੇ ਵਿਚੋਂ ਦੇਖਿਆ ਕਿ ਕੀ ਇਹ ਰਾਜਨੀਤੀ ਦੇ ਸ਼ੀਸ਼ੇ ਵਿੱਚ ਫਿੱਟ ਬੈਠਦਾ ਹੈ ਜਾਂ ਨਹੀਂ? ਇੱਥੋਂ ਤੱਕ ਕਿ ਚਮਕੌਰ ਸਾਹਿਬ ਵਿੱਚ ਵੀ ਸ਼ਹੀਦਾਂ ਦੀ ਯਾਦ ਵਿੱਚ ਇੱਕ ਥੀਮ ਪਾਰਕ ਬਣ ਰਿਹਾ ਸੀ।ਇਨ੍ਹਾਂ ਨੇ ਸ਼ਹੀਦਾਂ ਨੂੰ ਵੀ ਨਹੀਂ ਬਖਸ਼ਿਆ। ਉਹ ਪ੍ਰਾਜੈਕਟ ਵੀ ਬੰਦ ਕਰ ਦਿੱਤਾ ਗਿਆ ** ਉਨ੍ਹਾਂ ਗੁਰੂ ਦੇ ਲਾਲਾਂ ਦੀ ਪਰਵਾਹ ਵੀ ਨਹੀਂ ਕੀਤੀ ਜਿਨ੍ਹਾਂ ਨੇ ਆਪਣਾ ਸਰਬੰਸ ਵਾਰਿਆ।ਅੱਜ ਅਸੀਂ ਦੁਬਾਰਾ ਫਿਰ ਸ਼ਹੀਦਾਂ ਦੀ ਯਾਦ ਵਿੱਚ ਥੀਮ ਪਾਰਕ ਦਾ ਕੰਮ ਸ਼ੁਰੂ ਕੀਤਾ ਹੈ।

**ਮਾਨਯੋਗ ਸਪੀਕਰ:** ** ਐਕਸਪੰਜ ਕੀਤੇ ਜਾਣ।

**ਮੰਤਰੀ :** ਸਪੀਕਰ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਅਤੇ ਹੋਰ ਸਿੰਘ ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਚਮਕੌਰ ਸਾਹਿਬ ਵਿਖੇ ਥੀਮ ਪਾਰਕ ਬਣਿਆ ਸੀ, ਉਸ ਨੂੰ ਵੀ ਰਾਜਨੀਤਕ ਕਾਰਨਾਂ ਕਰਕੇ ਬੰਦ ਕਰ ਦਿੱਤਾ ਗਿਆ। ਇਸੇ ਤਰ੍ਹਾਂ ਹੀ ਇਹ ਕਾਲਜ ਰਾਜ ਮਾਤਾ ਮੋਹਿੰਦਰ ਕੌਰ ਜੀ ਦੇ ਨਾਮ ਤੇ ਸ਼ੁਰੂ ਕੀਤਾ ਗਿਆ ਸੀ। ਉਹ ਐਮ.ਪੀ. ਅਤੇ ਐਮ.ਐਲ.ਏ. ਵੀ ਰਹੇ ਹਨ। ਉਹ ਐਜੂਕੇਸ਼ਨਲ ਸੰਸਥਾਵਾਂ ਦੇ ਚੇਅਰਮੈਨ ਵੀ ਰਹੇ ਹਨ ਅਤੇ ਜਿਹੜੇ ਰਫਿਊਜ਼ੀ ਪਾਕਿਸਤਾਨ ਤੋਂ ਉੱਜੜ ਕੇ ਇਧਰ ਆਏ ਸੀ, ਉਨ੍ਹਾਂ ਨੂੰ ਵੀ ਇਥੇ ਵਸਾਉਣ ਵਿਚ ਉਨ੍ਹਾਂ ਨੇ ਆਪਣਾ ਯੋਗਦਾਨ ਪਾਇਆ। ਉਹ ਇੱਕ ਰਾਜ ਘਰਾਣੇ ਵਿੱਚ ਆਏ ਅਤੇ ਸੀ.ਐਮ. ਸਾਹਿਬ ਦੇ ਕੰਧੇ ਤੇ ਦੁਨੀਆਂ ਤੋਂ ਰੁਖਸਤ ਹੋਏ। ਉਹ ਕਿੰਨੀ ਵਧੀਆ ਕਿਸਮਤ ਲੈ ਕੇ ਆਏ ਸੀ।

**ਮਾਨਯੋਗ ਸਪੀਕਰ:** ਤੁਸੀਂ ਸੰਖੇਪ ਕਰੋ ਜੀ।

**ਮੰਤਰੀ :** ਸਪੀਕਰ ਸਾਹਿਬ, ਮੈਂ ਅੱਜ ਇਹ ਐਲਾਨ ਕਰਨ ਵਿੱਚ ਗੌਰਵ ਮਹਿਸੂਸ ਕਰ ਰਿਹਾ ਹਾਂ ਕਿ ਅਸੀਂ ਰਾਜ ਮਾਤਾ ਮੋਹਿੰਦਰ ਕੌਰ ਜੀ ਦੇ ਨਾਂ ਤੇ ਪਟਿਆਲਾ ਵਿਖੇ ਇਕ ਇੰਸਟੀਚਿਊਸ਼ਨ, ਪੋਲੀਟੈਕਨਿਕ ਕਾਲਜ ਬਣਾਵਾਂਗੇ । ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਰਾਜ ਮਾਤਾ ਮੋਹਿੰਦਰ ਕੌਰ ਜੀ ਦੇ ਨਾਮ ਤੇ ਪੋਲੀਟੈਕਨਿਕ ਇੰਜੀਨੀਅਰਿੰਗ ਕਾਲਜ ਬਣਾਵਾਂਗੇ ਅਤੇ ਜਿਹੜਾ ਇਨ੍ਹਾਂ ਨੇ ਸਮਾਣਾ ਵਿੱਚ ਸਕਿੱਲ ਡਿਵੈਲਪਮੈਂਟ ਦੀ ਗੱਲ ਕੀਤੀ ਹੈ, ਜੇ ਇਹ ਚਾਹੁਣਗੇ ਤਾਂ ਉਥੇ ਬਕਾਇਦਾ ਸਕਿੱਲ ਡਿਵੈਲਪਮੈਂਟ ਸੈਂਟਰ ਵੀ ਜ਼ਰੂਰ ਖੋਲ੍ਹਾਂਗੇ।

**Mr. Speaker:** Thank you. ਸਰਦਾਰ ਰਾਜਿੰਦਰ ਸਿੰਘ ਜੀ ਜਿਵੇਂ ਤੁਸੀਂ ਚਾਹੋਗੇ, ਉਸੇ ਹਿਸਾਬ ਨਾਲ ਉਥੇ ਕੰਮ ਹੋਵੇਗਾ।

------

** Expunged as ordered by the Chair.

## ਪਿੰਡ ਢੋਲਵਾਹਾ (ਸ਼ਾਮ ਚੁਰਾਸੀ) ਵਿਖੇ ਕੋ-ਐਜੂਕੇਸ਼ਨ ਡਿਗਰੀ ਕਾਲਜ ਖੋਲ੍ਹਣਾ

*1235. **ਸ਼੍ਰੀ ਪਵਨ ਕੁਮਾਰ ਆਦੀਆ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵਿਧਾਨ ਸਭਾ ਹਲਕਾ ਸ਼ਾਮ ਚੁਰਾਸੀ ਵਿਚ ਪੈਂਦੇ ਕੰਡੀ ਖੇਤਰ ਦੇ ਪਿੰਡ ਢੋਲਵਾਹਾ ਵਿਖੇ ਇਕ ਕੋ-ਐਜੂਕੇਸ਼ਨ ਡਿਗਰੀ ਕਾਲਜ ਖੋਲ੍ਹਣ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਖੋਲ੍ਹੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀਮਤੀ ਅਰੁਨਾ ਚੌਧਰੀ:** ਨਹੀਂ ਜੀ।

**ਸ਼੍ਰੀ ਪਵਨ ਕੁਮਾਰ ਆਦੀਆ:** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਏਰੀਏ ਵਿੱਚ ਪਿਛਲੀ ਅਕਾਲੀ ਸਰਕਾਰ ਨੇ ਪਹਿਲਾਂ ਇੱਕ ਗੌਰਮਿੰਟ ਕਾਲਜ ਮਨਜ਼ੂਰ ਕੀਤਾ ਸੀ ਪਰ ਸਿਆਸੀ ਕਾਰਨਾਂ ਕਰਕੇ ਉਹ ਪੈਸੇ ਵੀ ਵਾਪਸ ਮੰਗਵਾ ਲਏ ਗਏ ਅਤੇ ਉਹ ਕਾਲਜ ਵੀ ਕੈਂਸਲ ਕਰ ਦਿੱਤਾ ਗਿਆ।ਇਹ ਸ਼ਹੀਦਾਂ ਦੀ ਧਰਤੀ ਹੈ ਔਰ ਉਸ ਇਲਾਕੇ ਵਾਸਤੇ ਮੈਂ ਕਾਲਜ ਦੀ ਡਿਮਾਂਡ ਕੀਤੀ ਹੈ, ਜਿਹੜਾ ਕੰਡੀ ਦਾ ਏਰੀਆ ਹੈ ਤੇ ਉਥੇ ਕਾਲਜ ਦੀ ਬਹੁਤ ਸਖਤ ਜ਼ਰੂਰਤ ਹੈ।

**ਮਾਨਯੋਗ ਸਪੀਕਰ:** ਪਲੀਜ਼, ਸਵਾਲ ਪੁੱਛੋ ਜੀ।

**ਸ਼੍ਰੀ ਪਵਨ ਕੁਮਾਰ ਆਦੀਆ:** ਸਪੀਕਰ ਸਾਹਿਬ, ਮੈਂ ਕਾਲਜ ਬਾਰੇ ਗੱਲ ਕੀਤੀ ਹੈ ਕਿ ਪਿਛਲੀ ਅਕਾਲੀ ਸਰਕਾਰ ਨੇ ਇਸ ਨੂੰ ਬਣਵਾਉਣ ਦੀ ਤਜਵੀਜ਼ ਦਿੱਤੀ ਸੀ, ਉਸ ਤੋਂ ਬਾਅਦ ਕੈਂਸਲ ਕਰ ਦਿੱਤਾ ਗਿਆ।ਕੀ ਹੁਣ ਕੋਈ ਤਜਵੀਜ਼ ਹੈ?

**ਮਾਨਯੋਗ ਸਪੀਕਰ:** ਅਰੁਨਾ ਜੀ, ਕੋਈ ਤਜਵੀਜ਼ ਹੈ ਜੀ?

**ਰਾਜ ਮੰਤਰੀ:** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਢੋਲਵਾਹਾ ਹੁਸ਼ਿਆਰਪੁਰ ਸਬ ਡਵੀਜ਼ਨ ਵਿੱਚ ਪੈਂਦਾ ਹੈ। ਇਸ ਸਬ ਡਵੀਜ਼ਨ ਵਿੱਚ ਇੱਕ ਸਰਕਾਰੀ ਕਾਲਜ, ਚਾਰ ਪ੍ਰਾਈਵੇਟ ਏਡਿਡ ਔਰ ਚਾਰ ਪ੍ਰਾਈਵੇਟ ਕਾਲਜ ਪਹਿਲਾਂ ਹੀ ਚੱਲ ਰਹੇ ਹਨ। ਇਸ ਸਬ ਡਵੀਜ਼ਨ ਵਿੱਚ 09 ਕਾਲਜ ਚੱਲ ਰਹੇ ਹਨ।ਅਸੀਂ ਸਾਰੇ ਹੀ ਸਬ ਡਵੀਜ਼ਨਾਂ ਦੇ ਵਿੱਚ ਇੱਕ ਇੱਕ ਕਾਲਜ ਖੋਲ੍ਹਣ ਲਈ ਚੁਣਾਵੀ ਪੱਤਰ ਵਿੱਚ ਲਿਖਿਆ ਹੋਇਆ ਹੈ।ਸਾਡੀਆਂ 30 ਸਬ ਡਵੀਜ਼ਨਾਂ ਅਜਿਹੀਆਂ ਹਨ, ਜਿਥੇ ਕੋਈ ਵੀ ਸਰਕਾਰੀ ਕਾਲਜ ਨਹੀਂ ਹੈ। ਅਸੀਂ ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਲਵਾਂਗੇ। ਅਸੀਂ ਇਨ੍ਹਾਂ ਦੀ ਪਰਪੋਜ਼ਲ ਤੇ ਵੀ ਤੁਰੰਤ ਵਿਚਾਰ ਕਰ ਲਵਾਂਗੇ।

**ਮਾਨਯੋਗ ਸਪੀਕਰ:** ਆਦੀਆ ਸਾਹਿਬ, ਤੁਸੀਂ ਪਰਪੋਜ਼ਲ ਦੇ ਦਿਓ ਜੀ, ਇਹ ਗੌਰ ਕਰਨਗੇ। ਹਾਂ ਜੀ। ਟੀਨੂੰ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** ਧੰਨਵਾਦ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਢੋਲਵਾਹਾ ਵਿੱਚ ਹਾਲੇ ਕੋਈ ਪਰਪੋਜ਼ਲ ਨਹੀਂ ਹੈ। ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਲ 2017 ਵਿੱਚ ਕਾਂਗਰਸ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਕਿਹਾ ਸੀ ਕਿ ਅਸੀਂ ਇੱਕ ਸਾਲ ਵਿੱਚ 50 ਕਾਲਜ ਬਣਾਵਾਂਗੇ। ਕੀ ਮੰਤਰੀ ਜੀ ਇਹ ਦੱਸਣਗੇ ਕਿ ਬੀਤੇ ਸਾਲ ਵਿੱਚ ਕਿੱਥੇ ਕਿੱਥੇ 50 ਕਾਲਜ ਬਣਾਏ ਹਨ? (ਵਿਘਨ) (ਸ਼ੋਰ) ਇਨ੍ਹਾਂ ਨੇ ਕਿਹਾ ਸੀ ਕਿ ਪੂਰੇ ਪੰਜਾਬ ਅੰਦਰ ਇੱਕ ਸਾਲ ਵਿੱਚ 50 ਕਾਲਜ ਬਣਾਵਾਂਗੇ। ਹਰ ਸਬ ਡਵੀਜ਼ਨ ਵਿੱਚ ਇੱਕ ਕਾਲਜ ਬਣਾਵਾਂਗੇ, ਮੈਨੂੰ ਇਹ ਦੱਸ ਦਿਉ ਕਿ ਕਿੱਥੇ ਕਿੱਥੇ ਕਾਲਜ ਬਣਾਏ ਹਨ? (ਵਿਘਨ)(ਸ਼ੋਰ)

**ਰਾਜ ਮੰਤਰੀ :** ਸਪੀਕਰ ਸਾਹਿਬ, (ਵਿਘਨ...ਸ਼ੋਰ)

**ਮਾਨਯੋਗ ਸਪੀਕਰ** : ਮੰਤਰੀ ਜੀ ਨੂੰ ਬੋਲ ਲੈਣ ਦਿਉ, ਟੀਨੂ ਜੀ। (ਵਿਘਨ) ਟੀਨੂ ਜੀ, ਜਵਾਬ ਦੇ ਦੇਣ ਦਿਉ।

**ਸ਼੍ਰੀ ਪਵਨ ਕੁਮਾਰ ਟੀਨੂ** : ਪਿਛਲੇ ਸਾਲ ਵਿੱਚ ਇਨ੍ਹਾਂ ਨੇ ਕਿੰਨੇ ਕਾਲਜ ਖੋਲ੍ਹੇ ਹਨ? (ਵਿਘਨ...ਸ਼ੋਰ)

**ਮਾਨਯੋਗ ਸਪੀਕਰ** : ਟੀਨੂ ਜੀ, ਬੈਠੋ।

**ਰਾਜ ਮੰਤਰੀ** : ਟੀਨੂ ਜੀ, ਤੁਸੀਂ ਬੈਠੋ। ਸੁਣ ਲਉ। ਜਿਹੜਾ ਤੁਸੀਂ ਜ਼ਿਕਰ ਕੀਤਾ ਹੈ ਕਿ ਅਸੀਂ 50 ਕਾਲਜ ਖੋਲ੍ਹਣੇ ਸੀ। ਅਸੀਂ ਇੱਕ ਸਾਲ ਵਿੱਚ 50 ਕਾਲਜ ਖੋਲ੍ਹਣ ਵਾਸਤੇ ਨਹੀਂ ਕਿਹਾ। ਇੱਕ ਸਾਲ ਵਿੱਚ ਤਾਂ ਪਾਸੀਬਲ ਹੀ ਨਹੀਂ ਹੈ। ਤੁਸੀਂ 10 ਸਾਲਾਂ ਵਿੱਚ ਨਹੀਂ ਖੋਲ੍ਹ ਸਕੇ। ਅਸੀਂ ਇੱਕ ਸਾਲ ਵਿੱਚ ਕਿੱਥੇ ਖੋਲ੍ਹ ਸਕਾਂਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)।ਦੂਸਰੀ ਗੱਲ...

**ਮਾਨਯੋਗ ਸਪੀਕਰ** : ਉਹ ਕਹਿੰਦੇ ਹਨ ਕਿ ਨਹੀਂ ਕਿਹਾ ਜੀ। (ਵਿਘਨ)(ਸ਼ੋਰ) ਇੱਕ ਸਾਲ ਵਿਚ 50 ਕਾਲਜ ਖੋਲ੍ਹਣ ਬਾਰੇ ਨਹੀਂ ਕਿਹਾ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** ਇਨ੍ਹਾਂ ਨੇ ਇੱਕ ਸਾਲ ਵਿਚ 50 ਕਾਲਜ ਖੋਲ੍ਹਣ ਵਾਸਤੇ ਕਿਹਾ ਸੀ।

**ਮਾਨਯੋਗ ਸਪੀਕਰ :** ਉਹ ਕਹਿੰਦੇ ਹਨ ਕਿ ਇੱਕ ਸਾਲ ਵਿਚ 50 ਕਾਲਜ ਖੋਲ੍ਹਣ ਬਾਰੇ ਅਸੀਂ ਨਹੀਂ ਕਿਹਾ। (ਵਿਘਨ...ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂ :** ਇਹ ਤੁਹਾਡੇ ਚੋਣ ਮੈਨੀਫੈਸਟੋ ਵਿਚ ਹੈ। ਮੈਂ ਹੁਣੇ ਦੱਸ ਦਿੰਦਾ ਹਾਂ। ਤੁਸੀਂ ਮੈਨੀਫੈਸਟੋ ਪੜ੍ਹਿਆ ਨਹੀਂ।(ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਬੈਠੋ ਜੀ ਬੈਠੋ। ਟੀਨੂ ਜੀ, ਤੁਸੀਂ ਬੈਠੋ। (ਵਿਘਨ)(ਸ਼ੋਰ)

**ਰਾਜ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੀ ਜਾਣਕਾਰੀ ਵਾਸਤੇ ਮੈਂ ਇੱਕ ਗੱਲ ਦੱਸ ਦੇਵਾਂ ਕਿ ਅਸੀਂ ਪਿਛਲੇ ਸਾਲ 5 ਕਾਲਜ ਖੋਲ੍ਹੇ ਅਤੇ ਇਸ ਬਜਟ ਸੈਸ਼ਨ ਵਿਚ ਮੰਤਰੀ ਸਾਹਿਬ ਨੇ 10 ਕਾਲਜ ਅਨਾਊਂਸ ਕੀਤੇ ਹਨ। ਸੋ, ਇੱਕ ਸਾਲ ਦੇ ਵਿਚ 15 ਕਾਲਜ ਹੋ ਗਏ ਹਨ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬੈਠੋ, ਟੀਨੂ ਜੀ, ਬੈਠੋ। ਟੀਨੂ ਜੀ, ਤੁਹਾਡੀ ਗੱਲ ਦਾ ਜਵਾਬ ਆ ਗਿਆ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨੂਰਪੁਰ ਬੇਦੀ ਬਹੁਤ ਪਛੜਿਆ ਹੋਇਆ ਏਰੀਆ ਹੈ। ਉੱਥੇ ਸੰਤ ਬਾਬਾ ਲਾਭ ਸਿੰਘ ਜੀ ਲੜਕੀਆਂ ਦਾ ਕਾਲਜ ਚਲਾ ਰਹੇ ਸੀ। 150 ਪਿੰਡਾਂ ਵਾਸਤੇ ਉੱਥੇ

ਕੋਈ ਕਾਲਜ ਨਹੀਂ ਸੀ ਪਰ ਸੰਤ ਬਾਬਾ ਲਾਭ ਸਿੰਘ ਜੀ ਨੇ ਉੱਥੇ ਕਾਲਜ ਚਲਾਇਆ। ਪਿਛਲੀ ਸਰਕਾਰ ਨੇ ਇਸ ਕਾਲਜ ਨੂੰ ਸਰਕਾਰ ਵਲੋਂ adopt ਕਰ ਲਿਆ ਸੀ ਪਰ ਇਕ ਸਾਲ ਹੋ ਗਿਆ ਹੈ, ਹੁਣ ਤੱਕ ਇਸ ਬਾਰੇ ਕੋਈ ਫੈਸਲਾ ਨਹੀਂ ਹੋ ਸਕਿਆ।

**ਮਾਨਯੋਗ ਸਪੀਕਰ :** ਇਹ ਸਵਾਲ ਵੱਖਰਾ ਬਣਦਾ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਵਾਲ ਤਾਂ ਵੱਖਰਾ ਬਣਦਾ ਹੈ ਪਰ ਮੈਨੂੰ ਜਵਾਬ ਨਹੀਂ ਮਿਲਦਾ।

**ਮਾਨਯੋਗ ਸਪੀਕਰ:** ਮੰਤਰੀ ਜੀ ਜ਼ੁਬਾਨੀ ਕਿਵੇਂ ਯਾਦ ਰੱਖਣਗੇ? ਪੰਜਾਬ ਦੇ ਕਿੰਨੇ ਹੀ ਕਾਲਜ ਹਨ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਵਾਲ ਤਾਂ ਮੈਂ ਪਹਿਲਾਂ ਦੇ ਚੁੱਕਿਆ ਹਾਂ ਪਰ ਇਹ ਸਵਾਲ ਕਦੇ ਲਗਦਾ ਨਹੀਂ ਹੈ।ਇੱਕ ਸਾਲ ਤੋਂ ਉਨ੍ਹਾਂ ਮੁਲਾਜ਼ਮਾਂ ਨੂੰ ਤਨਖਾਹ ਵੀ ਨਹੀਂ ਮਿਲੀ।

**ਮਾਨਯੋਗ ਸਪੀਕਰ:** ਨਹੀਂ, ਇਹ ਨਹੀਂ ਹੋ ਸਕਦਾ, ਸਵਾਲ ਤੁਹਾਡਾ ਲੱਗ ਜਾਵੇਗਾ।ਮੰਤਰੀ ਜੀ, ਕੀ ਜਵਾਬ ਦੇਣਾ ਚਾਹੁੰਦੇ ਹੋ?

**ਰਾਜ ਮੰਤਰੀ:** ਹਾਂ ਜੀ, ਜਿਸ ਕਾਲਜ ਦਾ ਇਹ ਜ਼ਿਕਰ ਕਰ ਰਹੇ ਹਨ ਉਹ ਟੇਕ ਓਵਰ ਹੋ ਚੁੱਕਿਆ ਹੈ। ਸਿਰਫ ਉਸਦੇ Assets and Liabilities ਵਿਚ ਥੋੜ੍ਹੀ ਟੈਕਨੀਕਲ ਪ੍ਰਾਬਲਮ ਹੈ। ਉਹ ਅਸੀਂ ਜਲਦੀ ਹੀ ਹੱਲ ਕਰ ਲਵਾਂਗੇ।

**ਮਾਨਯੋਗ ਸਪੀਕਰ:** ਜਲਦੀ ਹੀ ਹੱਲ ਹੋ ਜਾਵੇਗਾ।

-----------

## ਰਈਆ ਜੀ.ਟੀ. ਰੋਡ ਉੱਤੇ ਰਈਆ ਫਲਾਈਓਵਰ ਅਧੀਨ ਛੋਟੇ ਪੁਲ ਨੂੰ ਚੌੜਾ ਕਰਨਾ

*1357. **ਸਰਦਾਰ ਸੰਤੋਖ ਸਿੰਘ:** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਰਈਆ ਜੀ.ਟੀ. ਰੋਡ ਉੱਤੇ ਰਈਆ ਫਲਾਈਓਵਰ ਅਧੀਨ ਛੋਟਾ ਪੁਲ ਰਾਹਗੀਰਾਂ ਨੂੰ ਭਾਰੀ ਆਵਾਜਾਈ ਵਿਚ ਵਿਘਨ ਪਾ ਰਿਹਾ ਹੈ;

(ਅ) ਜੇਕਰ ਉਪਰੋਕਤ ਭਾਗ 'ੳ' ਦਾ ਉੱਤਰ ' ਹਾਂ ' ਵਿਚ ਹੈ ਤਾਂ ਕੀ ਸਰਕਾਰ ਇਸ ਪੁਲ ਨੂੰ ਚੌੜਾ ਕਰਨ ਲਈ ਕੋਈ ਕਦਮ ਚੁੱਕੇਗੀ ਜਾਂ ਐਨ.ਐਚ.ਆਈ. ਨਾਲ ਸੰਪਰਕ ਕਰੇਗੀ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** (ੳ) ਰਈਆ ਫਲਾਈਓਵਰ ਹੇਠ ਬਣੇ ਛੋਟੇ ਪੁਲ ਦੀ ਉਚਾਈ 12 ਫੁੱਟ 6 ਇੰਚ ਹੈ ਅਤੇ ਇਸ ਦੀ ਚੌੜਾਈ 23 ਫੁੱਟ ਹੈ ਅਤੇ ਇਸ ਕਾਰਨ ਭਾਰੀ ਆਵਾਜਾਈ ਵਿਚ ਕੋਈ ਵਿਘਨ ਨਹੀਂ ਪੈਂਦਾ ਹੈ।

(ਅ) ਪ੍ਰਾਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ, ਜਲੰਧਰ ਨੇ ਦੱਸਿਆ ਹੈ ਕਿ ਇਹ ਪੁਲ ਆਵਾਜਾਈ ਮੁਤਾਬਕ ਸਹੀ ਬਣਿਆ ਹੋਇਆ ਹੈ। ਇਸ ਨੂੰ ਅੱਗੋਂ ਚੌੜਾ ਜਾਂ ਉੱਚਾ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

**ਸਰਦਾਰ ਸੰਤੋਖ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬਾ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹੈ ਕਿ ਜੋ ਰਈਆ ਕਸਬਾ ਹੈ, ਉੱਥੇ ਬੜੀ ਮਸ਼ਹੂਰ ਅਨਾਜ ਮੰਡੀ ਹੈ, ਸਬਜ਼ੀ ਮੰਡੀ ਵੀ ਹੈ ਅਤੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੇ ਨਾਮ ਤੇ ਲੜਕੀਆਂ ਦਾ ਕਾਲਜ ਵੀ ਹੈ। ਇਸ ਤੋਂ ਇਲਾਵਾ ਬਾਰਵੀਂ ਲੈਵਲ ਦੇ ਦੋ ਬੱਚਿਆਂ ਦੇ ਸਕੂਲ ਵੀ ਹਨ। ਉਥੇ ਇੱਕ ਸਰਕਾਰੀ ਕਾਲਜ ਵੀ ਹੈ, ਜਿਸ ਕਾਰਨ ਬਹੁਤ ਆਵਾਜਾਈ ਹੁੰਦੀ ਹੈ। ਉੱਥੇ ਪੁਲ ਬਹੁਤ ਛੋਟਾ ਹੈ ਅਤੇ ਬਹੁਤ ਜ਼ਿਆਦਾ ਐਕਸੀਡੈਂਟ ਹੁੰਦੇ ਹਨ। ਹਰ ਸਾਲ ਉਥੇ 6-7 ਐਕਸੀਡੈਂਟ ਹੋ ਜਾਂਦੇ ਹਨ। ਬੱਚਿਆਂ ਨੂੰ ਸਕੂਲ ਜਾਣ ਵਾਸਤੇ ਦੋ ਦੋ ਘੰਟੇ ਜਾਮ ਵਿਚ ਰੁਕਣਾ ਪੈਂਦਾ ਹੈ। ਮੈਂ ਮੰਤਰੀ ਸਾਹਿਬਾ ਜੀ ਨੂੰ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ..

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ, ਪਲੀਜ਼ ਸਵਾਲ ਪੁੱਛੋ।

**ਸਰਦਾਰ ਸੰਤੋਖ ਸਿੰਘ :** ਮੈਂ ਮੰਤਰੀ ਸਾਹਿਬਾ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪੁਲ ਬਣਾਉਣਾ ਬਹੁਤ ਜ਼ਰੂਰੀ ਹੈ। ਕੀ ਇਹ ਸਬੰਧਿਤ ਮਹਿਕਮੇ ਨੂੰ ਲਿਖ ਕੇ ਇਸ ਪੁਲ ਨੂੰ ਚੌੜਾ ਕਰਵਾਉਣਗੇ?

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਇਸ ਪੁਲ ਨੂੰ ਚੌੜਾ ਕਰਵਾਉਣ ਵਾਸਤੇ ਵਿਚਾਰ ਕਰੋਗੇ?

**ਰਾਜ ਮੰਤਰੀ :** ਇਸ ਪੁਲ ਨੂੰ ਵੱਡਾ ਕਰਨ ਦੀ ਕੋਈ ਪਰਪੋਜ਼ਲ ਨਹੀਂ ਹੈ। ਇਹ ਬਣ ਕੇ ਤਿਆਰ ਹੋ ਚੁੱਕਾ ਹੈ। ਕਿਸੇ ਵੀ ਸੂਰਤ ਵਿਚ ਇਸ ਨੂੰ ਨਾ ਉੱਚਾ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਚੌੜਾ ਕੀਤਾ ਜਾ ਸਕਦਾ ਹੈ ਪਰ ਫਿਰ ਵੀ ਜੇ ਮੈਂਬਰ ਸਾਹਿਬ ਕਹਿ ਰਹੇ ਹਨ ਤਾਂ ਇਨ੍ਹਾਂ ਦੀ ਪਰਪੋਜ਼ਲ ਤੇ ਅਸੀਂ ਇੱਕ ਨਵਾਂ ਅੰਡਰ ਪਾਸ ਬਣਾਉਣ ਲਈ ਲਿਖ ਕੇ ਭੇਜ ਦੇਵਾਂਗੇ।

**ਮਾਨਯੋਗ ਸਪੀਕਰ:** ਇੱਕ ਨਵਾਂ ਅੰਡਰ ਪਾਸ ਬਣਾਉਣ ਵਾਸਤੇ ਲਿਖ ਕੇ ਭੇਜ ਦੇਣਗੇ ਜੀ।

**ਰਾਜ ਮੰਤਰੀ:** ਜੇ ਬਣ ਸਕਦਾ ਹੋਇਆ ਤਾਂ ਲਿਖ ਕੇ ਭੇਜ ਦੇਵਾਂਗੇ।

**ਮਾਨਯੋਗ ਸਪੀਕਰ:** ਸੰਤੋਖ ਸਿੰਘ ਜੀ, ਧੰਨਵਾਦ ਕਰੋ ਮੰਤਰੀ ਜੀ ਦਾ।

**ਸਰਦਾਰ ਸੰਤੋਖ ਸਿੰਘ:** ਧੰਨਵਾਦ ਜੀ।

----------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1375

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----------

## ਤਲਵੰਡੀ ਭਾਈ ਵਿਖੇ ਨਵਾਂ ਬੱਸ ਅੱਡਾ ਉਸਾਰਨਾ

*1313. **ਸ਼੍ਰੀਮਤੀ ਸਤਕਾਰ ਕੌਰ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇੜਲੇ ਭਵਿੱਖ ਵਿਚ ਤਲਵੰਡੀ ਭਾਈ (ਮੋਗਾ-ਫਰੀਦਕੋਟ ਚੌਂਕ) ਵਿਖੇ ਨਵਾਂ ਬੱਸ ਅੱਡਾ ਉਸਾਰਨ ਦਾ ਕੋਈ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਨਵਜੋਤ ਸਿੰਘ ਸਿੱਧੂ:** ਨਹੀਂ ਜੀ, ਸਰਕਾਰ ਨੇੜਲੇ ਭਵਿੱਖ ਵਿਚ ਤਲਵੰਡੀ ਭਾਈ (ਮੋਗਾ-ਫਰੀਦਕੋਟ-ਫਿਰੋਜ਼ਪੁਰ ਚੌਂਕ) ਵਿਖੇ ਕੋਈ ਨਵਾਂ ਬੱਸ ਸਟੈਂਡ ਉਸਾਰਨ ਤੇ ਵਿਚਾਰ ਨਹੀਂ ਕਰ ਰਹੀ ਕਿਉਂ ਜੋ ਤਲਵੰਡੀ ਭਾਈ ਵਿਖੇ ਪਹਿਲਾਂ ਹੀ ਜੋ ਬੱਸ ਸਟੈਂਡ ਬਣਿਆ ਹੋਇਆ ਹੈ, ਉਹ ਲੋਕਾਂ ਦੀ ਸਹੂਲਤ ਅਤੇ ਜ਼ਰੂਰਤ ਅਨੁਸਾਰ ਤਸੱਲੀਬਖਸ਼ ਹੈ।

ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਲ 2006 ਵਿੱਚ ਤਲਵੰਡੀ ਭਾਈ ਵਿਖੇ ਬੱਸ ਸਟੈਂਡ ਤਕਰੀਬਨ ਇੱਕ ਏਕੜ ਵਿੱਚ ਬਣਿਆ ਸੀ । ਤਲਵੰਡੀ ਭਾਈ ਦੀ ਆਬਾਦੀ ਕਰੀਬ ਕਰੀਬ 18000 ਹੈ। ਬੱਸਾਂ ਦੀ ਆਵਾਜਾਈ ਅਤੇ ਸ਼ਹਿਰ ਦੀ ਆਬਾਦੀ ਨੂੰ ਮੁੱਖ ਰੱਖਦੇ ਹੋਏ ਬੱਸ ਸਟੈਂਡ ਦੀ ਕਪੈਸਟੀ ਤਸੱਲੀਬਖਸ਼ ਹੈ । ਜਿਹੜਾ ਇਹ ਬੱਸ ਸਟੈਂਡ ਪਰਪੋਜ਼ ਕਰ ਰਹੇ ਹਨ, ਉਹ ਦੋ ਕਿਲੋਮੀਟਰ ਦੂਰ ਹੋਣ ਕਰਕੇ ਹਨੇਰੇ-ਸਵੇਰੇ ਯਾਤਰੀਆਂ ਨੂੰ ਸ਼ਹਿਰ ਵਿੱਚ ਆਉਣ ਤੋਂ ਦਿੱਕਤ ਪੇਸ਼ ਹੋਣ ਕਾਰਨ ਬੱਸ ਸਟੈਂਡ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ ਕਿਉਂਕਿ ਮੌਜੂਦਾ ਬੱਸ ਸਟੈਂਡ ਸ਼ਹਿਰ ਦੇ ਅੰਦਰ ਹੈ ।

**ਮਾਨਯੋਗ ਸਪੀਕਰ :** ਸਤਕਾਰ ਕੌਰ ਜੀ, ਮੌਜੂਦਾ ਬੱਸ ਸਟੈਂਡ ਲੋੜ ਮੁਤਾਬਕ ਪੂਰਾ ਹੈ ।

**ਸ਼੍ਰੀਮਤੀ ਸਤਕਾਰ ਕੌਰ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਰਿਕੁਐਸਟ ਕਰਨੀ ਚਾਹੁੰਦੀ ਹਾਂ ਕਿ ਜਿਹੜਾ ਤਲਵੰਡੀ ਭਾਈ ਅੰਦਰ ਬੱਸ ਸਟੈਂਡ ਬਣਿਆ ਹੋਇਆ ਹੈ, ਉਹ ਬਹੁਤ ਭੀੜੀ ਜਗ੍ਹਾ ਤੇ ਬਣਿਆ ਹੋਇਆ ਹੈ ਅਤੇ ਉਥੇ ਬੱਸਾਂ ਨਹੀਂ ਜਾਂਦੀਆਂ । ਬਾਹਰ ਜਿਹੜਾ ਚੌਂਕ ਬਣਿਆ ਹੋਇਆ ਹੈ, ਉਥੇ ਹੀ ਬੱਸਾਂ ਖੜ੍ਹਦੀਆਂ ਹਨ ਤੇ ਸਾਰੇ ਲੋਕ ਉਥੋਂ ਹੀ ਬੱਸਾਂ ਫੜਦੇ ਹਨ । ਮੈਂ ਇਨ੍ਹਾਂ ਨੂੰ ਇਹ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਹ ਇਸ ਤੇ ਗੌਰ ਕਰਨਗੇ?

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਤੁਸੀਂ ਗੌਰ ਕਰੋਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਪ੍ਰਾਇਰਟੀ ਉਥੇ ਹੈ ਜਿੱਥੇ ਕੋਈ ਬੱਸ ਸਟੈਂਡ ਨਹੀਂ ਹੈ । ਇਸ ਕਰਕੇ ਉਨ੍ਹਾਂ ਥਾਵਾਂ ਤੇ ਬੱਸ ਸਟੈਂਡਾਂ ਨੂੰ ਮੁਕੰਮਲ ਕਰਕੇ ਜਦੋਂ ਇਹ ਸਾਡੀ ਪ੍ਰਾਇਰਟੀ ਪੂਰੀ ਹੋ ਜਾਵੇਗੀ ਤਾਂ ਮੈਂਬਰ ਸਾਹਿਬ ਨੂੰ ਮੈਂ ਐਸ਼ਿਓਰ ਕਰਦਾ ਹਾਂ ਕਿ ਫਿਰ ਇਨ੍ਹਾਂ ਦੀ ਮਨੋਕਾਮਨਾ ਨੂੰ ਵੀ ਪੂਰਾ ਕਰ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ :** ਸਤਕਾਰ ਕੌਰ ਜੀ, ਪ੍ਰਾਇਰਟੀ ਪੂਰੀ ਹੋਣ ਤੋਂ ਬਾਅਦ ਦੇਖ ਲੈਣਗੇ ।

**ਸ਼੍ਰੀਮਤੀ ਸਤਕਾਰ ਕੌਰ :** ਧੰਨਵਾਦ ਜੀ ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਪੀਕਰ ਸਾਹਿਬ, ਜਿਹੜਾ ਪਰਸੋਂ ਬਜਟ ਪਾਸ ਕੀਤਾ ਗਿਆ ਹੈ ................

**ਮਾਨਯੋਗ ਸਪੀਕਰ :** ਹਾਲੇ ਬਜਟ ਪਾਸ ਨਹੀਂ ਕੀਤਾ, ਪੇਸ਼ ਕੀਤਾ ਹੈ ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸੌਰੀ, ਸਪੀਕਰ ਸਾਹਿਬ। ਜਿਹੜਾ ਪਰਸੋਂ ਬਜਟ ਪੇਸ਼ ਕੀਤਾ ਗਿਆ ਹੈ, ਉਸ ਵਿੱਚ ਬਰਨਾਲਾ ਬੱਸ ਸਟੈਂਡ ਬਣਾਉਣ ਦੀ ਗੱਲ ਕੀਤੀ ਗਈ ਹੈ । ਸਪੀਕਰ ਸਾਹਿਬ, ਅਸੀਂ ਬੱਸਾਂ ਤੇ ਚੜ੍ਹਨ ਵਾਲੇ ਲੋਕ ਹਾਂ । ਮੈਂ ਤਕਰੀਬਨ ਪੰਜਾਬ ਦੇ ਸਾਰੇ ਬੱਸ ਸਟੈਂਡ ਦੇਖੇ ਹਨ । ਜਿਹੜਾ ਸਾਡਾ ਬਰਨਾਲਾ ਬੱਸ ਸਟੈਂਡ ਹੈ, ਉਹ ਬਹੁਤਿਆਂ ਨਾਲੋਂ ਅੱਛਾ ਹੈ । ਪਰਸੋਂ ਤੋਂ ਸਾਡੇ ਬਰਨਾਲੇ ਵਿਚ ਇਸ ਇਸ਼ੂ ਨੂੰ ਲੈ ਕੇ ਧਰਨਾ ਚੱਲ ਰਿਹਾ ਹੈ ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਪੀਕਰ ਸਾਹਿਬ, ਮੇਰੀ ਬੇਨਤੀ ਵੀ ਹੈ ਤੇ ਸਵਾਲ ਵੀ ਹੈ। ਕਿਰਪਾ ਕਰਕੇ ਮੰਤਰੀ ਜੀ ਬਰਨਾਲੇ ਵਿਖੇ ਨਵਾਂ ਬੱਸ ਸਟੈਂਡ ਬਣਾਉਣ ਦੀ ਤਜਵੀਜ਼ ਵਾਪਸ ਲੈਣ। ਕੀ ਮੰਤਰੀ ਜੀ ਦੱਸਣਗੇ ਕਿ ਇਸ ਨਵੇਂ ਬੱਸ ਸਟੈਂਡ ਨੂੰ ਵਾਪਸ ਲੈਣ ਦੀ ਤਜਵੀਜ਼ ਵਿਚਾਰ ਅਧੀਨ ਹੈ ?

**ਮਾਨਯੋਗ ਸਪੀਕਰ :** ਕੀ ਤੁਸੀਂ ਨਵਾਂ ਬੱਸ ਅੱਡਾ ਉਥੇ ਨਹੀਂ ਚਾਹੁੰਦੇ ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਨਹੀਂ ਚਾਹੁੰਦੇ ਜੀ । ਜੇ ਅਜਿਹਾ ਨਹੀਂ ਹੁੰਦਾ ਤਾਂ ਮੈਂ ਵੀ ਪਰਸੋਂ ਉਥੇ ਧਰਨੇ ਤੇ ਬੈਠਣਾ ਹੈ । ਸਾਰਾ ਸ਼ਹਿਰ ਉਥੇ ਧਰਨੇ ਤੇ ਬੈਠਾ ਹੈ ।

**ਮਾਨਯੋਗ ਸਪੀਕਰ :** ਵੱਖਰਾ ਸਵਾਲ ਦੇ ਦਿਓ ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਵੱਖਰਾ ਸਵਾਲ ਨਹੀਂ ਬਣਦਾ ।

**ਮਾਨਯੋਗ ਸਪੀਕਰ :** ਨਹੀਂ, ਫਿਰ ਇਸ ਸਵਾਲ ਵਿੱਚ ਇਹ ਸਪਲੀਮੈਂਟਰੀ ਨਹੀਂ ਬਣਦੀ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੈਂ ਤਾਂ ਮੈਂਬਰ ਸਾਹਿਬ ਦੇ ਜ਼ਜ਼ਬਾਤਾਂ ਦੀ ਤਰਜਮਾਨੀ ਕਰਨੀ ਚਾਹੁੰਦਾ ਹਾਂ, ਚਾਹੇ ਮੈਂਬਰ ਟਰੇਜ਼ਰੀ ਬੈਂਚਿਜ਼ ਦੇ ਹਨ ਜਾਂ ਆਪੋਜ਼ੀਸ਼ਨ ਬੈਂਚਿਜ਼ ਦੇ । ਉਹ (ਸ਼੍ਰੀਮਤੀ ਸਤਕਾਰ ਕੌਰ ਵੱਲ ਇਸ਼ਾਰਾ) ਚਾਹੁੰਦੇ ਹਨ ਤੇ ਇਹ (ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਵੱਲ ਇਸ਼ਾਰਾ) ਨਹੀਂ ਚਾਹੁੰਦੇ । ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ, ਇਹ ਬੜਾ ਵੱਡਾ ਡਿਸਕੁਨੈਕਟ ਹੈ । ਇਹ ਉਨ੍ਹਾਂ ਨੂੰ ਪਤਾ ਹੈ ਕਿ ਬੱਸਾਂ ਉਥੇ ਬੱਸ ਅੱਡੇ ਦੇ ਅੰਦਰ ਨਹੀਂ ਜਾਂਦੀਆਂ ਪਰ ਦੂਜੇ ਪਾਸੇ ਇਨ੍ਹਾਂ ਨੂੰ ਪਤਾ ਹੈ ਕਿ ਬੱਸਾਂ ਬੱਸ ਸਟੈਂਡ ਅੰਦਰ ਬੇਤਹਾਸ਼ਾ ਅੱਛੀਆਂ

ਜਾਂਦੀਆਂ ਹਨ ਪਰ ਚੰਡੀਗੜ੍ਹ ਵਿੱਚ ਬੈਠੇ ਤੁਹਾਡੇ ਅਫਸਰ ਇਹ ਜਵਾਬ ਦੇ ਦਿੰਦੇ ਹਨ। This is a complete disconnect between ground reality and something which is happening here in Chandigarh. ਸੋ, ਜੇ ਮੈਂਬਰਜ਼ ਸਹਿਮਤ ਹਨ ਤਾਂ ਤੁਸੀਂ ਇਸ ਤੇ ਜ਼ਰੂਰ ਗੌਰ ਕਰਨਾ। ਜੇ ਸਤਕਾਰ ਕੌਰ ਜੀ ਮੰਗਦੇ ਹਨ ਤਾਂ ਤੁਸੀਂ ਉਨ੍ਹਾਂ ਨੂੰ ਨਵਾਂ ਬੱਸ ਸਟੈਂਡ ਦੇ ਦਿਓ ਤੇ ਇੱਧਰੋਂ ਤਜਵੀਜ਼ ਵਾਪਸ ਲੈ ਲਓ । ਐਗਜ਼ੈਕਟਲੀ ਗੌਰਮਿੰਟ ਵਿੱਚ ਇਹੀ ਵੱਡਾ ਡਰਾਅ ਬੈਕ ਆ ਗਿਆ ਹੈ ਕਿ ਐਮ.ਐਲ.ਏਜ਼ ਨੂੰ ਤਾਂ ਪੁੱਛਿਆ ਹੀ ਨਹੀਂ ਜਾਂਦਾ । ਟਰੇਜ਼ਰੀ ਬੈਂਚਿਜ਼ ਵਾਲੇ ਵੀ ਬੈਠੇ ਹਨ । We are only called law makers, is that enough ? ਜਿਹੜੇ ਡਿਵੈਲਪਮੈਂਟ ਦੇ ਪ੍ਰਾਜੈਕਟ ਬਣਦੇ ਹਨ, ਉਨ੍ਹਾਂ ਵਿੱਚ ਇਨ੍ਹਾਂ ਨੂੰ ਪੁੱਛਿਆ ਨਹੀਂ ਜਾਂਦਾ । ਫਿਰ ਇਨ੍ਹਾਂ ਨੂੰ ਚੁਣਿਆ ਕਿਸ ਵਾਸਤੇ ਹੈ? ਸਾਰੇ ਸਰਪੰਚ ਇਨ੍ਹਾਂ ਕੋਲ ਆਉਂਦੇ ਹਨ । ਸਾਰੇ ਪਿੰਡਾਂ ਦੇ ਸਰਪੰਚ ਇਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦੱਸਦੇ ਹਨ ਪਰ ਇਨ੍ਹਾਂ ਨੂੰ ਪੁੱਛਿਆ ਨਹੀਂ ਜਾਂਦਾ । ਪਰਪੋਜ਼ਲਾਂ ਚੰਡੀਗੜ੍ਹ ਵਿਚ ਹੀ ਬਣ ਜਾਂਦੀਆਂ ਹਨ ਤੇ ਕਿਸੇ ਨੂੰ ਪਤਾ ਹੀ ਨਹੀਂ ਲੱਗਦਾ ਕਿ ਕੀ ਹੋ ਗਿਆ ਹੈ ।

**ਮਾਨਯੋਗ ਸਪੀਕਰ :** ਕੁਐਸਚਨ ਨਹੀਂ ਆਇਆ । ਖਹਿਰਾ ਸਾਹਿਬ, ਤੁਹਾਡਾ ਸਵਾਲ ਨਹੀਂ ਆਇਆ ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੇਰੀ ਬੇਨਤੀ ਤਾਂ ਇਹੀ ਹੈ ਕਿ ਇਨ੍ਹਾਂ ਦੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਵੱਲ ਇਸ਼ਾਰਾ) ਵੀ ਮੰਨ ਲਓ ਤੇ ਉਨ੍ਹਾਂ ਦੀ (ਸ਼੍ਰੀਮਤੀ ਸਤਕਾਰ ਕੌਰ ਵੱਲ ਇਸ਼ਾਰਾ) ਵੀ ਮੰਨ ਲਓ । ਮੇਰਾ ਸਵਾਲ ਇਹੀ ਹੈ ਕਿ ਕੀ ਵਜ਼ੀਰ ਸਾਹਿਬ ਬਰਨਾਲੇ ਵਾਲੇ ਮੈਂਬਰ ਸਾਹਿਬ ਦੇ ਜਜ਼ਬਾਤਾਂ ਦੀ ਕਦਰ ਕਰਨਗੇ ਅਤੇ ਫਿਰੋਜ਼ਪੁਰ ਦਿਹਾਤੀ ਵਾਲੇ ਮੈਂਬਰ ਸਾਹਿਬ ਦੇ ਜਜ਼ਬਾਤਾਂ ਦੀ ਵੀ ਕਦਰ ਕਰਨਗੇ ? ਦੂਸਰਾ, ਜਿਹੜਾ ਇੰਨਾ ਵੱਡਾ ਫਰਕ ਹੈ, ਕੀ ਇਸ ਨੂੰ ਖਤਮ ਕੀਤਾ ਜਾਵੇਗਾ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਐਸ਼ਿਓਰ ਕਰਨਾ ਚਾਹੁੰਦਾ ਹਾਂ ਕਿ ਜੇ ਸਾਡੇ ਕੋਲ ਕੋਈ ਪਰਪੋਜ਼ਲ ਆਈ ਹੁੰਦੀ, ਮੈਨੂੰ ਮਾਨਯੋਗ ਮੈਂਬਰ ਸਾਹਿਬ ਨੇ ਆ ਕੇ ਕਿਹਾ ਹੁੰਦਾ ਤੇ ਅਸੀਂ ਇਸ ਤੇ ਵਿਚਾਰ ਕਰਦੇ । ਅਸੀਂ ਕਦੀ ਵੀ ਇਹੋ ਜਿਹਾ ਸਟੈਪ ਨਹੀਂ ਚੁੱਕਦੇ ਜਿਹੜੇ ਐਮ.ਐਲ.ਏਜ਼ ਦੀ ਕੰਸਲਟੇਸ਼ਨ ਤੋਂ ਬਿਨਾਂ ਹੋਣ । ਇਸ ਕਰਕੇ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਦੂਸਰੇ ਦੀ ਲਕੀਰ ਕਿਉਂ ਮਿਟਾਉਂਦੇ ਹਾਂ, ਅਸੀਂ ਆਪਣੀ ਲਕੀਰ ਵੱਡੀ ਕਰ ਲਈਏ । ਤੁਸੀਂ ਇਹ ਵੀ ਬਣਵਾ ਲਓ ਤੇ ਉਹ ਵੀ ਬਣਵਾ ਲਓ । ਲੇਕਿਨ ਅਗਰ ਤੁਸੀਂ ਇਹ ਕਹਿੰਦੇ ਹੋ ਕਿ ਉਸ ਨੂੰ ਨਾ ਦਿਓ, ਇਸ ਨੂੰ ਦੇ ਦਿਓ। ਵੇਖੋ, ਸਾਡੇ ਲਈ ਹਰ ਬੰਦਾ ਇੰਪਾਰਟੈਂਟ ਹੈ। ਜੇ ਮੈਨੂੰ ਇਨ੍ਹਾਂ ਨੇ ਆ ਕੇ ਦੱਸਿਆ ਹੁੰਦਾ, ਜਿਵੇਂ ਹੁਣ ਇਨ੍ਹਾਂ ਨੇ ਦੱਸਿਆ ਹੈ, ਅਸੀਂ ਉਸ ਤੇ ਜ਼ਰੂਰ ਵਿਚਾਰ ਕਰਦੇ।(ਵਿਘਨ) ਅਸੀਂ ਹੁਣ ਵੀ ਉਸ ਤੇ ਵਿਚਾਰ ਕਰਾਂਗੇ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ** : ਸਪੀਕਰ ਸਾਹਿਬ ............

**ਮੰਤਰੀ** : ਬਿਲਕੁਲ ਵਿਚਾਰ ਕਰਾਂਗੇ।

**ਮਾਨਯੋਗ ਸਪੀਕਰ** : ਬੈਠੋ ਜੀ ਬੈਠੋ। ਅਮਨ ਜੀ।

**ਸ਼੍ਰੀ ਅਮਨ ਅਰੋੜਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਰਨਾਲੇ ਦੇ ਬਿਲਕੁਲ ਨਾਲ ਹੀ ਲੌਂਗੋਵਾਲ ਹੈ। ਉਹ ਭਾਈ ਮਤੀ ਦਾਸ ਜੀ ਦੀ ਧਰਤੀ ਹੈ, ਭਾਈ ਹਰਚੰਦ ਸਿੰਘ ਲੌਂਗੋਵਾਲ ਜੀ ਦੀ ਧਰਤੀ ਹੈ। ਉਥੇ ਜਿਹੜਾ ਬੱਸ ਅੱਡਾ ਹੈ, ਉਥੇ ਜਾਣ ਵਾਸਤੇ ਬਹੁਤ ਹੀ ਘੱਟ ਰਸਤਾ ਹੈ ਅਤੇ ਉਹ ਮੇਨ ਰੋਡ ਵੀ ਹੈ। ਸਾਡੇ ਕੋਲ ਮਾਰਕੀਟ ਕਮੇਟੀ ਦੀ ਜਗ੍ਹਾ ਪਈ ਹੈ।

**ਮਾਨਯੋਗ ਸਪੀਕਰ** : ਵੱਖਰਾ ਸਵਾਲ ਕਿਉਂ ਨਹੀਂ ਦਿੱਤਾ?

**ਸ਼੍ਰੀ ਅਮਨ ਅਰੋੜਾ** : ਸਰ, ਦਿੱਤਾ ਹੈ ਜੀ, ਐਕਸੈਪਟ ਨਹੀਂ ਹੋਇਆ। ਮੈਂ ਇਸੇ ਕਰਕੇ ਮੰਤਰੀ ਜੀ ਦੇ ਧਿਆਨ ਦੇ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ (ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਵੱਲ ਇਸ਼ਾਰਾ) ਨਵਾਂ ਬੱਸ ਅੱਡਾ ਨਹੀਂ ਚਾਹੀਦਾ ਹੈ ਅਤੇ ਸਾਡਾ ਹਲਕਾ 20 ਕਿਲੋਮੀਟਰ ਦੂਰ ਹੈ।

**ਮਾਨਯੋਗ ਸਪੀਕਰ** : ਪਲੀਜ਼ ਜਨਰੇਲਾਈਜ਼ ਨਾ ਕਰੋ।

**ਸ਼੍ਰੀ ਅਮਨ ਅਰੋੜਾ** : ਸਰ, ਪਲੀਜ਼ ਇਸ ਨੂੰ ਧਿਆਨ ਦੇ ਵਿੱਚ ਰੱਖ ਲਵੋ ਜੀ।

**ਮਾਨਯੋਗ ਸਪੀਕਰ** : ਅਗਲਾ ਸਵਾਲ, ਨੱਥੂ ਰਾਮ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਪੀਕਰ ਸਾਹਿਬ....।

**ਮਾਨਯੋਗ ਸਪੀਕਰ** : ਸਿੱਧੂ ਸਾਹਿਬ, ਪਲੀਜ਼ ਬੈਠੋ। ਸਿੱਧੂ ਸਾਹਿਬ, ਅੱਗੇ ਗੱਲ ਕਰ ਲੈਣਾ।

----------

## ਸੇਵਾ ਮੁਕਤ ਸਰਕਾਰੀ ਕਰਮਚਾਰੀਆਂ ਦੀਆਂ ਅਦਾਇਗੀਆਂ ਲਈ ਲੰਬਿਤ ਪਈ ਰਾਸ਼ੀ

*819. **ਸ਼੍ਰੀ ਨੱਥੂ ਰਾਮ:** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਮਿਤੀ 31 ਦਸੰਬਰ, 2017 ਤੱਕ ਸੇਵਾ ਮੁਕਤ ਹੋ ਚੁੱਕੇ ਸਰਕਾਰੀ ਕਰਮਚਾਰੀਆਂ ਦੇ ਅਜੇ ਤੱਕ ਅਦਾਇਗੀ ਲਈ ਲੰਬਿਤ ਪਏ ਸੇਵਾਮੁਕਤੀ ਲਾਭਾਂ ਦੀ ਕੁੱਲ ਰਾਸ਼ੀ ਕਿੰਨੀ ਹੈ;

(ਅ) ਉਪਰੋਕਤ ਵਰਣਿਤ ਰਾਸ਼ੀ ਨੂੰ ਜਾਰੀ ਕਰਨ ਲਈ ਸਰਕਾਰ ਦਾ ਕੀ ਪ੍ਰਸਤਾਵ ਹੈ ਅਤੇ ਕਦੋਂ ਤੱਕ ਜਾਰੀ ਕਰਨ ਦੀ ਸੰਭਾਵਨਾ ਹੈ?

**ਸਰਦਾਰ ਮਨਪ੍ਰੀਤ ਸਿੰਘ ਬਾਦਲ :** (ੳ) ਰਿਟਾਇਰਮੈਂਟ ਲਾਭਾਂ ਨਾਲ ਸਬੰਧਿਤ ਬਿੱਲ ਰਾਸ਼ੀ 2714 ਕਰੋੜ ਰੁਪਏ ਮਿਤੀ 01.04.2017 ਤੋਂ 31.12.2017 ਤੱਕ ਖਜ਼ਾਨਿਆਂ ਵਿਚ ਪ੍ਰਾਪਤ ਹੋਏ।

(ਅ) ਇਹ ਸਾਰੇ ਬਿੱਲ ਕਲੀਅਰ ਹੋ ਚੁੱਕੇ ਹਨ।

**ਮਾਨਯੋਗ ਸਪੀਕਰ** : ਸਾਰੇ ਬਿੱਲ ਕਲੀਅਰ ਹੋ ਚੁੱਕੇ ਹਨ, ਨੱਥੂ ਰਾਮ ਜੀ।

**ਸ਼੍ਰੀ ਨੱਥੂ ਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਵਿੱਤ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੀ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਦੀਆਂ ਡੀ.ਏ. ਦੀਆਂ ਕਿਸ਼ਤਾਂ ਨਹੀਂ ਦਿੱਤੀਆਂ ਸਨ। ਜਨਵਰੀ 2014 ਤੋਂ ਅਗਸਤ 2014 ਤੱਕ 10 ਪ੍ਰਤੀਸ਼ਤ ਦੇ ਹਿਸਾਬ ਨਾਲ ਅੱਠ ਮਹੀਨਿਆਂ ਦਾ ਡੀ.ਏ. ਦਾ ਬਕਾਇਆ ਪਿਆ ਹੈ। ਸਤੰਬਰ 2014 ਤੋਂ ਜੂਨ 2015 ਤੱਕ 7 ਪ੍ਰਤੀਸ਼ਤ ਦੇ ਹਿਸਾਬ ਨਾਲ, ਇਹ ਟੋਟਲ 18 ਮਹੀਨਿਆਂ ਦਾ ਡੀ.ਏ. ਬਕਾਇਆ ਬਣਦਾ ਹੈ।

**ਮਾਨਯੋਗ ਸਪੀਕਰ** : ਨੱਥੂ ਰਾਮ ਜੀ, ਇਹ ਵੱਖਰਾ ਸਵਾਲ ਬਣਦਾ ਹੈ।

**ਸ਼੍ਰੀ ਨੱਥੂ ਰਾਮ** : ਇਸ ਦੇ ਨਾਲ ਹੀ ਜੁੜਦਾ ਹੈ ਜੀ।

**ਮਾਨਯੋਗ ਸਪੀਕਰ** : ਨਹੀਂ।

**ਸ਼੍ਰੀ ਨੱਥੂ ਰਾਮ** : ਇਹ ਵੀ ਪੈਨਸ਼ਨਰਾਂ ਦਾ ਹੀ ਹੈ।

**ਮਾਨਯੋਗ ਸਪੀਕਰ** : ਨਹੀਂ, ਨਹੀਂ, ਇਸ ਤਰ੍ਹਾਂ ਨਹੀਂ ਜੁੜਦਾ। ਕਿਵੇਂ ਉਮੀਦ ਕਰੀਏ ਕਿ ਵਜ਼ੀਰ ਸਾਹਿਬ ਸਾਰੀ ਚੀਜ਼ ਨੂੰ ਜ਼ੁਬਾਨੀ ਯਾਦ ਰੱਖਣਗੇ। ਇਹ ਨਹੀਂ ਹੋ ਸਕਦਾ।

**ਸ਼੍ਰੀ ਨੱਥੂ ਰਾਮ** : ਇਨ੍ਹਾਂ ਕੋਲ ਇੰਨੀ ਤਾਂ ਨਾਲੇਜ ਹੈ ਜੀ। ਇਹ ਬਹੁਤ ਪੜ੍ਹੇ ਲਿਖੇ ਹਨ। ਇਨ੍ਹਾਂ ਨੂੰ ਸਾਰੀ ਨਾਲੇਜ ਹੈ।

**ਮਾਨਯੋਗ ਸਪੀਕਰ** : ਨਹੀਂ, ਇਹ ਨਹੀਂ ਹੋ ਸਕਦਾ। ਜੇ ਵਜ਼ੀਰ ਸਾਹਿਬ ਚਾਹੁਣ ਤਾਂ ਜਵਾਬ ਦੇ ਦੇਣ but I cannot compel him.

**ਸ਼੍ਰੀ ਨੱਥੂ ਰਾਮ** : ਮੰਤਰੀ ਜੀ ਦੱਸਣ ਕਿ ਇਹ ਡੀ.ਏ. ਦੀਆਂ ਕਿਸ਼ਤਾਂ ਦੇਣਗੇ ਜਾਂ ਨਹੀਂ ਦੇਣਗੇ। ਪਿਛਲੇ 18 ਮਹੀਨਿਆਂ ਦਾ ਬਕਾਇਆ ਤਾਂ ਖਾ ਗਏ। ਕਈ ਬੁੜ੍ਹੇ ਤਾਂ ਰੱਬ ਨੂੰ ਪਿਆਰੇ ਹੋਣ ਨੂੰ ਤਿਆਰ ਹੋਏ ਖੜ੍ਹੇ ਹਨ।

**ਮਾਨਯੋਗ ਸਪੀਕਰ** : ਸਵਾਲ ਕੀ ਪੁੱਛਦੇ ਹੋ?

**ਸ਼੍ਰੀ ਨੱਥੂ ਰਾਮ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ 18 ਮਹੀਨਿਆਂ ਦਾ ਜਿਹੜਾ ਪਿਛਲੀ ਸਰਕਾਰ ਵੇਲੇ ਦਾ ਡੀ.ਏ. ਬਕਾਇਆ ਹੈ, ਇਹ ਜੂਨ 2015 ਤੱਕ ਦਾ ਦਸ ਮਹੀਨਿਆਂ ਦਾ ਹੈ, ਕੀ ਵਿੱਤ ਮੰਤਰੀ ਸਾਹਿਬ ਵਚਨ ਦੇਣਗੇ ਕਿ ਕੀ ਅਸੀਂ ਇਹ ਦੇਵਾਂਗੇ?

**ਮਾਨਯੋਗ ਸਪੀਕਰ** : ਪਿਛਲੇ ਬਕਾਇਆਂ ਬਾਰੇ ਵਚਨ ਦਿਓ ਜੀ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਦੱਸਣਾ ਚਾਹਾਂਗਾ ਕਿ ਜਿਸ ਵੇਲੇ ਕੈਪਟਨ ਅਮਰਿੰਦਰ ਸਿੰਘ ਸਾਹਿਬ ਦੀ ਸਰਕਾਰ ਨੇ ਕਾਰਜਭਾਰ ਸੰਭਾਲਿਆ ਹੈ ਅਤੇ ਜਿਹੜਾ ਇਨ੍ਹਾਂ ਨੇ ਸਵਾਲ ਪੁੱਛਿਆ ਹੈ ਕਿ ਕਿੰਨੇ ਰਿਟਾਇਰਮੈਂਟ ਬੈਨੀਫਿਟ ਦਿੱਤੇ ਹਨ। ਤਕਰੀਬਨ 7791 ਕਰੋੜ ਦੇ ਬਿੱਲ ਟਰੈਜ਼ਰੀ ਦੇ ਵਿੱਚ ਪਏ ਸੀ ਔਰ ਇਸ ਦੇ ਵਿੱਚ ਪਿਛਲੇ ਸਾਲ ਦੇ ਜਿਹੜੇ ਰਿਟਾਇਰਮੈਂਟ ਬੈਨੀਫਿਟਸ ਦਿੱਤੇ ਹਨ, ਇਹ ਤਕਰੀਬਨ 5883 ਕਰੋੜ ਰੁਪਏ ਦੇ ਹਨ। ਇਸ ਦੇ ਨਾਲ ਨਾਲ ਸੋਸ਼ਲ ਸਿਕਿਓਰਟੀ ਦੀਆਂ ਜਿਹੜੀਆਂ ਪੈਨਸ਼ਨਾਂ ਨਹੀਂ ਦੇ ਕੇ ਗਏ ਸੀ, ਉਹ ਤਕਰੀਬਨ 282 ਕਰੋੜ ਰੁਪਏ ਦੀਆਂ ਹਨ ਔਰ ਜਿਹੜੀ ਸ਼ਗਨ ਸਕੀਮ ਸੀ, ਉਹ 34 ਕਰੋੜ ਰੁਪਏ ਸੀ। 1,000 ਕਰੋੜ ਰੁਪਿਆ ਪਿਛਲੀ ਸਰਕਾਰ ਦਾ ਇਸ ਸਰਕਾਰ ਨੇ ਉਤਾਰਿਆ ਹੈ। ਇਸ ਤੋਂ ਇਲਾਵਾ 13,000 ਕਰੋੜ ਰੁਪਏ ਦੇ ਕਰਜ਼ੇ ਦੀ ਅਦਾਇਗੀ ਪਿਛਲੀ ਸਰਕਾਰ ਪੈਂਡਿੰਗ ਛੱਡ ਕੇ ਗਈ ਸੀ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਇਸ ਸਾਲ ਦੇ ਵਿੱਚ ਜਿੰਨਾ ਵੀ ਗੈਪ ਸੀ, ਉਸ ਸਾਰੇ ਨੂੰ ਅਸੀਂ ਪੂਰਾ ਕਰ ਸਕੀਏ। ਜੋ ਮੈਂਬਰ ਸਾਹਿਬ ਨੇ ਸਵਾਲ ਕੀਤਾ ਹੈ, ਮੈਂ ਇਸ ਗੱਲ ਦਾ ਤੁਹਾਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਜਿਵੇਂ ਸਾਡੇ ਹਾਲਾਤ ਸਾਜ਼ਗਾਰ ਹੋਏ ਤਾਂ ਅਸੀਂ ਇਹ ਪੁਰਾਣੀਆਂ ਸਾਰੀਆਂ ਅਦਾਇਗੀਆਂ ਕਲੀਅਰ ਕਰ ਦੇਵਾਂਗੇ।

**ਮਾਨਯੋਗ ਸਪੀਕਰ** : ਸਾਰੀਆਂ ਅਦਾਇਗੀਆਂ ਥੋੜ੍ਹੇ ਸਮੇਂ ਨਾਲ ਕਲੀਅਰ ਕਰਨਗੇ ।

**ਸ਼੍ਰੀ ਨੱਥੂ ਰਾਮ :** ਸਪੀਕਰ ਸਾਹਿਬ, ਕੋਈ ਬਜ਼ੁਰਗ 70 ਸਾਲ ਦਾ ਹੈ, ਕੋਈ 92 ਸਾਲ ਤੱਕ ਦਾ ਪੈਨਸ਼ਨਰ ਹੈ। ਮੈਂ ਸਾਡੇ ਬਹੁਤ ਹੀ ਸਤਿਕਾਰਯੋਗ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਵਾਲੇ ਤਾਂ ਜੋ ਕਰ ਗਏ, ਸੋ ਕਰ ਗਏ, ਲੇਕਿਨ ਇਹ ਨਾ ਹੋਵੇ ਕਿ ਜੇਕਰ ਕੋਈ ਬਜ਼ੁਰਗ ਚਲਿਆ ਜਾਵੇ ਤਾਂ ਲੋਕ ਇਹ ਕਹਾਵਤ ਦੇਣ ਕਿ ਬਜ਼ੁਰਗ ਪੈਨਸ਼ਨਰ ਚਲਿਆ ਗਿਆ ਹੈ। ਕੀ ਵਿਆਹ ਤੋਂ ਬਾਅਦ ਤੰਬਾ ਫੂਕਣਾ ਹੈ? ਵਿਆਹ ਤੋਂ ਬਾਅਦ 18 ਮਹੀਨਿਆਂ ਦੀ ਕਿਸ਼ਤ ਬਕਾਇਆ ਹੈ।ਬਜ਼ੁਰਗ ਦੇ ਜਾਣ ਤੋਂ ਬਾਅਦ ਜੇਕਰ 18 ਮਹੀਨਿਆਂ ਦੀ ਕਿਸ਼ਤ ਦਿੱਤੀ ਜਾਵੇ ਭਾਵ ਮੌਤ ਤੋਂ ਬਾਅਦ ਤਾਂ ਪੈਨਸ਼ਨ ਖਜ਼ਾਨੇ ਵਿਚ ਹੀ ਰਹਿ ਜਾਣੀ ਹੈ।

**ਮਾਨਯੋਗ ਸਪੀਕਰ:** ਉਨ੍ਹਾਂ ਨੇ ਤੁਹਾਡਾ ਜਵਾਬ ਦੇ ਦਿੱਤਾ ਹੈ, ਹੁਣ ਤੁਸੀਂ ਬੈਠੋ।

---------

## ਕਨੌਂਜੀਆ ਵਰਗ ਨੂੰ ਅਨੁਸੂਚਿਤ ਜਾਤੀ ਵਿਚ ਸ਼ਾਮਲ ਕਰਨਾ

*1355. **ਸ਼੍ਰੀ ਰਾਕੇਸ਼ ਪਾਂਡੇ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਕਨੌਂਜੀਆ ਵਰਗ ਨੂੰ ਅਨੁਸੂਚਿਤ ਜਾਤੀਆਂ ਵਿਚ ਸ਼ਾਮਲ ਕਰਨ ਲਈ ਸਰਕਾਰ ਵਲੋਂ ਕੋਈ ਕਦਮ ਚੁੱਕੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਜਵਾਬ 'ਨਾਂਹ' ਵਿਚ ਹੋਵੇ ਤਾਂ ਕੀ ਸਰਕਾਰ ਇਸ ਸਬੰਧੀ ਨਵੇਂ ਕਦਮ ਚੁੱਕੇਗੀ ਕਿਉਂਕਿ ਇਹ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਚੋਣ ਮੈਨੀਫੈਸਟੋ ਦਾ ਭਾਗ ਸੀ?

**ਸਰਦਾਰ ਸਾਧੂ ਸਿੰਘ :** (ੳ) ਅਤੇ (ਅ) ਹਾਂ ਜੀ। ਪੰਜਾਬ ਸਰਕਾਰ ਵਲੋਂ ਕਨੌਜੀਆ ਵਰਗ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਲ ਕਰਨ ਲਈ ਭਾਰਤ ਸਰਕਾਰ ਨੂੰ ਮਿਤੀ 04.01.2010 ਨੂੰ ਸਿਫਾਰਸ਼ ਕੀਤੀ ਗਈ ਸੀ।

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਗੌਰਮਿੰਟ ਆਫ ਇੰਡੀਆ ਤੋਂ ਇਸ ਸਬੰਧੀ ਕੀ ਜਵਾਬ ਆਇਆ ਹੈ?

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਤੁਸੀਂ ਜਵਾਬ ਦੱਸ ਸਕੋਗੇ?

**ਮੰਤਰੀ :** ਸਪੀਕਰ ਸਾਹਿਬ, ਇਹ ਸਾਡੇ ਸੀਨੀਅਰ ਮੈਂਬਰ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਿਸੇ ਵੀ ਜਾਤੀ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਲ ਕਰਨ ਲਈ ਉਸ ਜਾਤੀ ਦਾ ਨਸਲੀ ਅਧਿਐਨ ਕਰਵਾਉਣਾ ਜ਼ਰੂਰੀ ਹੁੰਦਾ ਹੈ । ਕਨੌਜੀਆ ਜਾਤੀ ਦਾ ਨਸਲੀ ਅਧਿਐਨ ਪੂਰਾ ਨਾ ਹੋਣ ਕਾਰਨ ਇਹ ਜਾਤੀ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਲ ਨਹੀਂ ਹੋ ਸਕੀ।

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਇਸ ਜਾਤੀ ਦਾ ਨਸਲੀ ਅਧਿਐਨ ਕਿਉਂ ਨਹੀਂ ਹੋ ਸਕਿਆ? ਇਹ ਵੀ ਦੱਸਿਆ ਜਾਵੇ ਕਿ ਹੁਣ ਸਰਕਾਰ ਇਸ ਵਾਸਤੇ ਅੱਗੇ ਕੀ ਉਪਰਾਲੇ ਕਰ ਰਹੀ ਹੈ?

**ਮਾਨਯੋਗ ਸਪੀਕਰ :** ਇਹ ਸਟੱਡੀ ਕਿਸ ਨੇ ਕਰਵਾਉਣੀ ਸੀ, ਸੂਬਾ ਸਰਕਾਰ ਨੇ ਕਰਨੀ ਹੈ ਜਾਂ ਸੈਂਟਰ ਦੀ ਸਰਕਾਰ ਨੇ ਕਰਨੀ ਹੈ?

**ਮੰਤਰੀ :** ਸਪੀਕਰ ਸਾਹਿਬ, ਇਹ ਨਸਲੀ ਅਧਿਐਨ ਕਰਵਾਉਣ ਦਾ ਕੰਮ ਮਿਤੀ 30.10.2012 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਦਿੱਤਾ ਗਿਆ ਸੀ ਪਰ ਲੋੜੀਂਦੇ 13 ਲੱਖ ਰੁਪਏ ਦੇ ਫੰਡਜ਼ ਜਾਰੀ ਨਹੀਂ ਹੋਏ। ਬਦਕਿਸਮਤੀ ਹੈ ਕਿ ਪਹਿਲੀ ਸਰਕਾਰ ਨੇ ਫੰਡ ਹੀ ਜਾਰੀ ਨਹੀਂ ਕੀਤੇ।

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਸਰਕਾਰ ਇਸ ਸਬੰਧੀ ਕੀ ਉਪਰਾਲਾ ਕਰ ਰਹੀ ਹੈ?

**ਮਾਨਯੋਗ ਸਪੀਕਰ :** ਮੰਤਰੀ ਜੀ, ਹੁਣ ਤੁਸੀਂ ਕੀ ਉਪਰਾਲਾ ਕਰ ਰਹੇ ਹੋ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੌਜੂਦਾ ਸਰਕਾਰ ਵੱਲੋਂ ਲੋੜੀਂਦੀ ਰਾਸ਼ੀ ਦਾ ਪ੍ਰਬੰਧ ਕਰਕੇ ਸਟੱਡੀ ਕਰਵਾ ਦਿੱਤੀ ਜਾਵੇਗੀ। ਜੇਕਰ ਇਸ ਸਟੱਡੀ ਵਿੱਚ ਇਸ ਜਾਤੀ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਲ ਕਰਨ ਲਈ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਨਸਲੀ ਸਟੱਡੀ ਦੀ ਕਾਪੀ ਭਾਰਤ ਸਰਕਾਰ ਨੂੰ ਭੇਜ ਕੇ ਫਿਰ ਸਿਫਾਰਸ਼ ਕਰ ਦਿੱਤੀ ਜਾਵੇਗੀ।

**ਮਾਨਯੋਗ ਸਪੀਕਰ :** ਅਗਲਾ ਸਵਾਲ, ਡਾਕਟਰ ਸੁਖਵਿੰਦਰ ਕੁਮਾਰ ਜੀ।

**ਸ਼੍ਰੀ ਸੁਸ਼ੀਲ ਕੁਮਾਰ ਰਿੰਕੂ :** ਸਪੀਕਰ ਸਾਹਿਬ, ਮੈਂ ਕੁਝ ਪੁੱਛਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਹੁਣ ਤਾਂ ਜਵਾਬ ਆ ਗਿਆ ਹੈ, ਕੋਈ ਗੱਲ ਬਾਕੀ ਰਹੀ ਨਹੀਂ।

**ਸ਼੍ਰੀ ਰਾਕੇਸ਼ ਪਾਂਡੇ:** ਕੋਈ ਟਾਈਮ ਲਿਮਟ ਕਰਵਾ ਦਿਉ ਜੀ।

**ਮਾਨਯੋਗ ਸਪੀਕਰ :** ਟਾਈਮ ਲਿਮਟ ਬਾਰੇ ਤਾਂ ਇਹ ਯੂਨੀਵਰਸਿਟੀ ਨੂੰ ਕਹਿਣਗੇ। ਮੰਤਰੀ ਜੀ, ਕੋਈ ਸਮੇਂ ਦੀ ਸੀਮਾ ਦੱਸ ਸਕਦੇ ਹੋ?

**ਮੰਤਰੀ :** ਜਲਦੀ ਕਰਵਾ ਦਿਆਂਗੇ ਜੀ।

--------

## ਹਲਕਾ ਬੰਗਾ ਦੇ ਪਿੰਡ ਗੁਣਾਚੌਰ ਵਿਚ ਕਮਿਊਨਿਟੀ ਹਾਲ ਦੀ ਉਸਾਰੀ ਮੁਕੰਮਲ ਕਰਨਾ

*1136. **ਡਾਕਟਰ ਸੁਖਵਿੰਦਰ ਕੁਮਾਰ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਬੰਗਾ ਦੇ ਪਿੰਡ ਗੁਣਾਚੌਰ ਵਿਚ ਸਰਕਾਰ ਵਲੋਂ ਇਕ ਕਮਿਊਨਿਟੀ ਹਾਲ ਉਸਾਰਨ ਲਈ ਪਿੰਡ ਦੀ ਗ੍ਰਾਮ ਪੰਚਾਇਤ ਨੂੰ 60.50 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਕਮਿਊਨਿਟੀ ਹਾਲ ਦੀ ਉਸਾਰੀ ਵਾਲੀ ਥਾਂ ਦੀ ਕੇਵਲ ਚਾਰ ਦੀਵਾਰੀ ਕਰਨ ਤੋਂ ਬਾਅਦ ਹੁਣ ਇਸ ਦਾ ਕੰਮ ਬੰਦ ਪਿਆ ਹੈ;

(ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ 'ਹਾਂ' ਵਿਚ ਹੋਵੇ ਤਾਂ ਕੰਮ ਨੂੰ ਬੰਦ ਕਰਨ ਦੇ ਕੀ ਕਾਰਨ ਹਨ ਅਤੇ ਇਸ ਨੂੰ ਮੁੜ ਤੋਂ ਸ਼ੁਰੂ ਕਰਵਾ ਕੇ ਕਦੋਂ ਤੱਕ ਕਮਿਊਨਿਟੀ ਹਾਲ ਦੀ ਉਸਾਰੀ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** (ੳ) ਨਹੀਂ ਜੀ। ਪਿੰਡ ਗੁਣਾਚੌਰ ਵਿਚ ਕਮਿਊਨਿਟੀ ਹਾਲ ਦੀ ਉਸਾਰੀ ਲਈ ਵੱਖ ਵੱਖ ਸਮੇਂ ਦੌਰਾਨ ਤਿੰਨ ਵੱਖ ਵੱਖ ਯੋਜਨਾਵਾਂ ਤਹਿਤ ਕੁੱਲ 42.20 ਲੱਖ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਹੈ।

(ਅ) ਹਾਂ ਜੀ।

(ੲ) ਇਹ ਕਮਿਊਨਿਟੀ ਹਾਲ ਬਣਾਉਣ ਲਈ ਦਸੰਬਰ, 2016 ਲਈ ਜਿਸ ਸਾਈਟ ਤੇ ਕੰਮ ਸ਼ੁਰੂ ਕੀਤਾ ਗਿਆ ਹੈ, ਉਹ ਨੀਵੀਂ ਹੈ। ਇਸ ਕੰਮ ਦਾ ਕੋਈ ਤਖਮੀਨਾ ਵੀ ਤਿਆਰ ਨਹੀਂ ਕੀਤਾ ਗਿਆ। ਦਸੰਬਰ, 2016 ਵਿਚ ਜੋ ਫੰਡਜ਼ ਉਪਲਬਧ ਕਰਵਾਏ ਗਏ, ਉਹ ਇਸ ਕਮਿਊਨਿਟੀ ਹਾਲ ਨੂੰ ਮੁਕੰਮਲ ਕਰਨ ਲਈ Insufficient ਸਨ। ਹੁਣ ਇਸ ਕੰਮ ਨੂੰ ਪੂਰਾ ਕਰਨ ਲਈ ਲੋੜੀਂਦੇ ਫੰਡਜ਼ ਪ੍ਰਾਪਤ ਕਰਨ ਦਾ ਯਤਨ ਕੀਤਾ ਜਾਵੇਗਾ। ਜੇ ਫੰਡਜ਼ ਉਪਲਬਧ ਹੋ ਜਾਂਦੇ ਹਨ ਤਾਂ ਕਮਿਊਨਿਟੀ ਹਾਲ ਨੂੰ ਬਣਾਉਣ ਦਾ ਉਪਰਾਲਾ ਕੀਤਾ ਜਾਵੇਗਾ।

ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਗੁਣਾਚੌਰ ਵਾਸਤੇ ਜਿਹੜੀ ਇਹ ਕਹਿੰਦੇ ਹਨ ਕਿ 60 ਲੱਖ ਰੁਪਏ ਦੀ ਰਾਸ਼ੀ ਆਈ ਹੈ, ਉਹ ਨਹੀਂ ਆਈ। ਉਥੇ ਸਿਰਫ 42 ਲੱਖ ਰੁਪਿਆ ਆਇਆ ਸੀ ਅਤੇ ਕਮਿਊਨਿਟੀ ਹਾਲ ਦੀ ਸਿਰਫ ਬਾਊਂਡਰੀ ਵਾਲ ਬਣੀ ਸੀ । ਸਿਰਫ ਬਾਊਂਡਰੀ ਵਾਲ ਤੱਕ ਹੀ ਉਹ ਗੱਲ ਰਹਿ ਗਈ ਪਰ ਜਦੋਂ ਅਸੀਂ ਇਹ ਸਾਰਾ ਮਾਮਲਾ ਸਟੱਡੀ ਕਰਵਾਇਆ ਤਾਂ ਪਤਾ ਲੱਗਿਆ ਕਿ ਇਹ ਕਮਿਊਨਿਟੀ ਹਾਲ ਬੜੇ ਲੋਅ ਏਰੀਏ ਵਿਚ ਬਣ ਰਿਹਾ ਸੀ। ਹੁਣ ਅਸੀਂ ਨਵੇਂ ਸਿਰੇ ਤੋਂ ਵਧੀਆ ਥਾਂ ਤੇ ਕਮਿਊਨਿਟੀ ਹਾਲ ਬਣਾਵਾਂਗੇ। ਕੁਝ ਪੈਸੇ ਪਏ ਹਨ, ਜਿੰਨੇ ਹੋਰ ਲੋੜ ਹੋਵੇਗੀ ਉਹ ਪਾ ਕੇ ਵਧੀਆ ਕਮਿਊਨਿਟੀ ਹਾਲ ਬਣਾਵਾਂਗੇ।

**ਡਾਕਟਰ ਸੁਖਵਿੰਦਰ ਕੁਮਾਰ:** ਸਰ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਜੇਕਰ ਹੋਰ ਪੈਸਿਆਂ ਦੀ ਲੋੜ ਪਈ ਤਾਂ ਅਸੀਂ ਪੈਸੇ ਦਿਆਂਗੇ।

**ਮਾਨਯੋਗ ਸਪੀਕਰ:** ਮੰਤਰੀ ਜੀ ਨੇ ਕਿਹਾ ਹੈ ਕਿ ਕਮਿਊਨਿਟੀ ਹਾਲ ਬਣਾਵਾਂਗੇ।

**ਡਾਕਟਰ ਸੁਖਵਿੰਦਰ ਕੁਮਾਰ:** ਸਪੀਕਰ ਸਾਹਿਬ, ਪਰ ਮੈਨੂੰ ਇਹ ਜਵਾਬ ਬੜਾ ਹਾਸੋਹੀਣਾ ਜਿਹਾ ਲੱਗਿਆ ਹੈ ਕਿ ਇਨ੍ਹਾਂ ਨੇ ਇਹ ਤਾਂ ਮੰਨ ਲਿਆ ਹੈ ਕਿ ਕਮਿਊਨਿਟੀ ਹਾਲ ਦੀ ਉਸਾਰੀ ਵਾਸਤੇ 42.20 ਲੱਖ ਰੁਪਿਆ ਆਇਆ ਹੈ ਪਰ ਇਨ੍ਹਾਂ ਨੇ ਇਹ ਵੀ ਆਪ ਮੰਨਿਆ ਹੈ ਕਿ no estimate was prepared for this work. ਜਦੋਂ ਉਸਦਾ ਐਸਟੀਮੇਟ ਹੀ ਨਹੀਂ ਲੱਗਿਆ, ਉਸ ਦਾ ਕੋਈ ਨਕਸ਼ਾ ਹੀ ਨਹੀਂ ਬਣਿਆ ਤਾਂ ਇਨ੍ਹਾਂ ਨੂੰ ਇਹ ਕਿਸ ਤਰ੍ਹਾਂ ਪਤਾ ਲੱਗ ਗਿਆ ਕਿ ਉਥੇ ਫੰਡਜ਼ ਇਨਸਫੀਸ਼ੀਐਂਟ ਹਨ? ਮੈਨੂੰ ਇਹ ਗੱਲ ਸਮਝ ਨਹੀਂ ਲੱਗੀ। ਦੂਸਰੀ ਗੱਲ ਮੈਂ ਉਸ ਪਿੰਡ ਦਾ ਰਹਿਣ ਵਾਲਾ ਹਾਂ, ਉਹ ਮੇਰਾ ਆਪਣਾ ਪਿੰਡ ਹੈ । ਉਸ ਏਰੀਏ ਨੂੰ 20-25 ਪਿੰਡ ਪੈਂਦੇ ਹਨ।ਇਸ ਲਈ ਉਥੇ ਇਕ ਕਮਿਊਨਿਟੀ ਹਾਲ ਬਣਾ ਦਿੱਤਾ ਜਾਵੇ ਤਾਂ ਕਿ 15-20 ਪਿੰਡਾਂ ਦੇ ਲੋਕ ਉਥੇ ਆਪਣੀਆਂ ਬੱਚੀਆਂ ਦੇ ਵਿਆਹ ਕਰ ਸਕਣ। ਮੈਂ ਮੰਤਰੀ ਸਾਹਿਬ ਨੂੰ ਇਹੀ ਬੇਨਤੀ ਕਰਦਾ ਹਾਂ ਕਿ ਇਸ ਵਾਸਤੇ ਨਕਸ਼ਾ ਬਣਾਓ ਤਾਂ ਕਿ ਅਸੀਂ ਉਥੇ ਕੰਮ ਸ਼ੁਰੂ ਕਰਾਈਏ।

**ਮਾਨਯੋਗ ਸਪੀਕਰ** : ਮੰਤਰੀ ਜੀ ਨੇ ਕਿਹਾ ਹੈ ਕਿ ਜਿਹੜਾ ਪਹਿਲਾਂ ਕਮਿਊਨਿਟੀ ਹਾਲ ਬਣਿਆ ਹੈ, ਉਹ low lying area ਵਿੱਚ ਹੈ।

**ਡਾਕਟਰ ਸੁਖਵਿੰਦਰ ਕੁਮਾਰ** : ਸਪੀਕਰ ਸਾਹਿਬ, ਮੈਂ ਉਸ ਪਿੰਡ ਦਾ ਰਹਿਣ ਵਾਲਾ ਹਾਂ। ਮੈਨੂੰ ਪਤਾ ਹੈ ਕੋਈ ਅਜਿਹੀ ਗੱਲ ਨਹੀਂ ਹੈ।

**ਮਾਨਯੋਗ ਸਪੀਕਰ** : ਮੰਤਰੀ ਜੀ ਟੈਕਨੀਕਲੀ ਐਗਜ਼ਾਮਿਨ ਕਰਵਾ ਲੈਣਗੇ।

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਇਨ੍ਹਾਂ ਦੇ ਪਿੰਡ ਵਿੱਚ ਪੈਸੇ ਲੱਗੇ ਹਨ, ਉਹ ਸਾਡੇ ਰਾਜ ਭਾਗ ਵੇਲੇ ਦੇ ਲੱਗੇ ਹਨ। ਮੈਂ ਇਨ੍ਹਾਂ ਨਾਲ ਕੁਮਿਟਮੈਂਟ ਕੀਤੀ ਹੈ ਕਿ ਉਥੇ ਕਮਿਊਨਿਟੀ ਹਾਲ ਬਣਾਵਾਂਗੇ ਔਰ ਵਧੀਆ ਬਣਾਵਾਂਗੇ। ਸਾਰਾ ਕੁਝ ਸਟੱਡੀ ਕਰਾਂਗੇ। ਤੁਹਾਡੇ ਨਾਲ ਡਿਸਕਸ ਵੀ ਕਰਾਂਗੇ, ਨਕਸ਼ਾ ਪਾਸ ਕਰਾਂਗੇ ਅਤੇ ਜਿਹੜੀ ਜਗ੍ਹਾ ਵਧੀਆ ਹੋਵੇਗੀ, ਉਥੇ ਤੁਹਾਨੂੰ ਵਧੀਆ ਕਮਿਊਨਿਟੀ ਹਾਲ ਬਣਾ ਕੇ ਦੇਵਾਂਗੇ।

**ਮਾਨਯੋਗ ਸਪੀਕਰ** : ਡਾਕਟਰ ਸਾਹਿਬ, ਹੁਣ ਮੰਤਰੀ ਜੀ ਦਾ ਧੰਨਵਾਦ ਕਰੋ ਜੀ।

**ਡਾਕਟਰ ਸੁਖਵਿੰਦਰ ਕੁਮਾਰ**: ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਮੈਂ ਇਨ੍ਹਾਂ ਕੋਲ ਨਿੱਜੀ ਤੌਰ ਤੇ ਵੀ ਜਾ ਆਵਾਂਗਾ। ਮੈਂ ਆਸ ਕਰਦਾ ਹਾਂ ਕਿ ਇਹ ਸਾਡੇ ਪਿੰਡ ਦਾ ਜੰਝ ਘਰ ਜਲਦੀ ਬਣਾਉਣਗੇ।ਧੰਨਵਾਦ।

---------

## ਰਾਏਕੋਟ ਵਿਖੇ ਨਵੀਂ ਆਈ.ਟੀ.ਆਈ. ਦਾ ਕੰਮ ਸ਼ੁਰੂ ਕਰਨਾ

*1266. **ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ:** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਏਕੋਟ ਸ਼ਹਿਰ ਲਈ ਨਵੀਂ ਮਨਜ਼ੂਰ ਕੀਤੀ ਆਈ.ਟੀ.ਆਈ. ਦਾ ਕੰਮ ਕਦੋਂ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ:** ਰਾਏਕੋਟ ਸ਼ਹਿਰ ਵਿਖੇ ਅਜੇ ਤੱਕ ਕੋਈ ਵੀ ਨਵੀਂ ਸਰਕਾਰੀ ਆਈ.ਟੀ.ਆਈ. ਮਨਜ਼ੂਰ ਨਹੀਂ ਕੀਤੀ ਗਈ ਹੈ ਪ੍ਰੰਤੂ ਰਾਏਕੋਟ ਵਿਖੇ ਨਵੀਂ ਆਈ.ਟੀ.ਆਈ. ਖੋਲ੍ਹਣ ਦੀ ਤਜਵੀਜ਼ ਭਾਰਤ ਸਰਕਾਰ ਨੂੰ ਭੇਜੀ ਹੋਈ ਹੈ, ਜੋ ਕਿ ਹਾਲੇ ਤੱਕ ਭਾਰਤ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ ਤਾਂ ਆਪਣੇ ਹਲਕੇ ਵਿੱਚ ਲੱਡੂ ਵੀ ਵੰਡ ਦਿੱਤੇ ਹਨ ਕਿ ਇੱਥੇ ਆਈ.ਟੀ.ਆਈ. ਆ ਗਈ ਹੈ। ਸਾਨੂੰ ਹੁਣ ਜਵਾਬ ਮਿਲਿਆ ਹੈ ਕਿ ਕੇਵਲ ਤਜਵੀਜ਼ ਰੱਖੀ ਗਈ ਹੈ, ਪਾਸ ਨਹੀਂ ਹੋਈ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਪਾਸ ਹੋ ਜਾਵੇਗੀ?

**ਮਾਨਯੋਗ ਸਪੀਕਰ** : ਉਹ ਕਹਿ ਰਹੇ ਹਨ ਕਿ ਭਾਰਤ ਸਰਕਾਰ ਨੂੰ ਕੇਸ ਭੇਜਿਆ ਹੋਇਆ ਹੈ।

**ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ**: ਠੀਕ ਹੈ ਜੀ, ਪਰ ਜਿਹੜੇ ਸਾਡੇ ਹਲਕਾ ਇੰਚਾਰਜ ਹਨ, ਉਨ੍ਹਾਂ ਨੇ ਤਾਂ ਆਈ.ਟੀ.ਆਈ. ਮਿਲਣ ਤੇ ਵੱਡੇ ਵੱਡੇ ਬੋਰਡ ਵੀ ਲਗਵਾ ਦਿੱਤੇ ਹਨ। ਹੁਣ ਜਿਹੜਾ ਨਵਾਂ ਬਸ ਅੱਡਾ ਮਨਜ਼ੂਰ ਹੋਇਆ ਹੈ, ਉਸ ਬਾਰੇ ਵੀ ਦੱਸ ਦੇਣ ਕਿ ਮਨਜ਼ੂਰ ਹੋਇਆ ਹੈ ਜਾਂ ਨਹੀਂ? ਹਲਕਾ ਇੰਚਾਰਜ ਕਹਿ ਰਿਹਾ ਹੈ ਕਿ ਇਹ ਕੰਮ ਮੈਂ ਕਰਵਾਇਆ ਹੈ ਪਰ ਵਿਧਾਨ ਸਭਾ ਵਿੱਚ ਸਵਾਲ ਮੈਂ ਲਗਾਇਆ ਸੀ। (ਹਾਸਾ)

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਸਾਡੇ ਬਹੁਤ ਹੀ ਸਿਆਣੇ ਅਤੇ ਹੋਣਹਾਰ ਮੈਂਬਰ ਹਨ। ਇਹ ਜਦੋਂ ਵੀ ਮੈਨੂੰ ਮਿਲਦੇ ਹਨ ਤਾਂ ਅਕਸਰ ਆਪਣੇ ਹਲਕੇ ਦੀ ਡਿਵੈਲਪਮੈਂਟ ਦੀ ਹੀ ਗੱਲ ਕਰਦੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਨ੍ਹਾਂ ਦੇ ਵੰਡੇ ਲੱਡੂ ਫਿੱਕੇ ਨਹੀਂ ਪੈਣ ਦਿੰਦੇ। ਜਿਹੜੇ ਉਥੇ ਕਾਂਗਰਸ ਦੇ ਉਮੀਦਵਾਰ ** ਖੜ੍ਹੇ ਸਨ, ਉਹ ਵੀ ਡੈਪੂਟੇਸ਼ਨ ਲੈ ਕੇ ਆਏ ਸਨ। ਉਨ੍ਹਾਂ ਦੇ ਕਹਿਣ ਤੇ ਹੀ ਅਸੀਂ ਇਹ ਤਜਵੀਜ਼ ਦਿੱਲੀ ਨੂੰ ਭੇਜੀ ਹੈ। ਜਿਵੇਂ ਹੀ ਇਹ ਤਜਵੀਜ਼ ਪਾਸ ਹੋ

** Expunged as ordered by the Chair.

ਕੇ ਆ ਜਾਵੇਗੀ, ਅਸੀਂ ਜ਼ਰੂਰ ਇਹ ਕਰਾਂਗੇ। ਬਾਕੀ ਜਿਵੇਂ ਮੈਂਬਰ ਸਾਹਿਬ ਕਹਿਣਗੇ।ਅਸੀਂ ਡੀ.ਸੀ. ਸਾਹਿਬ ਨੂੰ ਵੀ ਕਿਹਾ ਹੈ ਕਿ ਸਾਨੂੰ ਕੋਈ ਢੁਕਵੀਂ ਜਗ੍ਹਾ ਦਿਓ। ਜਗ੍ਹਾ ਅਰੇਂਜ ਹੋ ਰਹੀ ਹੈ, ਆਈ.ਟੀ.ਆਈ. ਜ਼ਰੂਰ ਖੁੱਲ੍ਹੇਗੀ। ਸਿਰਫ ਕੇਂਦਰ ਸਰਕਾਰ ਦੀ ਮਨਜ਼ੂਰੀ ਦੀ ਲੋੜ ਹੈ। ਜਦੋਂ ਹੀ ਮਨਜ਼ੂਰੀ ਆ ਜਾਵੇਗੀ, ਮੈਂਬਰ ਸਾਹਿਬ ਤੁਹਾਨੂੰ ਉਥੇ ਨਾਲ ਲੈ ਕੇ ਚੱਲਾਂਗੇ।

**ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ**: ਮੰਤਰੀ ਜੀ ਨੇ ਕਿਹਾ ਹੈ ਕਿ ਜਿਹੜੇ ਸਾਡੇ ਉਥੇ ਮੌਜੂਦਾ ਹਲਕਾ ਇੰਚਾਰਜ।

**ਮੰਤਰੀ** : ਮੈਂ ਹਲਕਾ ਇੰਚਾਰਜ ਨਹੀਂ ਕਿਹਾ।

**ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ** : ਤੁਸੀਂ ਨਹੀਂ ਕਿਹਾ। ਉਹ ਲੋਕਾਂ ਦੇ ਠੁਕਰਾਏ ਹੋਏ ਹਨ, ਮੈਂ ਇਹ ਤਾਂ ਕਹਿ ਸਕਦਾ ਹਾਂ। ਸਪੀਕਰ ਸਾਹਿਬ, ਜਿਹੜੇ ਲੋਕਾਂ ਦੇ ਠੁਕਰਾਏ ਹੋਏ ਹਨ, ਉਨ੍ਹਾਂ ਨੇ ਇਨ੍ਹਾਂ ਨੂੰ ਪ੍ਰੋਪੋਜ਼ਲ ਦਿੱਤੀ ਹੈ ਹਾਲਾਂ ਕਿ ਮੈਂ ਪਹਿਲਾਂ ਵੀ ਸਵਾਲ ਲਗਾ ਚੁੱਕਿਆ ਹਾਂ ਅਤੇ ਹੁਣ ਵੀ ਸਵਾਲ ਲਗਾਇਆ ਹੈ। ਕੀ ਇਹ ਉਨ੍ਹਾਂ ਦੇ ਕਹਿਣ ਤੇ ਬਣਾਇਆ ਜਾਵੇਗਾ? ਸਾਡੀ ਕੋਈ ਅਹਿਮੀਅਤ ਨਹੀਂ ਹੈ?

**ਮੰਤਰੀ** : ਤੁਹਾਨੂੰ ਨਾਲ ਲੈ ਕੇ ਚੱਲਾਂਗੇ।

**ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ** : ਵਜ਼ੀਰ ਸਾਹਿਬ ਮੇਰੇ ਵੱਡੇ ਵੀਰ ਹਨ।

----------

## ਸਿੱਖਿਆ ਪ੍ਰੋਵਾਈਡਰ ਅਧਿਆਪਕਾਂ ਨੂੰ ਰੈਗੂਲਰ ਕਰਨਾ

*929. 1. **ਸਰਦਾਰ ਸੁਖਪਾਲ ਸਿੰਘ ਖਹਿਰਾ**
2. **ਸਰਦਾਰ ਮਨਜੀਤ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਸਾਲ 2008 ਤੋਂ ਕਰੀਬ 6600 ਸਿੱਖਿਆ ਪ੍ਰੋਵਾਈਡਰ ਅਧਿਆਪਕ ਪੜ੍ਹਾ ਰਹੇ ਹਨ;

(ਅ) ਕੀ ਇਹ ਵੀ ਠੀਕ ਹੈ ਕਿ 2008 ਵਿਚ ਨਿਯੁਕਤੀ ਸਮੇਂ ਉਪਰੋਕਤ ਅਧਿਆਪਕਾਂ ਵਿਚੋਂ 3807 ਅਧਿਆਪਕ ਯੋਗਤਾ ਪੂਰੀ ਕਰਦੇ ਸਨ;

(ੲ) ਕੀ ਇਹ ਵੀ ਠੀਕ ਹੈ ਕਿ 2011 ਵਿਚ ਪੰਜਾਬ ਦੇ ਉਸ ਸਮੇਂ ਦੇ ਸਿੱਖਿਆ ਮੰਤਰੀ ਵਲੋਂ ਸਿੱਖਿਆ ਪ੍ਰੋਵਾਈਡਰ ਅਧਿਆਪਕਾਂ ਨੂੰ ਪੂਰਾ ਗਰੇਡ ਦੇਣ ਲਈ ਲੈਟਰ ਵੀ ਜਾਰੀ ਕੀਤਾ ਗਿਆ ਸੀ;

(ਸ) ਕੀ ਇਹ ਵੀ ਠੀਕ ਹੈ ਕਿ ਸਾਲ 2016 ਵਿਚ ਐਨ.ਸੀ.ਟੀ.ਈ. ਵਲੋਂ 3807 ਸਿੱਖਿਆ ਪ੍ਰੋਵਾਈਡਰ ਅਧਿਆਪਕਾਂ ਨੂੰ ਟੈਟ (ਟੀ.ਈ.ਟੀ.) ਤੋਂ ਛੋਟ ਦਿੱਤੀ ਗਈ ਸੀ ਅਤੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਗਈ ਸੀ ਕਿ ਇਨ੍ਹਾਂ ਅਧਿਆਪਕਾਂ ਨੂੰ ਪੰਜਾਬ ਸਰਕਾਰ ਆਪਣੇ ਵੱਲੋਂ ਰੈਗੂਲਰ ਕਰ ਸਕਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਉਪਰੋਕਤ ਸਿੱਖਿਆ ਪ੍ਰੋਵਾਈਡਰ ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਹਾਂ ਜੀ

(ਅ) ਹਾਂ ਜੀ

(ੲ) ਨਹੀਂ ਜੀ

(ਸ) ਹਾਂ ਜੀ, ਸਾਲ 2016 ਦੌਰਾਨ ਮਾਨਵ ਸੰਸਾਧਨ ਵਿਕਾਸ ਮੰਤਰਾਲੇ (ਐਮ.ਐਚ. ਆਰ.ਡੀ.) ਵਲੋਂ 3807 ਸਿੱਖਿਆ ਪ੍ਰੋਵਾਈਡਰਜ਼ ਨੂੰ ਅਧਿਆਪਕ ਯੋਗਤਾ ਟੈਸਟ (ਟੀ.ਈ.ਟੀ.) ਤੋਂ ਛੋਟ ਦਿੱਤੀ ਗਈ ਸੀ, ਪ੍ਰੰਤੂ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਵਲੋਂ ਪੰਜਾਬ ਸਰਕਾਰ ਨੂੰ ਸਿੱਖਿਆ ਪ੍ਰੋਵਾਈਡਰਾਂ ਨੂੰ ਰੈਗੂਲਰ ਕਰਨ ਲਈ ਕੋਈ ਹਦਾਇਤ ਨਹੀਂ ਕੀਤੀ ਗਈ। ਸਿੱਖਿਆ ਪ੍ਰੋਵਾਈਡਰਜ਼ ਨੂੰ ਰੈਗੂਲਰ ਕਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਜਿਹੜੇ 6600 ਸਿੱਖਿਆ ਪ੍ਰੋਵਾਈਡਰਜ਼ ਹਨ। ਇਹ ਸਾਲ 2008 ਤੋਂ ਕੰਮ ਕਰ ਰਹੇ ਹਨ। ਜੋ ਸਰਕਾਰ ਨੇ ਸ਼ਰਤਾਂ ਲਗਾਈਆਂ, ਟੈਸਟ ਪਾਸ ਕਰਨ ਨੂੰ ਕਿਹਾ, ਉਨ੍ਹਾਂ ਨੇ ਸਭ ਕੁਝ ਕੀਤਾ। ਐਜੂਕੇਸ਼ਨ ਮਨਿਸਟਰ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ 3807 ਨੂੰ ਪ੍ਰਵਾਨਗੀ ਚਾਹੀਦੀ ਸੀ ਜਿਹੜੇ ਕਿ ready for selection ਸਨ।

**ਮਾਨਯੋਗ ਸਪੀਕਰ** : ** ਦਾ ਨਾਂ ਕੱਟ ਦਿੱਤਾ ਜਾਵੇ ਜਿਹੜਾ ਚੰਨੀ ਜੀ ਨੇ ਲਿਆ ਸੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਉਨ੍ਹਾਂ 6600 ਵਿਚੋਂ 3807 ਸਿੱਖਿਆ ਪ੍ਰੋਵਾਈਡਰਜ਼ ਨੂੰ ਸਿਲੈਕਸ਼ਨ ਵਾਸਤੇ ਜੋ ਸ਼ਰਤਾਂ ਚਾਹੀਦੀਆਂ ਸਨ, ਉਹ ਸਾਰੀਆਂ ਪ੍ਰਵਾਨ ਕੀਤੀਆਂ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਰਕਾਰ ਨੂੰ ਅਤੇ ਵਜ਼ੀਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਆਪਾਂ ਹਰ ਘਰ ਨੌਕਰੀ ਦੇਣ ਦੀ ਗੱਲ ਕਹਿ ਰਹੇ ਹਾਂ, ਇਹ ਅੱਛੀ ਗੱਲ ਹੈ ਅਤੇ ਇਸ ਵਾਸਤੇ ਯਤਨ ਵੀ ਕੀਤਾ ਜਾ ਰਿਹਾ ਹੈ, ਕੈਂਪਸ ਪਲੇਸਮੈਂਟ ਲਈ ਵੀ ਉਹ ਆਏ ਹਨ। ਸਪੀਕਰ ਸਾਹਿਬ, ਪ੍ਰੰਤੂ ਪ੍ਰਿੰਸੀਪਲ ਆਫ ਨੈਚੁਰਲ ਜਸਟਿਸ ਕੀ ਕਹਿੰਦਾ ਹੈ ਕਿ ਜਿਹੜੇ ਲੋਕ ਸਾਲ 2008 ਤੋਂ ਲਾਈਨ ਵਿਚ ਲੱਗੇ ਹੋਏ ਹਨ, ਉਹ ਪੰਜ ਪੰਜ ਹਜ਼ਾਰ ਪ੍ਰਤੀ ਮਹੀਨਾ ਤਨਖਾਹ ਤੇ ਕੰਮ ਕਰ ਰਹੇ ਹਨ, ਉਹ ਗਰੀਬ ਹਨ। ਕੀ ਉਨ੍ਹਾਂ ਨੂੰ ਪਹਿਲਾਂ ਨੌਕਰੀ ਮਿਲਣੀ ਚਾਹੀਦੀ ਹੈ ਜਾਂ ਫਿਰ ਜਿਹੜੇ ਅੱਜ ਉਠ ਕੇ ਕਿਸੇ ਕੈਂਪਸ ਵਿਚ ਜਾਂ ਪ੍ਰਾਈਵੇਟ ਸੈਕਟਰ ਵਿਚ ਆ ਕੇ ਨੌਕਰੀ ਲਈ ਅਰਜ਼ੀ ਦੇ ਰਹੇ ਹਨ, ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ? ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ, ਮੈਂ ਉਸ ਦਿਨ ਵੀ ਗੱਲ ਕੀਤੀ ਸੀ...।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਸਵਾਲ ਤੇ ਹੀ ਆ ਰਿਹਾ ਹਾਂ ਜੀ। 20,000 ਦੇ ਕਰੀਬ ਰਮਸਾ, ਐਸ.ਐਸ.ਏ ਅਤੇ ਕੰਪਿਊਟਰ ਟੀਚਰਜ਼ ਪਿਛਲੇ ਕਈ ਸਾਲਾਂ ਤੋਂ ਕੰਟਰੈਕਟ ਭਾਵ ਠੇਕੇ ਦੇ ਅਧਾਰ ਤੇ ਕੰਮ ਕਰ ਰਹੇ ਹਨ। ਜਿਸ ਤਰ੍ਹਾਂ ਕਿ ਸਿੱਖਿਆ ਪ੍ਰੋਵਾਈਡਰਜ਼ ਪੰਜ ਹਜ਼ਾਰ ਪ੍ਰਤੀ ਮਹੀਨਾ ਤੇ ਕੰਮ ਕਰ ਰਹੇ ਹਨ, ਉਹ 40,000 ਤੋਂ 50,000 ਪ੍ਰਤੀ ਮਹੀਨਾ ਤੇ ਕੰਮ ਕਰ ਰਹੇ ਹੋਣਗੇ, ਕਿਉਂਕਿ ਉਹ ਐਜੂਕੇਟਿਡ ਜਮਾਤ ਹੈ ਜੀ। ਹੁਣ ਗੌਰਮਿੰਟ ਉਨ੍ਹਾਂ ਨੂੰ ਪੱਕੇ ਕਰਨ ਵਾਸਤੇ ਇਕ ਸ਼ਰਤ ਲਗਾ ਰਹੀ ਹੈ। ਸਿੱਖਿਆ ਮੰਤਰੀ ਸਾਹਿਬ ਨੇ ਲਿਖਤੀ ਤੌਰ ਤੇ ਮੰਨਿਆ ਹੈ ਕਿ ਸਾਡੇ ਵਿਚਾਰ ਅਧੀਨ

---

** Expunged as ordered by the Chair.

ਹੈ।ਸਰਕਾਰ ਸ਼ਰਤ ਲਗਾ ਰਹੀ ਹੈ ਕਿ ਤਿੰਨ ਸਾਲ ਲਈ 10300 ਰੁਪਏ ਪ੍ਰਤੀ ਮਹੀਨਾ ਤੇ ਕੰਮ ਕਰੋ। ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇੰਨੀ ਕੁ ਤਾਂ ਮਗਨਰੇਗਾ ਦੀ ਦਿਹਾੜੀ ਵੀ ਨਹੀਂ ਬਣੇਗੀ। 300 ਰੁਪਿਆ ਦਿਹਾੜੀ ਇਕ ਐਮ.ਏ., ਬੀ.ਐੱਡ ਅਤੇ ਬੀ.ਏ., ਬੀ.ਐੱਡ, ਪੋਸਟ ਗ੍ਰੈਜੂਏਟ ਟੀਚਰਜ਼ ਨੂੰ ਦੇਣੀ ਕਿਥੋਂ ਤੱਕ ਜਾਇਜ਼ ਹੈ?

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ, ਸਵਾਲ ਪੁੱਛੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਹਰ ਘਰ ਨੌਕਰੀ ਵੀ ਦੇਵੇ, ਸਾਨੂੰ ਕੋਈ ਇਤਰਾਜ਼ ਨਹੀਂ ਹੈ। ਪ੍ਰੰਤੂ ਕਿਰਪਾ ਕਰਕੇ ਜਿਹੜੇ ਪਹਿਲਾਂ ਕੰਟਰੈਕਟ ਬੇਸ ਤੇ ਲਾਈਨ ਵਿਚ ਲੱਗੇ ਹੋਏ ਹਨ, ਸਾਲ 2008 ਤੋਂ ਲੈ ਕੇ 2018 ਤੱਕ ਕੁੱਲ 10 ਸਾਲ ਹੋ ਗਏ ਹਨ ਜੀ, ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਇਕ ਹਿੱਸਾ ਗੁਆ ਲਿਆ ਹੈ। ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੇਰੀ ਬੇਨਤੀ ਹੈ ਕਿ ਨਾ ਸਿਰਫ ਸਿੱਖਿਆ ਪ੍ਰੋਵਾਈਡਰਜ਼ ਸਗੋਂ ਦੂਜਿਆਂ ਨੂੰ ਵੀ ਦੇਖੋ। ਡਾਕਟਰਜ਼ ਨੂੰ ਵੀ ਫੁੱਲ ਪੇਅ ਤੇ ਅਡਾਪਟ ਕਰ ਲਿਆ ਗਿਆ ਹੈ ਜੀ। ਫਿਰ ਐਜੂਕੇਸ਼ਨ ਡਿਪਾਰਟਮੈਂਟ ਨੂੰ ਅਜਿਹਾ ਕਰਨ ਵਿਚ ਕੀ ਤਕਲੀਫ ਹੈ ਜੀ? ਜਦੋਂ ਕਿ ਇਕੋ ਹੀ ਸਰਕਾਰ ਹੈ। ਸੱਜਾ ਪਾਸਾ ਕਹਿੰਦਾ ਹੈ ਕਿ ਅਸੀਂ ਡਾਕਟਰਜ਼ ਨੂੰ ਪੂਰੀ ਤਨਖਾਹ ਤੇ ਕੰਮ ਦੇਵਾਂਗੇ। (ਆਪੋਜ਼ੀਸ਼ਨ ਬੈਂਚਿਜ਼ ਵਲੋਂ ਥੰਪਿੰਗ) ਸਿੱਖਿਆ ਪ੍ਰੋਵਾਈਡਰਜ਼ ਗਰੀਬ ਤਬਕੇ ਨਾਲ ਸਬੰਧਿਤ ਵਿਅਕਤੀ ਹਨ। ਵਜ਼ੀਰ ਸਾਹਿਬ, ਕੀ ਤੁਸੀਂ ਉਨ੍ਹਾਂ ਨੂੰ ਰੈਗੂਲਰਾਈਜ਼ ਕਰ ਦਿਉਗੇ? ਕਿਉਂਕਿ ਤੁਹਾਨੂੰ ਕੇਂਦਰ ਸਰਕਾਰ ਨੇ ਅਜਿਹਾ ਕਰਨ ਤੋਂ ਰੋਕਿਆ ਵੀ ਨਹੀਂ ਹੈ। ਤੁਸੀਂ ਕਹਿੰਦੇ ਹੋ ਕਿ ਐਚ.ਆਰ.ਡੀ. ਵਲੋਂ ਸਿੱਖਿਆ ਪ੍ਰੋਵਾਈਡਰਾਂ ਨੂੰ ਰੈਗੂਲਰ ਕਰਨ ਲਈ ਕੋਈ ਹਦਾਇਤ ਨਹੀਂ ਕੀਤੀ ਗਈ ਪ੍ਰੰਤੂ ਤੁਹਾਨੂੰ ਉਨ੍ਹਾਂ ਨੇ ਅਜਿਹਾ ਕਰਨ ਤੋਂ ਕਿਤੇ ਰੋਕਿਆ ਵੀ ਨਹੀਂ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਤਨਖਾਹ ਦਾ ਬਹੁਤ ਸਾਰਾ ਹਿੱਸਾ ਗੌਰਮਿੰਟ ਆਫ ਇੰਡੀਆ ਕੰਟਰੀਬਿਊਟ ਕਰਦੀ ਹੈ। ਇਨ੍ਹਾਂ ਨੂੰ 60:40 ਦੀ ਰੇਸ਼ੋ ਨਾਲ ਤਨਖਾਹ ਮਿਲਦੀ ਹੈ। ਉਨ੍ਹਾਂ ਲਈ ਬਹੁਤ ਸਾਰੇ ਫੰਡਜ਼ ਗੌਰਮਿੰਟ ਆਫ ਇੰਡੀਆ ਕੰਟਰੀਬਿਊਟ ਕਰ ਰਹੀ ਹੈ। ਪੰਜਾਬ ਸਰਕਾਰ ਨੇ 40 ਫੀਸਦੀ ਸ਼ੇਅਰ ਪਾਉਣਾ ਹੈ। ਇਹ ਨੌਕਰੀ ਬੇਰੁਜ਼ਗਾਰ ਅਤੇ ਗਰੀਬ ਵਿਅਕਤੀਆਂ ਨੂੰ ਮਿਲਣੀ ਹੈ। ਇਸ ਦੇ ਨਾਲੋਂ ਹੋਰ ਚੰਗੀ ਨੌਕਰੀ ਹੋ ਹੀ ਨਹੀਂ ਸਕਦੀ।

**ਮਾਨਯੋਗ ਸਪੀਕਰ:** ਸਵਾਲ ਪੁੱਛੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਵਜ਼ੀਰ ਸਾਹਿਬ, ਕਿਰਪਾ ਕਰਕੇ ਦੱਸੋ ਕਿ ਕੀ ਇਨ੍ਹਾਂ ਨੂੰ ਰੈਗੂਲਰਾਈਜ਼ ਕਰ ਦਿਉਗੇ? ਕੀ ਉਨ੍ਹਾਂ ਤੇ ਜਿਹੜੀ 10300 ਤਨਖਾਹ ਵਾਲੀ ਤਲਵਾਰ ਲਟਕਾਈ ਹੋਈ ਹੈ, ਕੀ ਉਹ ਹਟਾ ਦਿਉਗੇ ਜੀ?

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਲੀਡਰ ਆਫ ਆਪੋਜ਼ੀਸ਼ਨ ਜੀ ਨੂੰ ਕਲੀਅਰ ਕਰ ਦੇਵਾਂ ਕਿ ਇਹ ਸਵਾਲ ਸਿਰਫ ਸਿੱਖਿਆ ਪ੍ਰੋਵਾਈਡਰਾਂ ਨਾਲ ਸਬੰਧਿਤ ਹੈ। ਸੋ, ਮੈਂ ਸਿਰਫ ਉਸ ਦਾ ਹੀ ਜਵਾਬ ਦੇਵਾਂਗੀ। ਪਹਿਲਾਂ ਇਹ ਬਲਾਕ ਰਿਸੋਰਸਿਜ਼ ਪਰਸਨ ਸੀ।ਕਿਉਂਕਿ ਉਦੋਂ ਟੀਚਰਜ਼ ਦੀ ਕਾਫੀ ਸ਼ਾਰਟੇਜ ਸੀ, ਇਸ ਲਈ ਉਨ੍ਹਾਂ ਦੇ ਅਗੇਂਸਟ ਦੋ ਦੋ ਸਿੱਖਿਆ ਪ੍ਰੋਵਾਈਡਰਜ਼ ਲਗਾਏ ਹੋਏ ਸੀ। ਸਿੱਖਿਆ ਪ੍ਰੋਵਾਈਡਰਜ਼ ਲਈ ਅਜਿਹੀ ਕੋਈ ਵੀ ਪੋਸਟ ਵਿਭਾਗ ਵਿਚ ਮੌਜੂਦ ਨਹੀਂ

[ਰਾਜ ਮੰਤਰੀ,ਸਕੂਲ ਸਿੱਖਿਆ]

ਹੈ, ਔਰ ਜਿਹੜੀ ਆਪਾਂ ਲਾਅ ਆਫ ਲੈਂਡ ਅਤੇ ਸੁਪਰੀਮ ਕੋਰਟ ਦੀ ਗੱਲ ਕਰ ਰਹੇ ਹਾਂ, ਕਰਨਾਟਕਾ ਸਟੇਟ ਬਨਾਮ ਉਮਾ ਦੇਵੀ ਦੇ ਕੇਸ ਦੀ ਗੱਲ ਕਰ ਰਹੇ ਹਾਂ, ਮੇਰੇ ਕੋਲ ਸੁਪਰੀਮ ਕੋਰਟ ਦੀ ਜਜਮੈਂਟ ਦੀ ਕਾਪੀ ਵੀ ਹੈ। ਅਪੀਲ (ਸਿਵਲ) ਕੇਸ ਨੰ: 3595-3612, ਸਾਲ 1999 ਦੇ ਫੈਸਲੇ ਅਨੁਸਾਰ ਜਿਨ੍ਹਾਂ ਕਰਮਚਾਰੀਆਂ ਨੂੰ ਕਿਸੇ ਸਕੀਮ ਦੇ ਤਹਿਤ ਆਰਜ਼ੀ ਤੌਰ ਤੇ ਰੱਖਿਆ ਗਿਆ ਸੀ, ਉਨ੍ਹਾਂ ਦਾ ਰੈਗੂਲਰ ਹੋਣ ਦਾ ਕੋਈ ਹੱਕ ਨਹੀਂ ਬਣਦਾ, ਇਹ ਕੋਰਟ ਦੇ ਆਰਡਰਾਂ ਵਿਚ ਲਿਖਿਆ ਹੋਇਆ ਹੈ ਜੀ। ਸੋ, ਇਸ ਕਰਕੇ ਜਿਹੜਾ ਜੌਬ ਵਾਸਤੇ ਰਾਈਟ ਹੈ, ਉਸ ਵਾਸਤੇ ਟਰਾਂਸਪੇਰੈਂਟ ਮੈਥੇਡ ਆਫ ਅਪੁਆਇੰਟਮੈਂਟ ਹੋਣਾ ਚਾਹੀਦਾ ਹੈ ਅਤੇ ਥਰੂ ਕੰਪੀਟੀਸ਼ਨ ਹੋਣਾ ਚਾਹੀਦਾ ਹੈ। ਇਹ ਕੋਰਟ ਦੇ ਆਰਡਰਾਂ ਦੇ ਵਿੱਚ ਵੀ ਲਿਖਿਆ ਹੋਇਆ ਹੈ। ਕਿਉਂਕਿ ਇਕੁਅਲ ਔਪਰਚੁਨਿਟੀ ਹਰ ਕਿਸੇ ਨੂੰ ਮਿਲਣੀ ਚਾਹੀਦੀ ਹੈ। ਇਸ ਦੇ ਬਾਵਜੂਦ ਵੀ ਅਸੀਂ ਆਰ.ਟੀ.ਈ. ਐਕਟ, ਜੋ 2010 ਵਿਚ ਆਇਆ ਸੀ, ਔਰ ਇਸ ਜਜਮੈਂਟ ਨੂੰ ਧਿਆਨ ਵਿਚ ਰੱਖਦੇ ਹੋਏ ਜੋ ਵੀ ਬੈਸਟ ਹੱਲ ਨਿਕਲ ਸਕੇਗਾ, ਅਸੀਂ ਉਸ ਦੇ ਉਤੇ ਜ਼ਰੂਰ ਵਿਚਾਰ ਕਰਾਂਗੇ। (ਥੰਪਿੰਗ)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਸਿੱਖਿਆ ਮੰਤਰੀ ਜੀ ਨੇ ਇਕ entire gambit of Law, ਇਕ ਕਰਨਾਟਕਾ ਸਟੇਟ ਦੀ ਜਜਮੈਂਟ ਕੱਢ ਕੇ ਦੱਸਿਆ ਹੈ, ਮੁਆਫ ਕਰਨਾ ਮੈਂ ਕਹਿੰਦਾ ਚੰਗਾ ਨਹੀਂ ਲਗਦਾ। ਕਿਸੇ ਬਾਬੂ ਨੇ ਇਹ ਜਜਮੈਂਟ ਕੱਢ ਕੇ ਆਪਣੀ ਡਿਫੈਂਸ ਲੈ ਲਈ ਹੈ ਜੀ। ਮੈਂ ਤਾਂ ਸਿਰਫ ਇਨਸਾਨੀ ਪੱਖ ਤੋਂ ਗੱਲ ਕਰ ਰਿਹਾ ਹਾਂ। ਇੱਕ ਤਾਂ ਇਹ 6600 ਵਿਅਕਤੀ ਕੰਮ ਕਰ ਰਹੇ ਹਨ ਅਤੇ ਦੂਜੇ ਪਾਸੇ 20,000 ਦੇ ਕਰੀਬ ਵਿਅਕਤੀ ਠੇਕੇ ਤੇ ਕੰਟਰੈਕਟ ਤੇ ਵੀ ਕੰਮ ਕਰ ਰਹੇ ਹਨ।

**ਮਾਨਯੋਗ ਸਪੀਕਰ:** ਤੁਸੀਂ ਕੇਵਲ ਸਿੱਖਿਆ ਪ੍ਰੋਵਾਈਡਰ ਦੀ ਗੱਲ ਕਰੋ। ਇਸ ਵਾਸਤੇ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਉਸ ਦਿਨ ਕਾਲ ਅਟੈਨਸ਼ਨ ਨੋਟਿਸ ਆਇਆ ਸੀ, ਉਸ ਵਿਚ ਜਵਾਬ ਦਿੱਤਾ ਗਿਆ ਸੀ।

**ਮਾਨਯੋਗ ਸਪੀਕਰ:** ਉਸ ਵਾਸਤੇ ਵੱਖਰਾ ਸਵਾਲ ਬਣਦਾ ਹੈ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੈਂ ਉਸ ਦਿਨ ਕਾਲ ਅਟੈਨਸ਼ਨ ਵਿੱਚ ਕੁਝ ਸੁਣ ਨਹੀਂ ਸਕਿਆ ਸੀ।

**ਮਾਨਯੋਗ ਸਪੀਕਰ:** ਉਹ ਤੁਹਾਡੀ ਗੱਲ ਠੀਕ ਹੈ। ਪ੍ਰੰਤੂ ਇਸ ਸਵਾਲ ਨਾਲ ਇਹ ਕਵਰ ਨਹੀਂ ਹੋਣਾ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇਨ੍ਹਾਂ ਨੇ ਆਪਣੇ ਗਿਆਨ ਮੁਤਾਬਿਕ ਕਹਿ ਦਿੱਤਾ ਕਿ 10300 ਰੁਪਿਆ ਪ੍ਰਤੀ ਮਹੀਨਾ ਤੇ ਰੱਖਣਾ ਸਾਡੇ ਵਿਚਾਰ ਅਧੀਨ ਹੈ। ਮੈਂ ਤਾਂ ਸੋਚ ਵੀ ਨਹੀਂ ਸਕਦਾ ਸੀ ਕਿ ਇੰਨੇ ਪੜ੍ਹੇ ਲਿਖੇ ਲੋਕਾਂ ਨੂੰ ਸਰਕਾਰ ਇੰਨੀ ਥੋੜ੍ਹੀ ਤੇ ਘੱਟ ਤਨਖਾਹ ਤੇ ਰੱਖਣਾ ਚਾਹੁੰਦੀ ਹੈ।ਮੈਡਮ, ਇਸ ਵਿਚ ਮੇਰਾ ਕੋਈ ਪਰਸਨਲ ਇੰਟਰੈਸਟ ਨਹੀਂ ਹੈ। ਤੁਸੀਂ ਕਹਿ ਰਹੇ ਹੋ ਕਿ ਅਸੀਂ 50 ਲੱਖ ਨੌਕਰੀਆਂ ਦੇ ਰਹੇ ਹਾਂ। ਤੁਸੀਂ ਕਰਨਾਟਕਾ ਦੀਆਂ ਮਿਸਾਲਾਂ ਨੂੰ ਛੱਡੋ। ਇਹ ਜਿਹੜੇ ਗਰੀਬ ਆਦਮੀ, ਜਿਹੜੇ ਆਪਣੀ ਜ਼ਿੰਦਗੀ ਦੇ 10 ਸਾਲ ਜ਼ਾਇਆ ਕਰ ਚੁੱਕੇ ਹਨ, ਕੀ ਇਨ੍ਹਾਂ ਦੇ ਕੋਈ ਅਧਿਕਾਰ ਨਹੀਂ ਹਨ? ਕੀ ਇਹ ਕਿਸੇ ਕ੍ਰਾਈਟੇਰੀਏ ਵਿਚ ਨਹੀਂ ਆਉਂਦੇ?

**ਮਾਨਯੋਗ ਸਪੀਕਰ:** ਤੁਸੀਂ ਹੁਣ ਸਿੱਖਿਆ ਪ੍ਰੋਵਾਈਡਰਜ਼ ਦੀ ਗੱਲ ਕਰ ਰਹੇ ਹੋ ਜਾਂ ਕਿਸੇ ਹੋਰ ਦੀ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਚਲੋ, ਮੈਂ ਪਹਿਲਾਂ ਸਿੱਖਿਆ ਪ੍ਰੋਵਾਈਡਰਜ਼ ਦੀ ਗੱਲ ਹੀ ਕਰ ਲੈਂਦਾ ਹਾਂ ਜੀ।

**ਮਾਨਯੋਗ ਸਪੀਕਰ:** ਤੁਸੀਂ ਇਕੱਲੇ ਸਿੱਖਿਆ ਪ੍ਰੋਵਾਈਡਰ ਦੀ ਹੀ ਗੱਲ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਕੀ ਉਹ ਰਮਸਾ ਵਾਲੇ ਅਤੇ ਹੋਰ ਵਿਚਾਰੇ ਬੰਦੇ ਨਹੀਂ ਹਨ?

**ਮਾਨਯੋਗ ਸਪੀਕਰ:** ਤੁਸੀਂ ਉਨ੍ਹਾਂ ਵਾਸਤੇ ਵੱਖਰਾ ਸਵਾਲ ਕਰ ਲਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਰ, ਸਵਾਲ ਹੀ ਤਾਂ ਕੀਤਾ ਹੈ ਜੀ।

**ਮਾਨਯੋਗ ਸਪੀਕਰ:** ਨਹੀਂ, ਅੱਜ ਨਾ ਕਰੋ, ਕਿਸੇ ਹੋਰ ਮੌਕੇ ਤੇ ਕਰ ਲਿਓ। ਇਸ ਸਵਾਲ ਵਿਚ ਇਹ ਕਵਰ ਨਹੀਂ ਹੁੰਦਾ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਤੁਸੀਂ ਇੰਜ ਕਰੋ ਕਿ ਇਹ 6600 ਅਤੇ 3807 ਬੰਦਿਆਂ ਨੂੰ ਪੱਕੇ ਕਰਵਾ ਦਿਓ, ਮੈਂ ਤੁਹਾਡਾ ਬਹੁਤ ਰਿਣੀ ਹੋਵਾਂਗਾ ਜੀ। ਦੂਜੀਆਂ ਨੌਕਰੀਆਂ ਥੋੜ੍ਹਾ ਡਿਲੇਅ ਕੀਤੀਆਂ ਜਾ ਸਕਦੀਆਂ ਹਨ। ਇਹ 3807 ਵੀ ਤੁਹਾਡੀਆਂ ਨੌਕਰੀਆਂ ਦਿੱਤੀਆਂ ਹੀ ਗਿਣੀਆਂ ਜਾਣਗੀਆਂ। ਇਹ ਜ਼ਿਆਦਾ ਮਹੱਤਵਪੂਰਨ ਨੌਕਰੀਆਂ ਹਨ, Rather than campus placements.

**ਮਾਨਯੋਗ ਸਪੀਕਰ:** ਮੰਤਰੀ ਜੀ, ਤੁਸੀਂ ਵਿਚਾਰ ਕਰ ਲੈਣਾ ਜੀ।

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਵਿਰੋਧੀ ਧਿਰ ਦੇ ਨੇਤਾ ਇੰਨੇ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਸੁਪਰੀਮ ਕੋਰਟ ਦੀ ਜੱਜਮੈਂਟ ਨੂੰ ਇਕ ਬਾਬੂ ਦੀ ਦਿੱਤੀ ਹੋਈ ਚਿੱਠੀ ਦੱਸ ਰਹੇ ਹਨ। ਇਹ ਇਨ੍ਹਾਂ ਨੂੰ ਸ਼ੋਭਾ ਨਹੀਂ ਦਿੰਦਾ। ਜੇਕਰ ਤੁਸੀਂ ਕਹੋ ਤਾਂ ਮੈਂ ਜੱਜਮੈਂਟ ਵੀ ਪੜ੍ਹ ਕੇ ਸੁਣਾ ਸਕਦੀ ਹਾਂ।

**ਮਾਨਯੋਗ ਸਪੀਕਰ:** ਅਰੁਨਾ ਜੀ, ਇਨ੍ਹਾਂ ਦੀ ਗੱਲ ਆ ਗਈ ਹੈ। ਤੁਸੀਂ ਵਿਚਾਰ ਕਰ ਲੈਣਾ, ਗੱਲ ਖਤਮ, ਆਪਾਂ ਅੱਗੇ ਚੱਲੀਏ।

**ਰਾਜ ਮੰਤਰੀ:** ਮੈਂ ਪਹਿਲਾਂ ਹੀ ਕਹਿ ਚੁੱਕੀ ਹਾਂ ਕਿ ਅਸੀਂ ਵਿਚਾਰ ਕਰ ਲਵਾਂਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਤੁਸੀਂ ਮੈਨੂੰ ਸਮਾਂ ਦੇ ਦਿਓ, ਮੈਂ ਤੁਹਾਨੂੰ ਸੁਪਰੀਮ ਕੋਰਟ ਦੀਆਂ 10 ਜੱਜਮੈਂਟਸ ਕੱਢ ਦਿਆਂਗਾ, ਜਿਹੜੇ ਗਰੀਬ ਆਦਮੀ 10-10 ਸਾਲ ਤੋਂ ਕੰਮ ਕਰ ਰਹੇ ਸਨ, ਉਨ੍ਹਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਮਾਣੂਕੇ ਜੀ, ਤੁਸੀਂ ਦੱਸੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਬੜਾ ਦੁੱਖ ਹੋਇਆ ਕਿ ਜਿਹੜੇ ਲੋਕ ਪਿਛਲੇ 10-10 ਸਾਲਾਂ ਤੋਂ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਆਪਾਂ ਨੌਕਰੀ ਨਹੀਂ ਦੇ ਰਹੇ। ਫਿਰ ਤੁਸੀਂ ਆਪਣਾ ਘਰ ਘਰ ਨੌਕਰੀ ਦੇਣ ਦਾ ਸਲੋਗਨ ਵਾਪਸ ਲੈ ਲਓ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਮਾਣੂਕੇ ਜੀ ਨੂੰ ਬੋਲ ਲੈਣ ਦਿਓ। ਖਹਿਰਾ ਸਾਹਿਬ, ਤੁਸੀਂ ਬੈਠੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੰਤਰੀ ਜੀ ਨੇ ਤਾਂ ਸੁਪਰੀਮ ਕੋਰਟ ਦੀ ਜੱਜਮੈਂਟ ਪੜ੍ਹ ਕੇ ਉਨ੍ਹਾਂ ਲੋਕਾਂ ਨੂੰ ਨੌਕਰੀ ਦੇਣ ਤੋਂ ਨਾਂਹ ਕਰ ਦਿੱਤੀ ਹੈ। It is not fair, she is ruling out, taking the defence of the Supreme Court judgement and now she is saying ਕਿ ਵਿਚਾਰ ਕਰਾਂਗੇ, ਇਨ੍ਹਾਂ ਤੋਂ ਵਿਚਾਰ ਹੀ ਕਰਵਾ ਦਿਓ।

**ਮਾਨਯੋਗ ਸਪੀਕਰ:** ਉਨ੍ਹਾਂ ਨੇ ਕਹਿ ਦਿੱਤਾ ਕਿ ਮੈਂ ਵਿਚਾਰ ਕਰਾਂਗੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇਹ ਖੜ੍ਹੇ ਹੋ ਕੇ ਕਹਿ ਦੇਣ ਕਿ ਮੈਂ ਵਿਚਾਰ ਕਰਾਂਗੀ।

**ਰਾਜ ਮੰਤਰੀ:** ਸਪੀਕਰ ਸਾਹਿਬ, ਇਹ ਸੁਪਰੀਮ ਕੋਰਟ ਦੀ ਜੱਜਮੈਂਟ ਹਰ ਸਟੇਟ ਤੇ ਬਾਈਂਡਿੰਗ ਨਹੀਂ ਹੈ। ਮੈਂ ਇਸੇ ਕਰਕੇ ਕਿਹਾ ਕਿ ਜੱਜਮੈਂਟ ਅਤੇ ਐਕਟ ਨੂੰ ਸਾਹਮਣੇ ਰੱਖ ਕੇ ਜੋ ਬੈੱਸਟ ਪਾਸੀਬਲ ਹੋਵੇਗਾ, ਅਸੀਂ ਉਸ ਤੇ ਵਿਚਾਰ ਕਰਾਂਗੇ।

**ਮਾਨਯੋਗ ਸਪੀਕਰ:** ਵਿਚਾਰ ਕਰਨਗੇ ਜੀ।ਖਹਿਰਾ ਸਾਹਿਬ, ਹੁਣ ਬੈਠ ਜਾਓ। ਹਾਂ ਜੀ, ਮਾਣੂਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਜਦੋਂ ਸਰਕਾਰ ਨੇ ਸਿੱਖਿਆ ਪ੍ਰੋਵਾਈਡਰ ਰੱਖੇ, ਉਦੋਂ ਸਰਕਾਰ ਨੇ ਉਨ੍ਹਾਂ ਤੋਂ ਸਾਰੀਆਂ ਕੰਡੀਸ਼ਨਜ਼ ਅਤੇ ਇਲਜੀਬਿਲਟੀ ਕ੍ਰਾਈਟੇਰੀਆ ਵੀ ਪੂਰਾ ਕਰਵਾ ਲਿਆ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਹੁਣ ਜਿਹੜੀ ਨਵੀਂ ਭਰਤੀ ਹੋਣੀ ਹੈ, ਉਸ ਵਿਚ ਆਪਾਂ ਉਨ੍ਹਾਂ ਦਾ ਤਜਰਬਾ ਕਾਊਂਟ ਕਰਕੇ ਉਨ੍ਹਾਂ ਨੂੰ ਕਿਉਂ ਨਹੀਂ ਭਰਤੀ ਕਰਦੇ? ਮੈਂ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਕੋਈ ਇਸ ਤਰ੍ਹਾਂ ਦੀ ਕਮੇਟੀ ਬਣਾ ਲਓ, ਜਿਹੜੇ ਪਿਛਲੇ ਕੰਟਰੈਕਟ ਬੇਸਿਜ਼ ਤੇ ਭਰਤੀ ਹੋਏ ਹਨ, ਉਨ੍ਹਾਂ ਨੂੰ ਪੱਕੇ ਕਰ ਦਈਏ। ਉਨ੍ਹਾਂ ਦਾ ਟੈਸਟ ਲੈ ਕੇ ਉਨ੍ਹਾਂ ਦੀ ਇਲਜੀਬਿਲਟੀ ਚੈੱਕ ਕਰਕੇ ਉਨ੍ਹਾਂ ਨੂੰ ਭਰਤੀ ਕਰ ਲਈਏ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੋਈ ਕਮੇਟੀ ਬਣਾਉਣ ਤੇ ਵਿਚਾਰ ਕਰੋਗੇ?

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁੱਕੀ ਹਾਂ ਕਿ ਅਸੀਂ ਇਸ ਤੇ ਵਿਚਾਰ ਕਰਾਂਗੇ।

----------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1252

(ਸਬੰਧਿਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 877

(ਸਬੰਧਿਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----------

## ਵਾਟਰ ਸਪਲਾਈ ਦੇ ਬਿੱਲ ਭਰਨ ਦੀ ਪੱਕੀ ਯੋਜਨਾ ਬਣਾਉਣਾ

*1242. **ਸਰਦਾਰ ਹਰਵਿੰਦਰ ਸਿੰਘ ਫੂਲਕਾ:** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਗੁੱਜਰਵਾਲ, ਜ਼ਿਲ੍ਹਾ ਲੁਧਿਆਣਾ ਦੀ ਵਾਟਰ ਸਪਲਾਈ ਦਾ ਬਿੱਲ ਪੰਚਾਇਤ ਦੁਆਰਾ ਨਾ ਭਰੇ ਜਾਣ ਕਾਰਨ ਬਿਜਲੀ ਦਾ ਕੁਨੈਕਸ਼ਨ ਬਾਰ ਬਾਰ ਕੱਟ ਦਿੱਤਾ ਜਾਂਦਾ ਹੈ ਅਤੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਬਿਜਲੀ ਦੇ ਬਿੱਲ ਭਰਨ ਦੀ ਜ਼ਿੰਮੇਵਾਰੀ ਸਰਕਾਰ ਮਹਿਕਮੇ ਨੂੰ ਦੇਣ ਲਈ ਤਿਆਰ ਹੈ ਤਾਂ ਕਿ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ;

(ਅ) ਕੀ ਇਹ ਵੀ ਠੀਕ ਹੈ ਕਿ ਬਹੁਤ ਸਾਰੇ ਹੋਰ ਪਿੰਡਾਂ ਵਿਚ ਵੀ ਲੋਕਾਂ ਨੂੰ ਅਜਿਹੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਸਮੱਸਿਆ ਦੇ ਹੱਲ ਲਈ ਸਰਕਾਰ ਪੱਕੇ ਤੌਰ ਤੇ ਕੋਈ ਯੋਜਨਾ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** (ੳ) ਵਾਟਰ ਸਪਲਾਈ ਸਕੀਮ ਗੁੱਜਰਵਾਲ ਸਾਲ 2014 ਵਿਚ ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਗੁੱਜਰਵਾਲ ਨੂੰ ਮਹਿਕਮੇ ਵੱਲੋਂ ਹੈਂਡ ਓਵਰ ਕੀਤੀ ਗਈ ਸੀ। ਇਹ ਗੱਲ ਠੀਕ ਹੈ ਕਿ ਇਸ ਵਾਟਰ ਸਪਲਾਈ ਸਕੀਮ ਦਾ ਬਿਜਲੀ ਦਾ ਕੁਨੈਕਸ਼ਨ, ਬਿਜਲੀ ਦਾ ਬਿੱਲ ਨਾ ਜਮ੍ਹਾਂ ਕਰਾਉਣ ਕਰਕੇ ਕੱਟ ਦਿੱਤਾ ਗਿਆ ਸੀ, ਕਿਉਂਜੋ ਖਪਤਕਾਰਾਂ ਵਲੋਂ ਪਾਣੀ ਦੇ ਬਿੱਲਾਂ ਦੀ ਅਦਾਇਗੀ ਨਹੀਂ ਕੀਤੀ ਗਈ ਸੀ ਪ੍ਰੰਤੂ ਮਹਿਕਮੇ ਦੇ ਪੂਰੇ ਸਹਿਯੋਗ ਨਾਲ ਪਿੰਡ ਵਿਚੋਂ ਪਾਣੀ ਦੇ ਬਿੱਲਾਂ ਦਾ ਰਹਿੰਦਾ ਬਕਾਇਆ ਇਕੱਠਾ ਕਰਵਾਇਆ ਗਿਆ ਅਤੇ ਸਕੀਮ ਦੇ

[ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ]
ਬਿਜਲੀ ਦੇ ਬਿੱਲ ਦੀ ਅਦਾਇਗੀ ਕਰਵਾ ਕੇ ਇਸ ਵਾਟਰ ਸਪਲਾਈ ਸਕੀਮ ਦਾ ਬਿਜਲੀ ਦਾ ਕੁਨੈਕਸ਼ਨ ਮੁੜ ਬਹਾਲ ਕਰਵਾਉਣ ਉਪਰੰਤ ਪਾਣੀ ਦੀ ਸਪਲਾਈ ਨਿਰਵਿਘਨ ਚੱਲ ਰਹੀ ਹੈ। ਵਾਟਰ ਵਰਕਸ ਦੇ ਬਿਜਲੀ ਦੇ ਬਿੱਲ ਦੀ ਅਦਾਇਗੀ ਗ੍ਰਾਮ ਪ੍ਰੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ ਵਲੋਂ ਖਪਤਕਾਰਾਂ ਪਾਸੋਂ ਪਾਣੀ ਦੇ ਬਿੱਲਾਂ ਦੀ ਉਗਰਾਹੀ ਕਰਕੇ ਕੀਤੀ ਜਾਂਦੀ ਹੈ। ਇਸ ਸਬੰਧ ਵਿਚ ਜੀ.ਪੀ.ਡਬਲਯੂ.ਐਸ.ਸੀ. ਦੀ ਲਗਾਤਾਰ ਸਮੇਂ ਸਮੇਂ ਤੇ ਕਪੈਸਿਟੀ ਬਿਲਡਿੰਗ ਕੀਤੀ ਜਾਂਦੀ ਹੈ ਤਾਂ ਜੋ ਪਾਣੀ ਦੇ ਬਿੱਲਾਂ ਦੀ ਪੂਰੀ ਉਗਰਾਹੀ ਕੀਤੀ ਜਾਵੇ ਅਤੇ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਪੀ.ਐਸ.ਪੀ.ਸੀ.ਐਲ. ਨੂੰ ਸਮੇਂ ਸਿਰ ਕੀਤੀ ਜਾ ਸਕੇ ਤਾਂ ਜੋ ਪਿੰਡ ਵਾਸੀਆਂ ਨੂੰ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

(ਅ) ਇਹ ਠੀਕ ਹੈ ਕਿ ਕੁਝ ਪਿੰਡਾਂ ਵਿਚ ਜਿਨ੍ਹਾਂ ਦੀ ਦੇਖਭਾਲ ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀਆਂ ਕੋਲ ਹੈ, ਦਾ ਬਿਜਲੀ ਦਾ ਬਿੱਲ ਜਮ੍ਹਾਂ ਨਾ ਕਰਾਉਣ ਕਾਰਨ ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਅਜਿਹੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮੇਂ ਸਰਕਾਰ ਕੋਲ ਪੱਕੇ ਤੌਰ ਤੇ ਕੋਈ ਯੋਜਨਾ ਬਣਾਉਣ ਦਾ ਵਿਚਾਰ ਨਹੀਂ ਹੈ। ਇਸ ਸਮੱਸਿਆ ਦੇ ਹੱਲ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀਆਂ ਦੀ ਵਿਭਾਗ ਵਲੋਂ ਕਪੈਸਟੀ ਬਿਲਡਿੰਗ ਕੀਤੀ ਜਾਂਦੀ ਹੈ, ਜਿਸ ਰਾਹੀਂ ਖਪਤਕਾਰਾਂ ਵਲੋਂ ਰਹਿੰਦਾ ਬਕਾਇਆ ਇਕੱਠਾ ਕਰਵਾਇਆ ਜਾਂਦਾ ਹੈ ਅਤੇ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਕਰਵਾਈ ਜਾਂਦੀ ਹੈ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਗੁਜਰਵਾਲ ਪਿੰਡ ਦੀ ਜਿਹੜੀ ਵਾਟਰ ਸਪਲਾਈ ਸਕੀਮ ਹੈ, ਉਸ ਵਿਚ ਉਂਜ ਤਾਂ ਪਾਣੀ ਠੀਕ ਚੱਲ ਰਿਹਾ ਹੈ ਪਰ ਜਿਹੜੀ ਤੁਸੀਂ ਪ੍ਰਾਬਲਮ ਦੱਸੀ ਹੈ, ਉਹ ਸਾਰੇ ਪੰਜਾਬ ਵਿਚ ਹੀ ਹੈ। ਲੋਕੀਂ ਬਿੱਲ ਇਕੱਠਾ ਕਰ ਲੈਂਦੇ ਹਨ ਪਰ ਜਮ੍ਹਾਂ ਨਹੀਂ ਕਰਵਾਉਂਦੇ। ਹੁਣ ਮੁੱਖ ਮੰਤਰੀ ਜੀ ਨੇ ਹੁਕਮ ਕਰ ਦਿੱਤੇ ਹਨ ਕਿ ਕਿਸੇ ਪਿੰਡ ਦਾ ਬਿਜਲੀ ਦਾ ਕੁਨੈਕਸ਼ਨ ਨਹੀਂ ਕੱਟਣਾ। ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਸ ਦਾ ਕੋਈ ਪ੍ਰੋਸੀਜਰ ਬਣਨਾ ਚਾਹੀਦਾ ਹੈ।ਮੈਂ ਸਮਝਦਾ ਹਾਂ ਕਿ ਬਿਲਕੁਲ ਬਣਨਾ ਚਾਹੀਦਾ ਹੈ। ਤੁਸੀਂ ਇਕ ਸਿਆਣੇ ਵਕੀਲ ਹੋ, ਮੈਂ ਚਾਹੁੰਦਾ ਹਾਂ ਕਿ ਤੁਸੀਂ ਹੀ ਸਾਨੂੰ ਕੋਈ ਸੁਝਾਅ ਦੇ ਦਿਓ। ਅਸੀਂ ਉਹ ਸੁਝਾਅ ਮੰਨਣ ਨੂੰ ਤਿਆਰ ਹਾਂ। ਸਾਰੇ ਸਦਨ ਵਿਚੋਂ ਕੋਈ ਵੀ ਮੈਂਬਰ ਜੇਕਰ ਸੁਝਾਅ ਦੇਣਾ ਚਾਹੁੰਦਾ ਹੈ ਤਾਂ ਅਸੀਂ ਉਹ ਵੀ ਮੰਨਾਂਗੇ। ਅਸੀਂ ਲੋਕਾਂ ਨੂੰ ਵੀ ਪੁੱਛ ਲਿਆ। ਜਿਹੜਾ ਵੀ ਕੋਈ ਵਧੀਆ ਸੁਝਾਅ ਹੋਵੇਗਾ, ਅਸੀਂ ਉਹ ਪ੍ਰੋਸੀਜਰ ਅਪਣਾਵਾਂਗੇ। ਅਸੀਂ ਤਾਂ ਆਪ ਇਸ ਨੂੰ ਛੇਤੀ ਲਾਗੂ ਕਰਨਾ ਚਾਹੁੰਦੇ ਹਾਂ।

**ਸਰਦਾਰ ਹਰਵਿੰਦਰ ਸਿੰਘ ਫੂਲਕਾ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਚਾਇਤ ਦੀ ਸਭ ਤੋਂ ਪਹਿਲੀ ਡਿਊਟੀ ਇਹ ਨਹੀਂ ਹੈ ਕਿ ਘੱਟੋ-ਘੱਟ ਪਿੰਡ ਦਾ ਪਾਣੀ ਪਿੰਡ ਵਾਲਿਆਂ ਨੂੰ ਹੀ ਮਿਲੇ? ਜਿਹੜੀਆਂ ਪੰਚਾਇਤਾਂ ਨੇ ਬਿਲ ਇਕੱਠੇ ਕਰ ਲਏ ਅਤੇ ਜਮ੍ਹਾਂ ਨਹੀਂ ਕਰਵਾਏ, ਕੀ ਮੰਤਰੀ ਜੀ ਉਨ੍ਹਾਂ ਪੰਚਾਇਤਾਂ ਦੇ ਖਿਲਾਫ ਐਕਸ਼ਨ ਲੈਣਗੇ? ਦੂਜੀ ਗੱਲ ਜਿਹੜੇ ਡਿਪਾਰਟਮੈਂਟ ਵਾਲਿਆਂ ਨੇ ਲੋਕਾਂ ਤੋਂ ਪੈਸੇ ਇਕੱਠੇ ਕਰ ਲਏ ਅਤੇ ਪੈਸੇ ਜਮ੍ਹਾਂ ਨਹੀਂ ਹੋਏ, ਜਿਸ ਕਾਰਨ ਪਾਣੀ ਦਾ ਕੁਨੈਕਸ਼ਨ ਕੱਟਿਆ ਗਿਆ।ਕੀ ਉਨ੍ਹਾਂ ਅਫਸਰਾਂ ਖਿਲਾਫ ਐਕਸ਼ਨ ਲਿਆ ਜਾਵੇਗਾ? ਤੀਜੀ ਗੱਲ, ਸਪੀਕਰ ਸਾਹਿਬ, ਜਿਨ੍ਹਾਂ ਲੋਕਾਂ ਨੇ ਪੈਸੇ ਦੇ ਦਿੱਤੇ ਹਨ, ਉਨ੍ਹਾਂ ਦਾ ਕੀ ਕਸੂਰ ਹੈ? ਜਿਨ੍ਹਾਂ ਨੇ ਨਹੀਂ ਦਿੱਤੇ, ਉਨ੍ਹਾਂ ਦਾ ਕੁਨੈਕਸ਼ਨ ਕੱਟੋ। ਜੋ ਮੁੱਖ ਮੰਤਰੀ ਜੀ ਨੇ ਚਿੱਠੀ ਇਸ਼ੂ ਕੀਤੀ ਹੈ, ਉਹ ਮੰਤਰੀ ਸਾਹਿਬ ਸਟ੍ਰੇਟਫਾਰਵਰਡ ਹੋ ਕੇ ਕਹਿਣ ਕਿ ਅੱਗੇ ਤੋਂ ਕਦੇ ਵੀ ਵਾਟਰ ਵਰਕਸ ਦਾ ਇਲੈਕਟ੍ਰੀਸਿਟੀ ਕੁਨੈਕਸ਼ਨ ਨਹੀਂ ਕੱਟਿਆ ਜਾਵੇਗਾ। ਇਸ ਬਾਰੇ ਮੰਤਰੀ ਜੀ ਹਾਊਸ ਨੂੰ ਵਿਸ਼ਵਾਸ ਦਿਵਾਉਣ।

**ਮੰਤਰੀ :** ਸਪੀਕਰ ਸਾਹਿਬ, ਪਿਛਲੇ ਦਿਨੀਂ ਮੈਂਬਰ ਸਾਹਿਬ ਹਾਜ਼ਰ ਨਹੀਂ ਸਨ, ਅੱਜ ਆਏ ਹਨ। ਇਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਇਹ ਫੈਸਲਾ ਹੋਇਆ ਸੀ ਕਿ ਜਿਹੜੀਆਂ ਪੰਚਾਇਤਾਂ ਨੇ ਪੈਸੇ ਇਕੱਠੇ ਕਰਕੇ ਜਮ੍ਹਾਂ ਨਹੀਂ ਕਰਵਾਏ, ਉਨ੍ਹਾਂ ਦੇ ਖਿਲਾਫ ਪਰਚਿਆਂ ਤੇ ਆਰਡਰ ਹੋ ਗਏ ਹਨ। ਜਿਹੜੇ ਸਾਡੇ ਡਿਪਾਰਟਮੈਂਟ ਦੇ ਮੁਲਾਜ਼ਮਾਂ ਵਲੋਂ ਕੀਤੀ ਕੁਤਾਹੀ ਸਾਹਮਣੇ ਆਏਗੀ, ਉਨ੍ਹਾਂ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਤੁਹਾਡੀ ਤੀਜੀ ਸੁਜੈਸ਼ਨ ਵੀ ਅੱਛੀ ਹੈ ਕਿ ਜਿਹੜਾ ਬਿਲ ਨਹੀਂ ਦੇਵੇਗਾ ਸਿਰਫ ਉਸ ਦਾ ਹੀ ਕੁਨੈਕਸ਼ਨ ਕੱਟਿਆ ਜਾਵੇਗਾ। ਜਿਹੜੇ ਬਿਲ ਦਿੰਦੇ ਹਨ, ਉਨ੍ਹਾਂ ਦਾ ਨਹੀਂ ਕੱਟਾਂਗੇ। ਅਸੀਂ ਇਸ ਨੂੰ ਇਸੇ ਤਰ੍ਹਾਂ ਲਾਗੂ ਕਰਾਂਗੇ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਮੰਤਰੀ ਜੀ ਨੇ ਇਹ ਤਾਂ ਕਹਿ ਦਿੱਤਾ ਕਿ ਮੇਰੀ ਗੈਰਹਾਜ਼ਰੀ ਵਿੱਚ ਫੈਸਲੇ ਲਏ ਗਏ ਸਨ। ਮੰਤਰੀ ਜੀ, ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਆਪਣੇ ਹਲਕੇ ਦੇ ਵਿੱਚ ਦੋ ਐਸੀਆਂ ਘਟਨਾਵਾਂ ਹੋਈਆਂ ਹਨ ਪਰ ਉਨ੍ਹਾਂ ਦੋਨਾਂ ਘਟਨਾਵਾਂ ਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਪਲੀਜ਼, ਉਥੇ ਵੀ ਸਬੰਧਿਤ ਦੋਸ਼ੀਆਂ ਖਿਲਾਫ ਐਫ.ਆਈ.ਆਰ ਜਲਦੀ ਦਰਜ ਕਰਵਾ ਦਿਓ।

**ਮੰਤਰੀ:** ਇਹ ਉਨ੍ਹਾਂ ਪਿੰਡਾਂ ਦੇ ਨਾਂ ਦੇ ਦੇਣ, ਐਫ.ਆਈ.ਆਰ ਜ਼ਰੂਰ ਦਰਜ ਹੋ ਜਾਵੇਗੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਇੱਕ ਪਿੰਡ ਗੁੱਜਰਵਾਲ ਹੈ ਤੇ ਦੂਜਾ ਪਿੰਡ ਪੱਬੀਆਂ ਹੈ।

**ਸ਼੍ਰੀ ਐਨ.ਕੇ.ਸ਼ਰਮਾ:** ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮਸਲਾ ਹੈ। ਇਸ ਦੀ ਡਿਸਕਸ਼ਨ ਕਾਫੀ ਦਿਨ ਤੋਂ ਹੋ ਰਹੀ ਹੈ। ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਰੇਕ ਰੈਜ਼ੀਡੈਂਟ ਕੋਲ ਹਰ ਮਹੀਨੇ ਪਾਣੀ ਅਤੇ ਬਿਜਲੀ ਦਾ ਬਿੱਲ ਮਹੀਨਾਵਾਰ ਆਉਂਦਾ ਹੈ। ਤੁਸੀਂ ਕੈਲਕੁਲੇਟ ਕਰਕੇ 20-30 ਪੈਸੇ ਬਿਲ ਦੇ ਨਾਲ ਹੀ ਜੋੜ ਕੇ ਜੇਕਰ ਕੁਲੈਕਸ਼ਨ ਕਰ ਲਓ ਤਾਂ ਇਹ ਮਸਲਾ ਖਤਮ ਹੋ ਸਕਦਾ ਹੈ। ਨਹੀਂ ਤਾਂ ਬਹੁਤ ਸਾਰੇ ਕੁਨੈਕਸ਼ਨ ਹਰ ਮਹੀਨੇ ਜਾਂ ਦੋ ਮਹੀਨੇ ਬਾਅਦ ਕੱਟੇ ਜਾਂਦੇ ਹਨ ਅਤੇ ਜਦੋਂ ਕਦੇ ਸੈਸ਼ਨ ਸ਼ੁਰੂ ਹੋਣ ਵਾਲਾ ਹੁੰਦਾ ਹੈ ਤਾਂ ਉਦੋਂ ਕੁਨੈਕਸ਼ਨ ਜੁੜ ਜਾਂਦੇ ਹਨ। ਮੇਰੀ ਇਹੀ ਬੇਨਤੀ ਹੈ ਕਿ ਜੇਕਰ ਇਸ ਤਰ੍ਹਾਂ ਹੋ ਸਕਦਾ ਹੈ ਤਾਂ ਕਰ ਲਿਆ ਜਾਵੇ।

**ਮੰਤਰੀ:** ਸਪੀਕਰ ਸਾਹਿਬ, ਸਾਡੇ ਮੈਂਬਰ ਸਾਹਿਬ ਇੱਕ ਵਧੀਆ ਬਿਜ਼ਨਸਮੈਨ ਹਨ ਅਤੇ ਕਾਮਯਾਬ ਇਨਸਾਨ ਵੀ ਹਨ। ਜਿਹੜਾ ਵੀ ਕੋਈ ਚੰਗਾ ਸੁਝਾਅ ਆਵੇਗਾ, ਉਸ ਨੂੰ ਮੰਨਿਆ ਵੀ ਜਾਵੇਗਾ।

**ਮਾਨਯੋਗ ਸਪੀਕਰ:** ਇਹ ਸੁਝਾਅ ਵੀ ਚੰਗਾ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਧੂੜਕੋਟ ਪਿੰਡ ਹੈ।ਮੈਂ ਕੱਲ੍ਹ ਦਾ ਹੀ ਮਸਲਾ ਦੱਸਣਾ ਚਾਹੁੰਦਾ ਹਾਂ। ਇਨ੍ਹਾਂ ਨੇ ਕਿਹਾ ਕਿ ਬਿਲਕੁਲ ਕੁਨੈਕਸ਼ਨ ਕੱਟੇ ਨਹੀਂ ਜਾ ਰਹੇ ਹਨ। ਜਿਥੇ ਬਿਲ ਭਰਨਾ ਸੀ, ਪਿੰਡ ਵਾਲੇ ਆਲਰੈਡੀ ਉਥੇ ਬਿਲ ਭਰ ਰਹੇ ਹਨ। ਇਸ ਦੇ ਬਾਵਜੂਦ ਬਕਾਇਆ ਬਿਲ ਖੜ੍ਹਾ ਸੀ। ਇਹ ਕੇਵਲ ਇੱਕ ਪਿੰਡ ਦੀ ਕਹਾਣੀ ਨਹੀਂ ਹੈ। ਜਿਨ੍ਹਾਂ ਨੇ ਬਿਲ ਨਹੀਂ ਭਰੇ, ਬਿਜਲੀ ਮਹਿਕਮੇ ਵਾਲੇ ਉਨ੍ਹਾਂ ਨੂੰ ਪੰਜ-ਪੰਜ ਲੱਖ ਰੁਪਏ ਦਾ ਜੁਰਮਾਨਾ ਲਗਾ ਜਾਂਦੇ ਹਨ। ਇੱਕ ਵਿਭਾਗ ਦੂਜੇ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]
ਵਿਭਾਗ ਨੂੰ ਜੁਰਮਾਨਾ ਲਗਾ ਜਾਂਦਾ ਹੈ। ਮੈਂ ਜਿਹੜੇ ਪਿੰਡ ਦੀ ਗੱਲ ਕਰ ਰਿਹਾ ਹਾਂ, ਉਥੇ ਕੱਲ੍ਹ ਹੀ ਕੁਨੈਕਸ਼ਨ ਕੱਟ ਕੇ ਗਏ ਹਨ। ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਇਹ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਕੁਨੈਕਸ਼ਨ ਨਹੀਂ ਕੱਟੇ ਜਾਣਗੇ, ਫਿਰ ਉਹ ਧੂੜਕੋਟ ਪਿੰਡ ਦਾ ਕੁਨੈਕਸ਼ਨ ਕਿਉਂ ਕੱਟਿਆ ਗਿਆ ਹੈ? ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕੱਲ੍ਹ ਉਸੇ ਪਿੰਡ ਵਿਚ ਬਿਜਲੀ ਵਿਭਾਗ ਵਾਲਿਆਂ ਨੇ ਰੇਡ ਮਾਰ ਕੇ ਪੰਜ ਲੱਖ ਰੁਪਏ ਦਾ ਜੁਰਮਾਨਾ ਧੂੜਕੋਟ ਦੇ ਵਾਟਰ ਵਰਕਸ ਨੂੰ, ਇਕ ਸਰਕਾਰੀ ਅਦਾਰੇ ਨੂੰ ਲਗਾਇਆ ਹੈ। ਬਿਜਲੀ ਦਾ ਬਿਲ ਤਾਂ ਪਹਿਲਾਂ ਹੀ ਨਹੀਂ ਭਰਿਆ ਜਾਂਦਾ ਹੈ।

**ਮਾਨਯੋਗ ਸਪੀਕਰ:** ਇਹ ਸਵਾਲ ਵੱਖਰਾ ਬਣਦਾ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਕੁਨੈਕਸ਼ਨ ਨਾ ਕੱਟਣ ਦੀਆਂ ਹਦਾਇਤਾਂ ਜਾਰੀ ਹੋਈਆਂ ਹਨ ਤਾਂ ਫਿਰ ਉਥੇ ਕੁਨੈਕਸ਼ਨ ਕਿਉਂ ਕੱਟਿਆ ਗਿਆ ਹੈ?

**ਮੰਤਰੀ:** ਹੁਣ ਅਸਰ ਹੋ ਜਾਵੇਗਾ ਜੀ, ਇਸ ਸਵਾਲ ਦਾ ਅਸਰ ਹੋ ਜਾਵੇਗਾ।

--------

## ਸਿਹਤ ਸੇਵਾਵਾਂ ਵਿਚ ਸੁਧਾਰ

*1161. **ਸ਼੍ਰੀ ਅੰਗਦ ਸਿੰਘ**: ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਸਾਲ 2018-19 ਵਿੱਚ ਸਿਹਤ ਸੇਵਾਵਾਂ ਵਿਚ ਸੁਧਾਰ ਸਬੰਧੀ ਸਰਕਾਰ ਦਾ ਕੋਈ ਪਲਾਨ ਹੈ;

(ਅ) ਸਰਕਾਰ ਵੱਲੋਂ ਸਿਹਤ ਸੇਵਾਵਾਂ ਵਿੱਚ ਕਿਹੜੀਆਂ ਨਵੀਆਂ ਸਕੀਮਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਹਾਂ ਜੀ, ਸਰਕਾਰ 2018-19 ਵਿੱਚ ਪੰਜਾਬ ਦੇ ਲੋਕਾਂ ਦੀ ਸਿਹਤ ਦੀ ਦੇਖਭਾਲ ਦੇ ਉਚਤਮ ਮਿਆਰਾਂ ਨੂੰ ਪ੍ਰਦਾਨ ਕਰਨ ਲਈ ਵਚਨਬੱਧ ਹੈ। ਰਾਜ ਵਿੱਚ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਵਿਭਾਗ ਨੇ ਕਈ ਕਦਮ ਚੁੱਕੇ ਹਨ ਅਤੇ ਆਉਣ ਵਾਲੇ ਸਾਲ ਵਿੱਚ ਹੋਰ ਬਹੁਤ ਕੁਝ ਸ਼ੁਰੂ ਕੀਤਾ ਜਾਵੇਗਾ। ਕੁਝ ਮੁੱਖ ਗਤੀਵਿਧੀਆਂ ਜੋ ਕਿ ਪ੍ਰਸਤਾਵਿਤ ਹਨ, ਹੇਠ ਲਿਖੇ ਅਨੁਸਾਰ ਹਨ:-

1. ਸਰਕਾਰ ਵੱਲੋਂ ਜ਼ਰੂਰੀ ਦਵਾਈ ਦੀ ਸੂਚੀ ਵਿੱਚ ਸੋਧ ਕੀਤੀ ਗਈ ਅਤੇ ਵਰਤਮਾਨ ਵਿੱਚ ਜ਼ਰੂਰੀ ਦਵਾਈਆਂ ਦੀ ਸੂਚੀ ਵਿੱਚ 226 ਦਵਾਈਆਂ ਸ਼ਾਮਿਲ ਹਨ।

2. ਸਰਕਾਰ ਨੇ ਈ-ਔਸ਼ਧੀ ਸਾਫਟਵੇਅਰ ਨੂੰ ਲਾਗੂ ਕਰਨ ਦਾ ਕੰਮ ਸ਼ੁਰੂ ਕੀਤਾ ਹੈ ਅਤੇ ਸਾਰੇ ਜ਼ਿਲ੍ਹਿਆਂ ਵਿੱਚ ਸਿਵਲ ਸਰਜਨ ਪੱਧਰ ਤੇ 22 ਨਵੇਂ ਡਰੱਗ ਸਟੋਰਾਂ ਦੀ ਸਥਾਪਨਾ ਕੀਤੀ ਹੈ। ਡਰੱਗ ਪ੍ਰਬੰਧਨ ਨੂੰ ਹੋਰ ਮਜ਼ਬੂਤ ਕਰਨ ਲਈ ਸਰਕਾਰ ਵੱਲੋਂ ਐਨ.ਐਚ.ਐਮ ਤਹਿਤ ਲੋੜੀਂਦਾ ਸਟਾਫ ਭਰਤੀ ਕਰਨ ਦੀ ਤਜਵੀਜ਼ ਰੱਖੀ ਹੈ।

3. ਹੇਠ ਲਿਖੀਆਂ ਮੁਫਤ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ:-

- ਮਰੀਜ਼ ਨੂੰ ਡਾਇਲੇਸਿਜ਼ ਦੀ ਸੁਵਿਧਾ ਮੁਫਤ ਦਿੱਤੀ ਜਾ ਰਹੀ ਹੈ।
- ਹੈਪੀਟਾਈਟਿਸ ਸੀ ਲਈ ਮੁਫਤ ਇਲਾਜ ਦਿੱਤਾ ਜਾ ਰਿਹਾ ਹੈ। ਇਹ ਇੱਕ ਸਰਕਾਰ ਦਾ ਬਹੁਤ ਵੱਡਾ ਉਪਰਾਲਾ ਹੈ ਕਿਉਂਕਿ ਜੇਕਰ ਹੈਪੇਟਾਈਟਿਸ ਸੀ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਹ ਘਾਤਕ ਸਿੱਧ ਹੋ ਸਕਦਾ ਹੈ।
- ਜੇਕਰ ਕਿਸੇ ਮਰੀਜ਼ ਨੂੰ ਟੀ.ਬੀ. ਦੀ ਬਿਮਾਰੀ ਦਾ ਸ਼ੱਕ ਹੋਵੇ ਤਾਂ ਉਸ ਲਈ ਮੁਫਤ ਐਕਸ-ਰੇ ਦੀ ਸੁਵਿਧਾ ਹੈ।
- ਮ੍ਰਿਤਕ ਦੇਹ ਲਈ ਮੁਫਤ ਮੋਰਚਰੀ ਅਤੇ ਟਰਾਂਸਪੋਰਟ ਦੀ ਸੁਵਿਧਾ ਸ਼ੁਰੂ ਕੀਤੀ ਗਈ ਹੈ।

4. ਨੈਸ਼ਨਲ ਹਾਈਵੇ ਤੇ ਸਥਿਤ ਕੁਰਾਲੀ (ਮੁਹਾਲੀ), ਭਵਾਨੀਗੜ੍ਹ (ਸੰਗਰੂਰ) ਅਤੇ ਪਾਤੜਾਂ (ਪਟਿਆਲਾ) ਵਿਖੇ ਤਿੰਨ ਟਰੋਮਾ ਸੈਂਟਰਾਂ ਦੀ ਤਜਵੀਜ਼ ਹੈ।

5. ਹੇਠ ਲਿਖੀਆਂ ਥਾਵਾਂ ਤੇ ਵੱਖਰੇ ਜੱਚਾ ਬੱਚਾ ਯੂਨਿਟਾਂ ਦੀ ਸਥਾਪਨਾ ਕਰਨ ਦੀ ਤਜਵੀਜ਼ ਹੈ:-

- 50 ਬਿਸਤਰਿਆਂ ਦਾ ਹਸਪਤਾਲ ਜ਼ਿਲ੍ਹਾ ਹਸਪਤਾਲ, ਫਤਿਹਗੜ੍ਹ ਸਾਹਿਬ।
- 50 ਬਿਸਤਰਿਆਂ ਦਾ ਹਸਪਤਾਲ ਐਸ.ਡੀ.ਐਚ. ਗਿੱਦੜਬਾਹਾ (ਸ੍ਰੀ ਮੁਕਤਸਰ ਸਾਹਿਬ )
- 50 ਬਿਸਤਰਿਆਂ ਦਾ ਹਸਪਤਾਲ ਸੀ.ਐਚ.ਸੀ, ਗੋਨਿਆਣਾ (ਬਠਿੰਡਾ)

6. ਐਮਰਜੈਂਸੀ ਰੈਫਰਲ ਟਰਾਂਸਪੋਰਟ (ਡਾਇਲ 108) ਨੂੰ ਮਜ਼ਬੂਤ ਕਰਨ ਲਈ 50 ਐਬੂਲੈਂਸਾਂ ਦੀ ਖਰੀਦ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚੋਂ 5 ਐਡਵਾਂਸ ਲਾਈਫ ਐਬੂਲੈਂਸਾਂ ਹੋਣਗੀਆਂ।

7. ਸਰਕਾਰ ਵੱਲੋਂ ਕੈਂਸਰ ਦੇ ਇਲਾਜ ਲਈ ਹਾਈ ਐਂਡ ਕੈਂਸਰ ਇੰਸਟੀਚਿਊਟ ਦੇ ਉਪਰਾਲਿਆਂ ਵਿੱਚ ਹੇਠ ਲਿਖਿਆਂ ਨੂੰ ਸਟ੍ਰੈਂਥਨ ਕੀਤਾ ਜਾ ਰਿਹਾ ਹੈ:-

- 100 ਬਿਸਤਰਿਆਂ ਦਾ ਐਡਵਾਂਸ ਕੈਂਸਰ ਇੰਸਟੀਚਿਊਟ ਬਠਿੰਡਾ ਵਿਖੇ:
- 40 ਬਿਸਤਰਿਆਂ ਦਾ ਕੈਂਸਰ ਹਸਪਤਾਲ, ਸੰਗਰੂਰ ਵਿਖੇ,
- ਤਿੰਨਾ ਮੈਡੀਕਲ ਕਾਲਜਾਂ ਵਿੱਚ ਕੈਂਸਰ ਦਾ ਇਲਾਜ ਦਾ ਪ੍ਰਬੰਧ ਹੈ। ਸਟੇਟ ਕੈਂਸਰ ਇੰਸਟੀਚਿਊਟ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਬਣਾਉਣ ਦੀ ਤਜਵੀਜ਼ ਹੈ।
- ਫਾਜ਼ਿਲਕਾ ਵਿਖੇ ਟ੍ਰਸ਼ਰੀ ਕੈਂਸਰ ਕੇਅਰ ਸੈਂਟਰ ਨਿਰਮਾਣ ਅਧੀਨ ਹੈ ਅਤੇ ਹੁਸ਼ਿਆਰਪੁਰ ਵਿਖੇ ਇੱਕ ਹੋਰ ਦੀ ਤਜਵੀਜ਼ ਹੈ।

[ਸਿਹਤ ਤੇ ਪਰਿਵਾਰ ਭਲਾਈ ਮੰਤਰੀ]

8. ਟੀ.ਬੀ.ਕੰਟਰੋਲ ਪ੍ਰੋਗਰਾਮ ਤਹਿਤ :-

- 29 ਸੀ.ਬੀ.ਐਨ.ਏ.ਏ.ਟੀ ਮਸ਼ੀਨਾਂ ਸਥਾਪਿਤ ਕਰਨ ਦੀ ਤਜਵੀਜ਼ ਹੈ ਜਿਨ੍ਹਾਂ ਵਿੱਚੋਂ 27 ਸਥਾਪਿਤ ਹੋ ਚੁਕੀਆਂ ਹਨ।
- ਮਰੀਜ਼ਾਂ ਨੂੰ 500 ਰੁਪਏ ਪ੍ਰਤੀ ਮਹੀਨਾਂ ਭੱਤਾ ਦੇਣ ਦੀ ਤਜਵੀਜ਼ ਹੈ।
- ਐਮ.ਡੀ.ਆਰ, ਟੀ.ਬੀ ਦੇ ਮਰੀਜ਼ਾਂ ਨੂੰ ਹਾਈ ਪ੍ਰੋਟੀਨ ਡਾਇਟ ਦਿੱਤੀ ਜਾਵੇਗੀ।

9. ਰਾਜ ਵਿੱਚ ਬਲੱਡ ਬੈਂਕਾਂ ਸੇਵਾਵਾਂ ਦੇ ਸਧਾਰ ਲਈ "ਈ-ਰਕਮ ਕੋਸ਼" ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜਿਸ ਨਾਲ ਬਲੱਡ ਬੈਂਕਾਂ ਦੀ ਕੁਨੈਕਟੀਵਿਟੀ, ਡਿਜ਼ੀਟਾਇਜੇਸ਼ਨ ਅਤੇ ਬਲੱਡ ਬੈਂਕ ਦਾ ਕੰਮ ਸੁਚਾਰੂ ਢੰਗ ਨਾਲ ਚੱਲੇਗਾ। ਇਸ ਪ੍ਰੋਗਰਾਮ ਅਧੀਨ ਨੇੜੇ ਦੇ ਬਲੱਡ ਡੋਨੇਸ਼ਨ ਕੈਂਪ, ਬਲੱਡ ਬੈਂਕ ਅਤੇ ਬਲੱਡ ਸਟਾਕ ਦੀ ਸੂਚਨਾ ਉਪਲਬਧ ਹੋਵੇਗੀ।

ਸਰਕਾਰ ਵੱਲੋਂ ਇੱਕ ਨਿਊਕਲਿਕ ਐਸਿਡ ਟੈਸਟ ਮਸ਼ੀਨ ਖਰੀਦਣ ਦੀ ਤਜਵੀਜ਼ ਹੈ ਜਿਸ ਨਾਲ ਐਚ.ਆਈ.ਵੀ. ਦੀ ਸ਼ੁਰੂਆਤੀ ਸਟੇਜ (ਵਿੰਡੋ ਪੀਰੀਅਡ) ਤੇ ਹੀ ਐਚ.ਆਈ.ਵੀ. ਦਾ ਪਤਾ ਲੱਗ ਜਾਵੇਗਾ।

10. ਸਰਕਾਰ ਨੇ ਜ਼ਿਲ੍ਹਾ ਪੱਧਰ ਹਸਪਤਾਲ ਵਿੱਚ ਤਿੰਨ ਡੈਂਟਲ ਇੰਪਲਾਂਟ ਸੈਂਟਰ ਸਥਾਪਿਤ ਕਰਨ ਦੀ ਤਜਵੀਜ਼ ਰੱਖੀ ਹੈ।

11. ਸਰਕਾਰ ਨੇ ਜਲੰਧਰ ਅਤੇ ਬਠਿੰਡਾ ਵਿਖੇ ਬਰਨ ਯੂਨਿਟ ਦੀ ਸਥਾਪਨਾ ਕਰਨ ਦਾ ਪ੍ਰਸਤਾਵ ਹੈ।

12. 306 ਮੈਡੀਕਲ ਅਫਸਰਾਂ ਦੀਆਂ ਆਸਾਮੀਆਂ ਭਰਨ ਲਈ ਜਨਤਕ ਇਸ਼ਤਿਹਾਰ ਪੀ.ਪੀ.ਐਸ.ਸੀ ਰਾਹੀਂ ਦਿੱਤਾ ਜਾ ਚੁੱਕਾ ਹੈ।

13. ਸਿਹਤ ਸੇਵਾਵਾਂ ਦੇ ਕੰਮ ਨੂੰ ਜ਼ਿਆਦਾ ਲੁਭਾਵਾਂ ਬਣਾਉਣ ਲਈ ਸਰਕਾਰ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਮੈਡੀਕਲ ਅਫਸਰਾਂ ਅਤੇ ਡੈਂਟਲ ਮੈਡੀਕਲ ਅਫਸਰਾਂ ਨੂੰ ਪ੍ਰੋਬੇਸ਼ਨ ਦੌਰਾਨ ਪੂਰੀ ਤਨਖਾਹ ਦਿੱਤੀ ਜਾਵੇਗੀ।

(ਅ) ਸਰਕਾਰ ਵੱਲੋਂ ਨਵੇਂ ਕੀਤੇ ਜਾ ਰਹੇ ਉਪਰਾਲੇ ਅਤੇ ਸਕੀਮਾਂ ਦੇ ਸਨਮੁੱਖ ਮੈਂ ਇਹ ਦੱਸਣਾ ਚਾਹਾਂਗਾ ਕਿ ਰਾਜ ਸਰਕਾਰ ਦਾ ਜ਼ੋਰ ਲੋਕਾਂ ਦੀ ਚੰਗੀ ਸਿਹਤ ਵੱਲ ਹੈ, ਜਿਸ ਲਈ ਸਰਕਾਰ ਹੇਠ ਲਿਖੇ ਉਪਰਾਲੇ ਵੀ ਕਰ ਰਹੀ ਹੈ:

1. ਰਾਜ ਸਰਕਾਰ ਪੰਜਾਬ ਦੇ ਨਾਗਰਿਕਾਂ ਲਈ ਹੈਲਥ ਇੰਸ਼ੋਰੈਂਸ ਸਕੀਮ ਪ੍ਰਦਾਨ ਕਰਨ ਲਈ ਵਚਨਬੱਧ ਹੈ, ਜਿਸ ਵਿੱਚ ਪ੍ਰਾਇਮਰੀ, ਸੈਕੰਡਰੀ ਅਤੇ ਟਰਸ਼ਰੀ ਲੈਵਲ ਦੇ ਇਲਾਜ ਸ਼ਾਮਲ ਹੋਣਗੇ। ਇਹ ਸਕੀਮ ਆਉਣ ਵਾਲੇ ਸਾਲ ਵਿੱਚ ਸ਼ੁਰੂ ਕਰਨ ਦੀ ਤਜਵੀਜ਼ ਹੈ।

2. ਇੱਕ ਪ੍ਰਮੁੱਖ ਮੁਹਿੰਮ ਵਜੋਂ 240 ਹੈਲਥ ਅਤੇ ਵੈਲਨੈੱਸ ਸੈਂਟਰ ਤੋਂ ਇਲਾਵਾ ਸਾਲ 2018-19 ਵਿੱਚ 600 ਸਬ-ਸੈਂਟਰਾਂ ਨੂੰ ਪੜਾਅਵਾਰ ਢੰਗ ਨਾਲ ਹੈਲਥ ਅਤੇ ਵੈਲਨੈੱਸ ਕਲੀਨਿਕ ਵਿੱਚ ਅਪਗ੍ਰੇਡ ਕੀਤਾ ਜਾਵੇਗਾ।

3. ਅਰਬਨ ਹੈਲਥ ਮਿਸ਼ਨ ਦੇ ਅਧੀਨ 11 ਅਰਬਨ ਸੀ.ਐਚ.ਸੀ, ਸਾਲ 2018-19 ਵਿੱਚ ਚਾਲੂ ਕੀਤੇ ਜਾਣਗੇ। ਇਨ੍ਹਾਂ ਸੈਂਟਰਾਂ ਦੇ ਲਈ 44 ਸਪੈਸ਼ਲਿਸਟਾਂ ਦੀਆਂ ਪੋਸਟਾਂ ਵੀ ਪ੍ਰਸਤਾਵਿਤ ਹਨ।

4. ਰਾਜ ਦੇ 3 ਜ਼ਿਲ੍ਹਿਆਂ ਵਿੱਚ 26.10.2017 ਨੂੰ ਆਊਟ ਪੇਸ਼ੈਂਟ ਓ.ਪੀ.ਆਡ ਅਸਿਸਟਿਡ ਟ੍ਰੀਟਮੈਂਟ ਸ਼ੁਰੂ ਕੀਤਾ ਗਿਆ ਹੈ। ਸਾਲ 2018-19 ਵਿੱਚ ਬਾਕੀ ਰਹਿੰਦੇ ਸਾਰੇ ਜ਼ਿਲ੍ਹਿਆਂ ਵਿੱਚ ਵੀ ਸ਼ੁਰੂ ਕੀਤਾ ਜਾਵੇਗਾ।

5. ਲਕਸ਼ੇ ਪ੍ਰੋਗਰਾਮ ਅਧੀਨ ਸਰਕਾਰ ਵੱਲੋਂ ਪੜਾਅਵਾਰ ਤਰੀਕੇ ਨਾਲ ਲੇਬਰ ਰੂਮਾਂ ਦੀ ਕੁਆਲਿਟੀ ਨੂੰ ਬਿਹਤਰ ਬਣਾਉਣ ਦਾ ਪ੍ਰਸਤਾਵ ਹੈ। ਸ਼ੁਰੂਆਤੀ 11 ਜ਼ਿਲ੍ਹਿਆਂ ਪੱਧਰੀ ਹਸਪਤਾਲ ਅਤੇ ਸਰਕਾਰੀ ਹਸਪਤਾਲ ਅਤੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਇਹ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ।

6. ਸਰਕਾਰ ਨੇ ਪ੍ਰਾਈਵੇਟ ਪਬਲਿਕ ਪਾਰਟਨਰਸ਼ਿਪ ਅਧੀਨ ਜ਼ਿਲ੍ਹਾ ਹਸਪਤਾਲਾਂ ਵਿੱਚ ਸੀ.ਟੀ.ਸਕੈਨ, ਐਮ.ਆਰ.ਆਈ ਮਸ਼ੀਨਾਂ ਦੀ ਸਥਾਪਨਾ ਕਰਨ ਦਾ ਪ੍ਰਸਤਾਵ ਹੈ।

7. ਰਾਜ ਵਿੱਚ ਵਧੇਰੇ ਸਪੈਸ਼ਲਿਸਟ ਡਾਕਟਰ ਉਪਲਬਧ ਕਰਵਾਉਣ ਲਈ ਐਮ.ਕੇ.ਐਚ, ਪਟਿਆਲਾ, ਡੀ.ਐਚ, ਅੰਮ੍ਰਿਤਸਰ ਅਤੇ ਡੀ.ਐਚ. ਮੋਹਾਲੀ ਵਿਖੇ ਗਾਇਨੀਕੋਲੋਜੀ ਐਂਡ ਓਬਸਟੈਟਰਿਕ ਵਿੱਚ ਡਿਪਲੋਮੇਟ ਇੰਨ ਨੈਸ਼ਨਲ ਬੋਰਡ (ਡੀ.ਐਨ.ਬੀ) ਸ਼ੁਰੂ ਕੀਤੇ ਜਾਣ ਦਾ ਪ੍ਰਸਤਾਵ ਹੈ।

8. ਡਾਕਟਰਾਂ ਅਤੇ ਹੋਰ ਸਟਾਫ ਦੀ ਸਮੇਂ ਸਿਰ ਹਾਜ਼ਰੀ ਯਕੀਨੀ ਬਣਾਉਣ ਲਈ ਸ਼ੁਰੂ ਵਿੱਚ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਬਾਇਓਮੈਟ੍ਰਿਕ ਮਸ਼ੀਨਾਂ ਦੁਆਰਾ ਹਾਜ਼ਰੀ ਸ਼ੁਰੂ ਕੀਤੀ ਜਾ ਰਹੀ ਹੈ।

**ਸ਼੍ਰੀ ਅੰਗਦ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬੜਾ ਵਧੀਆ ਜਵਾਬ ਦਿੱਤਾ ਹੈ ਪਰ ਸਰਕਾਰ ਦੀਆਂ ਜਿਹੜੀਆਂ ਐਗਜ਼ਿਸਟਿੰਗ ਸਕੀਮਾਂ ਚੱਲ ਰਹੀਆਂ ਹਨ, ਜਿਵੇਂ ਕਿ ਰੋਗੀ ਕਲਿਆਣ ਸੰਮਤੀ ਸਕੀਮ ਤਹਿਤ ਇੱਕ ਸਾਲ ਦਾ 10 ਲੱਖ ਰੁਪਿਆ ਜ਼ਿਲ੍ਹੇ ਦੇ ਸਿਵਲ ਹਸਪਤਾਲ ਨੂੰ ਮਿਲਣਾ ਚਾਹੀਦਾ ਹੈ। ਉਹ ਸਾਲ 2017-18 ਦਾ 10 ਲੱਖ ਰੁਪਿਆ ਨਵਾਂਸ਼ਹਿਰ ਦੇ ਸਿਵਲ ਹਸਪਤਾਲ ਨੂੰ ਨਹੀਂ ਮਿਲ ਸਕਿਆ। ਕੀ ਅਸੀਂ ਉਮੀਦ ਰੱਖੀਏ ਕਿ ਪਿਛਲੇ ਸਾਲ ਦਾ ਬਕਾਇਆ ਸਾਨੂੰ ਆਉਣ ਵਾਲੇ ਸਮੇਂ ਵਿੱਚ ਮਿਲ ਜਾਵੇਗਾ?

**ਮਾਨਯੋਗ ਸਪੀਕਰ** : ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਦੋ ਛੋਟੇ ਛੋਟੇ ਸਵਾਲ ਪੁੱਛਣਾ ਚਾਹੁੰਦਾ ਹਾਂ। ਮੈਂ ਉਸ ਦਿਨ ਹੈਲਥ ਡਿਸਕਸ਼ਨ ਵਿੱਚ ਹਿੱਸਾ ਨਹੀਂ ਲੈ ਸਕਿਆ। ਅਸਲ ਵਿੱਚ ਸਰਕਾਰੀ ਐਜੂਕੇਸ਼ਨ ਸਿਸਟਮ ਵਾਂਗ ਹੈਲਥ ਦੇ ਕਾਫੀ ਬੁਰੇ ਹਾਲਾਤ ਹਨ। I don’t want to criticize. ਜਿਹੜੀ ਪ੍ਰਾਈਵੇਟ ਹੈਲਥ ਪ੍ਰਣਾਲੀ ਬਣੀ ਹੋਈ ਹੈ, ਉਸ ਵਿੱਚ ਬਹੁਤ ਵੱਡੇ ਲੈਵਲ ਤੇ ਸ਼ੋਸ਼ਣ ਹੈ। ਜੋ ਉਨ੍ਹਾਂ ਦਾ ਦਿਲ ਕਰਦਾ ਹੈ ਉਹੀ ਉਹ ਚਾਰਜ ਕਰਦੇ ਹਨ। ਇੱਕ ਮੈਂਬਰ ਨੇ ਵੀ ਇੱਥੇ ਕਿਹਾ ਕਿ ਉਹ ਕਹਿੰਦੇ ਹਨ ਕਿ ਅੰਦਰੋਂ ਹੀ ਦਵਾਈਆਂ ਲਵੋ ਜਦ ਕਿ ਬਾਹਰੋਂ ਉਹ ਦਵਾਈਆਂ ਤਿੰਨ ਗੁਣਾ ਸਸਤੀਆਂ ਮਿਲਦੀਆਂ ਹਨ, but we cannot go outside. Fortis, Apollo, Escorts, ਇਹ ਵੱਡੇ ਵੱਡੇ ਹਸਪਤਾਲ ਹਨ। ਮੈਂ ਬਿਲਕੁਲ ਕੱਟ ਸ਼ਾਰਟ ਕਰ ਰਿਹਾ ਹਾਂ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਠੀਕ ਹੈ ਜੀ। ਮੇਰੇ ਦੋ ਸਵਾਲ ਬੜੇ ਇੰਪਾਰਟੈਂਟ ਹਨ। ਦਵਾਈਆਂ ਤੇ ਐਮ.ਆਰ.ਪੀ. ਤੋਂ 10-15 ਗੁਣਾ ਚਾਰਜ ਕੀਤਾ ਜਾ ਰਿਹਾ ਹੈ। ਵਜ਼ੀਰ ਸਾਹਿਬ, ਇਸ ਵਿੱਚ ਸਭ ਤੋਂ ਇੰਪਾਰਟੈਂਟ ਕੰਮ ਹੈ to regulate health services of the private sector. Please make an important regulatory body, ਇਹ ਨਾਨ-ਫੰਕਸ਼ਨਲ ਨਾ ਹੋਵੇ, it should be empowered, give it proper teeth so that ਜਿਹੜਾ ਪ੍ਰਾਈਵੇਟ ਸੈਕਟਰ ਹੈ, ਇਸ ਵਿੱਚ ਜਿਹੜੀ ਲੁੱਟ ਖਸੁੱਟ ਹੈ, ਜਿਵੇਂ ਕਿ ਵੈਂਟੀਲੇਟਰ ਤੇ ਗਰੀਬਾਂ ਨੂੰ ਪਾਈ ਰੱਖਦੇ ਹਨ, ਉਹ ਬੰਦ ਹੋਵੇ। ਦੋ-ਦੋ ਲੱਖ ਰੁਪਿਆ ਬਿਲ ਬਣਾ ਦਿੰਦੇ ਹਨ। ਉਹ ਕਹਿੰਦੇ ਹਨ ਕਿ ਅਸੀਂ ਡੈੱਡ ਬਾਡੀ ਵੀ ਤਾਂ ਦਿਆਂਗੇ, ਜੇਕਰ ਤੁਸੀਂ ਪੈਸਾ ਦੇਵੋਗੇ।

**ਮਾਨਯੋਗ ਸਪੀਕਰ** : ਮੰਤਰੀ ਜੀ, ਇਹ ਰੈਗੂਲੇਟਰੀ ਬਾਡੀ ਬਾਰੇ ਕਹਿ ਰਹੇ ਹਨ।

**ਮੰਤਰੀ** : ਸਪੀਕਰ ਸਾਹਿਬ, ਮੈਂ ਸਾਰੇ ਸਦਨ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਸਤਿਕਾਰਯੋਗ ਮੁੱਖ ਮੰਤਰੀ ਜੀ ਨਾਲ ਬੜੇ ਉੱਚੇ ਪੱਧਰ ਤੇ ਗੱਲ ਹੋ ਚੱਕੀ ਹੈ। ਬਹੁਤ ਜਲਦੀ ਹੀ ਅਸੀਂ ਸਟੇਟ ਵਿੱਚ Clinical Establishments Act ਲਿਆਉਣ ਲੱਗੇ ਹਾਂ to regulate these private sector hospitals.

**ਡਾਕਟਰ ਸੁਖਵਿੰਦਰ ਕੁਮਾਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਸਾਲ ਸਰਕਾਰੀ ਹਸਪਤਾਲਾਂ ਵਿੱਚ ਫਰੀ ਡਾਇਲਸਿਸ ਸਕੀਮ ਲਿਆਂਦੀ ਗਈ ਸੀ। ਪਰ ਇਸ ਵਿੱਚ ਇਕ ਵੱਡੀ ਪ੍ਰਾਬਲਮ ਆ ਰਹੀ ਹੈ ਕਿ ਡਾਇਲਸਿਸ ਮਸ਼ੀਨਾਂ ਨੂੰ ਚਲਾਉਣ ਲਈ ਡਾਕਟਰ ਨਹੀਂ ਹਨ। ਉਦਾਹਰਣ ਦੇ ਤੌਰ ਤੇ ਮੈਂ ਨਵਾਂਸ਼ਹਿਰ ਅਤੇ ਬੰਗਾ ਦੇ ਹਸਪਤਾਲਾਂ ਦੀ ਗੱਲ ਕਰਨੀ ਚਾਹੁੰਦਾ ਹਾਂ। ਉੱਥੇ ਡਾਇਲਸਿਸ ਦੇ ਦੋ ਯੂਨਿਟ ਲੱਗੇ ਹਨ ਪਰ ਉਥੇ ਡਾਕਟਰ ਸਿਰਫ ਇੱਕ ਦਿਨ ਹੀ ਕੰਮ ਕਰਦੇ ਹਨ। ਕੀ ਸਰਕਾਰ ਦੇ ਧਿਆਨ ਵਿੱਚ ਕੋਈ ਐਸੀ ਸਕੀਮ ਹੈ ਜਿਸ ਰਾਹੀਂ ਹੋਰ ਡਾਕਟਰਾਂ ਨੂੰ ਟਰੇਂਡ ਕੀਤਾ ਜਾ ਸਕੇ ਤਾਂ ਜੋ ਉਹ ਡਾਕਟਰ ਡਾਇਲਸਿਸ ਮਸ਼ੀਨਾਂ ਹਰ ਰੋਜ਼ ਚਲਾ ਸਕਣ?

**ਮੰਤਰੀ**: ਸਪੀਕਰ ਸਾਹਿਬ, ਇਨ੍ਹਾਂ ਨੇ ਪਿਛਲੇ ਦਿਨੀਂ ਵੀ ਕਿਸੇ ਸਵਾਲ ਦੀ ਸਪਲੀਮੈਂਟਰੀ ਤੇ ਇਨ੍ਹਾਂ ਡਾਇਲਸਿਸ ਮਸ਼ੀਨਾਂ ਦੀ ਗੱਲ ਕੀਤੀ ਸੀ।

**ਮਾਨਯੋਗ ਸਪੀਕਰ**: ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

------------

# WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

## ਸੁਨਾਮ ਸ਼ਹਿਰ ਵਿੱਚ ਫਾਇਰ ਬ੍ਰਿਗੇਡ ਲਈ ਮੁਲਾਜ਼ਮਾਂ ਦੀ ਤਾਇਨਾਤੀ

*947. **ਸ਼੍ਰੀ ਅਮਨ ਅਰੋੜਾ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਸੁਨਾਮ ਨੂੰ ਦਿੱਤੀ ਗਈ ਫਾਇਰ ਬ੍ਰਿਗੇਡ ਲਈ ਮੁਲਾਜ਼ਮਾਂ (ਫਾਇਰਮੈਨ ਅਤੇ ਡਰਾਈਵਰਾਂ) ਆਦਿ ਦੀ ਤਾਇਨਾਤੀ ਹੋ ਚੁੱਕੀ ਹੈ;

(ਅ) ਜੇਕਰ ਨਹੀਂ ਤਾਂ ਕਿਉਂ ਅਤੇ ਕਦੋਂ ਤੱਕ ਸਰਕਾਰ ਇਹ ਤਾਇਨਾਤੀਆਂ ਕਰਨ ਦੀ ਮਨਸ਼ਾ ਰੱਖਦੀ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ:** ਫਾਇਰ ਅਫਸਰ ਦੀ ਤਾਇਨਾਤੀ ਕਰ ਦਿੱਤੀ ਗਈ ਹੈ। 14 ਫਾਇਰਮੈਨ ਅਤੇ 04 ਫਾਇਰ ਡਰਾਇਵਰਾਂ ਦੀ ਆਊਟ ਸੋਰਸ ਤੇ ਭਰਤੀ ਕਰਨ ਲਈ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਨਗਰ ਕੌਂਸਲ, ਸੁਨਾਮ ਵੱਲੋਂ ਆਊਟ ਸੋਰਸ ਤੇ ਇਨ੍ਹਾਂ ਕਰਮਚਾਰੀਆਂ ਨੂੰ ਰੱਖਣ ਸਬੰਧੀ ਮਿਤੀ 28.03.2018 ਨੂੰ ਟੈਂਡਰ ਖੋਲ੍ਹੇ ਜਾਣੇ ਹਨ ਅਤੇ ਟੈਂਡਰ ਫਾਈਨਲ ਹੋਣ ਉਪਰੰਤ ਫਾਇਰ ਸਟਾਫ ਦੀ ਤਾਇਨਾਤੀ ਕਰ ਦਿੱਤੀ ਜਾਵੇਗੀ।

----------

## ਹਲਕਾ ਸਰਦੂਲਗੜ੍ਹ ਦੇ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ

*1251. **ਸਰਦਾਰ ਦਿਲਰਾਜ ਸਿੰਘ** : ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸਰਕਾਰ ਦੇ ਧਿਆਨ ਵਿੱਚ ਹੈ ਕਿ ਘੱਗਰ ਦਰਿਆ, ਜਦੋਂ ਹਰਿਆਣਾ ਦੇ ਏਰੀਏ ਵਿੱਚੋਂ ਲੰਘ ਕੇ ਦੁਬਾਰਾ ਪੰਜਾਬ ਦੇ ਜ਼ਿਲ੍ਹਾ ਮਾਨਸਾ ਅਤੇ ਹਲਕਾ ਸਰਦੂਲਗੜ੍ਹ ਤੱਕ ਪਹੁੰਚਦਾ ਹੈ ਤਾਂ ਉਸ ਦੇ ਪਾਣੀ ਵਿੱਚ ਫੈਕਟਰੀਆਂ ਦਾ ਕੈਮੀਕਲ ਵਾਲਾ ਪਾਣੀ ਮਿਲ ਜਾਂਦਾ ਹੈ ਤੇ ਇਹ ਦੂਸ਼ਿਤ ਪਾਣੀ ਸਰਦੂਲਗੜ੍ਹ ਤੱਕ ਪਹੁੰਚਦੇ-ਪਹੁੰਚਦੇ ਨਾ ਤਾਂ ਪੀਣ ਯੋਗ ਰਹਿੰਦਾ ਹੈ ਤੇ ਨਾ ਹੀ ਖੇਤੀਬਾੜੀ ਲਈ, ਜਿਸ ਕਾਰਨ ਸਰਦੂਲਗੜ੍ਹ ਹਲਕੇ ਦਾ ਧਰਤੀ ਹੇਠਲਾ ਪਾਣੀ ਵੀ ਦੂਸ਼ਿਤ ਹੋ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਲਾਕੇ ਦੇ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰ ਵੱਲੋਂ ਕੀ ਬਦਲਵੇਂ ਪ੍ਰਬੰਧ ਕੀਤੇ ਗਏ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ** : ਇਹ ਸਹੀ ਹੈ ਕਿ ਜਦੋਂ ਘੱਗਰ ਦਰਿਆ ਹਰਿਆਣਾ ਵਿੱਚੋਂ ਲੰਘ ਕੇ ਵਾਪਸ ਪੰਜਾਬ ਦੀ ਸਰਦੂਲਗੜ੍ਹ ਸਬ-ਡਵੀਜ਼ਨ ਜ਼ਿਲ੍ਹਾ ਮਾਨਸਾ ਵਿੱਚੋਂ ਲੰਘਦਾ ਹੈ ਤਾਂ ਫੈਕਟਰੀਆਂ ਵਿੱਚੋਂ ਗੰਦਾ ਪਾਣੀ ਘੱਗਰ ਦੇ ਪਾਣੀ ਵਿੱਚ ਮਿਲ ਜਾਂਦਾ ਹੈ ਜਿਸ ਕਰਕੇ ਇਹ ਪਾਣੀ ਨਾ ਤਾਂ ਪੀਣ ਯੋਗ ਰਹਿੰਦਾ ਹੈ ਅਤੇ ਨਾ ਹੀ ਖੇਤੀ ਦੇ ਕੰਮ ਆ ਸਕਦਾ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪਿੰਡਾਂ ਵਿੱਚ ਪੀਣ ਯੋਗ ਪਾਣੀ ਦੇਣ ਲਈ ਘੱਗਰ ਦਰਿਆ ਤੋਂ ਪਾਣੀ ਨਹੀਂ ਲੈਂਦਾ ਹੈ ਬਲਕਿ ਇਹ ਪਾਣੀ ਭਾਖੜਾ ਮੇਨ ਬਰਾਂਚ ਸਿਸਟਮ ਅਤੇ ਭੀਖੀ ਡਿਸਟ੍ਰੀਬਿਊਟਰੀ ਸਿਸਟਮ ਤੋਂ ਲਿਆ ਜਾਂਦਾ ਹੈ।

[ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ]

ਹਲਕਾ ਸਰਦੂਲਗੜ੍ਹ ਲਈ ਕੁੱਲ 64 ਜਲ ਸਪਲਾਈ ਸਕੀਮਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿੱਚੋਂ 59 ਸਕੀਮਾਂ ਕਨਾਲ ਦੇ ਪਾਣੀ ਅਤੇ 5 ਸਕੀਮਾਂ ਟਿਊਬਵੈਲ ਤੇ ਆਧਾਰਿਤ ਹਨ। ਇਨ੍ਹਾਂ 5 ਟਿਊਬਵੈਲ ਆਧਾਰਿਤ ਸਕੀਮਾਂ ਵਿੱਚੋਂ 1 ਸਕੀਮ ਲੋਹਗੜ੍ਹ ਦੇ ਪਾਣੀ ਵਿੱਚ ਫਲੋਰਾਈਡ ਅਤੇ ਆਰਸੈਨਿਕ ਪਰਮਿਸੀਬਲ ਹੱਦ ਤੋਂ ਵੱਧ ਪਾਏ ਗਏ ਹਨ। ਇਸ ਸਮੇਂ ਪਾਣੀ ਦੀ ਸਪਲਾਈ ਆਰ.ਓ. ਪਲਾਂਟ ਰਾਹੀਂ ਦਿੱਤੀ ਜਾ ਰਹੀ ਹੈ। ਇਸ ਸਕੀਮ ਦਾ ਤਖਮੀਨਾ ਨੈਸ਼ਨਲ ਸਬਮਿਸ਼ਨ (ਸਵੈਪ ਮੋਡ) ਤਹਿਤ ਬਣਾਇਆ ਜਾ ਰਿਹਾ ਹੈ ਅਤੇ ਵਿਭਾਗ ਵੱਲੋਂ ਪਿੰਡ ਵਾਸੀਆਂ ਨੂੰ ਸਾਫ ਪਾਣੀ ਡੂੰਘੇ ਟਿਊਬਵੈਲ ਰਾਹੀਂ ਮਾਰਚ, 2019 ਤੱਕ ਦੇਣ ਦੀ ਤਜਵੀਜ਼ ਹੈ ਕਿਉਂਕਿ ਆਰ.ਓ. ਵਾਟਰ ਪੱਕਾ ਉਪਾਅ ਨਹੀਂ ਹੈ।

---------

## ਸਰਕਾਰੀ ਕਾਲਜ, ਟਾਂਡਾ ਵਿਚ ਐਮ.ਏ. ਦੀਆਂ ਕਲਾਸਾਂ ਨਵੇਂ ਕੋਰਸਾਂ/ਵਿਸ਼ਿਆਂ ਨਾਲ ਸ਼ੁਰੂ ਕਰਨਾ

*1367. **ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੀ ਅਗਲੇ ਨਵੇਂ ਵਿਦਿਅਕ ਵਰ੍ਹੇ ਤੋਂ ਸਰਕਾਰੀ ਕਾਲਜ ਟਾਂਡਾ ਵਿਚ ਐਮ.ਏ. ਦੀਆਂ ਕਲਾਸਾਂ ਵਿੱਚ ਨਵੇਂ ਕੋਰਸਾਂ/ਨਵੇਂ ਵਿਸ਼ਿਆਂ ਨੂੰ ਸ਼ੁਰੂ ਕਰਨ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਸ਼੍ਰੀਮਤੀ ਅਰੁਨਾ ਚੌਧਰੀ:** ਫਿਲਹਾਲ ਨਹੀਂ ਜੀ।

---------

## ਕਮਿਊਨਟੀ ਹੈਲਥ ਸੈਂਟਰ, ਨੂਰਮਹਿਲ ਵਿੱਚ ਮੈਡੀਕਲ ਸਟਾਫ ਦੀਆਂ ਅਸਾਮੀਆਂ

***1290 . ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕਮਿਊਨਿਟੀ ਹੈਲਥ ਸੈਂਟਰ, ਨੂਰਮਹਿਲ (ਜ਼ਿਲ੍ਹਾ ਜਲੰਧਰ) ਵਿੱਚ ਡਾਕਟਰ, ਨਰਸਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ?

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਅਸਾਮੀਆਂ ਵਿੱਚੋ ਕਿੰਨੀਆਂ ਭਰੀਆਂ ਹੋਈਆਂ ਹਨ ਅਤੇ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਕਮਿਊਨਟੀ ਹੈਲਥ ਸੈਂਟਰ, ਨੂਰਮਹਿਲ (ਜਲੰਧਰ) ਵਿਖੇ ਡਾਕਟਰ, ਨਰਸਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਅਸਾਮੀ ਦਾ ਨਾਮ | ਮਨਜੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|
| 1 | ਸੀਨੀਅਰ ਮੈਡੀਕਲ ਅਫਸਰ | 1 | 1 | 0 |
| 2 | ਮੈਡੀਕਲ ਅਫਸਰ | 5 | 3 | 2 |
| 3 | ਮੈਡੀਕਲ ਅਫਸਰ (ਡੈਂਟਲ) | 1 | 1 | 0 |
| 4 | ਨਰਸਿੰਗ ਸਿਸਟਰ | 1 | 1 | 0 |
| 5 | ਸਟਾਫ ਨਰਸ | 6 | 3 | 3 |
| 6 | ਐਨ.ਐਚ.ਐਮ. ਸਟਾਫ ਨਰਸ | 5 | 3 | 2 |
| 7 | ਰੇਡੀਉਗ੍ਰਾਫਰ | 1 | 1 | 0 |
| 8 | ਅਪਥਾਲਮਿਕ ਅਫਸਰ | 1 | 1 | 0 |
| 9 | ਮੈਡੀਕਲ ਲਬਾਰਟਰੀ ਟੈਕਨੀਸ਼ੀਅਨ (ਗ੍ਰੇਡ-2) | 2 | 2 | 0 |
| 10 | ਐਨ.ਐਚ.ਐਮ. ਮੈਡੀਕਲ ਲਬਾਰਟਰੀ ਟੈਕਨੀਸ਼ੀਅਨ | 1 | 1 | 0 |
| 11 | ਫਾਰਮਾਸਿਸਟ | 3 | 1 | 2 |

(ਅ) ਉਕਤ ਦਰਸਾਈਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਵਿਭਾਗ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ।

ਮੈਡੀਕਲ ਅਫਸਰਾਂ ਦੀਆਂ 306 ਅਸਾਮੀਆਂ ਨੂੰ ਭਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਜਨਤਕ ਸੂਚਨਾ ਜਾਰੀ ਕਰ ਦਿੱਤੀ ਗਈ ਹੈ।ਨੈਸ਼ਨਲ ਹੈਲਥ ਮਿਸ਼ਨ ਪੰਜਾਬ ਵੱਲੋਂ ਸਪੈਸ਼ਲਿਸਟ ਡਾਕਟਰਾਂ ਨੂੰ ਪੀ.ਜੀ. ਕਰਨ ਉਪਰੰਤ ਇਸ ਸਾਲ ਤੋਂ ਕੈਂਪਸ ਪਲੇਸਮੈਂਟ ਦੀ ਪੇਸ਼ਕਸ਼ ਕੀਤੀ ਜਾ ਚੁੱਕੀ ਹੈ ਅਤੇ ਸਮੇਂ-ਸਮੇਂ ਤੇ ਵਾਕ-ਇੰਨ-ਇੰਟਰਵਿਊ ਰਾਹੀਂ ਵੀ ਭਰਤੀ ਕੀਤੀ ਜਾ ਰਹੀ ਹੈ।

---------

## ਬਟਾਲਾ ਸ਼ਹਿਰ ਵਿੱਚੋਂ ਲੰਘਦੇ ਹੰਸਲੀ ਨਾਲੇ ਦੀ ਸਫਾਈ ਕਰਵਾਉਣਾ

***1307. ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਟਾਲਾ ਸ਼ਹਿਰ ਵਿੱਚੋਂ ਲੰਘਦੇ ਹੰਸਲੀ ਨਾਲੇ ਦੀ ਸਫਾਈ ਕਰਵਾਉਣ ਅਤੇ ਇਸ ਨੂੰ ਕਵਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਬਟਾਲਾ ਸ਼ਹਿਰ ਵਿੱਚੋਂ ਲੰਘਦੇ ਹੰਸਲੀ ਨਾਲੇ ਦੀ ਸਫਾਈ ਸਾਲ 2018 ਦੇ ਬਰਸਾਤੀ ਸੀਜ਼ਨ ਤੋਂ ਪਹਿਲਾਂ ਕਰਵਾਉਣ ਦੀ ਤਜਵੀਜ਼ ਹੈ ਪਰੰਤੂ ਇਸ ਰੀਚ ਨੂੰ ਕਵਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

--------

## UNSTARRED QUESTIONS AND ANSWERS

### ਬਨੂੜ ਕੈਨਾਲ ਪ੍ਰੋਜੈਕਟ ਵਿੱਚ ਹੋਏ ਘਪਲੇ ਸਬੰਧੀ

159. **ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਮੁੱਖ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਬਨੂੜ ਕੈਨਾਲ ਪ੍ਰੋਜੈਕਟ ਵਿੱਚ ਹੋਏ ਘਪਲੇ ਸਬੰਧੀ ਵਿਜੀਲੈਂਸ ਵਿਭਾਗ ਵੱਲੋਂ ਪੜਤਾਲ ਕੀਤੀ ਗਈ ਹੈ, ਜੇਕਰ ਹਾਂ ਤਾਂ ਪੜਤਾਲੀਆ ਰਿਪੋਰਟ ਦੀ ਕਾਪੀ ਦਿੱਤੀ ਜਾਵੇ।

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿੱਚ ਦਰਜ ਪੜਤਾਲ ਕਰਨ ਦੌਰਾਨ ਸਬੰਧਤ ਠੇਕੇਦਾਰ ਵੱਲੋਂ ਆਪਣੇ ਬੈਂਕ ਖਾਤਿਆਂ ਵਿੱਚੋਂ 100 ਕਰੋੜ ਰੁਪਏ ਤੋਂ ਵੱਧ ਰਕਮ ਦੀ ਨਿਕਾਸੀ ਕੀਤੀ ਗਈ ਹੈ?

(ੲ) ਜੇਕਰ ਭਾਗ (ਅ) ਦਾ ਜਵਾਬ ਹਾਂ ਵਿੱਚ ਹੈ ਤਾਂ ਇਸ ਦੇ ਲਈ ਕਿਹੜਾ ਵਿਜੀਲੈਂਸ ਅਧਿਕਾਰੀ ਜ਼ਿੰਮੇਵਾਰ ਹੈ ਅਤੇ ਪੰਜਾਬ ਸਰਕਾਰ ਉਸ ਦੇ ਖਿਲਾਫ ਕੀ ਕਾਰਵਾਈ ਕਰ ਰਹੀ ਹੈ?

**ਕੈਪਟਨ ਅਮਰਿੰਦਰ ਸਿੰਘ :** (ੳ) ਹਾਂ ਜੀ। ਬਨੂੜ ਕੈਨਾਲ ਪ੍ਰੋਜੈਕਟ ਸਬੰਧੀ ਪਹਿਲਾਂ ਹੀ ਇੱਕ ਸੋਰਸ ਰਿਪੋਰਟ ਨੰ: 30/16 ਦੇ ਅਧਾਰ ਤੇ ਪੜਤਾਲ ਕੀਤੀ ਜਾ ਚੁੱਕੀ ਸੀ, ਜੋ ਮਿਤੀ 09.03.2017 ਨੂੰ ਦਾਖਲ ਦਫਤਰ ਕੀਤੀ ਜਾ ਚੁੱਕੀ ਹੈ। ਇਸ ਉਪਰੰਤ ਵਿਜੀਲੈਂਸ ਬਿਊਰੋ ਵੱਲੋਂ ਸਿੰਚਾਈ ਵਿਭਾਗ ਵਿੱਚ ਹੋਏ ਘਪਲਿਆਂ ਸਬੰਧੀ ਵਿਜੀਲੈਂਸ ਇਨਕੁਆਰੀ ਨੰ: 11 ਮਿਤੀ 10.05.2017 ਚੰਡੀਗੜ੍ਹ ਦਰਜ ਕਰਕੇ ਪੜਤਾਲ ਆਰੰਭੀ ਗਈ ਸੀ, ਜਿਸ ਵਿੱਚ ਬਨੂੜ ਕੈਨਾਲ ਪ੍ਰੋਜੈਕਟ ਵੀ ਸ਼ਾਮਲ ਸੀ, ਸਿੱਟੇ ਵਜੋਂ ਇਸ ਪ੍ਰੋਜੈਕਟ ਦੀ ਦੁਬਾਰਾ ਪੜਤਾਲ ਵਿਜੀਲੈਂਸ ਇਨਕੁਆਰੀ ਨੰ: 11 ਮਿਤੀ 10.05.2017 ਵਿੱਚ ਨਹੀਂ ਕੀਤੀ ਗਈ। ਇਸ ਕਰਕੇ ਵਿਜੀਲੈਂਸ ਬਿਊਰੋ ਵੱਲੋਂ ਕੋਈ ਵੱਖਰੀ ਪੜਤਾਲ ਰਿਪੋਰਟ ਤਿਆਰ ਨਹੀਂ ਕੀਤੀ ਗਈ।

(ਅ) ਜੀ ਨਹੀਂ।

(ੲ) ਲਾਗੂ ਨਹੀਂ ਹੁੰਦਾ।

------------

### ਐਸ.ਸੀ/ਬੀ.ਸੀ. ਵਿਦਿਆਰਥੀਆਂ ਨੂੰ ਵੰਡੀ ਗਈ ਸਕਾਲਰਸ਼ਿਪ ਵਿੱਚ ਗਬਨ

160. **ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਅਕਾਲੀ ਭਾਜਪਾ ਸਰਕਾਰ ਸਮੇਂ ਸਾਲ 2011-12 ਤੋਂ 2016-17 ਤੱਕ ਅਨੁਸੂਚਿਤ ਜਾਤੀ ਅਤੇ ਪੱਛੜੀ ਜਾਤੀ ਦੇ ਨਾਲ ਸਬੰਧਿਤ ਵਿਦਿਆਰਥੀਆਂ ਨੂੰ ਵੰਡੀ ਗਈ ਸਕਾਲਰਸ਼ਿਪ ਵਿੱਚ 54 ਕਰੋੜ ਰੁਪਏ ਦਾ ਗਬਨ ਸਾਹਮਣੇ ਆਇਆ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਜਵਾਬ 'ਹਾਂ' ਵਿੱਚ ਹੈ ਤਾਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਸੰਸਥਾਵਾਂ ਦੇ ਮੁੱਖੀਆਂ ਅਤੇ ਸਬੰਧਿਤ ਅਧਿਕਾਰੀਆਂ ਦੇ ਖਿਲਾਫ ਕੀ ਕਾਨੂੰਨੀ/ਵਿਭਾਗੀ ਕਾਰਵਾਈ ਕੀਤੀ ਗਈ ਹੈ ਜੋ ਇਸ ਗਬਨ ਵਿੱਚ ਸ਼ਾਮਲ ਸਨ;

(ੲ) ਭਾਗ (ੳ) ਵਿੱਚ ਵਰਣਿਤ ਗਬਨ ਕਰਨ ਵਾਲੀਆਂ ਕਿਹੜੀਆਂ-ਕਿਹੜੀਆਂ ਸੰਸਥਾਵਾਂ ਸਨ ਅਤੇ ਕੀ ਇਨ੍ਹਾਂ ਸੰਸਥਾਵਾਂ ਦੀ ਮਾਨਤਾ ਰੱਦ ਕਰਨ ਲਈ ਸਬੰਧਿਤ ਸਮਰੱਥ ਅਧਿਕਾਰੀ ਨੂੰ ਸਿਫਾਰਿਸ਼ ਕੀਤੀ ਗਈ ਹੈ?

**ਸਰਦਾਰ ਸਾਧੂ ਸਿੰਘ :** (ੳ) ਨਹੀਂ ਜੀ। ਪੋਸਟ ਮੈਟ੍ਰਿਕ ਸਕੀਮਾਂ ਤਹਿਤ ਸਾਲ 2011-12 ਤੋਂ 2016-17 ਤੱਕ ਵਿੱਤ ਵਿਭਾਗ ਰਾਹੀਂ ਸਪੈਸ਼ਲ ਆਡਿਟ ਕਰਵਾਇਆ ਜਾ ਰਿਹਾ ਹੈ। ਹੁਣ ਤੱਕ 3606 ਪ੍ਰਾਈਵੇਟ ਅਤੇ ਸਰਕਾਰ ਸੰਸਥਾਵਾਂ ਵਿੱਚੋਂ 1211 ਸੰਸਥਾਵਾਂ ਦੀਆਂ ਆਡਿਟ ਰਿਪੋਰਟਾਂ ਪ੍ਰਾਪਤ ਹੋ ਚੁੱਕੀਆਂ ਹਨ ਅਤੇ 302.82 ਕਰੋੜ ਰੁਪਏ ਦੀ ਇਤਰਾਜ਼ਯੋਗ ਰਾਸ਼ੀ ਆਡਿਟ ਰਿਪੋਰਟਾਂ ਵਿੱਚ ਪਾਈ ਗਈ ਹੈ;

(ਅ) ਆਡਿਟ ਮੁਕੰਮਲ ਹੋਣ ਉਪਰੰਤ ਸਾਰੀਆਂ ਸਬੰਧਿਤ ਵਿਦਿਅਕ ਸੰਸਥਾਵਾਂ/ ਕਰਮਚਾਰੀਆਂ ਨੂੰ ਸ਼ੋ-ਕਾਜ਼ ਨੋਟਿਸ ਜਾਰੀ ਕਰਕੇ, ਉਨ੍ਹਾਂ ਵਿਰੁੱਧ ਪ੍ਰਸ਼ਾਸਕੀ ਅਤੇ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ;

(ੲ) ਸੰਸਥਾਵਾਂ ਦੀ ਮਾਨਤਾ ਰੱਦ ਕਰਨ ਦੀ ਕਾਰਵਾਈ, ਸ਼ੋ-ਕਾਜ਼ ਨੋਟਿਸ ਦਾ ਜਵਾਬ ਸਬੰਧਤ ਸੰਸਥਾਵਾਂ ਤੋਂ ਪ੍ਰਾਪਤ ਹੋਣ ਤੇ ਆਰੰਭੀ ਜਾਵੇਗੀ।

-----------

## ਪੰਜਾਬ ਰਾਜ ਵਿੱਚ ਨਹਿਰੀ ਵਿਭਾਗ ਦੀਆਂ ਕੋਠੀਆਂ ਅਤੇ ਰੈਸਟ ਹਾਊਸਾਂ ਦੇ ਵੇਰਵੇ

161. **ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਰਾਜ ਵਿੱਚ ਨਹਿਰੀ ਵਿਭਾਗ ਦੀਆਂ ਕੋਠੀਆਂ ਅਤੇ ਰੈਸਟ ਹਾਊਸਾਂ ਦੇ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿੱਚ ਦਰਜ ਕੋਠੀਆਂ ਅਤੇ ਰੈਸਟ ਹਾਊਸਾਂ ਦੀ ਮੁਰੰਮਤ ਅਤੇ ਰੱਖ-ਰਖਾਵ ਲਈ ਪੰਜਾਬ ਸਰਕਾਰ ਨੇ 1.1.2012 ਤੋਂ ਹੁਣ ਤੱਕ ਸਾਲਵਾਰ ਅਤੇ ਕੋਠੀ/ਰੈਸਟ ਹਾਊਸ ਵਾਈਜ਼ ਕਿੰਨੀ ਰਕਮ ਖਰਚ ਕੀਤੀ ਹੈ;

(ੲ) ਕੀ ਇਹ ਠੀਕ ਹੈ ਭਾਗ (ੳ) ਵਿੱਚ ਦਰਜ ਕੋਠੀਆਂ ਅਤੇ ਰੈਸਟ ਹਾਊਸ ਤਕਰੀਬਨ ਸਾਰੇ ਹੀ ਇਸ ਸਮੇਂ ਖੰਡਰ ਦਾ ਰੂਪ ਧਾਰਨ ਕਰ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੀ ਸੰਭਾਲ ਲਈ ਪੰਜਾਬ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

**ਕੈਪਟਨ ਅਮਰਿੰਦਰ ਸਿੰਘ:** (ੳ) ਅਤੇ (ਅ) ਲੋੜੀਂਦੇ ਵੇਰਵੇ ਅਨੁਲੱਗ **ੳ ਅਤੇ **ਅ ਵਿੱਚ ਦਿੱਤੇ ਗਏ ਹਨ।

(ੲ) ਕੁੱਲ 212 ਰੈਸਟ ਹਾਊਸਾਂ ਵਿੱਚੋਂ 141 ਖੰਡਰ ਹਾਲਤ ਵਿੱਚ ਹਨ ਅਤੇ ਕੁੱਲ 167 ਕੋਠੀਆਂ ਵਿੱਚੋਂ 42 ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ਤੇ ਖੰਡਰ ਹਾਲਤ ਵਿੱਚ ਹਨ। ਰਾਜ ਸਰਕਾਰ ਲੋੜ ਅਨੁਸਾਰ ਇਨ੍ਹਾਂ ਇਮਾਰਤਾਂ ਦੀ ਮੁਰੰਮਤ/ਮੁੜ ਬਹਾਲੀ ਕਰਨ ਦੇ ਆਪਸ਼ਨਾਂ ਦੀ ਪੜਚੋਲ ਕਰ ਰਹੀ ਹੈ।

-----------

## ਭੀਖੀ ਜ਼ਿਲ੍ਹਾ ਮਾਨਸਾ ਵਿਖੇ ਨਗਰ ਪੰਚਾਇਤ ਵੱਲੋਂ ਜ਼ਮੀਨ ਵੇਚਣ ਦਾ ਘਪਲਾ

162. **ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਭੀਖੀ, ਜ਼ਿਲ੍ਹਾ ਮਾਨਸਾ ਵਿਖੇ ਨਗਰ ਪੰਚਾਇਤ ਵੱਲੋਂ ਸਾਲ 2015 ਵਿੱਚ ਕਰੋੜਾਂ ਰੁਪਏ ਦੀ ਜ਼ਮੀਨ ਨਿਯਮਾਂ ਦੇ ਉਲਟ ਕੌਡੀਆਂ ਦੇ ਭਾਅ ਵੇਚ ਦਿੱਤੀ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਜਵਾਬ 'ਹਾਂ' ਵਿੱਚ ਹੋਵੇ ਤਾਂ ਇਸ ਘਪਲੇ ਵਿੱਚ ਕਿਹੜੇ ਅਧਿਕਾਰੀ/ਕਰਮਚਾਰੀ ਸ਼ਾਮਲ ਸਨ ਅਤੇ ਪੰਜਾਬ ਸਰਕਾਰ ਨੇ ਉਨ੍ਹਾਂ ਖਿਲਾਫ ਕੀ ਕਾਰਵਾਈ ਕੀਤੀ ਹੈ;

(ੲ) ਪੰਜਾਬ ਸਰਕਾਰ ਉਪਰੋਕਤ ਨਗਰ ਪੰਚਾਇਤ ਦੀ ਜ਼ਮੀਨ ਵਾਪਸ ਹਾਸਲ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ:** (ੳ) ਨਗਰ ਪੰਚਾਇਤ ਭੀਖੀ (ਜ਼ਿਲ੍ਹਾ ਮਾਨਸਾ) ਦੇ ਦਫਤਰ ਦੇ ਸਾਹਮਣੇ ਜੋ ਨਗਰ ਪੰਚਾਇਤ ਦੀ ਖਾਲੀ ਜ਼ਮੀਨ ਪਈ ਸੀ ਉਹ ਸਾਲ 2015 ਵਿੱਚ ਰੂਲਾਂ ਦੇ ਉਲਟ 1.78 ਕਰੋੜ ਰੁਪਏ ਵਿੱਚ ਵੇਚੀ ਗਈ ਸੀ।

(ਅ) ਨਗਰ ਪੰਚਾਇਤ ਭੀਖੀ (ਜ਼ਿਲ੍ਹਾ ਮਾਨਸਾ) ਦੀ ਜ਼ਮੀਨ ਸਬੰਧੀ ਸ਼ਿਕਾਇਤ ਪ੍ਰਾਪਤ ਹੋਣ ਤੇ ਹੇਠ ਲਿਖੇ 11 ਅਧਿਕਾਰੀਆਂ/ਕਰਮਚਾਰੀਆਂ/ਪ੍ਰਧਾਨ/ਮੈਂਬਰਾਂ ਵਿਰੁੱਧ ਕਾਰਵਾਈ ਆਰੰਭੀ ਗਈ ਹੈ:-

1. ਸ਼੍ਰੀ ਬਰੇਸ਼ ਕੁਮਾਰ, ਕਾਰਜ ਸਾਧਕ ਅਫਸਰ (ਹੁਣ ਰਿਟਾਇਰਡ)
2. ਸ਼੍ਰੀ ਗੁਰਪ੍ਰੀਤ ਸਿੰਘ, ਸਹਾਇਕ ਟਾਊਨ ਪਲੈਨਰ, ਨਗਰ ਨਿਗਮ, ਬਠਿੰਡਾ
3. ਸ਼੍ਰੀ ਸਰਦੂਲ ਸਿੰਘ, ਕਲਰਕ
4. ਸ਼੍ਰੀ ਮੇਜਰ ਸਿੰਘ, ਭਾਗ ਅਫਸਰ
5. ਸ਼੍ਰੀ ਹਰਪ੍ਰੀਤ ਸਿੰਘ, ਪ੍ਰਧਾਨ, ਨਗਰ ਪੰਚਾਇਤ, ਭੀਖੀ
6. ਸ਼੍ਰੀ ਹਰੀ ਸਿੰਘ, ਮੈਂਬਰ

---

** Placed in the Revisor Branch.

7. ਸ਼੍ਰੀਮਤੀ ਰਣਜੀਤ ਕੌਰ, ਮੈਂਬਰ
8. ਸ਼੍ਰੀਮਤੀ ਜੋਗਿੰਦਰ ਕੌਰ, ਮੈਂਬਰ
9. ਸ਼੍ਰੀਮਤੀ ਰਾਜਵੀਰ ਕੌਰ, ਮੈਂਬਰ
10. ਸ਼੍ਰੀ ਬਲਵਿੰਦਰ ਸਿੰਘ, ਮੈਂਬਰ
11. ਸ਼੍ਰੀ ਰਾਜ ਸਿੰਘ, ਮੈਂਬਰ

ਪੰਜਾਬ ਸਰਕਾਰ ਵੱਲੋਂ ਲੜੀ ਨੰ: 1 ਤੋਂ 4 ਤੱਕ ਅਧਿਕਾਰੀਆਂ/ਕਰਮਚਾਰੀਆਂ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕੀਤੀਆਂ ਗਈਆਂ ਹਨ ਅਤੇ ਜਿਸ ਦੀ ਪੜਤਾਲ ਪੜਤਾਲੀਆ ਅਫਸਰ ਵੱਲੋਂ ਕੀਤੀ ਜਾ ਚੁੱਕੀ ਹੈ ਅਤੇ ਲੜੀ ਨੰ: 1 ਤੋਂ 4 ਤੱਕ ਅਧਿਕਾਰੀਆਂ/ਕਰਮਚਾਰੀਆਂ ਨੂੰ ਦੋਸ਼ੀ ਪਾਇਆ ਗਿਆ ਹੈ। ਲੜੀ ਨੰ: 5 ਤੋਂ 11 ਤੇ ਦਰਸਾਏ ਪ੍ਰਧਾਨ/ਮੈਂਬਰਾਂ ਨੂੰ ਪੰਜਾਬ ਮਿਊਂਸਪਲ ਐਕਟ, 1911 ਦੀ ਧਾਰਾ 22 ਅਤੇ 16 ਅਧੀਨ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਪ੍ਰਧਾਨ/ ਮੈਂਬਰਾਂ ਦੀ ਨਿੱਜੀ ਸੁਣਵਾਈ ਹੋ ਚੁੱਕੀ ਹੈ ਅਤੇ ਲੜੀ ਨੰ: 1 ਤੋਂ 4 ਤੇ ਦਰਸਾਏ ਅਧਿਕਾਰੀਆਂ/ਕਰਮਚਾਰੀਆਂ ਦੀ ਨਿੱਜੀ ਸੁਣਵਾਈ ਮਿਤੀ 02.04.2018 ਰੱਖੀ ਗਈ ਹੈ। ਮਿਤੀ 02.04.2018 ਨੂੰ ਨਿੱਜੀ ਸੁਣਵਾਈ ਉਪਰੰਤ ਹੀ ਫਾਈਨਲ ਫੈਸਲਾ ਲਿਆ ਜਾਵੇਗਾ ਜੀ।

(ੲ) ਪੰਜਾਬ ਸਰਕਾਰ ਵੱਲੋਂ ਇਸ ਕੇਸ ਵਿੱਚ ਕਾਨੂੰਨ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

--------

**ਮਾਨਯੋਗ ਸਪੀਕਰ:** ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ। ਕਾਰਜ ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ ਪੇਸ਼ ਕਰਨਾ।

## PRESENTATION OF THE THIRD REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ :** ਹੁਣ ਮੈਂ ਕਾਰਜ ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ ਪੇਸ਼ ਕਰਦਾ ਹਾਂ।ਆਰਜ਼ੀ ਪ੍ਰੋਗਰਾਮ ਤੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਮਿਤੀ 26.03.2018 ਅਤੇ 27.03.2018 ਪੂਰਵ ਦੁਪਹਿਰ ਤੱਕ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇਗਾ:-

| | |
|---|---|
| ਸੋਮਵਾਰ, 26 ਮਾਰਚ, 2018<br>(2.00 ਵਜੇ ਬਾਅਦ ਦੁਪਹਿਰ) | ਰਾਜਪਾਲ ਜੀ ਦੇ ਭਾਸ਼ਣ ਤੇ ਬਹਿਸ ਮੁੜ ਅਰੰਭ ਕਰਨਾ। |
| ਮੰਗਲਵਾਰ, 27 ਮਾਰਚ, 2018<br>(10.00 ਵਜੇ ਪੂਰਵ ਦੁਪਹਿਰ) | i. ਰਾਜਪਾਲ ਜੀ ਦੇ ਭਾਸ਼ਣ ਤੇ ਬਹਿਸ ਮੁੜ ਅਰੰਭ ਕਰਨਾ।(ਸਮਾਪਤ ਕੀਤੀ ਜਾਵੇਗੀ।)<br>ii. ਸਾਲ 2018-19 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ। |

[ਮਾਨਯੋਗ ਸਪੀਕਰ]

ਬਾਕੀ ਦਾ ਮਿਤੀ-ਬੱਧ ਪ੍ਰੋਗਰਾਮ ਕਾਰਜ ਸਲਾਹਕਾਰ ਕਮੇਟੀ ਦੀ ਦੂਜੀ ਰਿਪੋਰਟ ਵਿੱਚ ਲਏ ਫੈਸਲੇ ਅਨੁਸਾਰ ਹੀ ਰਹੇਗਾ।

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਵੇ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

**ਮਾਨਯੋਗ ਸਪੀਕਰ** : ਹੁਣ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ: -

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਤੀਜੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

--------

## MATTERS RAISED DURING ZERO HOUR AND STATEMENTS BY THE MINISTERS THEREON

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸ਼੍ਰੀ ਪਵਨ ਕੁਮਾਰ ਟੀਨੂ, ਸਰਦਾਰ ਬਿਕਰਮ ਸਿੰਘ ਮਜੀਠੀਆ, ਸ਼੍ਰੀ ਐਨ.ਕੇ. ਸ਼ਰਮਾ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਦੀ ਮੰਗ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਹਾਂ ਜੀ, ਖਹਿਰਾ ਸਾਹਿਬ। (ਵਿਘਨ...ਸ਼ੋਰ) ਖਹਿਰਾ ਸਾਹਿਬ ਬੋਲ ਲੈਣ, ਉਸ ਤੋਂ ਬਾਅਦ ਵਿੱਚ ਤੁਸੀਂ ਵੀ ਬੋਲ ਲੈਣਾ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਪੰਜਾਬ ਦੇ ਪੜ੍ਹੇ-ਲਿਖੇ ਬੇਰੁਜ਼ਗਾਰ ਲੋਕਾਂ ਵਿੱਚ ਬਹੁਤ ਭਾਰੀ ਰੋਸ ਤੇ ਬਹੁਤ ਭਾਰੀ ਰੰਜ ਪੈਦਾ ਹੋ ਗਿਆ ਹੈ। ਕੱਲ੍ਹ ਲੁਧਿਆਣਾ ਵਿਖੇ ਹਜ਼ਾਰਾਂ ਦੀ ਤਾਦਾਦ ਵਿੱਚ ਟੀਚਰਜ਼ ਇਕੱਠੇ ਹੋਏ ਸਨ, ਜਿਨ੍ਹਾਂ ਵਿੱਚ ਬਹੁਤ ਸਾਰੇ ਠੇਕੇ ਵਾਲੇ ਟੀਚਰਜ਼ ਸ਼ਾਮਲ ਸਨ ਅਤੇ ਬਹੁਤ ਸਾਰੇ ਛੋਟੀਆਂ ਨੌਕਰੀਆਂ ਵਾਲੇ ਲੋਕ ਵੀ ਸ਼ਾਮਲ ਸਨ। ਸਿੱਖਿਆ ਪ੍ਰੋਵਾਈਡਰ, ਰਮਸਾ, ਐੱਸ.ਐੱਸ.ਏ., ਕੰਪਿਊਟਰ ਟੀਚਰਜ਼ ਆਦਿ ਹਜ਼ਾਰਾਂ ਦੀ ਤਾਦਾਦ ਵਿੱਚ ਉੱਥੇ ਇਕੱਠੇ ਹੋਏ ਸਨ ਔਰ ਉੱਥੇ ਪੁਲੀਸ ਨੇ ਬਹੁਤ excessive force use ਕੀਤਾ ਹੈ। ਸਾਡੇ ਸਤਿਕਾਰਯੋਗ ਟਰੇਜ਼ਰੀ ਬੈਂਚਿਜ਼ ਦੇ ਮੈਂਬਰਜ਼ ਜਦੋਂ ਇੱਧਰਲੀ ਸਾਈਡ ਤੇ ਸੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਤਾਂ ਜਦੋਂ ਕੋਈ ਲਾਠੀਚਾਰਜ ਹੁੰਦਾ ਸੀ ਤਾਂ ਇਹ ਕੋਈ ਮੌਕਾ ਨਹੀਂ ਗਵਾਉਂਦੇ ਸੀ ਤੇ ਟਰੇਜ਼ਰੀ ਬੈਂਚਿਜ਼ ਨੂੰ ਬਹੁਤ ਭਾਰੀ condemnation ਹੁੰਦੀ ਸੀ। ਕੱਲ੍ਹ ਉਥੇ ਖਿੱਚੋ-ਧੂਹ ਵਿੱਚ ਚੰਦ ਗੁਰਸਿੱਖਾਂ ਦੀਆਂ ਪੱਗਾਂ ਵੀ ਲੱਥੀਆਂ ਹਨ। ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕੀ ਜਿਹੜੇ ਲੋਕ ਕਦੇ ਲੁਧਿਆਣਾ ਤੇ ਕਦੇ ਚੰਡੀਗੜ੍ਹ ਆਪਣਾ ਹੱਕ ਮੰਗਣ ਆ ਰਹੇ ਹਨ, ਸਰਕਾਰ ਵੱਲੋਂ ਉਨ੍ਹਾਂ ਨੂੰ ਆਪਣਾ ਹੱਕ-ਹਕੂਕ ਕਹਿਣ ਦੀ ਵੀ ਕੋਈ ਆਗਿਆ ਨਹੀਂ ਦਿੱਤੀ ਜਾ ਰਹੀ ਹੈ? ਕੱਲ੍ਹ ਚੀਫ ਮਨਿਸਟਰ ਸਾਹਿਬ ਦੇ ਬਿਹਾਫ ਤੇ ਨਿਹੱਥੇ ਲੋਕਾਂ ਤੇ excessive force use ਕੀਤੀ ਗਈ ਹੈ ਤੇ ਲਾਠੀਆਂ ਮਾਰੀਆਂ ਗਈਆਂ ਹਨ। ਸਪੀਕਰ ਸਾਹਿਬ, ਕੀ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲਿਆ ਜਾਵੇਗਾ? ਉਥੇ ਗੁਰਸਿੱਖਾਂ ਦੀ ਦਸਤਾਰ ਉਤਾਰੀ ਗਈ ਹੈ, ਇਸ ਸਬੰਧੀ ਕੀ ਸਰਕਾਰ ਕਾਨੂੰਨ ਦੀ ਧਾਰਾ 295 ਏ, ਜੋ ਕਿ ਕਿਸੇ ਧਰਮ ਦੇ ਧਾਰਮਿਕ ਚਿੰਨ੍ਹ ਨੂੰ ਬੇਇੱਜ਼ਤ ਕਰਨ ਨਾਲ ਸਬੰਧਿਤ ਹੈ, ਤਹਿਤ ਕੋਈ ਕਾਰਵਾਈ ਕਰੇਗੀ? ਕੀ ਸਰਕਾਰ ਇਸ ਮਾਮਲੇ ਤੇ ਕੋਈ ਬਿਆਨ ਦੇਵੇਗੀ? ਦੂਸਰਾ ਅੱਜ ਹਜ਼ਾਰਾਂ ਦੀ ਤਾਦਾਦ ਵਿੱਚ ਆਂਗਨਵਾੜੀ ਟੀਚਰਜ਼ ਚੰਡੀਗੜ੍ਹ ਔਰ ਮੁਹਾਲੀ ਵਿੱਚ ਧਰਨਾ ਲਗਾ ਕੇ ਬੈਠੇ ਹਨ। 52,000 ਆਂਗਨਵਾੜੀ ਹੈਲਪਰਜ਼ ਤੇ ਵਰਕਰਜ਼ 5600/- ਰੁਪਏ ਮਹੀਨਾ ਤਨਖਾਹ ਤੇ ਕੰਮ ਕਰ ਰਹੇ ਹਨ। ਔਰ ਸਪੀਕਰ ਸਾਹਿਬ ਉਹ 52,000 ਹੈਲਪਰਜ਼ ਮੰਗ ਕੀ ਰਹੇ ਹਨ, ਉਹ ਸਿਰਫ ਲੇਬਰ ਰੇਟਜ਼ ਦੀ ਮੰਗ ਕਰ ਰਹੇ ਹਨ, ਜੋ ਕਿ ਇੱਕ ਦਿਹਾੜੀਦਾਰ ਦੀ ਦਿਹਾੜੀ ਹੁੰਦੀ ਹੈ, ਜੋ ਮਿਨੀਮਮ ਵੇਜਿਜ਼ ਹੁੰਦੇ ਹਨ। ਮਿਨੀਮਮ ਵੇਜਿਜ਼ ਸਤੰਬਰ, 2017 ਵਿੱਚ ਅਪਗ੍ਰੇਡ ਹੋਣੇ ਸਨ, ਉਹ ਵੀ ਰੀਵਿਊ ਨਹੀਂ ਕੀਤੇ ਗਏ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਬੈਠੋ, ਤੁਹਾਡੀ ਗੱਲ ਆ ਗਈ ਹੈ, ਤੁਹਾਡੀ ਗੱਲ ਆ ਗਈ ਹੈ। ਪਲੀਜ਼ ਬੈਠੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਪਰਸੋਂ ਮੈਂ ਤੇ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ ਨੇ ਪ੍ਰੀਵਲੇਜ ਮੋਸ਼ਨ ਮੂਵ ਕੀਤਾ ਸੀ। ਤੁਹਾਨੂੰ ਲਿਖ ਕੇ ਭੇਜਿਆ ਸੀ। ਦੇਖੋ, this is a serious breach of privilege of the House. ਕੀ ਹੋਇਆ ਹੈ, ਤੁਹਾਨੂੰ ਸਾਰਾ ਕੁੱਝ ਪਤਾ ਹੈ। ਸਾਰਿਆਂ ਦੇ ਸਾਹਮਣੇ ਹਾਊਸ ਦੇ ਵਿੱਚ ਹੋਇਆ ਹੈ ਕਿ ਬਜਟ ਪੇਸ਼ ਹੋਣ ਤੋਂ ਪਹਿਲਾਂ ਸਾਡੇ ਮਾਨਯੋਗ ਮੰਤਰੀ ਸਾਹਿਬ ਨੇ ਉਸ ਬਜਟ ਦੇ ਕੰਟੈਂਟਸ ਲੀਕ ਕੀਤੇ ਹਨ। ਬਜਟ ਬੜਾ ਸੈਕਰੇਡ ਤੇ ਸੀਕਰੇਟ ਡਾਕੂਮੈਂਟ ਹੈ। ਇਸ ਨੂੰ ਕੋਈ ਵੀ ਵਿਅਕਤੀ ਹਾਊਸ ਵਿੱਚ ਪੇਸ਼ ਹੋਣ ਤੋਂ ਪਹਿਲਾਂ ਜ਼ਾਹਰ ਨਹੀਂ ਕਰ ਸਕਦਾ।

**ਮਾਨਯੋਗ ਸਪੀਕਰ:** ਤੁਹਾਡਾ ਮੋਸ਼ਨ ਮੇਰੇ ਕੋਲ ਲਿਖਤੀ ਰੂਪ ਵਿਚ ਆ ਗਿਆ ਹੈ, ਇਸ ਤੇ ਵਿਚਾਰ ਕਰਾਂਗੇ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਇਹ ਬਹੁਤ ਵੱਡੀ ਉਲੰਘਣਾ ਹੈ। ਇਸ ਉੱਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਵਿਚਾਰ ਕਰਾਂਗੇ, ਪਲੀਜ਼ ਬੈਠੋ। (ਵਿਘਨ...ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ, ਸਰਦਾਰ ਬਿਕਰਮ ਸਿੰਘ ਮਜੀਠੀਆ, ਸ਼੍ਰੀ ਐਨ.ਕੇ. ਸ਼ਰਮਾ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਸੋਮ ਪ੍ਰਕਾਸ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਫਾਈਨਾਂਸ ਮਨਿਸਟਰ ਸਾਹਿਬ ਖੜ੍ਹੇ ਹਨ। ਪਲੀਜ਼ ਬੈਠੋ, ਫਾਈਨਾਂਸ ਮਨਿਸਟਰ ਸਾਹਿਬ ਜਵਾਬ ਦੇਣਾ ਚਾਹੁੰਦੇ ਹਨ। ਪਲੀਜ਼ ਬੈਠੋ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸਪੀਕਰ ਸਾਹਿਬ, ਐੱਮ.ਐੱਲ.ਏ. ਲਹਿਰਾਗਾਗਾ ਬੜੇ ਮੰਨੇ ਹੋਏ ਲੈਜਿਸਲੇਚਰ ਵੀ ਹਨ ਤੇ ਸਿਆਸਤਦਾਨ ਵੀ ਹਨ।ਇਹ 5 ਮਰਤਬਾ ਐੱਮ.ਐੱਲ.ਏ. ਚੁਣ ਕੇ ਆਏ ਹਨ। ਪੰਜ ਸਾਲ ਫਾਈਨਾਂਸ ਮਨਿਸਟਰ ਵੀ ਰਹੇ ਹਨ ਪਰ ਮੈਂ ਹੈਰਾਨ ਹਾਂ ਜਿਹੜਾ ਕੁਐਸਚਨ ਆਵਰ ਦੇ ਵਿਚ ਬੱਸ ਸਟੈਂਡ ਵਾਲਾ ਕੁਐਸਚਨ ਆਇਆ ਸੀ, ਤੁਸੀਂ ਭਾਵੇਂ ਇਸ ਦੀ ਜਾਂਚ ਕਰਵਾ ਲਓ। ਕੁਐਸਚਨ ਇਹ ਸੀ ਕਿ ਕੀ ਬੱਸ ਸਟੈਂਡ ਬਣ ਜਾਏਗਾ ਤੇ ਜਵਾਬ ਇਹ ਆਇਆ (ਵਿਘਨ....ਸ਼ੋਰ)। ਸਪੀਕਰ ਸਾਹਿਬ, ਇਹ ਸਭ ਰਿਕਾਰਡਿਡ ਹੈ, ਮੇਰੇ ਬੋਲਣ ਦੀ ਗੱਲ ਨਹੀਂ ਹੈ। ਜੋ ਮਾਨਯੋਗ ਮੰਤਰੀ ਜੀ ਨੇ ਗੱਲ ਕਹੀ ਕਿ ਬਜਟ ਦੇ ਵਿੱਚ ਜੇ ਹੋਇਆ ਤਾਂ ਵੀ ਬੱਸ ਸਟੈਂਡ ਬਣ ਜਾਏਗਾ, ਜੇ ਨਹੀਂ ਹੋਇਆ ਤਾਂ ਵੀ ਬਣ ਜਾਏਗਾ। (ਵਿਘਨ...ਸ਼ੋਰ)।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ, ਸਰਦਾਰ ਬਿਕਰਮ ਸਿੰਘ ਮਜੀਠੀਆ, ਸ਼੍ਰੀ ਐਨ.ਕੇ. ਸ਼ਰਮਾ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਸੋਮ ਪ੍ਰਕਾਸ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**Mr. Speaker**: Let him complete. ਮਜੀਠੀਆ ਸਾਹਿਬ, ਬੈਠੋ। ਵਿੱਤ ਮੰਤਰੀ ਜੀ ਨੂੰ ਗੱਲ ਕਹਿ ਲੈਣ ਦਿਉ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਮੰਤਰੀ ਸਾਹਿਬ (ਸਥਾਨਕ ਸਰਕਾਰ ਮੰਤਰੀ ਵੱਲ ਇਸ਼ਾਰਾ) ਨੇ ਜਵਾਬ ਦਿੱਤਾ ਕਿ ਜੇ ਬਜਟ ਦਾ ਹਿੱਸਾ ਹੋਇਆ ਤਾਂ ਵੀ ਬਣ ਜਾਏਗਾ ਅਤੇ ਜੇਕਰ ਬਜਟ ਦਾ ਹਿੱਸਾ ਨਾ ਹੋਇਆ ਤਾਂ ਵੀ ਬਣ ਜਾਵੇਗਾ, ਪਰ ਉਹ ਬਜਟ ਦਾ ਹਿੱਸਾ ਹੀ ਨਹੀਂ ਹੈ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਮਜੀਠੀਆ ਜੀ। ਤੁਹਾਡੀ ਗੱਲ ਆ ਗਈ ਹੈ। We will examine the record. ਸ਼੍ਰੀ ਸੋਮ ਪ੍ਰਕਾਸ਼ ਜੀ, we will examine the record. ਪਲੀਜ਼ ਬੈਠੋ। (ਵਿਘਨ..ਸ਼ੋਰ)

**ਸ਼੍ਰੀ ਸੋਮ ਪ੍ਰਕਾਸ਼:** ਸਪੀਕਰ ਸਾਹਿਬ, ਮੈਂ ਬਹੁਤ ਹੀ ਜ਼ਰੂਰੀ ਮੁੱਦਾ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਜੋ ਕਿ ਸਾਰੇ ਮੈਂਬਰਜ਼ ਦੇ ਨਾਲ ਸਬੰਧਿਤ ਹੈ। ਵੀਰਵਾਰ ਦਾ ਦਿਨ ਗੈਰ-ਸਰਕਾਰੀ ਕੰਮ-ਕਾਰ ਦਾ ਦਿਨ ਹੁੰਦਾ ਹੈ। ਇਸ ਦੀ sanctity ਹੈ, ਇਸ ਦੀਆਂ ਕਈ ਪ੍ਰੰਪਰਾਵਾਂ

ਵੀ ਹਨ। ਜਿਹੜਾ ਹੁਣ ਪਿਛਲਾ ਵੀਰਵਾਰ ਵਾਲਾ ਦਿਨ ਸੀ, ਉਸ ਦਿਨ ਸਰਕਾਰੀ ਕੰਮ ਕੀਤਾ ਗਿਆ। ਮੇਰਾ ਖਿਆਲ ਹੈ ਕਿ ਜਿਹੜੀ ਗੈਰ-ਸਰਕਾਰੀ ਦਿਨ ਦੀ sanctity ਹੈ, ਉਹ ਤੁਹਾਨੂੰ ਮੇਨਟੇਨ ਕਰਨੀ ਚਾਹੀਦੀ ਹੈ। ਮੈਂਬਰਾਂ ਦੇ ਹੱਕਾਂ ਦੀ ਰਾਖੀ ਕਰਨਾ ਤੁਹਾਡਾ ਫਰਜ਼ ਬਣਦਾ ਹੈ।

**ਮਾਨਯੋਗ ਸਪੀਕਰ:** ਇਹ ਕਾਰਜ ਸਲਾਹਕਾਰ ਕਮੇਟੀ ਦਾ ਫੈਸਲਾ ਸੀ, ਪਲੀਜ਼ ਬੈਠੋ। (ਵਿਘਨ...ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ, ਸਰਦਾਰ ਬਿਕਰਮ ਸਿੰਘ ਮਜੀਠੀਆ, ਸ਼੍ਰੀ ਐਨ.ਕੇ. ਸ਼ਰਮਾ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਸੋਮ ਪ੍ਰਕਾਸ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਮਜੀਠੀਆ ਸਾਹਿਬ, ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ ਕਿ ਕੁਝ ਹਿੱਸਾ ਤਾਂ ਉਸ ਦਾ ਖਹਿਰਾ ਸਾਹਿਬ ਨੇ ਵੀ ਕੱਲ੍ਹ ਉਠਾਇਆ ਸੀ ਜੋ ਐੱਸ.ਐੱਸ.ਏ., ਰਮਸਾ, ਨਾਨ- ਟੀਚਿੰਗ ਸਟਾਫ ਹੈ। ਦੇਖੋ, ਪੰਜਾਬ ਦੇ ਇਤਿਹਾਸ ਵਿੱਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਹੈ ਕਿ ਇੰਨੀ ਵੱਡੀ ਗਿਣਤੀ ਵਿੱਚ ਜਿਨ੍ਹਾਂ ਨੇ ਆਉਣ ਵਾਲੀ ਪੀੜ੍ਹੀ ਤਿਆਰ ਕਰਨੀ ਹੈ, ਉਹ ਟੀਚਰ ਸਾਹਿਬਾਨ ਸੜਕਾਂ ਤੇ ਨਿਕਲ ਆਏ ਹਨ। ਉਨ੍ਹਾਂ ਦੀ ਮੁਸ਼ਕਿਲ ਨੂੰ ਸਮਝੋ। ਸਪੀਕਰ ਸਾਹਿਬ, ਇਸ ਗੱਲ ਨੂੰ ਸੀਰੀਅਸਲੀ ਲਓ। ਤੁਸੀਂ ਤਾਂ ਸਿਆਣੇ, ਤਜਰਬੇਕਾਰ ਹੋ। ** ** (ਵਿਘਨ...ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਬਾਅਦ ਵਿੱਚ ਬੋਲ ਲੈਣਾ ਟੀਨੂ ਜੀ।ਹਾਂ ਜੀ, ਸੰਧੂ ਸਾਹਿਬ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਇੱਕ ਗੰਨਾ ਕਾਸ਼ਤਕਾਰਾਂ ਦਾ ਬਹੁਤ ਗੰਭੀਰ ਮਸਲਾ ਹੈ। ਪੰਜਾਬ ਦੇ ਜਿਹੜੇ ਗੰਨਾ ਕਾਸ਼ਤਕਾਰ ਹਨ, ਉਨ੍ਹਾਂ ਦਾ 300 ਕਰੋੜ ਰੁਪਏ ਤੋਂ ਵੱਧ ਦਾ ਬਕਾਇਆ ਖੜ੍ਹਾ ਹੈ। ਇਹ ਬਕਾਇਆ ਸਰਕਾਰੀ ਕੋਆਪਰੇਟਿਵ ਮਿੱਲਾਂ ਨੇ ਦੇਣਾ ਹੈ।ਇਸ ਤੋਂ ਇਲਾਵਾ ਬਹੁਤ ਸਾਰਾ ਪੈਸਾ ਪ੍ਰਾਈਵੇਟ ਮਿੱਲਾਂ ਨੇ ਵੀ ਦੇਣਾ ਹੈ। ਜੇ ਪ੍ਰਾਈਵੇਟ ਮਿੱਲਾਂ ਦਾ ਬਕਾਇਆ ਵੀ ਮਿਲਾ ਲਈਏ ਤਾਂ ਇਹ ਘੱਟੋ ਘੱਟ 100 ਕਰੋੜ ਹੋਰ ਵੱਧ ਜਾਵੇਗਾ।ਸੋ, ਤੁਸੀਂ ਟੋਟਲ ਅੰਦਾਜ਼ਾ ਲਗਾ ਲਵੋ ਕਿ ਬਹੁਤੀਆਂ ਮਿੱਲਾਂ ਨੇ ਗੰਨਾ ਮਾਰਚ ਤੋਂ ਕਰੱਸ਼ ਕਰਨਾ ਬੰਦ ਕਰ ਦਿੱਤਾ ਹੈ। ਕਿਸਾਨਾਂ ਨੂੰ ਦਸੰਬਰ ਤੋਂ ਬਾਅਦ ਪੈਸੇ ਨਹੀਂ ਦਿੱਤੇ ਗਏ।ਸਭ ਤੋਂ ਜ਼ਿਆਦਾ ਪੈਸਾ ਮੋਰਿੰਡਾ ਕੋਆਪਰੇਟਿਵ ਸ਼ੂਗਰ ਮਿੱਲ ਨੇ ਦੇਣਾ ਹੈ। ਸਾਡੇ ਕੋਲ ਮੋਰਿੰਡਾ, ਚਮਕੌਰ ਸਾਹਿਬ, ਮੋਹਾਲੀ ਅਤੇ ਖਰੜ ਦੇ ਕਿਸਾਨ ਲਗਾਤਾਰ ਆ ਰਹੇ ਹਨ। ਸਪੀਕਰ ਸਾਹਿਬ, ਕਿਤੇ ਇਹ ਨਾ ਹੋਵੇ ਕਿ ਗੰਨਾ ਕਾਸ਼ਤਕਾਰ ਵੀ ਖੁਦਕੁਸ਼ੀਆਂ ਕਰਨ ਲੱਗ ਪੈਣ।ਇਸ ਤੋਂ ਇਲਾਵਾ ਜਿਹੜਾ ਪਿਛਲੀ ਸਰਕਾਰ ਦਾ ਹਿੱਸਾ ਸੀ, ਉਹ ਵੀ ਉਨ੍ਹਾਂ ਦੇਣਾ ਹੈ। ਇਸ ਸਾਲ ਦੇ ਬਜਟ ਵਿੱਚ ਫਾਈਨਾਂਸ ਮਨਿਸਟਰ ਸਾਹਿਬ ਨੇ ਸਿਰਫ 170 ਕਰੋੜ ਰੁਪਿਆ (ਐੱਫ.ਐੱਮ.

---

**Expunged as ordered by the Chair.

[ਸ਼੍ਰੀ ਕੰਵਰ ਸੰਧੂ]
ਸਾਹਿਬ ਨੇ ਬੈਠੇ ਬੈਠੇ ਕਿਹਾ ਕਿ ਇਹ 180 ਕਰੋੜ ਹੈ ਜੀ) ਰੱਖਿਆ ਹੋਇਆ ਹੈ। ਤਿੰਨ ਸੌ ਕਰੋੜ ਰੁਪਿਆ ਕੋਆਪਰੇਟਿਵ ਮਿੱਲਾਂ ਨੇ ਅਤੇ ਸਰਕਾਰ ਨੇ ਦੇਣਾ ਹੈ।ਮੇਰੀ ਇਹ ਗੁਜ਼ਾਰਿਸ਼ ਹੈ ਕਿਉਂਕਿ ਬਜਟ ਹਾਲੇ ਅਪਰੂਵ ਹੋਣਾ ਹੈ, ਇਸ ਲਈ ਇਸ ਵਾਸਤੇ ਬਜਟ ਵਿਚ ਘੱਟੋ ਘੱਟ ਤਿੰਨ-ਚਾਰ ਸੌ ਕਰੋੜ ਰੁਪਿਆ ਰੱਖਿਆ ਜਾਵੇ।

**ਮਾਨਯੋਗ ਸਪੀਕਰ:** ਐੱਫ.ਐੱਮ. ਸਾਹਿਬ ਜਵਾਬ ਦੇਣ ਲਈ ਖੜ੍ਹੇ ਹੋ ਗਏ ਹਨ, ਤੁਸੀਂ ਬੈਠੋ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਐੱਫ.ਐੱਮ. ਸਾਹਿਬ ਨੂੰ ਮੈਂ ਇਹ ਰਿਕੁਐਸਟ ਕਰਾਂਗਾ ਕਿ ਹੁਣ ਖੜ੍ਹੇ ਹੋਣ ਤੋਂ ਪਹਿਲਾਂ ਇਹ ਵੀ ਦੱਸ ਦੇਣ ਕਿ ਪੰਜਾਬ ਦੇ ਵਿੱਚ ਗੰਨਾ ਕਾਸ਼ਤਕਾਰਾਂ ਨੂੰ ਸਿਰਫ 310 ਰੁਪਏ ਮਿਲਦਾ ਹੈ ਜਦੋਂ ਕਿ ਹਰਿਆਣਾ ਵਿੱਚ 330 ਰੁਪਏ ਅਤੇ ਬਿਹਾਰ ਵਰਗੀ ਸਟੇਟ ਵਿੱਚ 340 ਰੁਪਏ ਮਿਲਦੇ ਹਨ।ਸੋ, ਘੱਟੋ ਘੱਟ ਇਹ ਰੇਟ ਹੀ ਰਿਵਾਈਜ਼ ਕਰ ਦਿਓ ਕਿਉਂਕਿ ਅਸੀਂ ਡਾਈਵਰਸੀਫਿਕੇਸ਼ਨ ਦੀ ਗੱਲ ਕਰਦੇ ਹਾਂ।ਬਜਟ ਦੇ ਵਿੱਚ ਵੀ ਡਾਈਵਰਸੀਫਿਕੇਸ਼ਨ ਦੇ ਉੱਤੇ ਇਨ੍ਹਾਂ ਦੁਆਰਾ ਜ਼ਿਕਰ ਕੀਤਾ ਗਿਆ ਹੈ।ਅਸੀਂ ਚਾਹੁੰਦੇ ਹਾਂ ਕਿ ਕਿਸਾਨ ਡਾਈਵਰਸੀਫਾਈ ਹੋਣ, ਕਿਸਾਨ ਡਾਈਵਰਸੀਫਿਕੇਸ਼ਨ ਵੱਲ ਵਧੇ।

**ਮਾਨਯੋਗ ਸਪੀਕਰ:** ਵਿੱਤ ਮੰਤਰੀ ਜੀ ਜਵਾਬ ਦੇਣਾ ਚਾਹੁੰਦੇ ਹਨ, ਤੁਸੀਂ ਬੈਠੋ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹਾਂਗਾ ਕਿ ਜਿਹੜੇ ਸ਼ੂਗਰ ਕੇਨ ਏਰੀਅਰਜ਼ ਹਨ, ਉਹ ਸਿਰਫ 46 ਕਰੋੜ ਬਕਾਇਆ ਹੈ। ਬਾਕੀ ਸਾਰਾ ਬਕਾਇਆ ਦੇ ਦਿੱਤਾ ਗਿਆ ਹੈ।ਕੇਵਲ 46 ਕਰੋੜ ਪੈਂਡਿੰਗ ਹੈ।ਸਪੀਕਰ ਸਾਹਿਬ, ਉਹ ਵੀ ਅਗਲੇ 15 ਦਿਨਾਂ ਦੇ ਵਿੱਚ ਵਿੱਚ ਕਲੀਅਰ ਹੋ ਜਾਵੇਗਾ।ਇਸ ਤਰ੍ਹਾਂ ਅਗਲੇ ਸਾਲ ਵਾਸਤੇ 180 ਕਰੋੜ ਰੁਪਿਆ ਰੱਖਿਆ ਗਿਆ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਔਰ ਜਿੱਥੋਂ ਤੱਕ ਹਰਿਆਣੇ ਦਾ ਸਵਾਲ ਹੈ, ਬਿਹਾਰ ਦਾ ਸਵਾਲ ਹੈ ਕਿ ਉੱਥੇ ਪੰਜਾਬ ਨਾਲੋਂ ਵੱਧ ਰੇਟ ਹੈ।।ਸਪੀਕਰ ਸਾਹਿਬ, ਇਸ ਦਾ ਕਾਰਨ ਇਹ ਹੈ ਕਿ ਇੱਕ ਤਾਂ ਹਰਿਆਣੇ ਵਿੱਚ ਸ਼ੂਗਰ ਦੀ ਰਿਕਵਰੀ ਪੰਜਾਬ ਨਾਲੋਂ ਜ਼ਿਆਦਾ ਹੈ। ਦੂਜਾ ਹਰਿਆਣਾ ਕੋਲ ਮਾਰੂਤੀ ਦਾ ਕਾਰਖਾਨਾ ਹੈ, ਜਿਹੜਾ ਸਾਡੇ ਕੋਲ ਨਹੀਂ ਹੈ।ਇਸ ਵਾਰ ਸਾਡੇ ਹਾਲਾਤ ਬਹੁਤੇ ਸਾਜ਼ਗਾਰ ਨਹੀਂ ਸੀ ਪਰ ਫਿਰ ਵੀ ਪੰਜਾਬ ਸਰਕਾਰ ਨੇ ਗੰਨੇ ਦੇ ਰੇਟ ਵਿਚ ਦਸ ਰੁਪਏ ਦਾ ਇਜ਼ਾਫਾ ਕੀਤਾ ਹੈ।

**ਮਾਨਯੋਗ ਸਪੀਕਰ:** ਧੰਨਵਾਦ। ਜ਼ੀਰੋ ਆਵਰ ਦੇ ਵਿੱਚ ਸਵਾਲ ਜਵਾਬ ਨਹੀਂ ਹੁੰਦੇ।ਤੁਹਾਡੀ ਗੱਲ ਦਾ ਜਵਾਬ ਆ ਗਿਆ।ਪਲੀਜ਼ ਟੀਨੂ ਜੀ, ਬੈਠੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ, ਸਰਦਾਰ ਬਿਕਰਮ ਸਿੰਘ ਮਜੀਠੀਆ, ਸ਼੍ਰੀ ਐਨ.ਕੇ.ਸ਼ਰਮਾ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਜ਼ੀਰੋ ਆਵਰ ਵਿੱਚ ਸਵਾਲ ਜਵਾਬ ਨਹੀਂ ਹੁੰਦੇ । ਇਹ ਕੋਈ ਕੁਐਸਚਨ ਆਵਰ ਨਹੀਂ ਹੈ।ਜ਼ੀਰੋ ਆਵਰ ਵਿੱਚੋਂ ਜੇ ਉਹ ਜਵਾਬ ਦੇਣਾ ਚਾਹੁਣ ਤਾਂ ਦੇ ਸਕਦੇ ਹਨ।

I cannot compel him in Zero Hour to give reply. ਐੱਫ. ਐੱਮ. ਸਾਹਿਬ, It is not binding ਜੇਕਰ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ ਤਾਂ ਕਹਿ ਸਕਦੇ ਹੋ otherwise not. ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੈਂ ਪੰਜਾਬ ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ ਵਿੱਚ ਸ਼ਡਿਊਲ ਕਾਸਟ ਦੇ ਗਰੀਬ ਵਿਦਿਆਰਥੀ, ਜਿਨ੍ਹਾਂ ਨੂੰ ਸੈਂਟਰ ਸੰਪੋਂਸਰਡ ਸਕੀਮ ਤਹਿਤ ਪੋਸਟ ਮੈਟਿਰਿਕ ਸਕਾਲਰਸ਼ਿਪ ਦਿੱਤੀ ਜਾਂਦੀ ਹੈ, ਉਨ੍ਹਾਂ ਵਿਦਿਆਰਥੀਆਂ ਕੋਲੋਂ ਚਾਰ ਕਰੋੜ ਰੁਪਿਆ ਵਾਧੂ ਵਸੂਲਣ ਦਾ ਮਾਮਲਾ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਉਥੇ ਅਸਿਸਟੈਂਟ ਰਜਿਸਟਰਾਰ ਡਾ. ਸੰਦੀਪ ਮੈਮੀ ਨੇ ਇਕ ਚਿੱਠੀ ਲਿਖ ਕੇ ਰਜਿਸਟਰਾਰ ਨੂੰ ਦਿੱਤੀ ਕਿ ਯੂਨੀਵਰਸਿਟੀ ਵਲੋਂ ਸ਼ਡਿਊਲਡ ਕਾਸਟ ਦੇ ਗਰੀਬ ਵਿਦਿਆਰਥੀਆਂ ਕੋਲੋਂ ਐਡਮਿਸ਼ਨ ਪ੍ਰਾਸੈਸਿੰਗ ਫੀਸ, ਕੌਂਸਲਿੰਗ ਫੀਸ ਔਰ ਵਨ ਟਾਈਮ ਪੇਮੈਂਟ ਨਹੀਂ ਲੈਣੀ ਚਾਹੀਦੀ ਕਿਉਂਕਿ ਉਹ ਪੈਸਾ ਸਾਨੂੰ ਸੈਂਟਰ ਸਰਕਾਰ ਤੋਂ ਆ ਜਾਂਦਾ ਹੈ। ਰਜਿਸਟਰਾਰ ਨੇ ਉਸ ਨੂੰ ਲਾਗੂ ਵੀ ਕਰ ਦਿੱਤਾ ਪਰੰਤੂ ਬਾਅਦ ਵਿੱਚ ਕੋਈ ਪਰੈਸ਼ਰ ਪੈਣ ਕਾਰਨ, 'ਵਰਸਿਟੀ ਅਥਾਰਟੀ ਨੇ ਆਪਣੀ ਐਂਟੀ ਐੱਸ.ਸੀ. ਮਾਨਸਿਕਤਾ ਦੇ ਕਾਰਨ ਉਸ ਨੂੰ ਵਾਰਨਿੰਗ ਲੈਟਰ ਜਾਰੀ ਕਰ ਦਿੱਤੀ।ਵਾਰਨਿੰਗ ਦੇ ਕੇ ਉਸ ਨੂੰ ਪੂਰੇ ਹਿਊਮਨ ਰਿਸੋਰਸਿਸ ਡਿਪਾਰਟਮੈਂਟ ਦੇ ਵਿੱਚ ਘੁਮਾ ਕੇ ਡੀਗ੍ਰੇਡ ਕੀਤਾ ਗਿਆ ਔਰ ਉਸ ਨੂੰ ਉਸ ਦੀ ਪੋਸਟ ਤੋਂ ਹਟਾ ਕੇ ਕਿਸੇ ਹੋਰ ਪੋਸਟ ਤੇ ਲਗਾਇਆ ਗਿਆ।ਮੇਰੀ ਹਾਊਸ ਨੂੰ ਇਹੀ ਗੁਜ਼ਾਰਿਸ਼ ਹੈ ਕਿ ਜਿਹੜੀ ਉਥੇ 400 ਕਰੋੜ ਰੁਪਏ ਦੀ ਬੇਇਨਸਾਫੀ ਹੋਈ ਹੈ, ਕੀ ਮੰਤਰੀ ਜੀ ਇਸ ਤੇ ਕੋਈ ਬਿਆਨ ਦੇਣਗੇ?

**ਮਾਨਯੋਗ ਸਪੀਕਰ:** ਬੈਠੋ ਜੀ।ਬ੍ਰਹਮ ਮਹਿੰਦਰਾ ਜੀ ਬੋਲਣ ਲਈ ਖੜ੍ਹੇ ਹਨ। ਚੰਨੀ ਜੀ, ਬ੍ਰਹਮ ਮਹਿੰਦਰਾ ਜੀ ਪਹਿਲਾਂ ਖੜ੍ਹੇ ਹੋਏ ਹਨ। ਚੰਨੀ ਜੀ, ਤੁਸੀਂ ਬੈਠੋ।(ਵਿਘਨ..ਸ਼ੋਰ)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਸਦਨ ਦੇ ਧਿਆਨ ਵਿਚ ਇਕ ਗੱਲ ਲਿਆਂਦੀ ਹੈ। ਮੈਂ ਵੀ ਇਨ੍ਹਾਂ ਦੀ ਗੱਲ ਸੁਣ ਕੇ ਚਿੰਤਿਤ ਹੋਇਆ ਹਾਂ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਜੋ ਵੀ fact ਹੈ, ਉਹ ਲਿਖ ਕੇ ਦੇ ਦੇਣ। ਬਿਲਕੁਲ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦੇਵਾਂਗੇ। ਕਿਸੇ ਨੂੰ ਵੀ ਗਰੀਬ ਆਦਮੀ ਦਾ ਇੱਕ ਵੀ ਪੈਸਾ ਖਾਣ ਨਹੀਂ ਦੇਵਾਂਗਾ।

**ਮਾਨਯੋਗ ਸਪੀਕਰ:** ਜ਼ੀਰੋ ਆਵਰ ਖਤਮ ਹੁੰਦਾ ਹੈ। ਕਾਲ ਅਟੈਂਸ਼ਨ, ਸਰਦਾਰ ਕੁਲਤਾਰ ਸਿੰਘ ਸੰਧਵਾਂ। ਹੈਲਥ ਮਨਿਸਟਰ ਸਾਹਿਬ, ਤੁਸੀਂ ਕੁਝ ਕਹਿਣਾ ਹੈ?

**ਸੰਸਦੀ ਮਾਮਲੇ ਮੰਤਰੀ (ਸ੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਮੇਰੇ ਧਿਆਨ ਵਿਚ ਹੁਣੇ ਇੱਕ ਮਾਮਲਾ ਆਇਆ ਹੈ। ਕੰਵਰ ਸੰਧੂ ਸਾਹਿਬ ਬੋਲ ਰਹੇ ਸੀ। ਸਤਿਕਾਰਯੋਗ ਮੈਂਬਰ ਫੂਲਕਾ ਸਾਹਿਬ ਆ ਕੇ ਬੈਠ ਗਏ।ਜਿਹੜੇ ਵਿਧਾਨ ਸਭਾ ਦੇ ਕੰਡਕਟ ਰੂਲਜ਼ ਹਨ, ਉਨ੍ਹਾਂ ਦੇ ਮੁਤਾਬਿਕ ਸਪੀਕਰ ਦੀ ਚੇਅਰ ਅਤੇ ਸਪੀਕਿੰਗ ਮੈਂਬਰ ਨੂੰ ਵਿਚੋਂ breach ਨਹੀਂ ਕੀਤਾ ਜਾ ਸਕਦਾ। ਮੈਂ ਸਾਰੇ ਮੈਂਬਰਜ਼ ਨੂੰ ਇਹ ਬੇਨਤੀ ਕਰਦਾ ਹਾਂ ਕਿ ਰੂਲਜ਼ ਦਾ ਧਿਆਨ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਅੱਛਾ ਨਹੀਂ ਲੱਗਦਾ, ਅੱਜ ਦੋ ਵਾਰ ਹੋ ਚੁੱਕਾ ਹੈ। ਫੂਲਕਾ ਜੀ, ਇਸ ਗੱਲ ਦਾ ਧਿਆਨ ਰੱਖੋ।

**ਮਾਨਯੋਗ ਸਪੀਕਰ:** ਬੈਠੋ, ਕੋਈ ਗੱਲ ਨਹੀਂ। ਬੈਠ ਜਾਓ।(ਵਿਘਨ...ਸ਼ੋਰ) ਫਾਇਨਾਂਸ ਮਨਿਸਟਰ ਸਾਹਿਬ ਬੋਲਣ ਲਈ ਖੜ੍ਹੇ ਹਨ।

**ਸੰਸਦੀ ਮਾਮਲੇ ਮੰਤਰੀ:** ਅਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ, ਮੈਂ ਤਾਂ ਰੂਲਜ਼ ਦੀ ਗੱਲ ਕਰ ਰਿਹਾ ਹਾਂ।

**ਮਾਨਯੋਗ ਸਪੀਕਰ:** ਐੱਫ.ਐੱਮ. ਸਾਹਿਬ ਬੋਲਣ ਲਈ ਖੜ੍ਹੇ ਹਨ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਮੈਂ ਇਸ ਗੱਲ ਦੀ ਮੁਆਫੀ ਚਾਹੁੰਦਾ ਹਾਂ ਕਿ ਇਹ ਜਿਹੜਾ ਕੇਨ ਏਰੀਅਰਜ਼ ਦਾ 46 ਕਰੋੜ ਰੁਪਇਆ ਬਕਾਇਆ ਹੈ।

**Mr. Speaker:** No, It cannot be re-opened.

**ਵਿੱਤ ਮੰਤਰੀ:** ਨਹੀਂ ਜੀ, ਮੈਂ ਤਾਂ ਕੇਵਲ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਬਕਾਇਆ ਅੱਜ ਆਲਰੇਡੀ disburse ਕਰ ਦਿੱਤਾ ਹੈ। It has already been disbursed. (ਥੰਪਿੰਗ)

**ਮਾਨਯੋਗ ਸਪੀਕਰ :** ਦੱਸੋ ਮਜੀਠੀਆ ਸਾਹਿਬ, ਕੀ ਕਹਿੰਦੇ ਹੋ?

**ਸਰਦਾਰ ਬਿਕਰਮ ਸਿੰਘ ਮਜੀਠੀਆ :** ਕਿਉਂਕਿ ਖਜ਼ਾਨਾ ਮੰਤਰੀ ਸਾਹਿਬ ਨੇ clarity ਦਿੱਤੀ ਹੈ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ Are you advocating ਕਿ ਜੇ ਬਾਕੀ ਸੂਬੇ ਕਿਸਾਨਾਂ ਨੂੰ ਗੰਨੇ ਦਾ ਰੇਟ 330 ਰੁਪਏ ਦਿੰਦੇ ਹਨ ਤਾਂ ਪੰਜਾਬ ਕਿਉਂ ਨਹੀਂ ਦੇਣਾ ਚਾਹੁੰਦਾ? ਤੁਸੀਂ ਇਹ ਕਹਿ ਰਹੇ ਹੋ। ਅੱਜ ਸਪੱਸ਼ਟ ਕਹਿ ਦਿਓ ਕਿ ਅਸੀਂ ਕਿਸਾਨਾਂ ਨੂੰ ਘੱਟ ਪੈਸੇ ਦੇਵਾਂਗੇ।ਗੱਲ ਡਾਈਵਰਸੀਫਿਕੇਸ਼ਨ ਦੀ ਕਰਾਂਗੇ ਪਰ ਪੈਸੇ 30 ਰੁਪਏ ਘੱਟ ਦੇਵਾਂਗੇ, ਇਹ ਗੱਲ ਸਪੱਸ਼ਟ ਕਰ ਦਿਓ ਜੀ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਹਾਊਸ ਨੂੰ ਇਹ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਸਿਰਫ 300 ਰੁਪਿਆ ਗੰਨੇ ਦਾ ਰੇਟ ਦੇ ਰਹੀ ਸੀ ਅਤੇ ਇਹ ਰੇਟ ਉਸ ਵੇਲੇ ਬੜੀਆਂ ਸਟੇਟਾਂ ਨਾਲੋਂ ਘੱਟ ਸੀ। ਪਰ ਅਸੀਂ ਗੰਨੇ ਦਾ ਰੇਟ 300 ਤੋਂ ਵਧਾ ਕੇ 310 ਕਰ ਦਿੱਤਾ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਮਾਨਯੋਗ ਸਪੀਕਰ:** ਪਲੀਜ਼ ਬੈਠੋ। (ਵਿਘਨ..ਸ਼ੋਰ) ਜ਼ੀਰੋ ਆਵਰ ਵਿਚ ਸਵਾਲ ਜਵਾਬ ਨਹੀਂ ਹੁੰਦਾ। He has made a statement. ਕੋਈ ਸਵਾਲ ਜਵਾਬ ਨਹੀਂ। ਮਜੀਠੀਆ ਸਾਹਿਬ, ਪਲੀਜ਼ ਬੈਠੋ।ਹਾਂ ਜੀ, ਧੀਮਾਨ ਸਾਹਿਬ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿਚ ਗੱਲ ਕਰਨ ਦਾ ਮੌਕਾ ਦਿੱਤਾ।ਸਪੀਕਰ ਸਾਹਿਬ, ਸਵਰਗਵਾਸੀ ਗਿਆਨੀ ਜ਼ੈਲ ਸਿੰਘ ਜੀ ਇੱਕ ਕਿਰਤੀ ਪਰਿਵਾਰ ਵਿਚ ਪੈਦਾ ਹੋਏ। ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ 5 ਸਾਲ ਜੇਲ੍ਹ ਕੱਟੀ। ਉਨ੍ਹਾਂ ਨੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕਾਨਾ ਹੱਕ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਉਹ ਪੰਜਾਬ ਦੇ ਮੁੱਖ ਮੰਤਰੀ ਤੇ ਦੇਸ਼ ਦੇ ਗ੍ਰਹਿ ਮੰਤਰੀ ਵੀ ਰਹੇ। ਇਸ ਤੋਂ ਇਲਾਵਾ ਉਹ ਦੇਸ਼ ਦੇ ਰਾਸ਼ਟਰਪਤੀ ਵੀ ਰਹੇ। ਪੰਜਾਬ ਸਰਕਾਰ ਨੇ ਫਰੀਦਕੋਟ ਦੀ ਜੇਲ੍ਹ ਵਿਚ ਉਨ੍ਹਾਂ ਦੀ ਯਾਦਗਰ ਬਣਾਉਣ ਦੀ ਮਨਜ਼ੂਰੀ ਦਿੱਤੀ ਹੈ। ਮੈਂ ਸਿਰਫ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਉਸ ਯਾਦਗਾਰ ਲਈ ਕਦੋਂ ਤੱਕ ਪੈਸੇ ਜਾਰੀ ਕੀਤੇ ਜਾਣਗੇ?

**ਮਾਨਯੋਗ ਸਪੀਕਰ:** ਇਸ ਬਾਰੇ ਪਹਿਲਾਂ ਹੀ ਸਵਾਲ ਲੱਗਿਆ ਹੋਇਆ ਹੈ। ਇਹ ਸਵਾਲ ਆਲਰੇਡੀ ਲੱਗਿਆ ਹੋਇਆ ਹੈ। (ਵਿਘਨ..ਸ਼ੋਰ)

**ਸ਼੍ਰੀ ਸੁਸ਼ੀਲ ਕੁਮਾਰ ਰਿੰਕੂ**: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਤੁਹਾਡੇ ਅਤੇ ਪੂਰੇ ਸਦਨ ਦੇ ਧਿਆਨ ਵਿਚ ਇੱਕ ਬੜਾ ਹੀ ਅਹਿਮ ਮੁੱਦਾ ਲਿਆਉਣਾ ਚਾਹੁੰਦਾ ਹਾਂ ਜਿਸ ਦੀ ਹਿੰਦੁਸਤਾਨ ਦੇ ਵਿੱਚ ਔਰ ਖਾਸ ਕਰਕੇ ਪੰਜਾਬ ਦੇ ਵਿਚ ਬੜੀ ਗੂੰਜ ਉੱਠ ਰਹੀ ਹੈ। ਹਿੰਦੁਸਤਾਨ ਦੇ ਵਿਚ ਪਹਿਲਾਂ ਰਾਜੇ ਮਹਾਰਾਜਿਆਂ ਦਾ ਰਾਜ ਸੀ ਫਿਰ ਉਸ ਤੋਂ ਬਾਅਦ ਅੰਗਰੇਜ਼ ਆਏ। ਫਿਰ ਹਿੰਦੁਸਤਾਨ ਆਜ਼ਾਦ ਹੋਇਆ ਔਰ ਉਸ ਸਮੇਂ ਦਲਿਤਾਂ ਦੀ ਜੋ ਹਾਲਤ ਸੀ, ਉਸ ਬਾਰੇ ਮੇਰਾ ਖਿਆਲ ਹੈ ਕਿ ਮੈਨੂੰ ਕੁਝ ਕਹਿਣ ਦੀ ਲੋੜ ਨਹੀਂ। ਜਦੋਂ 1947 ਦੇ ਵਿਚ ਹਿੰਦੁਸਤਾਨ ਆਜ਼ਾਦ ਹੋਇਆ ਤਾਂ ਉਦੋਂ ਹਿੰਦੁਸਤਾਨ ਦੇ ਜਿਹੜੇ ਦਲਿਤ ਲੋਕ ਸੀ, ਗਰੀਬ ਦੱਬੇ ਕੁਚਲੇ ਲੋਕ ਸੀ, ਉਨ੍ਹਾਂ ਦੇ ਮਨ ਵਿਚ ਇੱਕ ਬੜੀ ਵੱਡੀ ਲੋਕਤੰਤਰੀ ਆਸ ਉੱਠੀ ਔਰ ਆਜ਼ਾਦੀ ਤੋਂ ਬਾਅਦ ਜਦੋਂ ਸਵਰਗੀ ਰਾਜੀਵ ਗਾਂਧੀ ਜੀ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਤਾਂ ਉਦੋਂ ਦੇਸ਼ ਵਿਚ ਐੱਸ.ਸੀ./ਐੱਸ.ਟੀ. ਐਕਟ ਲਾਗੂ ਕੀਤਾ ਗਿਆ ਤਾਂ ਕਿ ਗਰੀਬ ਦੱਬੇ ਕੁਚਲੇ ਲੋਕਾਂ ਉੱਤੇ ਜਿਹੜਾ ਅੱਤਿਆਚਾਰ ਹੋ ਰਿਹਾ ਸੀ, ਉਸ ਤੇ ਥੰਮ੍ਹ ਪਾਈ ਜਾਵੇ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਵੀ ਜੋ ਮੌਜੂਦਾ ਭਾਰਤ ਸਰਕਾਰ ਹੈ, ਉਸ ਨੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਦੁਰਵਰਤੋਂ ਕਰਕੇ ਇੱਕ ਇਹੋ ਜਿਹਾ ਐਕਟ, ਇੱਕ ਇਹੋ ਜਿਹਾ ਕਾਨੂੰਨ ਪਾਸ ਕਰ ਦਿੱਤਾ, ਜਿਸ ਵਿੱਚ ਦਲਿਤਾਂ ਦੀ, ਗਰੀਬਾਂ ਦੀ ਆਵਾਜ਼ ਨੂੰ ਦੱਬਣ ਦੀ ਕੋਸ਼ਿਸ਼ ਕੀਤੀ ਗਈ ਹੈ । ਅੱਜ ਸਮੁੱਚੇ ਭਾਰਤ ਦਾ ਦਲਿਤ ਭਾਈਚਾਰਾ ਚਿੰਤਾ ਵਿੱਚ ਹੈ। ਪੰਜਾਬ ਦਾ ਦਲਿਤ ਭਾਈਚਾਰਾ ਸਹਿਮ ਵਿੱਚ ਹੈ, ਡਰ ਵਿੱਚ ਹੈ। ਇਹ ਸਾਰਾ ਕੁਝ ਇਸ ਲਈ ਵਾਪਰਿਆ ਕਿਉਂਕਿ ਹਿੰਦੁਸਤਾਨ ਦੇ ਅਟਾਰਨੀ ਜਨਰਲ ਨੇ ਕੇਸ ਨੂੰ ਬੜੇ ਹੀ ਢਿੱਲੇ ਤਰੀਕੇ ਨਾਲ ਪੇਸ਼ ਕੀਤਾ ਔਰ ਸੁਪਰੀਮ ਕੋਰਟ ਵਿਚ ਆਪ ਪੇਸ਼ ਹੋਣ ਦੀ ਜਗ੍ਹਾ ਆਪਣੇ ਜੂਨੀਅਰ ਨੂੰ ਪੇਸ਼ ਕੀਤਾ। ਸੋ, ਮੇਰੀ ਤੁਹਾਡੇ ਮਾਧਿਅਮ ਰਾਹੀਂ ਇਹੀ ਬੇਨਤੀ ਹੈ ਕਿ ਇੱਕ ਰੋਸ ਮਤਾ ਪਾਸ ਕਰਕੇ ਭਾਰਤ ਸਰਕਾਰ ਨੂੰ ਭੇਜਿਆ ਜਾਵੇ ਤਾਂ ਕਿ ਸੁਪਰੀਮ ਕੋਰਟ ਨੇ ਜੋ ਇਹ ਫੈਸਲਾ ਕੀਤਾ ਹੈ, ਉਸ ਤੇ ਮੁੜ ਵਿਚਾਰ ਹੋਵੇ ਅਤੇ ਦਲਿਤਾਂ ਨੂੰ ਇਨਸਾਫ ਮਿਲ ਸਕੇ । (ਥੰਪਿੰਗ)

(ਇਸ ਸਮੇਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ।)

**ਮਾਨਯੋਗ ਸਪੀਕਰ** : ਪਲੀਜ਼ ਬੈਠੋ, ਅਗਲੀ ਆਈਟਮ, ਕਾਲ ਅਟੈਨਸ਼ਨ ਨੋਟਿਸ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਸਪੀਕਰ ਸਾਹਿਬ, ਇਹ ਬੜਾ ਹੀ ਸੰਵੇਦਨਸ਼ੀਲ ਮੁੱਦਾ ਹੈ । ਮੈਨੂੰ ਇਸ ਤੇ ਗੱਲ ਕਰਨ ਦਿਓ । (ਵਿਘਨ...ਸ਼ੋਰ)

**ਮਾਨਯੋਗ ਸਪੀਕਰ** : ਜ਼ੀਰੋ ਆਵਰ ਖਤਮ ਹੁੰਦਾ ਹੈ ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਮੈਨੂੰ ਇਸ ਮੁੱਦੇ ਤੇ ਗੱਲ ਕਰਨ ਦਿਓ । (ਵਿਘਨ...ਸ਼ੋਰ)

**ਮਾਨਯੋਗ ਸਪੀਕਰ** : ਜ਼ੀਰੋ ਆਵਰ ਵਿੱਚ ਸਿਰਫ ਆਪਣੀ ਗੱਲ ਕਹਿਣੀ ਹੁੰਦੀ ਹੈ, ਸਵਾਲ ਜਵਾਬ ਨਹੀਂ ਹੁੰਦਾ । There is no question-answer in Zero Hour. (ਵਿਘਨ...ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ ।)

**ਮਾਨਯੋਗ ਸਪੀਕਰ :** ਮੇਰੀ ਪ੍ਰਾਰਥਨਾ ਹੈ, ਪਲੀਜ਼ ਬੈਠੋ, ਚੰਨੀ ਜੀ, ਪਲੀਜ਼ ਬੈਠੋ ।

(ਇਸ ਸਮੇਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ।)

**ਮਾਨਯੋਗ ਸਪੀਕਰ :** ਚੰਨੀ ਜੀ, ਤੁਸੀਂ ਬਾਅਦ ਵਿਚ ਕਹਿ ਲੈਣਾ । ਤੁਸੀਂ ਮਤਾ ਲੈ ਆਓ ਤੇ ਹਾਊਸ ਤੋਂ ਪਾਸ ਕਰਵਾ ਲਓ । (ਵਿਘਨ...ਸ਼ੋਰ)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਬਾਅਦ ਵਿੱਚ ਕਿਵੇਂ ਲੈ ਆਈਏ । ਮੈਨੂੰ ਆਪਣੀ ਗੱਲ ਪੂਰੀ ਕਰਨ ਦਿਓ। ** ** (ਵਿਘਨ....ਸ਼ੋਰ)

**ਮਾਨਯੋਗ ਸਪੀਕਰ :** ਮੇਰੀ ਗੱਲ ਸੁਣੋ, ਕਾਲ ਅਟੈਨਸ਼ਨ ਵਿੱਚ ਮਤਾ ਨਹੀਂ ਹੁੰਦਾ । ਤੁਸੀਂ ਬਾਅਦ ਵਿਚ ਮਤਾ ਲੈ ਆਓ । (ਵਿਘਨ...ਸ਼ੋਰ)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਮੈਨੂੰ ਆਪਣੀ ਗੱਲ ਤਾਂ ਪੂਰੀ ਕਰਨ ਦਿਉ, ਫਿਰ ਹੀ ਮਤਾ ਆਵੇਗਾ । (ਵਿਘਨ...ਸ਼ੋਰ)

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਸਪੀਕਰ ਸਾਹਿਬ, ਇਨ੍ਹਾਂ ਨੂੰ ਗੱਲ ਕਰਨ ਦਿਉ ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਚੰਨੀ ਜੀ, ਬੋਲੋ । (ਵਿਘਨ...ਸ਼ੋਰ) ਬਾਕੀ ਸਾਰੇ ਪਲੀਜ਼ ਬੈਠ ਜਾਓ ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬਹੁਤ ਸੰਵੇਦਨਸ਼ੀਲ ਮੁੱਦਾ ਸਦਨ ਦੇ ਧਿਆਨ ਵਿੱਚ ਲਿਆਂਦਾ ਹੈ । ਐੱਸ.ਸੀ./ਐੱਸ.ਟੀ. ਐਟਰੋਸਿਟੀ ਐਕਟ ਰਾਜੀਵ ਗਾਂਧੀ ਜੀ ਦੇ ਸਮੇਂ ਵਿੱਚ ਬਣਿਆ ਸੀ।

(**ਕੁਝ ਅਵਾਜ਼ਾਂ** : ਇਹ ਐਕਟ ਸ਼੍ਰੀ ਵੀ.ਪੀ. ਸਿੰਘ ਦੀ ਸਰਕਾਰ ਸਮੇਂ ਬਣਿਆ ।)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਇਸ ਐਕਟ ਵਿੱਚ ਐੱਸ.ਸੀ. ਲੋਕਾਂ ਨੂੰ ਇਹ ਅਧਿਕਾਰ ਦਿੱਤਾ ਗਿਆ ਕਿ ਉਨ੍ਹਾਂ ਦੀ ਜਾਤ ਦਾ ਨਾਂ ਲੈ ਕੇ ਕੋਈ ਗਾਲ੍ਹ ਨਹੀਂ ਕੱਢ

---

**Expunged as ordered by the Chair.

ਸਕਦਾ । ਉਨ੍ਹਾਂ ਨੂੰ ਜਾਤ ਦੇ ਨਾਂ ਤੇ ਕੋਈ ਕੁਝ ਨਹੀਂ ਕਹਿ ਸਕਦਾ । ਅੱਜ ਸੁਪਰੀਮ ਕੋਰਟ ਨੇ ਇਹ ਫੈਸਲਾ ਦੇ ਦਿੱਤਾ ਕਿ ਜੇਕਰ ਕੋਈ ਕਿਸੇ ਦਲਿਤ ਨੂੰ ਜਾਤੀਸੂਚਕ ਸ਼ਬਦ ਬੋਲਦਾ ਹੈ ਤਾਂ ਉਸ ਤੇ ਕੋਈ ਪਰਚਾ ਦਰਜ ਨਹੀਂ ਹੋ ਸਕਦਾ । ਪਹਿਲਾਂ ਐੱਸ.ਐੱਸ.ਪੀ. ਪੱਧਰ ਤੇ ਇਨਕੁਆਰੀ ਹੋਵੇਗੀ।ਇਸ ਤਰ੍ਹਾਂ ਇਹ ਸਾਰਾ ਐਕਟ ਹੀ ਰੋਲ ਦਿੱਤਾ ਗਿਆ ਹੈ। ਇਸ ਐਕਟ ਦੇ ਉਹ ਸੈਕਸ਼ਨ ਜਿਹੜੇ ਸ਼ਡਿਊਲਡ ਕਾਸਟਸ ਨੂੰ ਮਦਦ ਦਿੰਦੇ ਸਨ, ਉਹ ਸਾਰੇ ਡਿਲਿਊਟ ਕਰ ਦਿੱਤੇ ਗਏ। ਇਹ ਕਿਉਂ ਹੋਇਆ ਹੈ ? ਕਿਉਂਕਿ ਕੇਂਦਰ ਵਿੱਚ ਦੁਸ਼ਮਣ ਸਰਕਾਰ ਬੈਠੀ ਹੈ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਉਨ੍ਹਾਂ ਨੇ ਕੇਸ ਦੀ ਪੈਰਵਾਈ ਸਹੀ ਤਰੀਕੇ ਨਾਲ ਨਹੀਂ ਕੀਤੀ। ਐਡਵੋਕੇਟ ਜਨਰਲ ਮਾਨਯੋਗ ਸੁਪਰੀਮ ਕੋਰਟ ਵਿਚ ਖੁਦ ਪੇਸ਼ ਹੀ ਨਹੀਂ ਹੋਇਆ ਅਤੇ ਨਾ ਹੀ ਉਥੇ ਸਾਲਿਸਟਰ ਪੇਸ਼ ਹੋਇਆ। (ਵਿਘਨ...ਸ਼ੋਰ) ਮੈਨੂੰ ਪੂਰੀ ਗੱਲ ਕਰਨ ਦਿਓ।ਤੁਸੀਂ ਬਾਅਦ ਵਿੱਚ ਬੋਲ ਲੈਣਾ।ਸਪੀਕਰ ਸਾਹਿਬ, ਇਹ ਸ਼ਡਿਊਲਡ ਕਾਸਟਸ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਮਸਲਾ ਹੈ। ਇਸ ਕਰਕੇ ਸਪੀਕਰ ਸਾਹਿਬ, ਵਿਧਾਨ ਸਭਾ ਵਿੱਚ ਇਸ ਬਾਰੇ ਰੈਜ਼ੋਲਿਊਸ਼ਨ ਪਾਸ ਹੋਣਾ ਚਾਹੀਦਾ ਹੈ। ਵਿਧਾਨ ਸਭਾ ਮਤੇ ਰਾਹੀਂ ਕੇਂਦਰ ਸਰਕਾਰ ਨੂੰ ਸਿਫਾਰਸ਼ ਕਰਨੀ ਚਾਹੀਦੀ ਹੈ ਕਿ ਜਿਹੜਾ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ, ਇਸ ਨੂੰ ਖਤਮ ਕਰਵਾਇਆ ਜਾਵੇ। ਸੁਪਰੀਮ ਕੋਰਟ ਵਿੱਚ ਰੀਅਪੀਲ ਕੀਤੀ ਜਾਵੇ ਜਾਂ ਪਾਰਲੀਮੈਂਟ ਵਿੱਚ ਨਵਾਂ ਕਨੂੰਨ ਲਿਆ ਕੇ ਇਸ ਧਾਰਾ ਨੂੰ ਠੀਕ ਕੀਤਾ ਜਾਵੇ।ਇਸ ਬਾਰੇ ਵਿਧਾਨ ਸਭਾ ਵਿੱਚ ਮਤਾ ਆਉਣਾ ਚਾਹੀਦਾ ਹੈ। ਅਸੀਂ ਮੰਗ ਕਰਦੇ ਹਾਂ ਕਿ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਖਿਲਾਫ ਇਹ ਮਤਾ ਪਾਸ ਕੀਤਾ ਜਾਵੇ।ਜਿਹੜੀ ਕੇਂਦਰ ਵਿੱਚ ਦੁਸ਼ਮਣ ਜਮਾਤ ਹੈ, ਉਨ੍ਹਾਂ ਨੇ ਸ਼ਡਿਊਲਡ ਕਾਸਟਾਂ ਨੂੰ ਲੁੱਟਿਆ ਅਤੇ ਕੁੱਟਿਆ ਹੈ। ਅੱਜ ਮੈਂ ਤੁਹਾਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਕੋਈ ਸਮਾਂ ਸੀ ਕਿ ਸਾਡੇ ਪਿੰਡਾਂ ਦੇ ਵਿੱਚ .....(ਵਿਘਨ).....

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ** : ਰਾਣਾ ਸਾਹਿਬ, ਬੈਠੋ (ਵਿਘਨ..ਸ਼ੋਰ) ਪਲੀਜ਼ ਬੈਠੋ। ਮੰਤਰੀ ਜੀ ਬੋਲ ਰਹੇ ਹਨ, ਮੰਤਰੀ ਜੀ ਨੂੰ ਬੋਲਣ ਦਿਓ। (ਵਿਘਨ..ਸ਼ੋਰ) ਮੰਤਰੀ ਜੀ, ਤੁਹਾਡੀ ਗੱਲ ਆ ਗਈ ਹੈ, ਤੁਸੀਂ ਬੈਠੋ। ਚੰਨੀ ਜੀ, ਬੈਠ ਜਾਓ। (ਵਿਘਨ...ਸ਼ੋਰ)

**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ (ਸਰਦਾਰ ਸਾਧੂ ਸਿੰਘ)**: ਸਪੀਕਰ ਸਾਹਿਬ (ਵਿਘਨ...ਸ਼ੋਰ)

**ਮਾਨਯੋਗ ਸਪੀਕਰ** : ਸਰਦਾਰ ਸਾਧੂ ਸਿੰਘ ਜੀ। ਚੰਨੀ ਜੀ, ਤੁਹਾਡੀ ਗੱਲ ਆ ਗਈ ਹੈ, ਤੁਸੀਂ ਬੈਠ ਜਾਓ, ਸ੍ਰੀ ਵਿਜੈ ਇੰਦਰ ਸਿੰਗਲਾ ਜੀ ਨੂੰ ਬੋਲ ਲੈਣ ਦਿਓ।

**ਸ੍ਰੀ ਵਿਜੈ ਇੰਦਰ ਸਿੰਗਲਾ** : ਧੰਨਵਾਦ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇੱਕ ਬੜੇ ਅਹਿਮ ਮਸਲੇ ਤੇ ਲਿਆਉਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ** : ਤੁਸੀਂ ਇਸੇ ਇਸ਼ੂ ਤੇ ਕੁਝ ਕਹਿਣਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ** : ਨਹੀਂ, ਨਹੀਂ। ਇਸ ਇਸ਼ੂ ਤੇ ਨਹੀਂ, ਮੇਰਾ ਜ਼ੀਰੋ ਆਵਰ ਦਾ ਇੱਕ ਛੋਟਾ ਜਿਹਾ ਪੁਆਇੰਟ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ** : ਬੈਠੋ, ਬੈਠੋ। ਟੀਨੂ ਜੀ, ਬੈਠੋ। ਮਾਣੂਕੇ ਜੀ, ਬੈਠੋ। ਪਲੀਜ਼ ਬੈਠੋ।

**ਸ਼੍ਰੀ ਵਿਜੈ ਇੰਦਰ ਸਿੰਗਲਾ** : ਸਰ, ਸਾਨੂੰ ਸਭ ਨੂੰ ਪਤਾ ਹੈ ਕਿ ਨੈਸ਼ਨਲ ਹਾਈਵੇਅ-7 ਇੱਕ ਨਵਾਂ ਹਾਈਵੇਅ ਬਣਿਆ ਹੈ। ਜਿਸ ਨੇ ਸਾਰੇ ਮਾਲਵਾ ਇਲਾਕੇ ਨੂੰ ਇੱਕ ਨਵੀਂ ਲਾਈਫ ਲਾਈਨ ਦਿੱਤੀ ਹੈ। ਅਸੀਂ ਇਸ ਸਦਨ ਦੇ ਦੋ-ਤਿਹਾਈ ਹਿੱਸਾ ਮੈਂਬਰ ਉਸ ਨੈਸ਼ਨਲ ਹਾਈਵੇਅ ਤੋਂ ਹਰ ਰੋਜ਼ ਗੁਜ਼ਰਦੇ ਹਾਂ। ਪਿਛਲੇ ਇੱਕ ਸਾਲ ਦੇ ਵਿੱਚ ਉਸ ਹਾਈਵੇਅ ਦੀ ਉਸਾਰੀ ਹੋਈ ਹੈ। ਕਿਉਂਕਿ ਹਾਈਵੇਅ ਨਵਾਂ ਬਣਿਆ ਹੈ ਅਤੇ ਗੱਡੀਆਂ ਬੜੀ ਤੇਜ਼ ਰਫਤਾਰ ਨਾਲ ਜ਼ੀਰਕਪੁਰ ਤੋਂ ਲੈ ਕੇ ਬਠਿੰਡੇ ਤੱਕ ਉਸ ਹਾਈਵੇਅ ਦੇ ਉਪਰ ਚਲਦੀਆਂ ਹਨ ਪਰ ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅੰਕੜੇ ਇਹ ਕਹਿੰਦੇ ਹਨ ਕਿ ਪਿਛਲੇ ਇੱਕ ਸਾਲ ਵਿਚ ਉਥੇ 42 ਤੋਂ ਲੈ ਕੇ 45 ਲੋਕਾਂ ਦੀ ਮੌਤ ਹੋ ਗਈ ਅਤੇ 55 ਤੋਂ ਲੈ ਕੇ 60 ਲੋਕ ਬਹੁਤ ਗੰਭੀਰ ਤਰੀਕੇ ਨਾਲ ਜ਼ਖਮੀ ਹੋਏ। ਮੈਂ ਪਿਛਲੇ ਇੱਕ ਸਾਲ ਤੋਂ ਲਗਾਤਾਰ ਸਿਹਤ ਮੰਤਰੀ ਸਾਹਿਬ ਜੀ ਦੇ ਧਿਆਨ ਵਿੱਚ ਇਹ ਮਾਮਲਾ ਲਿਆਂਦਾ ਰਿਹਾ ਹਾਂ ਕਿਉਂਕਿ ਹਰ ਰੋਜ਼ ਉਸ ਹਾਈਵੇਅ ਦੇ ਉਪਰ ਬਹੁਤ ਸਾਰੇ ਮਾਸੂਮ ਲੋਕਾਂ ਦੀਆਂ ਜਾਨਾਂ ਐਕਸੀਡੈਂਟਸ ਦੇ ਕਾਰਨ ਚਲੀਆਂ ਜਾਂਦੀਆਂ ਹਨ।

**ਮਾਨਯੋਗ ਸਪੀਕਰ** : ਤੁਸੀਂ ਕਹਿਣਾ ਕੀ ਚਾਹੁੰਦੇ ਹੋ? ਕਨਕਲੂਡ ਕਰੋ।

**ਸ਼੍ਰੀ ਵਿਜੈ ਇੰਦਰ ਸਿੰਗਲਾ** : ਸਪੀਕਰ ਸਾਹਿਬ, ਦੋ ਦਿਨ ਪਹਿਲਾਂ ਵੀ ਉੱਥੇ ਇੱਕ ਬਹੁਤ ਵੱਡਾ ਹਾਦਸਾ ਵਾਪਰਿਆ ਹੈ।

**ਮਾਨਯੋਗ ਸਪੀਕਰ** : ਪਲੀਜ਼ ਕਨਕਲੂਡ ਕਰੋ।

**ਸ਼੍ਰੀ ਵਿਜੈ ਇੰਦਰ ਸਿੰਗਲਾ** : ਮੈਂ ਹੈਲਥ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਭਵਾਨੀਗੜ੍ਹ ਜ਼ੀਰਕਪੁਰ ਤੋਂ ਲੈ ਕੇ ਬਠਿੰਡੇ ਦੇ ਸੈਂਟਰ ਦੇ ਵਿਚ ਜਿਹੜਾ ਹਸਪਤਾਲ ਹੈ, ਉਸ ਨੂੰ ਟਰੋਮਾ ਸੈਂਟਰ ਬਣਾਇਆ ਜਾਵੇ ਤਾਂ ਕਿ ਜੇਕਰ ਕੋਈ ਐਕਸੀਡੈਂਟ ਦੇ ਵਿੱਚ ਜ਼ਖਮੀ ਹੁੰਦਾ ਹੈ ਤਾਂ ਉਸ ਦੀ ਜਲਦੀ ਤੋਂ ਜਲਦੀ ਕੇਅਰ ਹੋ ਸਕੇ। ਇਹ ਬੜੇ ਲੰਬੇ ਚਿਰ ਤੋਂ ਮੇਰੀ ਮੰਗ ਹੈ ਅਤੇ ਮੈਂ ਇੱਕ ਸਾਲ ਤੋਂ ਇਸ ਗੱਲ ਦੇ ਉਪਰ ਪੁਰਜ਼ੋਰ ਤਰੀਕੇ ਨਾਲ ਬੇਨਤੀ ਕਰ ਰਿਹਾ ਹਾਂ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ...

**Mr. Speaker** : Let him complete.

**ਸ਼੍ਰੀ ਵਿਜੈ ਇੰਦਰ ਸਿੰਗਲਾ** : ਮੈਂ ਸਮਝਦਾ ਹਾਂ ਕਿ ਇਸ ਹਾਊਸ ਦੇ ਦੋ-ਤਿਹਾਈ ਮੈਂਬਰ ਉਸ ਸੜਕ ਤੇ ਰੋਜ਼ ਟਰੈਵਲ ਕਰਦੇ ਹਨ।

**ਮਾਨਯੋਗ ਸਪੀਕਰ** : ਹੈਲਥ ਮਨਿਸਟਰ ਸਾਹਿਬ ਕੁਝ ਬੋਲਣਾ ਚਾਹੁੰਦੇ ਹੋ?

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪਹਿਲਾਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸਰ, ਮੈਨੂੰ ਇੱਕ ਮਿੰਟ ਕਹਿ ਲੈਣ ਦਿਓ ਪਲੀਜ਼। ਮੇਰਾ ਨਾਮ ਲਿਆ ਗਿਆ ਹੈ, ਇਸ ਮਾਮਲੇ ਵਿਚ ਮੇਰਾ ਰੈਫਰੈਂਸ ਆਇਆ ਹੈ।ਸਰ, ਅੱਜ ਸਤਿਕਾਰਯੋਗ ਐੱਮ.ਐੱਲ.ਏ. ਸਾਹਿਬ ਸ਼੍ਰੀ ਵਿਜੈ ਇੰਦਰ ਸਿੰਗਲਾ ਜੀ ਦਾ 1375 ਨੰਬਰ ਕੁਐਸਚਨ ਸੀ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇਹੀ ਮੈਂ ਕਹਿਣਾ ਹੈ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਇਸ ਦਾ ਮੈਂ ਪੂਰਾ ਜਵਾਬ ਤਿਆਰ ਕਰਕੇ ਆਇਆ ਸੀ। ਉਸ ਵੇਲੇ ਇਹ ਗੈਰਹਾਜ਼ਰ ਸੀ। ਹੁਣ ਇਨ੍ਹਾਂ ਨੇ ਆਪਣੀ ਗੱਲ ਰੇਜ਼ ਕੀਤੀ ਹੈ।ਸਰ, ਜੇ ਕਹੋ ਤਾਂ ਮੈਂ ਇਸ ਦਾ ਜਵਾਬ ਦੇ ਦਿੰਦਾ ਹਾਂ।

**ਮਾਨਯੋਗ ਸਪੀਕਰ** : ਇਸ ਦੀ ਕੋਈ ਲੋੜ ਨਹੀਂ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਮੈਂ ਇਸ ਇਸ਼ੂ ਤੇ ਇਹ ਕਹਿਣਾ ਚਾਹਾਂਗਾ ਕਿ....

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਇੱਕ ਮਿੰਟ ਜੀ (ਵਿਘਨ...ਸ਼ੋਰ)

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਸਰ, ਮੈਨੂੰ ਇਸ ਗੱਲ ਦਾ ਜਵਾਬ ਦੇ ਲੈਣ ਦਿਓ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ** : ਮੰਤਰੀ ਸਾਹਿਬ ਬੋਲ ਰਹੇ ਹਨ। ਖਹਿਰਾ ਜੀ, ਪਲੀਜ਼ ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ....

**ਮਾਨਯੋਗ ਸਪੀਕਰ** : ਹੈਲਥ ਮਨਿਸਟਰ ਸਾਹਿਬ ਖੜ੍ਹੇ ਹਨ, ਖਹਿਰਾ ਸਾਹਿਬ, ਗੱਲ ਕੰਪਲੀਟ ਕਰ ਲੈਣ ਦਿਓ। Let him complete.

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਸਰ, ਜਿਹੜੇ ਹਸਪਤਾਲ ਦੀ ਇਹ ਗੱਲ ਕਰ ਰਹੇ ਹਨ, ਉਹ ਨੈਸ਼ਨਲ ਹਾਈਵੇਅ ਤੇ ਹੈ। ਅਸੀਂ ਇਸ ਬਾਰੇ ਫੈਸਲਾ ਕਰ ਲਿਆ ਹੈ ਅਤੇ ਆਲਰੈਡੀ ਟਰੌਮਾ ਸੈਂਟਰ ਬਣਾਉਣ ਦੀ ਤਜਵੀਜ਼ ਗੌਰਮਿੰਟ ਆਫ ਇੰਡੀਆ ਨੂੰ ਭੇਜੀ ਜਾ ਚੁੱਕੀ ਹੈ। ਮੈਂ ਧੰਨਵਾਦ ਕਰਦਾ ਹਾਂ ਫਾਈਨਾਂਸ ਮਨਿਸਟਰ ਸਾਹਿਬ ਦਾ ਜਿਨ੍ਹਾਂ ਨੇ ਇਹੋ ਜਿਹੇ ਟਰੌਮਾ ਸੈਂਟਰਾਂ ਲਈ 20 ਕਰੋੜ ਰੁਪਿਆ ਰਾਖਵਾਂ ਰੱਖਿਆ ਹੈ। ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹਾਂਗਾ ਕਿ ਜੋ ਇਨ੍ਹਾਂ ਦੀ ਤਜਵੀਜ਼ ਹੈ, ਉਸ ਤੇ ਫੈਸਲਾ ਹੋ ਰਿਹਾ ਹੈ। (ਵਿਘਨ...ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਤੁਸੀਂ ਹੀ ਕੱਲ੍ਹ ਪਰਸੋਂ ਇਹ ਅਸੂਲ ਬਣਾਇਆ ਸੀ। ਜਦੋਂ ਮੇਰਾ ਕਾਲ ਅਟੈਂਸ਼ਨ ਦਾ ਸਮਾਂ ਲੰਘ ਗਿਆ ਤਾਂ ਤੁਸੀਂ ਕਿਹਾ ਕਿ ਪਿਛਲਾ ਬਿਜ਼ਨਸ ਲੰਘ ਗਿਆ ਹੈ, ਹੁਣ ਇਹ ਟੇਕ-ਅੱਪ ਨਹੀਂ ਕੀਤਾ ਜਾ ਸਕਦਾ।

**ਮਾਨਯੋਗ ਸਪੀਕਰ** : ਬਿਲਕੁਲ ਨਹੀਂ ਕੀਤਾ ਜਾ ਸਕਦਾ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਇੱਕ ਮਿੰਟ ਮੇਰੀ ਗੱਲ ਸੁਣ ਲਵੋ। ਅੱਜ ਸ਼੍ਰੀ ਵਿਜੈ ਇੰਦਰ ਸਿੰਗਲਾ ਦਾ 1375 ਨੰਬਰ ਸਵਾਲ ਲੱਗਿਆ ਸੀ ਪਰ ਇਹ ਉਸ ਵੇਲੇ ਐਬਸੈਂਟ ਸੀ। ਹੁਣ ਜ਼ੀਰੋ ਆਵਰ ਖਤਮ ਹੋ ਚੁੱਕਿਆ ਸੀ ਅਤੇ ਇਧਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਆਪਣੀ ਕਾਲ ਅਟੈਨਸ਼ਨ ਪੜ੍ਹਨ ਲਈ ਖੜ੍ਹੇ ਸੀ। ਉਸ ਸਮੇਂ ਇਨ੍ਹਾਂ ਨੇ ਉਹੀ ਸਵਾਲ ਜ਼ੀਰੋ ਆਵਰ ਵਿੱਚ ਆ ਕੇ ਰਿਪੀਟ ਕਰ ਦਿੱਤਾ ਅਤੇ ਮਨਿਸਟਰ ਸਾਹਿਬ ਨੇ ਉਸ ਦਾ ਜਵਾਬ ਵੀ ਦੇ ਦਿੱਤਾ।

**ਮਾਨਯੋਗ ਸਪੀਕਰ** : ਮੈਂ ਇਸ ਤੇ ਗੱਲ ਕਰਨੀ ਚਾਹੁੰਦਾ ਹਾਂ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਤੁਸੀਂ ਆਪ ਹੀ ਇਸ ਤਰ੍ਹਾਂ ਕਰ ਰਹੇ ਹੋ।

**Mr. Speaker :** You are right, ਬਿਲਕੁਲ ਠੀਕ ਹੈ। ਤੁਸੀਂ ਠੀਕ ਕਹਿੰਦੇ ਹੋ।

**Sardar Sukhpal Singh Khaira** : One can be absent and when finds a suitable time, can come and say everything and Minister Sahib ਜਵਾਬ ਵੀ ਦੇ ਰਹੇ ਹਨ instead of punishing him.

**ਮਾਨਯੋਗ ਸਪੀਕਰ :** ਤੁਸੀਂ ਠੀਕ ਕਿਹਾ ਹੈ, ਹੁਣ ਤੁਸੀਂ ਬੈਠੋ ਜੀ। ਹਾਂ ਜੀ, ਸ਼੍ਰੀ ਸੋਮ ਪ੍ਰਕਾਸ਼ ਜੀ।

**ਸ਼੍ਰੀ ਸੋਮ ਪ੍ਰਕਾਸ਼:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਐੱਸ.ਸੀ/ਐੱਸ.ਟੀ. ਐਕਟ ਸ਼੍ਰੀ ਵੀ.ਪੀ.ਸਿੰਘ ਦੀ ਸਰਕਾਰ ਵੇਲੇ ਬਣਿਆ ਸੀ। ਸਰ, ਤੁਸੀਂ ਗਲਤ ਪਰੰਪਰਾ ਪਾ ਰਹੇ ਹੋ, ਇਕ ਮਤਾ ਜਦੋਂ ਹਾਊਸ ਵਿਚੋਂ ਪਾਸ ਹੋ ਜਾਂਦਾ ਹੈ ਤਾਂ ਤੁਸੀਂ ਬਾਅਦ ਵਿਚ ਹੋਰ ਅਲਾਓ ਕਰ ਦਿੰਦੇ ਹੋ। (ਵਿਘਨ...ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ)

**ਸ਼੍ਰੀ ਸੋਮ ਪ੍ਰਕਾਸ਼:** ਇਹ ਫੈਸਲਾ ਸੁਪਰੀਮ ਕੋਰਟ ਨੇ ਕੀਤਾ ਹੈ। ਆਪਾਂ ਗੱਲ ਸੁਪਰੀਮ ਕੋਰਟ ਦੀ ਕਰੀਏ।ਪਰ ਇਹ ਸੈਂਟਰ ਗੌਰਮਿੰਟ ਦੇ ਦੁਆਲੇ ਹੋ ਜਾਂਦੇ ਹਨ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼, ਸੋਮ ਪ੍ਰਕਾਸ਼ ਜੀ ਨੂੰ ਬੋਲ ਲੈਣ ਦਿਉ।

**ਸ਼੍ਰੀ ਸੋਮ ਪ੍ਰਕਾਸ਼ :** ਪਹਿਲਾਂ ਹਾਊਸ ਵਿੱਚ ਇਨ੍ਹਾਂ ਨੇ ਉਠ ਕੇ ਕਿਹਾ ਸੀ ਕਿ ਸਾਡੇ ਮੁੱਖ ਮੰਤਰੀ ਜੀ ਨੇ ਵਿਸ਼ਾਲ ਹਿਰਦੇ ਨਾਲ ਕਿਹਾ ਹੈ ਕਿ ਅਸੀਂ ਰਿਜ਼ਰਵੇਸ਼ਨ ਐਕਟ ਲਾਗੂ ਕਰਾਂਗੇ ਔਰ 33 ਪ੍ਰਤੀਸ਼ਤ ਰਿਜ਼ਰਵੇਸ਼ਨ ਦਿਆਂਗੇ ਪਰ ਕੀ ਉਹ ਐਕਟ ਲਿਆਂਦਾ ਗਿਆ? ਇਹ ਸਿਵਾਏ ਝੂਠ ਤੋਂ ਕੁਝ ਨਹੀਂ ਬੋਲਦੇ। ਹੁਣ ਇਹ ਠੰਢੇ ਹੋ ਕੇ ਬੈਠ ਗਏ ਹਨ। ਇਹ ਚਾਰ ਮੰਤਰੀ ਹਨ ਅਤੇ ਇੱਕ ਸ਼ਬਦ ਵੀ ਨਹੀਂ ਬੋਲਦੇ। (ਵਿਘਨ...ਸ਼ੋਰ)

**ਸ਼੍ਰੀ ਸੋਮ ਪ੍ਰਕਾਸ਼:** ਇਹ ਗਲਤ ਟਿੱਪਣੀ ਕਰਦੇ ਹਨ।

**ਮਾਨਯੋਗ ਸਪੀਕਰ:** ਬੈਠੋ, ਪਲੀਜ਼, ਬੈਠੋ, ਪਲੀਜ਼ ਸਾਰੇ ਬੈਠੋ। ਮੈਂ ਹਾਊਸ ਨੂੰ ਅਪੀਲ ਕਰਨੀ ਚਾਹੁੰਦਾ ਹਾਂ। ਮੇਰੀ ਗੱਲ ਸੁਣੋ । (ਵਿਘਨ..ਸ਼ੋਰ) ਮੈਂ ਹਾਊਸ ਨੂੰ ਅਪੀਲ ਕਰਨੀ ਚਾਹੁੰਦਾ ਹਾਂ ਕਿ ਨਵੀਆਂ ਰਵਾਇਤਾਂ ਨਾ ਪਾਉ। ਮੈਂ ਸਹਿਮਤ ਹਾਂ ਕਿ ਇਹ ਬੜਾ ਸੰਜੀਦਾ ਮਸਲਾ ਹੈ । ਪਹਿਲਾਂ ਤਾਂ ਮੈਂ ਇਸ ਗੱਲ ਉਤੇ ਹਾਊਸ ਦੀ ਸਹਿਮਤੀ ਲੈਣੀ ਚਾਹੁੰਦਾ ਹਾਂ ਕਿ ਜੇ ਹਾਊਸ ਸਹਿਮਤ ਹੈ ਤਾਂ ਅਸੀਂ ਇਸ ਦਾ ਮਤਾ ਪਾ ਕੇ ਕੇਂਦਰ ਸਰਕਾਰ ਨੂੰ ਭੇਜੀਏ ।

## RESOLUTION REGARDING CONDEMNING THE CENTRAL GOVERNMENT FOR NOT PLEADING THE SCHEDULED CASTES AND SCHEDULED TRIBES (PREVENTION OF ATROCITIES) ACT, 1989 ADEQUATELY AND URGING THE CENTRAL GOVERNMENT TO ANNUL/REVIEW THE SAME IN ORDER TO PROTECT THEIR RIGHTS

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

> " ਕਿ ਇਹ ਸਦਨ ਮਾਨਯੋਗ ਸੁਪਰੀਮ ਕੋਰਟ ਵਲੋਂ Scheduled Castes and Scheduled Tribes (Prevention of Atrocities) Act, 1989 ਸਬੰਧੀ ਦਿੱਤੇ ਫੈਸਲੇ ਅਧੀਨ ਜੋ ਐਸ.ਸੀ./ਐਸ.ਟੀ. ਲੋਕਾਂ ਨੂੰ ਭਾਰਤ ਦੇ ਸੰਵਿਧਾਨ ਅਧੀਨ ਦਿੱਤੇ ਗਏ ਅਧਿਕਾਰਾਂ ਦੀ ਰਖਵਾਲੀ ਦਾ ਹਨਨ ਹੋਇਆ ਹੈ, ਕੇਂਦਰ ਸਰਕਾਰ ਵਲੋਂ ਇਸ ਐਕਟ ਸਬੰਧੀ ਮਾਨਯੋਗ ਸੁਪਰੀਮ ਕੋਰਟ ਵਿਚ ਸਹੀ ਪੈਰਵੀ ਨਾ ਕਰਨ ਲਈ ਘੋਰ ਨਿੰਦਾ ਕਰਦਾ ਹੈ ਅਤੇ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਕੇਂਦਰ ਸਰਕਾਰ ਵਲੋਂ ਜਾਂ ਤਾਂ ਇਸ ਫੈਸਲੇ ਵਿਰੁੱਧ ਸਹੀ ਤਰੀਕੇ ਨਾਲ ਪੈਰਵੀ ਕਰਕੇ ਇਸ ਫੈਸਲੇ ਨੂੰ ਰੱਦ ਕਰਵਾਉਣ ਲਈ ਅਪੀਲ ਕੀਤੀ ਜਾਵੇ ਜਾਂ Scheduled Castes and Scheduled Tribes (Prevention of Atrocities) Act, 1989 ਵਿਚ ਬਣਦੀ ਸੋਧਨਾ ਕੀਤੀ ਜਾਵੇ, ਤਾਂ ਕਿ ਐਸ.ਸੀ./ਐਸ.ਟੀ. ਲੋਕਾਂ ਦੇ ਹੱਕ ਪਹਿਲਾਂ ਦੀ ਤਰ੍ਹਾਂ ਸੁਰੱਖਿਅਤ ਰਹਿਣ।"

**ਡਾਕਟਰ ਰਾਜ ਕੁਮਾਰ ਵੇਰਕਾ:** ਸਪੀਕਰ ਸਾਹਿਬ, ਇਹ ਸਾਰੇ ਦੇਸ਼ ਵਿਚ ਚਿੰਤਾ ਦਾ ਮਸਲਾ ਹੈ, ਇਸ ਨੂੰ ਯੂਨਾਨੀਮਸਲੀ ਪਾਸ ਕਰੋ ਜੀ।

(**ਅਵਾਜ਼ਾਂ:** ਹਾਂ ਜੀ, ਸਾਰੇ ਸਹਿਮਤ ਹਾਂ। ਯੂਨਾਨੀਮਸਲੀ ਪਾਸ ਕਰੋ ਜੀ। )

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

"ਕਿ ਇਹ ਸਦਨ ਮਾਨਯੋਗ ਸੁਪਰੀਮ ਕੋਰਟ ਵਲੋਂ Scheduled Castes and Scheduled Tribes (Prevention of Atrocities) Act, 1989 ਸਬੰਧੀ ਦਿੱਤੇ ਫੈਸਲੇ ਅਧੀਨ ਜੋ ਐਸ.ਸੀ./ਐਸ.ਟੀ. ਲੋਕਾਂ ਨੂੰ ਭਾਰਤ ਦੇ ਸੰਵਿਧਾਨ ਅਧੀਨ ਦਿੱਤੇ ਗਏ ਅਧਿਕਾਰਾਂ ਦੀ ਰਖਵਾਲੀ ਦਾ ਹਨਨ ਹੋਇਆ ਹੈ, ਕੇਂਦਰ ਸਰਕਾਰ ਵਲੋਂ ਇਸ ਐਕਟ ਸਬੰਧੀ ਮਾਨਯੋਗ ਸੁਪਰੀਮ ਕੋਰਟ ਵਿਚ ਸਹੀ ਪੈਰਵੀ ਨਾ ਕਰਨ ਲਈ ਘੋਰ ਨਿੰਦਾ ਕਰਦਾ ਹੈ ਅਤੇ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਕੇਂਦਰ ਸਰਕਾਰ ਵਲੋਂ ਜਾਂ ਤਾਂ ਇਸ ਫੈਸਲੇ ਵਿਰੁੱਧ ਸਹੀ ਤਰੀਕੇ ਨਾਲ ਪੈਰਵੀ ਕਰਕੇ ਇਸ ਫੈਸਲੇ ਨੂੰ ਰੱਦ ਕਰਵਾਉਣ ਲਈ ਅਪੀਲ ਕੀਤੀ ਜਾਵੇ ਜਾਂ Scheduled Castes and Scheduled Tribes (Prevention of Atrocities) Act, 1989 ਵਿਚ ਬਣਦੀ ਸੋਧਨਾ ਕੀਤੀ ਜਾਵੇ, ਤਾਂ ਕਿ ਐਸ.ਸੀ./ਐਸ.ਟੀ. ਲੋਕਾਂ ਦੇ ਹੱਕ ਪਹਿਲਾਂ ਦੀ ਤਰ੍ਹਾਂ ਸੁਰੱਖਿਅਤ ਰਹਿਣ।"

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

"ਕਿ ਇਹ ਸਦਨ ਮਾਨਯੋਗ ਸੁਪਰੀਮ ਕੋਰਟ ਵਲੋਂ Scheduled Castes and Scheduled Tribes (Prevention of Atrocities) Act, 1989 ਸਬੰਧੀ ਦਿੱਤੇ ਫੈਸਲੇ ਅਧੀਨ ਜੋ ਐਸ.ਸੀ./ਐਸ.ਟੀ. ਲੋਕਾਂ ਨੂੰ ਭਾਰਤ ਦੇ ਸੰਵਿਧਾਨ ਅਧੀਨ ਦਿੱਤੇ ਗਏ ਅਧਿਕਾਰਾਂ ਦੀ ਰਖਵਾਲੀ ਦਾ ਹਨਨ ਹੋਇਆ ਹੈ, ਕੇਂਦਰ ਸਰਕਾਰ ਵਲੋਂ ਇਸ ਐਕਟ ਸਬੰਧੀ ਮਾਨਯੋਗ ਸੁਪਰੀਮ ਕੋਰਟ ਵਿਚ ਸਹੀ ਪੈਰਵੀ ਨਾ ਕਰਨ ਲਈ ਘੋਰ ਨਿੰਦਾ ਕਰਦਾ ਹੈ ਅਤੇ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਕੇਂਦਰ ਸਰਕਾਰ ਵਲੋਂ ਜਾਂ ਤਾਂ ਇਸ ਫੈਸਲੇ ਵਿਰੁੱਧ ਸਹੀ ਤਰੀਕੇ ਨਾਲ ਪੈਰਵੀ ਕਰਕੇ ਇਸ ਫੈਸਲੇ ਨੂੰ ਰੱਦ ਕਰਵਾਉਣ ਲਈ ਅਪੀਲ ਕੀਤੀ ਜਾਵੇ ਜਾਂ Scheduled Castes and Scheduled Tribes (Prevention of Atrocities) Act, 1989 ਵਿਚ ਬਣਦੀ ਸੋਧਨਾ ਕੀਤੀ ਜਾਵੇ, ਤਾਂ ਕਿ ਐਸ.ਸੀ./ਐਸ.ਟੀ. ਲੋਕਾਂ ਦੇ ਹੱਕ ਪਹਿਲਾਂ ਦੀ ਤਰ੍ਹਾਂ ਸੁਰੱਖਿਅਤ ਰਹਿਣ।"

*ਮਤਾ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ:** ਦੂਸਰੀ ਗੱਲ, ਮੈਂ ਹਾਊਸ ਨੂੰ ਇਹ ਵੀ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਸਾਰੇ ਇਸ ਮੁੱਦੇ ਤੇ ਬਹੁਤ ਸੰਜੀਦਾ ਹੋ, ਲੇਕਿਨ ਚੰਗਾ ਹੁੰਦਾ ਜੇਕਰ ਤੁਸੀਂ ਇਸ ਮੁੱਦੇ ਤੇ ਕਾਲ ਅਟੈਨਸ਼ਨ ਲੈ ਕੇ ਆਉਂਦੇ। ਸਦਨ ਵਿਚ ਇਸ ਤਰ੍ਹਾਂ ਨਹੀਂ ਹੁੰਦਾ ਕਿ ਜਦ ਮਰਜ਼ੀ ਜਿਹੜਾ ਮਰਜ਼ੀ ਇਸ਼ੂ ਚੁੱਕ ਲਈਏ। (ਵਿਘਨ..ਸ਼ੋਰ) ਇਥੇ ਹਰ ਚੀਜ਼ ਦਾ ਕੋਈ ਦਸਤੂਰ ਹੈ ਔਰ ਇਹ ਦਸਤੂਰ ਤੁਹਾਡੇ ਹੀ ਬਣਾਏ ਹੋਏ ਹਨ। ਹੁਣ ਅਸੀਂ ਅੱਗੇ ਚੱਲਣਾ ਹੈ, ਇਸ ਲਈ ਹੁਣ ਕੋਈ ਡਿਸਟਰਬ ਨਹੀਂ ਕਰੇਗਾ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

---------

## CALL ATTENTION NOTICES UNDER RULE 66
**(ਕ੍ਰਮ ਨੰ: 23)**

**ਮਾਨਯੋਗ ਸਪੀਕਰ:** ਸਰਦਾਰ ਕੁਲਤਾਰ ਸਿੰਘ ਸੰਧਵਾਂ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਪੇਸ਼ ਕਰੋ। ਹੁਣ ਹੋਰ ਕੋਈ ਨਹੀਂ ਬੋਲੇਗਾ। (ਵਿਘਨ...ਸ਼ੋਰ) ਮੈਂ ਆਪਣਾ ਡਿਸਪਲੀਅਰ ਦੇ ਦਿੱਤਾ ਹੈ, ਹੁਣ ਅੱਗੇ ਚੱਲਣ ਦਿਉ। ਪਲੀਜ਼, ਸਾਰੇ ਬੈਠੋ । ਇਹ ਦਸਤੂਰ ਤੁਹਾਡੇ ਹੀ ਬਣਾਏ ਹੋਏ ਹਨ। ਖਹਿਰਾ ਸਾਹਿਬ, ਪਲੀਜ਼ ਬੈਠੋ। ਮੇਰੀ ਪ੍ਰਾਰਥਨਾ ਮੰਨੋ ਜੀ। ਹੁਣ ਸਰਦਾਰ ਕੁਲਤਾਰ ਸਿੰਘ ਜੀ ਨੂੰ ਬੋਲਣ ਦਿਓ। ਤੁਸੀਂ ਅੱਗੇ ਬੋਲ ਲੈਣਾ, ਮੈਂ ਤੁਹਾਨੂੰ ਬੋਲਣ ਲਈ ਪੂਰਾ ਮੌਕਾ ਦਿਆਂਗਾ, ਤੁਸੀਂ ਅੱਗੇ ਬੋਲ ਲੈਣਾ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ, ਹਾਂ ਜੀ, ਕੁਲਤਾਰ ਸਿੰਘ ਜੀ ਤੁਸੀਂ ਆਪਣੀ ਕਾਲ ਅਟੈਂਸ਼ਨ ਪੇਸ਼ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਤੋਂ ਪਹਿਲਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਐਸ.ਸੀ./ਐਸ.ਟੀ. ਮੁੱਦੇ ਉੱਤੇ ਪੰਜਾਬ ਸਰਕਾਰ ਵੀ ਫੇਲ੍ਹ ਹੋਈ ਹੈ। ਆਪਣੇ ਐਡਵੋਕੇਟ ਜਨਰਲ ਨੇ ਇਸ ਉੱਤੇ ਪ੍ਰਾਪਰ ਕਾਰਵਾਈ ਨਹੀਂ ਕੀਤੀ (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਕਾਲ ਅਟੈਨਸ਼ਨ ਉਤੇ ਗੱਲ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਮੈਂ ਕਾਲ ਅਟੈਨਸ਼ਨ ਉਤੇ ਹੀ ਗੱਲ ਕਰਾਂਗਾ ਜੀ। ਲੇਕਿਨ ਵਿਧਾਨ ਸਭਾ ਦੇ ਰਿਕਾਰਡ ਵਿਚ ਸਾਡੇ ਵਲੋਂ ਇਹ ਦਰਜ ਕੀਤਾ ਜਾਵੇ ਕਿ ਪੰਜਾਬ ਸਰਕਾਰ ਦਲਿਤਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਵਿਚ ਫੇਲ੍ਹ ਹੋਈ ਹੈ।

**ਮਾਨਯੋਗ ਸਪੀਕਰ:** ਕੁਲਤਾਰ ਸਿੰਘ ਜੀ, ਤੁਸੀਂ ਕਾਲ ਅਟੈਨਸ਼ਨ ਪੜ੍ਹਨੀ ਹੈ, ਉਹ ਪੜ੍ਹੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਹੁਣ ਮੈਂ ਕਾਲ ਅਟੈਨਸ਼ਨ ਦੇ ਸਬੰਧ ਵਿਚ ਹੀ ਗੱਲ ਕਰਨੀ ਚਾਹੁੰਦਾ ਹਾਂ। ਮਾਨਯੋਗ ਸਪੀਕਰ ਸਾਹਿਬ, ਐਜੂਕੇਸ਼ਨ ਤੇ ਹੈਲਥ ਕਿਸੇ ਵੀ ਸੁਸਾਇਟੀ ਦੇ ਦੋ ਅਹਿਮ ਸੋਮੇ ਹੁੰਦੇ ਹਨ। ਜੇਕਰ ਆਪਾਂ ਪੂਰਾ ਜ਼ੋਰ ਲਗਾ ਕੇ ਇਨ੍ਹਾਂ ਸੋਮਿਆਂ ਨੂੰ ਤਕੜਾ ਕਰ ਦੇਈਏ ਤਾਂ ਆਪਣੀ ਸਾਰੀ ਸੁਸਾਇਟੀ ਤਕੜੀ ਹੋ ਜਾਵੇਗੀ। ਕੇਂਦਰ ਸਰਕਾਰ ਨੇ ਵੀ ਇੱਕ ਬੜੀ ਵਧੀਆ ਸਕੀਮ ਬਣਾਈ ਹੈ।

**ਮਾਨਯੋਗ ਸਪੀਕਰ:** ਸੰਧਵਾਂ ਸਾਹਿਬ, ਕਾਲ ਅਟੈਂਸ਼ਨ ਪੜ੍ਹਨੀ ਹੁੰਦੀ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਇਸ ਦਾ ਨਾਂ Revitalising Infrastructure and Systems in Eductaion ਹੈ। ਮੈਂ ਅੰਗਰੇਜ਼ੀ ਵਿਚ ਵੀ ਪੜ੍ਹ ਸਕਦਾ ਹਾਂ ਅਤੇ ਪੰਜਾਬੀ ਵਿਚ ਵੀ ਪੜ੍ਹ ਸਕਦਾ ਹਾਂ। ਲੇਕਿਨ ਇਸ ਦਾ ਨਾਂ ਅੰਗਰੇਜ਼ੀ ਵਿਚ ਹੈ। Revitalising Infrastructure and Systems in Eductaion ਇਸ ਦੇ ਉੱਤੇ ਕੇਂਦਰ ਸਰਕਾਰ ਨੇ ਲਗਭਗ ਇੱਕ ਲੱਖ ਕਰੋੜ ਰੁਪਏ ਦਾ ਪ੍ਰਾਵਧਾਨ ਰੱਖਿਆ ਹੈ। ਚਾਰ ਸਾਲਾਂ ਵਿੱਚ ਐਜੂਕੇਸ਼ਨ ਦੇ ਖੇਤਰ ਵਿਚ ਇੱਕ ਲੱਖ ਕਰੋੜ ਰੁਪਿਆ ਖਰਚ ਹੋਣਾ ਹੈ। ਪਰ ਕੀ ਪੰਜਾਬ ਸਰਕਾਰ ਨੇ ਡਿਜੀਟਾਈਲਾਈਜੇਸ਼ਨ ਐਜੂਕੇਸ਼ਨ ਬਾਰੇ ਕੋਈ ਸਕੀਮ ਬਣਾਈ ਹੈ? ਆਪਾਂ ਅਜੇ ਤੱਕ ਬਲੈਕ ਬੋਰਡ ਤੇ ਹੀ ਤੁਰੇ ਫਿਰਦੇ ਹਾਂ, ਸਾਡੇ ਪ੍ਰਾਈਵੇਟ ਸਕੂਲਾਂ ਵਿਚ ਤਾਂ ਡਿਜੀਟਲਾਈਜ਼ਡ ਸਿਸਟਮ ਸ਼ੁਰੂ ਹੋ ਗਿਆ ਹੈ।

**ਮਾਨਯੋਗ ਸਪੀਕਰ:** ਤੁਸੀਂ ਕਾਲ ਅਟੈਂਸ਼ਨ ਪੜ੍ਹੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਭਾਰਤ ਸਰਕਾਰ ਦੀ ਰਾਈਸ (RISE) ਸਕੀਮ ਹੈ, ਜਿਸ ਤੇ 1 ਲੱਖ ਕਰੋੜ ਰੁਪਏ ਖਰਚ ਕੀਤੇ ਜਾਣੇ ਹਨ। ਰਾਜ ਸਰਕਾਰਾਂ ਵਲੋਂ ਇਸ ਸਬੰਧੀ ਪ੍ਰਾਜੈਕਟ ਕੇਂਦਰ ਸਰਕਾਰ ਨੂੰ ਭੇਜਣੇ ਹਨ ਪਰ ਪੰਜਾਬ ਸਰਕਾਰ ਵਲੋਂ ਇਸ ਸਕੀਮ ਅਧੀਨ ਕੋਈ ਪ੍ਰਾਜੈਕਟ ਕੇਂਦਰ ਸਰਕਾਰ ਨੂੰ ਨਹੀਂ ਭੇਜਿਆ, ਜਿਸ ਕਾਰਨ ਕੇਂਦਰ ਸਰਕਾਰ ਤੋਂ ਮਿਲਣ ਵਾਲੇ ਕਰੋੜਾਂ ਰੁਪਏ ਦੀ ਗਰਾਂਟ ਰਾਜ ਸਰਕਾਰ ਨੂੰ ਨਹੀਂ ਮਿਲੇਗੀ। ਇਸ ਨਾਲ ਲੱਖਾਂ ਗਰੀਬ ਬੱਚਿਆਂ ਦੀ ਸਿੱਖਿਆ ਸਹੂਲਤਾਂ ਵਿਚ ਸੁਧਾਰ ਹੋਣਾ ਹੈ ਅਤੇ ਲੱਖਾਂ ਗਰੀਬ ਬੱਚਿਆਂ ਦੀ ਸਿੱਖਿਆ ਨਾਲ ਜੁੜਿਆ ਇਹ ਅਹਿਮ ਮਾਮਲਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਮਾਨਯੋਗ ਸਪੀਕਰ:** ਹੁਣ ਮੰਤਰੀ ਜੀ ਜਵਾਬ ਦੇਣਗੇ।

**ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ (ਸ਼੍ਰੀਮਤੀ ਅਰੁਨਾ ਚੌਧਰੀ):** ਸਪੀਕਰ ਸਾਹਿਬ, ਕੇਂਦਰ ਸਰਕਾਰ ਦੇ ਵਿੱਤ ਮੰਤਰੀ ਜੀ ਵੱਲੋਂ ਸਾਲ 2018-19 ਦਾ ਬਜਟ ਪੇਸ਼ ਕਰਦੇ ਹੋਏ ਮਿਤੀ 01.02.2018 ਨੂੰ ਉਚੇਰੀ ਸਿੱਖਿਆ ਸਬੰਧੀ ਇਹ ਸਕੀਮ, ਜਿਸ ਦਾ ਨਾਂ Revitalising Infrastructure and Systems in Eductaion ਹੈ, ਦੀ ਘੋਸ਼ਣਾ ਕੀਤੀ ਗਈ ਹੈ। ਇਹ ਸਕੀਮ ਕੇਂਦਰ ਸਰਕਾਰ ਦੇ ਬਜਟ ਦਾ ਹਿੱਸਾ ਹੈ । ਇਸ ਸਕੀਮ ਅਧੀਨ ਅਗਲੇ ਚਾਰ ਸਾਲਾਂ ਵਿਚ ਇੱਕ ਲੱਖ ਕਰੋੜ ਰੁਪਏ ਦਾ ਨਿਵੇਸ਼ ਕਰਨ ਦਾ ਜ਼ਿਕਰ ਕੀਤਾ ਗਿਆ ਹੈ।ਲੋਕ ਸਭਾ ਵਲੋਂ ਮਿਤੀ 14 ਮਾਰਚ, 2018 ਨੂੰ ਬਜਟ ਪਾਸ ਕੀਤਾ ਗਿਆ ਹੈ ਅਤੇ ਹੁਣ ਇਹ ਰਾਜ ਸਭਾ ਨੂੰ ਭੇਜਿਆ ਜਾਵੇਗਾ। ਉਸ ਉਪਰੰਤ ਮਾਨਯੋਗ ਰਾਸ਼ਟਰਪਤੀ ਜੀ ਦੀ ਮਨਜ਼ੂਰੀ ਪ੍ਰਾਪਤ ਹੋਣ ਤੋਂ ਬਾਅਦ ਹੀ ਇਹ ਸਕੀਮ ਲਾਗੂ ਹੋਵੇਗੀ। ਫਿਰ ਉਸ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਇਸ ਸਕੀਮ ਦੀਆਂ ਗਾਈਡਲਾਈਨਜ਼ ਭੇਜੀਆਂ ਜਾਣਗੀਆਂ। ਉਨ੍ਹਾਂ ਗਾਈਡਲਾਈਨਜ਼ ਦੇ ਆਧਾਰ ਤੇ ਹੀ ਪੰਜਾਬ ਸਰਕਾਰ ਵਲੋਂ ਇਸ ਸਬੰਧੀ ਕੇਂਦਰ ਸਰਕਾਰ ਨੂੰ ਕੋਈ ਪ੍ਰਾਜੈਕਟ ਭੇਜਣ ਤੇ ਵਿਚਾਰ ਕੀਤਾ ਜਾ ਸਕੇਗਾ। ਹਾਲੇ ਗਾਈਡਲਾਈਨਜ਼ ਨਹੀਂ ਆਈਆਂ ਹਨ, ਸੋ ਇਸ ਵੇਲੇ ਪ੍ਰਾਜੈਕਟ ਭੇਜਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਜੇਕਰ ਗਾਈਡਲਾਈਨਜ਼ ਆ ਜਾਂਦੀਆਂ ਹਨ ਤਾਂ ਕੀ ਸਰਕਾਰ ਇਸ ਮੁੱਦੇ ਤੇ ਸੰਜੀਦਗੀ ਦਿਖਾਉਂਦੇ ਹੋਏ ਕੋਈ ਟਾਈਮ ਲਾਈਨ ਫ੍ਰੇਮ ਕਰੇਗੀ? ਕੀ ਰਾਜ ਮੰਤਰੀ ਜੀ ਇਸ ਬਾਰੇ ਸਦਨ ਵਿਚ ਕੋਈ ਆਸ਼ਵਾਸਨ ਦੇਣਗੇ?

**ਰਾਜ ਮੰਤਰੀ :** ਸਪੀਕਰ ਸਾਹਿਬ, ਅਸੀਂ ਆਪ ਇਸ ਬਾਰੇ ਬਹੁਤ ਜ਼ਿਆਦਾ ਸੰਜੀਦਾ ਹਾਂ, ਕਿਉਂਕਿ ਹਾਇਰ ਐਜੂਕੇਸ਼ਨ ਵਿੱਚ ਇਸ ਦੀ ਸਥਾਪਨਾ ਹੋਣ ਨਾਲ ਕਾਫੀ ਫੰਡਜ਼ ਮਿਲ ਸਕਦੇ ਹਨ। ਬੇਸੀਕਲੀ ਇਹ ਇੱਕ ਲੋਨਿੰਗ ਸਕੀਮ ਹੈ। ਪੰਜਾਬ ਸਰਕਾਰ ਵਲੋਂ ਇਸ ਸਕੀਮ ਅਧੀਨ ਕੇਂਦਰ ਸਰਕਾਰ ਨੂੰ ਪ੍ਰਾਜੈਕਟ ਭੇਜਣ ਦਾ ਇਸ ਵੇਲੇ ਸਵਾਲ ਹੀ ਨਹੀਂ ਉਠਦਾ ਪਰ ਜਦੋਂ ਹੀ ਇਹ ਗਾਈਡਲਾਈਨਜ਼ ਕਲੀਅਰ ਹੋ ਜਾਣਗੀਆਂ, ਉਦੋਂ ਅਸੀਂ ਜ਼ਰੂਰ ਇਸ ਦਾ ਫਾਇਦਾ ਉਠਾਵਾਂਗੇ ਅਤੇ ਪ੍ਰਾਜੈਕਟ ਕੇਂਦਰ ਸਰਕਾਰ ਨੂੰ ਭੇਜਾਂਗੇ।

---------

**(ਕ੍ਰਮ ਨੰ: 25)**

1. **ਸਰਦਾਰ ਹਰਪਾਲ ਸਿੰਘ ਚੀਮਾ**
2. **ਸ਼੍ਰੀ ਬੁੱਧ ਰਾਮ**
3. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ;** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਬਹੁਤ ਸਾਰੇ ਪਿੰਡਾਂ ਅਤੇ ਕਸਬਿਆਂ ਵਿੱਚ ਹੱਡਾ ਰੋੜੀਆਂ ਲਈ ਛੱਡੇ ਗਏ ਸਥਾਨ ਅਬਾਦੀ ਵਧਣ ਕਾਰਨ ਅਬਾਦੀਆਂ ਵਿੱਚ ਆ ਚੁੱਕੇ ਹਨ। ਹੱਡਾ ਰੋੜੀਆਂ ਵਿੱਚ ਅਵਾਰਾ ਕੁੱਤੇ ਆਮ ਹੀ ਬੈਠੇ ਰਹਿੰਦੇ ਹਨ, ਜਿਨ੍ਹਾਂ ਤੋਂ ਡਰਦੇ ਔਰਤਾਂ, ਬੱਚੇ ਅਤੇ ਬਜ਼ੁਰਗ ਉਥੋਂ ਨਹੀਂ ਲੰਘਦੇ।ਹਾਲ ਹੀ ਵਿੱਚ ਬਹੁਤ ਸਾਰੀਆਂ ਘਟਨਾਵਾਂ ਹੋ ਚੁੱਕੀਆਂ ਹਨ, ਜਦੋਂ ਅਵਾਰਾ ਕੁੱਤਿਆਂ ਨੇ ਬੱਚਿਆਂ ਅਤੇ ਔਰਤਾਂ ਨੂੰ ਨੋਚ ਨੋਚ ਕੇ ਖਾ ਲਿਆ। ਲੋਕਾਂ ਦੀ ਮੰਗ ਹੈ ਕਿ ਅਬਾਦੀ ਵਿਚ ਆਈਆਂ ਹੱਡਾ ਰੋੜੀਆਂ ਨੂੰ ਅਬਾਦੀਆਂ ਤੋਂ ਦੂਰ ਬਦਲਣਾ ਚਾਹੀਦਾ ਹੈ ਤਾਂ ਕਿ ਬੱਚੇ, ਬਜ਼ੁਰਗ ਅਤੇ ਔਰਤਾਂ ਅਵਾਰਾ ਕੁੱਤਿਆਂ ਦਾ ਸ਼ਿਕਾਰ ਨਾ ਹੋਣ।

ਮਾਮਲੇ ਦੇ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸਪੀਕਰ ਸਾਹਿਬ, ਜਿਹੜਾ ਮੈਂਬਰ ਸਾਹਿਬ ਨੇ ਮਤਾ ਲਿਆਂਦਾ ਹੈ, ਇਹ ਬਹੁਤ ਵਧੀਆ ਹੈ। ਇਹ ਪ੍ਰਾਬਲਮ ਇਸ ਵੇਲੇ ਸਾਰੇ ਪੰਜਾਬ ਵਿੱਚ ਹੈ। ਪਹਿਲਾਂ ਹੱਡਾ ਰੋੜੀ ਪਿੰਡ ਤੋਂ ਦੂਰ ਹੁੰਦੀ ਸੀ। ਜਿਉਂ ਜਿਉਂ ਵਸੋਂ ਵਧੀ ਤਿਉਂ ਤਿਉਂ ਹੱਡਾ ਰੋੜੀ ਪਿੰਡਾਂ ਵਿੱਚ ਆਉਣੀ ਸ਼ੁਰੂ ਹੋ ਗਈ। ਹਰ ਪਿੰਡ ਵਾਲਾ ਇਸ ਤੋਂ ਪਰੇਸ਼ਾਨ ਹੈ ਪਰ ਇਸ ਤੋਂ ਬਿਨਾਂ ਗੁਜ਼ਾਰਾ ਵੀ ਨਹੀਂ ਹੈ। ਡੰਗਰ ਮਰਨੇ ਵੀ ਹਨ ਅਤੇ ਕਿਸੇ ਨੇ ਸਾਂਭਣੇ ਵੀ ਹਨ। ਸਾਡੇ ਡਿਪਾਰਟਮੈਂਟ ਨੇ ਇਸ ਸਬੰਧੀ ਤਿੰਨ ਰੈਂਟਿੰਗ ਪਲਾਂਟ ਲਗਾਉਣ ਦਾ ਪ੍ਰੋਗਰਾਮ ਬਣਾਇਆ ਹੈ। ਜਿਨ੍ਹਾਂ ਵਿਚੋਂ ਇਕ ਪਟਿਆਲਾ, ਦੂਜਾ ਅੰਮ੍ਰਿਤਸਰ ਅਤੇ ਤੀਜਾ ਜਲੰਧਰ ਵਿਖੇ ਲੱਗੇਗਾ। ਸਾਡਾ ਡਿਪਾਰਟਮੈਂਟ ਇਸ ਬਾਰੇ ਪਹਿਲਾਂ ਯੂ.ਪੀ. ਅਤੇ ਦਿੱਲੀ ਵਿਖੇ ਸਟੱਡੀ ਕਰਕੇ ਆਇਆ ਹੈ। ਇਹ ਬੜਾ ਵਧੀਆ ਪਲਾਨ ਹੈ ਅਤੇ ਇਸ ਨਾਲ ਲੋਕਾਂ ਦੀ ਜਾਨ ਸੌਖੀ ਹੋਵੇਗੀ। ਅਸੀਂ ਇਹ ਪਲਾਂਟ ਛੇਤੀ ਹੀ ਲਗਭੱਗ 5-6 ਮਹੀਨਿਆਂ ਵਿੱਚ ਸ਼ਹਿਰਾਂ ਵਿੱਚ ਲਗਾ ਦੇਵਾਂਗੇ ਅਤੇ ਉਸ ਤੋਂ ਬਾਅਦ ਅਗਲੀ ਕਾਰਵਾਈ ਕਰਾਂਗੇ।

**ਸਰਦਾਰ ਹਰਪਾਲ ਸਿੰਘ ਚੀਮਾ** : ਸਪੀਕਰ ਸਾਹਿਬ, ਇਸ ਵੇਲੇ ਪਿੰਡਾਂ ਵਿੱਚ ਕੀ ਪੁਜ਼ੀਸ਼ਨ ਹੈ, ਜੇਕਰ 15-20 ਪਿੰਡਾਂ ਦਾ ਕਲੱਸਟਰ ਬਣਾ ਲਿਆ ਜਾਵੇ ਤਾਂ ਇਸ ਨਾਲ ਵਧੀਆ ਹੋਵੇਗਾ। ਦੂਜਾ, ਮੇਰੇ ਹਲਕੇ ਵਿੱਚ ਪਿੰਡ ਗੁੱਜਰਾਂ, ਰੋਵੜਾਂ, ਰੋਪੜ ਅਤੇ ਘਨੌਲੀ ਤੋਂ ਜਦੋਂ ਆਪਾਂ ਸ਼੍ਰੀ ਅਨੰਦਪੁਰ ਸਾਹਿਬ ਨੂੰ ਜਾਂਦੇ ਹਾਂ ਤਾਂ ਉਥੇ ਹੱਡਾ ਰੋੜੀ ਮੇਨ ਰੋਡ ਤੇ ਹੋਣ ਕਰਕੇ ਲੋਕਾਂ ਨੂੰ ਬਹੁਤ ਵੱਡੀ ਪ੍ਰਾਬਲਮ ਆ ਰਹੀ ਹੈ।

**ਮਾਨਯੋਗ ਸਪੀਕਰ** : ਚੀਮਾ ਸਾਹਿਬ, ਕਾਲ ਅਟੈਂਸ਼ਨ ਵਿੱਚ ਇਕ ਹੀ ਜਵਾਬ ਮਿਲਦਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ** : ਨਹੀਂ ਸਰ, ਮੈਂ ਸਿਰਫ ਇੰਨਾ ਜਾਣਨਾ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਇਹ ਕਲੱਸਟਰ ਕਦੋਂ ਤੱਕ ਬਣ ਜਾਣਗੇ ਤਾਂ ਕਿ ਇਹ ਹੱਡਾ ਰੋੜੀਆਂ ਪਿੰਡਾਂ ਤੋਂ ਦੂਰ ਚਲੀਆਂ ਜਾਣ?

**ਮਾਨਯੋਗ ਸਪੀਕਰ** : ਮੰਤਰੀ ਜੀ, ਦੱਸ ਦਿਓ ਜੀ ਕਿ ਕਲੱਸਟਰ ਬਣਾਉਣੇ ਪਾਸੀਬਲ ਹਨ ਕਿ ਨਹੀਂ?

**ਮੰਤਰੀ** : ਸਪੀਕਰ ਸਾਹਿਬ, ਕਲੱਸਟਰ ਬਣਾਉਣਾ ਹੈ ਜਾਂ ਨਵੀਂ ਥਾਂ ਦੇਣੀ ਹੈ। ਇਹ ਸਾਰਾ ਕੰਮ ਪੰਚਾਇਤ ਦਾ ਹੈ। ਪੰਚਾਇਤਾਂ ਪਿੰਡਾਂ ਤੋਂ ਦੂਰ ਕੋਈ ਜ਼ਮੀਨ ਦੇ ਕੇ ਹੱਡਾ ਰੋੜੀਆਂ ਨੂੰ ਉਥੇ ਲਿਜਾ ਸਕਦੀਆਂ ਹਨ। ਹੱਡਾਂ ਰੋੜੀਆਂ ਤੋਂ ਬਿਨਾਂ ਸੁਸਾਇਟੀ ਵਿੱਚ ਗੁਜ਼ਾਰਾ ਵੀ ਨਹੀਂ ਹੈ। ਡੰਗਰ ਮਰਦੇ ਰਹਿਣੇ ਹਨ ਅਤੇ ਕਿਸੇ ਨੇ ਸਾਂਭਣੇ ਵੀ ਹਨ। ਸਾਨੂੰ ਸਾਰਾ ਕੁਝ ਰਲ ਮਿਲ ਕੇ ਹੀ ਕਰਨਾ ਪਵੇਗਾ ਤਾਂ ਹੀ ਸੁਸਾਇਟੀ ਸਹੀ ਤਰੀਕੇ ਨਾਲ ਚੱਲੇਗੀ।

**ਮਾਨਯੋਗ ਸਪੀਕਰ** : ਵੈਸੇ ਇਹ ਹੱਡਾ ਰੋੜੀ ਨੈਸ਼ਨਲ ਹਾਈਵੇ ਤੇ ਹੈ। ਮੈਂ ਤੁਹਾਡੇ ਧਿਆਨ ਵਿੱਚ ਲਿਆ ਦੇਵਾਂ, ਰੋਪੜ-ਅਨੰਦਪੁਰ ਸਾਹਿਬ ਨੈਸ਼ਨਲ ਹਾਈਵੇ ਦੇ ਉੱਪਰ ਹੈ।ਇਸ ਦੀ ਲੋਕਾਂ ਨੂੰ ਬੜੀ ਪ੍ਰਾਬਲਮ ਹੈ। ਹੁਣ ਅਗਲੀ ਕਾਲ ਅਟੈਂਸ਼ਨ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਸਪੀਕਰ ਸਾਹਿਬ।

**ਮਾਨਯੋਗ ਸਪੀਕਰ** : ਕਾਲ ਅਟੈਂਸ਼ਨ ਵਿੱਚ ਨਹੀਂ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਇਸ ਕਾਲ ਅਟੈਂਸ਼ਨ ਵਿੱਚ ਮੇਰਾ ਨਾਂ ਲਿਖਿਆ ਹੋਇਆ ਹੈ ਜੀ।

**ਮਾਨਯੋਗ ਸਪੀਕਰ** : ਠੀਕ ਹੈ ਜੀ, ਬੋਲੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਮੇਰੇ ਪਿੰਡ ਕਾਉਂਕੇ ਕਲਾਂ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਕੰਧ ਹੱਡਾ ਰੋੜੀ ਨਾਲ ਸਾਂਝੀ ਹੈ। ਸਰਕਾਰ ਨੇ ਉਥੇ ਪ੍ਰੀ-ਪ੍ਰਾਇਮਰੀ ਕਲਾਸਿਜ਼ ਵੀ ਚਲਾ ਦਿੱਤੀਆਂ ਹਨ। ਹੁਣ ਤੱਕ ਕਿੰਨੇ ਹੀ ਟੀਚਰਜ਼ ਨੂੰ ਹੱਡਾ ਰੋੜੀ ਦੇ ਕੁੱਤੇ ਜ਼ਖਮੀ ਕਰ ਚੁੱਕੇ ਹਨ। ਕੀ ਸਰਕਾਰ ਇਸ ਹੱਡਾ ਰੋੜੀ ਨੂੰ ਉਥੋਂ ਚੁੱਕ ਕੇ ਕਿਤੇ ਦੂਰ ਲੈ ਕੇ ਜਾਵੇਗੀ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਪਿੰਡ ਦੀ ਪ੍ਰਾਬਲਮ ਨੂੰ ਸਟੱਡੀ ਕਰਵਾ ਲਵਾਂਗਾ।ਪਰ ਮੈਂ ਇਕ ਗੱਲ ਇਨ੍ਹਾਂ ਨੂੰ ਕਹਿਣਾ ਚਾਹਾਂਗਾ ਕਿ ਤੁਹਾਡੇ ਪਿੰਡ ਦੀ ਪੰਚਾਇਤ ਨੇ ਹੀ ਇਹ ਜਗ੍ਹਾ ਦੇਣੀ ਹੈ। ਪੰਚਾਇਤ ਜਿਥੇ ਜਗ੍ਹਾ ਦੇਵੇਗੀ, ਅਸੀਂ ਉਥੇ ਹੀ ਇਸ ਨੂੰ ਸ਼ਿਫਟ ਕਰਵਾ ਦੇਵਾਂਗੇ।

**ਸ਼੍ਰੀ ਬੁੱਧ ਰਾਮ:** ਸਪੀਕਰ ਸਾਹਿਬ, ਪਿਛਲੇ ਡੇਢ ਸਾਲ ਦੀ ਗੱਲ ਹੈ ਕਿ ਸੰਗਰੂਰ ਤੋਂ ਇਕ ਲੈਕਚਰਾਰ ਰਾਤ ਨੂੰ ਤਕਰੀਬਨ 7-8 ਵਜੇ ਬੱਸ ਸਟੈਂਡ ਤੋਂ ਹੋ ਕੇ ਆਪਣੇ ਪਿੰਡ ਨੂੰ ਜਾ ਰਿਹਾ ਸੀ। ਉਸ ਦਾ ਪਿੰਡ ਪੰਜ ਛੇ ਕਿਲੋਮੀਟਰ ਦੂਰ ਸੀ। ਉਸਦੇ ਰਾਹ ਵਿੱਚ ਹੱਡਾ ਰੋੜੀ ਪੈਂਦੀ ਸੀ। ਹੱਡਾ ਰੋੜੀ ਵਿੱਚ ਕੁੱਤਿਆਂ ਨੂੰ ਮਾਸ ਖਾਣ ਦੀ ਆਦਤ ਪੈ ਜਾਂਦੀ ਹੈ। ਉਨ੍ਹਾਂ ਮਾਸਖੋਰੇ ਕੁੱਤਿਆਂ ਨੇ ਉਸ ਲੈਕਚਰਾਰ ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਸਪੀਕਰ ਸਾਹਿਬ, ਜੇਕਰ ਕੋਈ ਬੰਦਾ ਕੁੱਤੇ ਨੂੰ ਮਾਰ ਦੇਵੇ ਜਾਂ ਉਸ ਤੇ ਹਮਲਾ ਕਰੇ ਤਾਂ ਉਸ ਵਿਅਕਤੀ ਖਿਲਾਫ ਕੇਸ ਦਰਜ ਹੋ ਜਾਂਦਾ ਹੈ।ਪਰ ਜਦੋਂ ਕੁੱਤੇ ਵਿਅਕਤੀਆਂ ਨੂੰ ਮਾਰ ਦਿੰਦੇ ਹਨ

ਤਾਂ ਉਸ ਦਾ ਕੋਈ ਹੱਲ ਨਹੀਂ ਹੈ ਜੀ। ਸੋ, ਮੇਰੀ ਬੇਨਤੀ ਹੈ ਕਿ ਜਿਹੜੀਆਂ ਇਹ ਹੱਡਾ ਰੋੜੀਆਂ ਹਨ, ਇਨ੍ਹਾਂ ਦੇ ਵਾਸਤੇ ਬਕਾਇਦਾ ਕੋਈ ਸਾਇੰਟੇਫਿਕ ਤਰੀਕੇ ਨਾਲ ਪ੍ਰਬੰਧ ਕਦੋਂ ਤੱਕ ਕਰਵਾ ਦਿਉਗੇ? ਦੂਜੀ ਗੱਲ, ਮੇਰੇ ਹਲਕੇ ਦਾ ਇਕ ਪਿੰਡ ਗੜੱਦੀ ਹੈ। ਉਸ ਦੀ ਅਬਾਦੀ ਦੇ ਵਿਚ ਹੀ ਹੱਡਾ ਰੋੜੀ ਹੈ, ਉਥੇ ਦੀ ਪੰਚਾਇਤ ਨੂੰ ਵੀ ਵਾਰ-ਵਾਰ ਇਸ ਸਬੰਧ ਵਿੱਚ ਕਿਹਾ ਗਿਆ ਹੈ ਪ੍ਰੰਤੂ ਉਹ ਪੰਚਾਇਤ ਇਸ ਬਾਰੇ ਕਿਸੇ ਕਿਸਮ ਦਾ ਕੋਈ ਹੱਲ ਨਹੀਂ ਕਰ ਰਹੀ, ਜਦੋਂ ਕਿ ਪੰਚਾਇਤ ਕੋਲ ਜ਼ਮੀਨ ਵੀ ਹੈ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਹੈ ਕਿ ਇਨ੍ਹਾਂ ਹੱਡਾ ਰੋੜੀਆਂ ਦਾ ਸਾਇੰਟੇਫਿਕ ਢੰਗ ਨਾਲ ਪ੍ਰਬੰਧ ਕਰਨ ਲਈ ਕੋਈ ਹੱਲ ਲੱਭਿਆ ਜਾਵੇ ਤਾਂ ਜੋ ਵਿਅਕਤੀਆਂ ਤੇ ਬੱਚਿਆਂ ਨੂੰ ਬਚਾਇਆ ਜਾ ਸਕੇ। ਅਖਬਾਰਾਂ ਵਿੱਚ ਬਹੁਤ ਵਾਰੀ ਖਬਰਾਂ ਆਉਂਦੀਆਂ ਹਨ। ਖਾਸ ਕਰਕੇ ਇਹ ਕੁੱਤੇ ਬੱਚਿਆਂ ਨੂੰ ਚੁੱਕ ਕੇ ਲੈ ਜਾਂਦੇ ਹਨ ਕਿਉਂਕਿ ਹੱਡਾ ਰੋੜੀਆਂ ਦੇ ਕੁੱਤੇ ਮਾਸਖੋਰੇ ਹੋ ਜਾਂਦੇ ਹਨ। ਸੋ, ਮੇਰੀ ਬੇਨਤੀ ਹੈ ਕਿ ਸਰਕਾਰ ਵਲੋਂ ਇਸ ਸਮੱਸਿਆ ਦਾ ਕੋਈ ਸਾਇੰਟੇਫਿਕ ਹੱਲ ਕੱਢਿਆ ਜਾਵੇ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਸ਼੍ਰੀ ਸੁਨੀਲ ਦੱਤੀ ਜੀ।

--------

**(ਕ੍ਰਮ ਨੰ: 27)**

**ਸ਼੍ਰੀ ਸੁਨੀਲ ਦੱਤੀ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਅਰਥਾਤ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਾਲ 2016 ਵਿਚ ਸ਼ੁਰੂ ਕੀਤੇ ਗਏ ਬੀ.ਆਰ.ਟੀ.ਐਸ. ਪ੍ਰਾਜੈਕਟ ਦੀ ਨਾਕਾਮਯਾਬੀ ਵੱਲ ਦਿਵਾਉਣਾ ਚਾਹੁੰਦਾ ਹਾਂ। ਇਹ ਪ੍ਰਾਜੈਕਟ ਪਿਛਲੀ ਸਰਕਾਰ ਦੁਆਰਾ ਨਵਬੰਰ, 2016 ਵਿਚ ਲਗਭਗ 550 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਗਿਆ ਸੀ। ਸੜਕਾਂ ਉਤੇ ਨਜਾਇਜ਼ ਕਬਜ਼ੇ ਅਤੇ ਟ੍ਰੈਫਿਕ ਜਾਮ ਹੋ ਰਹੇ ਹਨ। ਆਵਾਜਾਈ ਦੇ ਵਿਘਨਾਂ ਕਰਕੇ ਸ਼ਹਿਰ ਵਿਚ ਦੁਰਘਟਨਾਗ੍ਰਸਤ ਖੇਤਰ ਬਣ ਗਏ ਹਨ। ਇਸ ਸਬੰਧ ਵਿਚ ਸ਼ਹਿਰ ਦੇ ਲੋਕਾਂ ਵਿਚ ਭਾਰੀ ਰੋਸ ਪ੍ਰਗਟ ਕੀਤਾ ਜਾਂਦਾ ਹੈ।

ਮਾਮਲੇ ਦੀ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮਾਨਯੋਗ ਮੈਂਬਰ ਸਾਹਿਬ ਨੂੰ ਅਤੇ ਹਾਊਸ ਨੂੰ ਇਹ ਦੱਸਣਾ ਚਾਹਵਾਂਗਾ ਕਿ ਬੀ.ਆਰ.ਟੀ.ਐਸ. ਪ੍ਰਾਜੈਕਟ, ਅੰਮ੍ਰਿਤਸਰ ਗੌਰਮਿੰਟ ਆਫ ਇੰਡੀਆ ਅਤੇ ਗੌਰਮਿੰਟ ਆਫ ਪੰਜਾਬ ਦਾ 50:50 ਸ਼ੇਅਰਿੰਗ ਦਾ ਪ੍ਰਾਜੈਕਟ ਸੀ। ਇਸ ਦੀ ਜਿਹੜੀ ਡਿਟੇਲਡ ਪ੍ਰਾਜੈਕਟ ਰਿਪੋਰਟ ਹੈ, ਉਹ 495.54 ਕਰੋੜ ਰੁਪਏ ਦੀ ਸੀ। ਸਪੀਕਰ ਸਾਹਿਬ, ਇਸ ਤੋਂ ਇਲਾਵਾ 54.38 ਕਰੋੜ ਰੁਪਿਆ ਵੱਖਰਾ ਬੱਸਾਂ ਵਾਸਤੇ ਰੱਖਿਆ ਗਿਆ ਸੀ। ਕਿਉਂਕਿ ਉਦੋਂ ਇਲੈਕਸ਼ਨਜ਼ ਬਹੁਤ ਨਜ਼ਦੀਕ ਆ ਗਏ ਸੀ, ਇਸ ਲਈ ਇਹ ਪ੍ਰਾਜੈਕਟ 15 ਦਸੰਬਰ, 2016 ਨੂੰ ਥੋੜ੍ਹਾ ਜਿਹਾ ਹਫ਼ੜਾ-ਦਫ਼ੜੀ ਦੇ ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਵੇਲੇ ਬੀ.ਆਰ.ਟੀ.ਐਸ. ਪ੍ਰਾਜੈਕਟ ਅਧੀਨ 9 ਬੱਸਾਂ ਚੱਲ ਰਹੀਆਂ ਹਨ। ਸਪੀਕਰ ਸਾਹਿਬ, ਬੀ.ਆਰ.ਟੀ.ਐਸ. ਪ੍ਰਾਜੈਕਟ ਅਧੀਨ ਇਸ ਦੇ ਕੌਰੀਡੋਰਾਂ ਨੂੰ ਵਾਈਡਨ ਕੀਤਾ ਗਿਆ ਹੈ। ਇਸ ਪ੍ਰਾਜੈਕਟ ਤਹਿਤ ਸਰਵਿਸ ਲੇਨਾਂ ਬਣੀਆਂ ਹਨ, ਵਹੀਕਲ ਲੇਨਾਂ ਬਣੀਆਂ ਹਨ, ਫੁੱਟਪਾਥ ਬਣੇ ਹਨ

[ਵਿੱਤ ਮੰਤਰੀ]

ਅਤੇ 16 ਕਿਲੋਮੀਟਰ ਦਾ ਸਾਈਕਲ ਟਰੈਕ ਵੀ ਬਣਿਆ ਹੈ। ਖਾਸ ਕਰਕੇ ਜਿਹੜੀਆਂ ਸਰਵਿਸ ਲੇਨਜ਼ ਹੁੰਦੀਆਂ ਹਨ, ਇਨ੍ਹਾਂ ਤੇ ਕਈ ਵਾਰੀ ਟੈਂਪਰੇਰੀ ਤੌਰ ਤੇ ਇਨਕਰੋਚਮੈਂਟਸ ਹੋ ਜਾਂਦੀਆਂ ਹਨ। ਮਿਤੀ 15.3.2018 ਨੂੰ ਅੰਮ੍ਰਿਤਸਰ ਦੇ ਪੁਤਲੀਘਰ ਇਲਾਕੇ ਦੇ ਵਿਚ ਟੈਂਪਰੇਰੀ ਇਨਕਰੋਚਮੈਂਟਸ ਹਟਾ ਦਿੱਤੀਆਂ ਹਨ। ਇਸ ਵੇਲੇ ਬੀ.ਆਰ.ਟੀ.ਐਸ. ਪ੍ਰਾਜੈਕਟ ਦੇ ਕੋਰੀਡੋਰ ਵਿਚ ਕੋਈ ਇਨਕਰੋਚਮੈਂਟ ਨਹੀਂ ਹੈ ਪਰ ਕਿਤੇ ਕਿਤੇ ਵਕਫ਼ੇ ਵਕਫ਼ੇ ਤੇ ਜਿਹੜੇ ਉਥੇ ਮੁਕਾਮੀ ਦੁਕਾਨਦਾਰ ਹਨ, ਉਹ ਆਪਣੀਆਂ ਗੱਡੀਆਂ ਤੇ ਮੋਟਰਸਾਈਕਲ ਵਗੈਰਾ ਪਾਰਕ ਕਰ ਲੈਂਦੇ ਹਨ। ਜਿਨ੍ਹਾਂ ਨੂੰ ਐਮ.ਸੀ, ਅੰਮ੍ਰਿਤਸਰ ਅਤੇ ਟ੍ਰੈਫਿਕ ਪੁਲਿਸ ਹਟਾ ਦਿੰਦੀ ਹੈ। ਸਪੀਕਰ ਸਾਹਿਬ, ਇਹ ਅੱਜ ਦਾ ਵੇਰਵਾ ਹੈ ਜੀ।

**ਸ਼੍ਰੀ ਸੁਨੀਲ ਦੱਤੀ:** ਸਪੀਕਰ ਸਾਹਿਬ, ਇਹ ਪ੍ਰਾਜੈਕਟ ਲਗਭਗ 31 ਕਿਲੋਮੀਟਰ ਦਾ ਸ਼ਹਿਰ ਦੇ ਅੰਦਰ ਹੈ ਜੀ। ਇਸ ਪ੍ਰਾਜੈਕਟ ਦਾ ਟਰਾਂਸਪੋਰਟ ਸਿਸਟਮ ਬਿਲਕੁਲ ਫਲਾਪ ਹੈ। ਮਾਨਯੋਗ ਮੁੱਖ ਮੰਤਰੀ ਜੀ ਅੱਜ ਇਥੇ ਬੈਠੇ ਨਹੀਂ ਹਨ, ਮੈਂ ਉਨ੍ਹਾਂ ਨੂੰ ਪਿਛਲੀ ਗੌਰਮਿੰਟ ਦੇ ਕੰਮ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਸਾਲ 2005 ਵਿਚ ਤਕਰੀਬਨ 200-225 ਕਰੋੜ ਰੁਪਏ ਦੀ ਲਾਗਤ ਨਾਲ ਐਲੀਵੇਟਿਡ ਰੋਡ ਸ਼ੁਰੂ ਕੀਤੀ ਗਈ ਸੀ। ਉਹ ਵਾਕਿਆ ਹੀ ਇਕ ਖੂਬਸੂਰਤ ਪ੍ਰਾਜੈਕਟ ਸੀ। ਜਦੋਂ ਇਹ ਪ੍ਰਾਜੈਕਟ ਪੂਨੇ ਅਤੇ ਦਿੱਲੀ ਦੇ ਵਿਚ ਲੱਗਿਆ ਸੀ, ਉਸ ਦਿਨ ਖੁਸ਼ੀ ਮਨਾਈ ਗਈ ਅਤੇ ਜਿਸ ਦਿਨ ਇਹ ਪ੍ਰਾਜੈਕਟ ਹਟਾਇਆ ਗਿਆ ਸੀ, ਉਸ ਦਿਨ ਵੀ ਖੁਸ਼ੀ ਮਨਾਈ ਗਈ ਸੀ।ਇਸ ਪ੍ਰਾਜੈਕਟ ਦੀ ਲੋੜ ਕੀ ਸੀ? ਸੈਂਕੜੇ ਸਾਲ ਪੁਰਾਣੇ ਦਰੱਖਤ ਕੱਟ ਕੇ ਲੈ ਗਏ, ਸਾਡਾ ਸ਼ਹਿਰ 17 ਤੋਂ 18 ਲੱਖ ਦੀ ਪਾਪੂਲੇਸ਼ਨ ਵਾਲਾ ਸ਼ਹਿਰ ਹੈ ਜੀ।ਮੈਂ ਸਮਝਦਾ ਹਾਂ ਕਿ ਜਿਹੜੇ ਮੇਨ ਰੋਡ ਦੇ ਵਿਚ ਬੱਸ ਸਟੈਂਡ ਬਣਾਏ ਗਏ ਹਨ, ਇਹ ਐਕਟਾਂ ਦੀ ਵਾਇਲੇਸ਼ਨ ਹੈ। ਉਥੇ ਸਬ ਸਟੈਂਡਰਡ ਦੀਆਂ ਗਰਿੱਲਾਂ ਲਗਾਈਆਂ ਗਈਆਂ ਹਨ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ।ਤਕਰੀਬਨ 92 ਬੱਸਾਂ ਯਾਰਡ ਦੇ ਵਿਚ ਦੋ ਸਾਲ ਤੋਂ ਖੜ੍ਹੀਆਂ ਹਨ। ਉਥੇ ਉਨ੍ਹਾਂ ਬੱਸਾਂ ਤੇ ਧੁੱਪ ਅਤੇ ਬਾਰਸ਼ ਪੈ ਰਹੀ ਹੈ, ਸਰਕਾਰ ਦਾ ਨੁਕਸਾਨ ਹੋ ਰਿਹਾ ਹੈ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਤੇ ਇਕ ਕਮੇਟੀ ਜ਼ਰੂਰ ਬਣਾਈ ਜਾਵੇ ਕਿ ਕੀ ਇਹ ਪ੍ਰਾਜੈਕਟ ਚਲਾਉਣਾ ਹੈ ਜਾਂ ਬੰਦ ਕਰਨਾ ਹੈ? ਮੈਂ ਨਹੀਂ ਸਮਝਦਾ ਕਿ ਇਹ ਸਿਸਟਮ ਕਾਮਯਾਬ ਹੋਵੇਗਾ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ।

**ਸ਼੍ਰੀ ਸੁਨੀਲ ਦੱਤੀ :** ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਮੁੱਦਾ ਹੈ। ਇਸੇ ਕਰਕੇ ਮੈਂ ਇਸ ਨੂੰ ਉਠਾਇਆ ਹੈ। ਉਥੇ ਹਰ ਰੋਜ਼ ਮੇਜਰ ਐਕਸੀਡੈਂਟਸ ਹੁੰਦੇ ਹਨ। 31 ਕਿਲੋਮੀਟਰ ਦੇ ਰੂਟ ਤੇ ਗਰਿੱਲਾਂ ਟੁੱਟ ਚੁੱਕੀਆਂ ਹਨ। ਰੀਟਰੀਟ ਸੈਰੇਮਨੀ ਤੋਂ ਬਾਅਦ ਜਦੋਂ ਲੋਕ ਬਾਰਡਰ ਤੋਂ ਵਾਪਸ ਮੁੜਦੇ ਹਨ ਤਾਂ ਹਰ ਚੌਂਕ ਵਿਚ ਘੰਟਾ-ਘੰਟਾ ਜਾਮ ਲਗ ਜਾਂਦਾ ਹੈ। ਅੰਮ੍ਰਿਤਸਰ ਸ਼ਹਿਰ ਦਾ ਬੁਰਾ ਹਾਲ ਹੋਇਆ ਪਿਆ ਹੈ। ਵਿੱਤ ਮੰਤਰੀ ਜੀ ਅਤੇ ਸਥਾਨਕ ਸਰਕਾਰ ਮੰਤਰੀ ਜੀ ਨੇ ਜੂਨ ਵਿਚ ਇਸ ਸਬੰਧੀ ਇਕ ਮੀਟਿੰਗ ਕੀਤੀ ਸੀ ਪਰ ਅੱਜ ਮਾਰਚ ਵੀ ਖਤਮ ਹੋ ਰਿਹਾ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਜਾਂ ਤਾਂ ਇਸ ਪ੍ਰਾਜੈਕਟ ਨੂੰ ਸਹੀ ਤਰੀਕੇ ਨਾਲ ਚਲਾ ਲਓ ਜਾਂ ਫਿਰ ਇਸ ਨੂੰ ਬੰਦ ਕਰ ਦਿਓ। ਉਥੇ ਬਹੁਤ ਐਕਸੀਡੈਂਟ ਹੋ ਰਹੇ ਹਨ। ਜਦੋਂ ਇਸ ਦੀ ਕੰਸਟਰਕਸ਼ਨ ਚੱਲ ਰਹੀ ਸੀ, ਉਸ ਸਮੇਂ 25 ਤੋਂ 30 ਕੀਮਤੀ ਜਾਨਾਂ ਚਲੀਆਂ ਗਈਆਂ ਸਨ। ਅੱਜ ਫਿਰ ਅਸੀਂ ਇਸ ਤੇ ਕੋਈ ਫੈਸਲਾ ਨਹੀਂ ਕਰ ਪਾ ਰਹੇ। ਸੋ, ਮੇਰਾ ਸੁਝਾਅ ਹੈ ਕਿ ਇਸ ਤੇ ਕੋਈ ਕਮੇਟੀ ਬਣਾ ਕੇ ਕੋਈ ਫੈਸਲਾ ਲਿਆ ਜਾਵੇ ਕਿ ਇਸ ਨੂੰ ਚਲਾਉਣਾ ਹੈ ਜਾਂ ਬੰਦ ਕਰਨਾ ਹੈ। ਧੰਨਵਾਦ ਜੀ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਕਾਬਲ-ਏ-ਕਦਰ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਦੀ ਗੱਲ ਨਾਲ ਮੁਤਫਿਕ ਹਾਂ, ਰਜ਼ਾਮੰਦ ਹਾਂ। ਇਹ ਪ੍ਰਾਜੈਕਟ ਦੇਸ਼ ਦੇ ਇਕ ਦੋ ਸ਼ਹਿਰਾਂ ਨੂੰ ਛੱਡ ਕੇ ਕਿਤੇ ਵੀ ਕਾਮਯਾਬ ਨਹੀਂ ਹੋਇਆ ਸਿਵਾਏ ਇੰਦੌਰ ਜਾਂ ਅਹਿਮਦਾਬਾਦ ਤੋਂ ਇਲਾਵਾ ਕਿਤੇ ਕਾਮਯਾਬ ਨਹੀਂ ਹੋਇਆ।ਕਿਉਂਕਿ ਮੈਂਬਰ ਸਾਹਿਬ ਅੰਮ੍ਰਿਤਸਰ ਮਿਉਂਸਿਪਲ ਕਾਰਪੋਰੇਸ਼ਨ ਦੇ ਮੇਅਰ ਵੀ ਰਹੇ ਹਨ।ਇਸ ਲਈ ਜੋ ਦਰਦ ਅਤੇ ਜੋ ਤਜਰਬਾ ਉਸ ਸ਼ਹਿਰ ਦਾ ਇਨ੍ਹਾਂ ਨੂੰ ਹੈ, ਉਹ ਮੇਰਾ ਖਿਆਲ ਹੈ ਕਿ ਹਾਊਸ ਦੇ ਬਹੁਤ ਘੱਟ ਮੈਂਬਰਾਂ ਨੂੰ ਹੋਵੇਗਾ। ਸਪੀਕਰ ਸਾਹਿਬ, ਇਹ ਜਿਹੜਾ ਪ੍ਰਾਜੈਕਟ ਹੈ, it was half baked and ill conceived ਪਰ ਹੁਣ ਮਸਲਾ ਇਹ ਹੈ ਕਿ ਲਗਭਗ 500 ਕਰੋੜ ਰੁਪਇਆ ਇਸ ਤੇ ਲੱਗ ਚੁੱਕਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਭੰਡਾਰੀ ਬ੍ਰਿੱਜ ਹੈ, ਉਸ ਦਾ ਇਕ ਲੂਪ 14 ਅਪ੍ਰੈਲ ਤੱਕ ਮੁਕੰਮਲ ਹੋ ਜਾਵੇਗਾ। ਇਸ ਤੋਂ ਇਲਾਵਾ ਸਵਾ ਤਿੰਨ ਕਿਲੋਮੀਟਰ ਦੀ ਐਲੀਵੇਟਿਡ ਰੋਡ ਕੰਪਲੀਟ ਹੋ ਚੁੱਕੀ ਹੈ। ਵੇਰਕਾ ਰੋਡ ਦਾ ਆਰ.ਓ.ਬੀ. ਵੀ ਕੰਪਲੀਟ ਹੋ ਚੁੱਕਿਆ ਹੈ। ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੰਜਾਬ ਸਰਕਾਰ ਇਸ ਮਾਮਲੇ ਤੇ ਗਰੁੱਪ ਆਫ ਮਨਿਸਟਰ ਦੀ ਇਕ ਕਮੇਟੀ ਬਣਾਏਗੀ। ਅਸੀਂ ਦੱਤੀ ਸਾਹਿਬ ਦੇ ਜਿਹੜੇ ਸੁਝਾਅ ਜਾਂ ਸਿਫਾਰਸ਼ਾਂ ਹਨ ਉਨ੍ਹਾਂ ਨੂੰ ਸ਼ਾਮਲ ਕਰਾਂਗੇ ਅਤੇ ਬੜੀ ਸੰਜੀਦਾ ਕੋਸ਼ਿਸ਼ ਕਰਾਂਗੇ। ਇਹ ਪ੍ਰਾਜੈਕਟ ਚੰਗਾ ਹੈ ਜਾਂ ਮਾੜਾ ਹੈ, ਇਸ ਨੂੰ ਇਕ ਪਾਸੇ ਰੱਖ ਕੇ, ਇਕ ਵਾਰੀ ਇਸ ਨੂੰ ਚਲਾਉਣ ਦੀ ਕੋਸ਼ਿਸ਼ ਕਰਾਂਗੇ ਔਰ ਇਸ ਵਿਚ ਅਸੀਂ ਦੱਤੀ ਸਾਹਿਬ ਦੇ ਮਸ਼ਵਰੇ ਜ਼ਰੂਰ ਇਨਕਾਰਪੋਰੇਟ ਕਰਾਂਗੇ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਧੰਨਵਾਦ ਜੀ, ਹਾਂ ਜੀ ਨਵਜੋਤ ਸਿੱਧੂ ਜੀ ਕੁਝ ਕਹਿਣਾ ਚਾਹੁੰਦੇ ਹੋ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਸਪੀਕਰ ਸਾਹਿਬ, ਕਿਉਂਕਿ ਇਹ ਮਾਮਲਾ ਸਥਾਨਕ ਸਰਕਾਰ ਵਿਭਾਗ ਨਾਲ ਵੀ ਸਬੰਧ ਰੱਖਦਾ ਹੈ। ਇਸ ਵਿਚ ਕੁੱਲ 93 ਬੱਸਾਂ ਬੀ.ਆਰ.ਟੀ.ਐਸ. ਵਾਲੀਆਂ ਹਨ ਅਤੇ ਜੇ.ਐਨ.ਯੂ.ਐਮ. ਵਾਲੀਆਂ 60 ਬੱਸਾਂ ਹਨ। ਸੋ, ਇਹ ਇਕੱਲਾ ਬੀ.ਆਰ.ਟੀ.ਐਸ. ਦੀਆਂ ਹੀ ਬੱਸਾਂ ਨਹੀਂ। ਇਹ 93 ਅਤੇ 60 ਲਗਭਗ 150 ਬੱਸਾਂ ਖੜ੍ਹੀਆਂ ਖਰਾਬ ਹੋ ਰਹੀਆਂ ਹਨ। ਉਹ ਕੰਪਨੀ ਡੇਢ ਸਾਲ ਪਹਿਲਾਂ ਭੱਜ ਗਈ ਹੈ ਪਰ ਸਪੀਕਰ ਸਾਹਿਬ, ਸਾਡੇ ਕੋਲ ਉਨ੍ਹਾਂ ਦੀ ਇਕ ਕਰੋੜ 44 ਲੱਖ ਰੁਪਏ ਦੀ ਬੈਂਕ ਗਰੰਟੀ ਪਈ ਹੈ। ਸਪੀਕਰ ਸਾਹਿਬ, ਮੈਂ ਜ਼ਿੰਮੇਵਾਰੀ ਨਾਲ ਬਗੈਰ ਕਿਸੇ ਤੇ ਉਂਗਲ ਚੁੱਕਿਆਂ ਕਹਿ ਰਿਹਾ ਹਾਂ ਕਿਉਂਕਿ ਇਸ ਪ੍ਰਾਜੈਕਟ ਤੇ 450 ਕਰੋੜ ਰੁਪਇਆ ਆਲਰੇਡੀ ਖਰਚ ਹੋ ਚੁੱਕਿਆ ਹੈ। ਸਾਡਾ ਇਹ ਫਰਜ਼ ਹੈ ਕਿ ਅਗਰ ਕੋਈ ਕਮਜ਼ੋਰੀ ਸੀ ਤਾਂ ਉਸ ਨੂੰ ਤਾਕਤ ਦੇ ਵਿਚ ਤਬਦੀਲ ਕਰੀਏ। ਮੈਂ ਵਿੱਤ ਮੰਤਰੀ ਜੀ ਨੂੰ ਕਹਿੰਦਾ ਹਾਂ ਕਿ ਜੇਕਰ ਸਾਨੂੰ 30 ਕਰੋੜ ਰੁਪਿਆ ਰਨਿੰਗ ਕਾਸਟ ਮਿਲਦੀ ਹੈ ਤਾਂ ਮੈਂ 90 ਫੀਸਦੀ ਗਰੰਟੀ ਦਿੰਦਾ ਹੋਇਆ ਇਸ ਹਾਊਸ ਦੇ ਪਰਟਲ ਉੱਤੇ ਕਹਿੰਦਾ ਹਾਂ ਅਤੇ ਹਾਊਸ ਨੂੰ ਐਸ਼ੋਓਰ ਵੀ ਕਰਦਾ ਹਾਂ ਕਿ ਇਸ ਪ੍ਰਾਜੈਕਟ ਨੂੰ ਵਰਲਡ ਕਲਾਸ ਤਰੀਕੇ ਨਾਲ ਚਲਾ ਕੇ ਦਿਖਾਵਾਂਗੇ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਅਸੀਂ ਕੰਮ ਰੋਕੂ ਪ੍ਰਸਤਾਵ ਦਿੱਤਾ ਸੀ।

**ਮਾਨਯੋਗ ਸਪੀਕਰ:** ਮਾਣੂਕੇ ਜੀ, ਅੱਗੇ ਚੱਲੀਏ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਜਿਹੜਾ ਐਸ.ਸੀ. ਅਬਾਦੀ ਤੇ ਅੱਤਿਆਚਾਰ ਅਤੇ ਧੱਕਾ ਹੋ ਰਿਹਾ ਹੈ, ਉਸ ਤੇ ਥੋੜ੍ਹੀ ਡਿਸਕਸ਼ਨ ਕਰ ਲਈਏ।

**ਮਾਨਯੋਗ ਸਪੀਕਰ:** ਕਿਹੜੀ ਗੱਲ ਕਰ ਰਹੇ ਹੋ?

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਐਡਜਰਨਮੈਂਟ ਮੋਸ਼ਨ ਦੀ ਗੱਲ ਕਰ ਰਹੀ ਹਾਂ, ਐਸ.ਸੀਜ਼ ਦੇ ਮੁੱਦੇ ਤੇ ਜਿਹੜਾ ਕੰਮ ਰੋਕੂ ਪ੍ਰਸਤਾਵ ਸੀ। ਉਨ੍ਹਾਂ ਲੋਕਾਂ ਨਾਲ ਧੱਕਾ ਹੋ ਰਿਹਾ ਹੈ, ਅੱਤਿਆਚਾਰ ਹੋ ਰਿਹਾ ਹੈ।ਉਸ ਤੇ ਇੱਕ ਡਿਸਕਸ਼ਨ ਰੱਖਣੀ ਚਾਹੀਦੀ ਹੈ ਤਾਂ ਕਿ ਲੋਕਾਂ ਨਾਲ ਜਿਹੜੇ ਵਾਅਦੇ ਕਰਕੇ ਸਰਕਾਰ ਮੁਕਰ ਰਹੀ ਹੈ, ਅਸੀਂ ਉਸ ਬਾਰੇ ਗੱਲ ਕਰ ਸਕੀਏ।

**ਮਾਨਯੋਗ ਸਪੀਕਰ:** ਹੁਣ ਆਪਾਂ ਅੱਗੇ ਚੱਲੀਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਆਮ ਆਦਮੀ ਪਾਰਟੀ ਦੇ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਦਲਿਤਾਂ ਤੇ ਹੋ ਰਹੇ ਅੱਤਿਆਚਾਰਾਂ ਦੇ ਮਸਲੇ ਤੇ ਬਹਿਸ ਕਰਵਾਉਣ ਦੀ ਮੰਗ ਕਰ ਰਹੇ ਸਨ। ਇਸ ਸਮੇਂ ਉਹ ਆਪਣੇ ਹੱਥਾਂ ਵਿੱਚ ਸਲੋਗਨ ਫੜ ਕੇ ਲਹਿਰਾ ਰਹੇ ਸਨ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਬਹੁਤ ਸਾਰੇ ਇਸ਼ੂਜ਼ ਹਨ, ਜਿਹੜੇ ਇਥੇ ਸਦਨ ਵਿੱਚ ਡਿਸਕਸ ਨਹੀਂ ਹੋ ਪਾ ਰਹੇ।ਉਨ੍ਹਾਂ ਦੇ ਜਵਾਬ ਨਹੀਂ ਆ ਰਹੇ ਹਨ। ਉਨ੍ਹਾਂ ਲੋਕਾਂ ਨੂੰ ਸਹੂਲਤਾਂ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ ਇੰਪਾਰਟੈਂਟ ਡਿਮਾਂਡਜ਼ ਦਲਿਤਾਂ ਦੀਆਂ ਹਨ।(ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, ਤੁਸੀਂ ਗਵਰਨਰ ਐਡਰੈਸ ਤੇ ਬੋਲਣਾ ਹੈ। ਤੁਸੀਂ ਹਾਲੇ ਬਜਟ ਤੇ ਬੋਲਣਾ ਹੈ। ਉਸ ਵੇਲੇ ਤੁਸੀਂ ਇਨ੍ਹਾਂ ਇਸ਼ੂਜ਼ ਤੇ ਖੁੱਲ੍ਹ ਕੇ ਬੋਲ ਲੈਣਾ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਅਸੀਂ ਇਸ ਮੁੱਦੇ ਤੇ ਐਡਜਰਨਮੈਂਟ ਮੋਸ਼ਨ ਦਿੱਤਾ ਸੀ, for a special discussion.

**ਮਾਨਯੋਗ ਸਪੀਕਰ:** ਉਹ accept ਨਹੀਂ ਹੋਇਆ।

**Sardar Sukhpal Singh Khaira:** Speaker Sahib, only special discussion on the issues of Dalits. ਇਹ ਬੜਾ burning issue ਹੈ। ਜਿਹੜੇ ਬਾਕੀ ਇਸ਼ੂ ਹਨ ਜਿਵੇਂ ਕਿ ਬਿਜਲੀ ਦੀ ਸਹੂਲਤ ਵਾਪਸ ਲਈ ਜਾ ਰਹੀ ਹੈ, 85ਵੀਂ ਸੋਧ ਨਹੀਂ ਲਾਗੂ ਕੀਤੀ ਜਾ ਰਹੀ , ਆਰ.ਟੀ.ਈ ਐਕਟ ਨਹੀਂ ਲਾਗੂ ਕੀਤਾ ਜਾ ਰਿਹਾ , ਪ੍ਰਾਈਵੇਟ ਕਾਲਜਿਜ਼ ਵਿੱਚ ਪੋਸਟ ਮੈਟ੍ਰਿਕ ਅਤੇ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਨਹੀਂ ਦਿੱਤੀ ਜਾ ਰਹੀ, ਉਹ ਵੀ ਜ਼ਰੂਰੀ ਹਨ।

**ਮਾਨਯੋਗ ਸਪੀਕਰ:** ਤੁਸੀਂ ਅੱਗੇ ਬੋਲ ਲੈਣਾ, ਹੁਣ ਪਲੀਜ਼ ਬੈਠੋ।(ਵਿਘਨ....ਸ਼ੋਰ)

---------

## PAPERS RE-LAID/ LAID ON THE TABLE OF THE HOUSE

**ਮਾਨਯੋਗ ਸਪੀਕਰ** : ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਬਾਰੇ ਮੰਤਰੀ ਮੇਜ਼ ਤੇ ਰੱਖਣ ਵਾਲੇ ਕਾਗਜ਼ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ

1. I) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ) (ਦੂਜੀ ਸੋਧਨਾ) ਵਿਨਿਯਮਨ, 2012;
   ii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਤੀਜੀ ਸੋਧਨਾ) ਵਿਨਿਯਮਨ, 2012;
   iii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਸਲਾਹਕਾਰਾਂ ਦੀ ਨਿਯੁਕਤੀ) ਵਿਨਿਯਮਨ, 2012;
   iv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 26 ਵਿਚ ਦਿੱਤੇ ਅਨੁਸਾਰ ਲਾਇਸੈਂਸੀ ਦੁਆਰਾ ਕਾਰਗੁਜ਼ਾਰੀ ਦੇ ਮਾਪਦੰਡਾਂ ਨੂੰ ਪੂਰਾ ਨਾ ਕਰਨ ਦੀ ਸੂਰਤ ਵਿਚ ਮੁਆਵਜ਼ੇ ਦੀ ਅਦਾਇਗੀ ਲਈ ਵਿਧੀ ਵਿਚ ਸੋਧਨਾਵਾਂ ਕਰਨ ਸਬੰਧੀ;
   v) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) ਦੂਜੀ ਸੋਧਨਾ, ਵਿਨਿਯਮਨ, 2012;
   vi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਦੀ ਖਰੀਦ ਅਤੇ ਲਾਇਸੈਂਸੀ ਦੀ ਪ੍ਰਾਪਤੀ ਪ੍ਰਕ੍ਰਿਆ) ਵਿਨਿਯਮਨ, 2012;
   vii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) (ਚੌਥੀ ਸੋਧਨਾ) ਵਿਨਿਯਮਨ, 2012;
   viii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਦੂਜੀ ਸੋਧਨਾ) ਵਿਨਿਯਮਨ, 2012;
   ix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੰਜਾਬ ਰਾਜ ਗ੍ਰਿਡ ਕੋਡ) ਵਿਨਿਯਮਨ, 2013,
   x) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ) (ਤੀਜੀ ਸੋਧਨਾ) ਵਿਨਿਯਮਨ, 2013;
   xi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ ) (ਚੌਥੀ ਸੋਧਨਾ) ਵਿਨਿਯਮਨ, 2013;

[ਸੰਸਦੀ ਮਾਮਲੇ ਮੰਤਰੀ]

xii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 37.2 (ੲ) (ਘ) ਵਿਚ ਦਿੱਤੇ ਅਨੁਸਾਰ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਦੇ ਅਧਿਕਾਰੀ ਨਿਯੁਕਤ ਕਰਨ/ਕਾਰਜਾਂ ਨੂੰ ਨਿਭਾਉਣ ਲਈ ਲਾਇਸੈਂਸੀ ਦੇ ਅਥਾਰਟੀ ਵਜੋਂ ਕੰਮ ਕਰਨ ਸਬੰਧੀ ;

xiii) ਅਧਿਸੂਚਨਾ ਨੰਬਰ ਪੀ.ਐਸ.ਈ.ਆਰ.ਸੀ./ ਸਕੱਤਰ/ ਵਿਨਿਯਮਨ 82 ਮਿਤੀ 21-6-2013 ਅਗਲੇਰੇ ਹੁਕਮਾਂ ਤੱਕ ਦੇ ਕ੍ਰਮ ਨੰਬਰ 3 ਵਿਚ ਆਉਂਦੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਵਿਨਿਯਮਨ, 2013 ਦੇ ਵਿਨਿਯਮਨ 21.2 ਦੀ ਉਪ ਕਲਾਜ (ੲ) ਨੂੰ ਸੋਧਨ ਦੀ ਪ੍ਰਕ੍ਰਿਆ ਨੂੰ ਰੋਕਣ ਸਬੰਧੀ;

xiv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਤੀਜੀ ਸੋਧਨਾ) ਵਿਨਿਯਮਨ, 2013 ;

xv) ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨੂੰ ਨਜਿੱਠਣ ਸਬੰਧੀ ਪ੍ਰਕ੍ਰਿਆ (ਸੀ.ਸੀ.ਐਚ.ਪੀ) ;

xvi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) (ਪੰਜਵੀਂ ਸੋਧਨਾ) ਵਿਨਿਯਮਨ, 2013;

xvii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (5ਵੀਂ ਸੋਧਨਾ) ਵਿਨਿਯਮਨ, 2013;

xviii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 4.1 ਦੇ ਉਪਬੰਧਾਂ ਦੀਆਂ ਸ਼ਰਤਾਂ ਅਧੀਨ ਸਪਲਾਈ ਕੋਡ ਰੀਵਿਊ ਪੈਨਲ ਦੀ ਸਥਾਪਨਾ ਸਬੰਧੀ।

xix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ) (ਚੌਥੀ ਸੋਧਨਾ) ਵਿਨਿਯਮਨ, 2014;

xx) ਬਿਜਲੀ ਦੇ ਲੋਕਪਾਲ ਦੀ ਨਿਯੁਕਤੀ ਸਬੰਧੀ ;

xxi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜੈਨਰੇਸ਼ਨ, ਟਰਾਂਸਮਿਸ਼ਨ , ਵੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਨ ਲਈ ਸ਼ਰਤਾਂ) ਵਿਨਿਯਮਨ, 2014;

xxii) ਰਾਜ ਸਲਾਹਕਾਰੀ ਕਮੇਟੀ ਦੇ ਗਠਨ ਸਬੰਧੀ;

xxiii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਚੌਥੀ ਸੋਧਨਾ) ਵਿਨਿਯਮਨ, 2014;

xxiv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) ਵਿਨਿਯਮਨ, 2014;

xxv) ਸਪਲਾਈ ਕੋਡ ਰੀਵਿਊ ਪੈਨਲ ਦੀ ਸਥਾਪਨਾ ਸਬੰਧੀ;

xxvi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਰਾਜ ਸਲਾਹਕਾਰ ਕਮੇਟੀ) (ਪਹਿਲੀ ਸੋਧਨਾ) ਵਿਨਿਯਮਨ, 2015;

xxvii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਨਵਿਆਉਣਯੋਗ ਖਰੀਦ ਜ਼ਿੰਮੇਵਾਰੀ ਅਤੇ ਉਸ ਦੀ ਪਾਲਣਾ) (ਪਹਿਲੀ ਸੋਧਨਾ) ਵਿਨਿਯਮਨ, 2015;

xxviii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਨੈਟ ਮੀਟਰਿੰਗ ਤੇ ਅਧਾਰਿਤ ਗਰਿਡ ਇੰਟਰੈਕਟਿਵ ਰੂਫ ਟੌਪ ਸੋਲਰ ਫੋਟੋ ਵਾਲਟਿਕ ਸਿਸਟਮਜ਼) ਵਿਨਿਯਮਨ, 2015;

xxix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜੈਨਰੇਸ਼ਨ, ਟਰਾਂਸਮਿਸ਼ਨ, ਵੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਨ ਲਈ ਸ਼ਰਤਾਂ) ਵਿਨਿਯਮਨ, 2014 ਪਹਿਲੇ ਨਿਯੰਤਰਨ ਪੀਰੀਅਡ ਦੇ ਲਾਗੂ ਹੋਣ ਦੀ ਮਿਤੀ ਸਬੰਧੀ ;

xxx) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਪੰਜਵੀਂ ਸੋਧਨਾ) ਵਿਨਿਯਮਨ, 2015;

xxxi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) (ਤੀਜੀ ਸੋਧਨਾ) ਵਿਨਿਯਮਨ, 2015;

xxxii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) (ਚੌਥੀ ਸੋਧਨਾ) ਵਿਨਿਯਮਨ, 2015;

xxxiii) ਰਾਜ ਸਲਾਹਕਾਰ ਕਮੇਟੀ ਸਬੰਧੀ;

xxxiv) ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨੂੰ ਨਜਿੱਠਣ ਸਬੰਧੀ ਪ੍ਰਕ੍ਰਿਆ (ਸੀ.ਸੀ.ਐਚ.ਪੀ) (ਪਹਿਲੀ ਸੋਧਨਾ) ਵਿਨਿਯਮਨ, 2015;

xxxv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) (ਪੰਜਵੀਂ ਸੋਧਨਾ) ਵਿਨਿਯਮਨ, 2015;

xxxvi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਰਮਚਾਰੀਆਂ ਦੀ ਨਿਯੁਕਤੀ ਅਤੇ ਸੇਵਾ ਸ਼ਰਤਾਂ) ਵਿਨਿਯਮਨ, 2015;

xxxvii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਛੇਵੀਂ ਸੋਧਨਾ) ਵਿਨਿਯਮਨ, 2016;

[ਸੰਸਦੀ ਮਾਮਲੇ ਮੰਤਰੀ]

xxxviii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜੈਨਰੇਸ਼ਨ, ਟਰਾਂਸਮਿਸ਼ਨ, ਵੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਨ ਲਈ ਸ਼ਰਤਾਂ) (ਪਹਿਲੀ ਸੋਧਨਾ) ਵਿਨਿਯਮਨ, 2016 ;

xxxix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (7ਵੀਂ ਸੋਧਨਾ) ਵਿਨਿਯਮਨ, 2016;

xl) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਸਪਲਾਈ ਕੋਡ ਸਮੀਖਿਆ ਪੈਨਲ ਦਾ ਗਠਨ;

xli) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (ਪਹਿਲੀ ਸੋਧਨਾ) ਵਿਨਿਯਮਨ, 2016; ਅਤੇ

xlii) ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨੂੰ ਨਜਿੱਠਣ ਸਬੰਧੀ ਪ੍ਰਕਿਆ (ਸੀ.ਸੀ.ਐਚ.ਪੀ) (ਦੂਜੀ ਸੋਧਨਾ) ਵਿਨਿਯਮਨ, 2016;

ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

2.

i) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (ਦੂਜੀ ਸੋਧਨਾ) ਵਿਨਿਯਮਨ, 2016;

ii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ)
ਵਿਨਿਯਮਨ, 2016;

iii) ਰਾਜ ਸਲਾਹਕਾਰ ਕਮੇਟੀ ਦੇ ਗਠਨ ਸਬੰਧੀ;

iv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (ਤੀਜੀ ਸੋਧਨਾ) ਵਿਨਿਯਮਨ, 2017;

v) ਇੰਜ: ਸੰਤੋਖ ਸਿੰਘ ਸਰਨਾ, ਮੈਂਬਰ, ਪੀ.ਐਸ.ਈ.ਆਰ.ਸੀ, ਦੀ ਨਿਰਣਾਇਕ ਅਫਸਰ ਦੇ ਤੌਰ ਤੇ ਨਿਯੁਕਤੀ;

vi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਹਨਾਂ ਨੂੰ ਨਜਿੱਠਣ ਸਬੰਧੀ ਪ੍ਰਕਿਆ (ਸੀ.ਸੀ.ਐਚ.ਪੀ)) (ਤੀਜੀ ਸੋਧਨਾ) ਵਿਨਿਯਮਨ, 2017;

vii) ਲੋਕਪਾਲ ਦੀ ਨਿਯੁਕਤੀ;

viii) ਸਲਾਹਕਾਰ ਕਮੇਟੀ ਦੇ ਗਠਨ ਸਬੰਧੀ; ਅਤੇ

ix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੁਆਰਾ ਗਠਿਤ ਕੀਤੀ ਗਈ ਸਲਾਹਕਾਰ ਕਮੇਟੀ ਵਿਚ ਸੋਧਨਾ ।

ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

3. ਸਾਲਾਂ 2013-14 ਅਤੇ 2015-16 ਲਈ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਚੰਡੀਗੜ੍ਹ ਦੀ ਬੈਲੰਸ ਸ਼ੀਟ ਅਤੇ ਲਾਭ ਅਤੇ ਹਾਨੀ ਲੇਖੇ ਅਤੇ ਸਾਲਾਨਾ ਪ੍ਰਬੰਧਕੀ ਰਿਪੋਰਟ ਕ੍ਰਮਵਾਰ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਐਕਟ 1970 ਦੀ ਧਾਰਾ 27 (5) ਅਤੇ 27 (6) ਅਧੀਨ ਲੋੜੀਂਦਾ ਹੈ।

4. ਸਾਲਾਂ 2014-15 ਅਤੇ 2015-16 ਲਈ ਪੰਜਾਬ ਐਗਰੋ ਇੰਡਸਟਰੀਜ਼ ਨਿਗਮ ਲਿਮਟਿਡ ਦੀ 49ਵੀਂ ਅਤੇ 50ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

---------

## PRESENTATION OF REPORT OF THE COMMITTEE

**ਮਾਨਯੋਗ ਸਪੀਕਰ:** ਸਰਦਾਰ ਬਲਬੀਰ ਸਿੰਘ ਸਿੱਧੂ, ਚੇਅਰਮੈਨ, ਸਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਕਮੇਟੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਸਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਸਬੰਧੀ ਕਮੇਟੀ (ਸਰਦਾਰ ਬਲਬੀਰ ਸਿੰਘ ਸਿੱਧੂ):** ਮਾਨਯੋਗ ਸਪੀਕਰ ਸਾਹਿਬ, ਮੈਂ ਸਥਾਨਕ ਸਰਕਾਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਸਬੰਧੀ ਕਮੇਟੀ ਦੀ ਪੰਚਾਇਤੀ ਰਾਜ ਸੰਸਥਾਵਾਂ ਨਾਲ ਸਬੰਧਤ ਸਾਲਾਂ 2012-13, 2013-14 ਅਤੇ 2014-15 ਲਈ ਵੱਖ-ਵੱਖ ਆਡਿਟ ਪੈਰ੍ਹਿਆਂ ਤੇ 16ਵੀਂ ਸਾਲਾਨਾ ਤਕਨੀਕੀ ਰਿਪੋਰਟ ਅਤੇ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲਾਂ 2012-13, 2013-14 ਅਤੇ 2014-15 ਲਈ ਵੱਖ-ਵੱਖ ਆਡਿਟ ਪੈਰ੍ਹਿਆਂ ਤੇ 17ਵੀਂ ਸਲਾਨਾ ਤਕਨੀਕੀ ਰਿਪੋਰਟ ਪੇਸ਼ ਕਰਦਾ ਹਾਂ।

(ਇਸ ਸਮੇਂ ਸਦਨ ਵਿੱਚ ਹਾਜ਼ਰ ਆਮ ਆਦਮੀ ਪਾਰਟੀ ਦੇ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ)

**ਮਾਨਯੋਗ ਸਪੀਕਰ :** ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

---

** Not recorded as ordered by the Chair

## RESUMPTION OF DISCUSSION ON GOVERNOR'S ADDRESS AND VOTE ON THE MOTION OF THANKS

**ਮਾਨਯੋਗ ਸਪੀਕਰ** : ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬਹਿਸ। ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ ਅਤੇ ਸ਼੍ਰੀ ਅਮਨ ਅਰੋੜਾ ਐਮ.ਐਲ.ਏ ਵੱਲੋਂ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਵਿੱਚ ਸੋਧਨਾਵਾਂ ਕਰਨ ਲਈ ਨੋਟਿਸ ਪ੍ਰਾਪਤ ਹੋਏ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਸ ਨੂੰ ਪੜ੍ਹਿਆ ਅਤੇ ਪ੍ਰਸਤਾਵ ਕੀਤਾ ਗਿਆ ਸਮਝਿਆ ਜਾਵੇ?

(ਅਵਾਜ਼ਾਂ: ਹਾਂ ਜੀ, ਹਾਂ ਜੀ)

### Notice of Amendment No. 1

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਰਾਜਪਾਲ ਜੀ ਦੇ ਧੰਨਵਾਦ ਪ੍ਰਸਤਾਵ ਦੇ ਅੰਤ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ:

"ਐਪਰ ਅਫਸੋਸ ਹੈ ਕਿ ਰਮਸਾ/ਐਸ.ਐਸ.ਏ. ਅਧਿਆਪਕ, ਆਂਗਨਵਾੜੀ ਵਰਕਰਾਂ, ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਕਿਸੇ ਠੋਸ ਹੱਲ ਦਾ ਜ਼ਿਕਰ ਨਹੀਂ ਕੀਤਾ ਗਿਆ।"

### Notice of Amendment No. 2 & 3

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਰਾਜਪਾਲ ਜੀ ਦੇ ਧੰਨਵਾਦ ਪ੍ਰਸਤਾਵ ਦੇ ਅੰਤ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ:

1."ਐਪਰ ਅਫਸੋਸ ਹੈ ਕਿ ਹਲਕਾ ਇੰਚਾਰਜ ਦੀ ਪ੍ਰਥਾ ਜੋ ਕਿ ਪੰਜਾਬ ਵਿੱਚ ਅੱਜ ਵੀ ਪ੍ਰਚਲਿਤ ਹੈ ਉਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ": ਅਤੇ

2."ਐਪਰ ਅਫਸੋਸ ਹੈ ਕਿ ਕੰਨਫਲਿਕਟ ਆਫ ਇੰਟ੍ਰਸਟ ਐਕਟ ਲਿਆਉਣ ਦਾ ਜੋ ਵਾਅਦਾ ਪਿਛਲੇ ਸਾਲ ਰਾਜਪਾਲ ਦੇ ਭਾਸ਼ਣ ਵਿੱਚ ਕੀਤਾ ਗਿਆ ਸੀ, ਉਸ ਦਾ ਇਸ ਵਿੱਚ ਕੋਈ ਜ਼ਿਕਰ ਨਹੀਂ ਹੈ"

**ਮਾਨਯੋਗ ਸਪੀਕਰ** : ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ ਅਤੇ ਧੰਨਵਾਦ ਪ੍ਰਸਤਾਵ ਤੇ ਵੋਟ। ਮਿਤੀ 21 ਮਾਰਚ, 2018 ਨੂੰ ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ, ਰਾਜਪਾਲ ਜੀ ਦੇ ਭਾਸ਼ਣ ਦੇ ਧੰਨਵਾਦ ਪ੍ਰਸਤਾਵ ਤੇ ਬੋਲ ਰਹੇ ਸਨ ਤਾਂ ਉਸ ਸਮੇਂ ਸਦਨ ਦੀ ਕਾਰਵਾਈ ਖਤਮ ਹੋ ਗਈ ਸੀ। ਹੁਣ ਉਹ ਆਪਣਾ ਭਾਸ਼ਣ ਮੁੜ ਆਰੰਭ ਕਰਨ । ਸਰਦਾਰ ਹਰਮਿੰਦਰ ਸਿੰਘ ਗਿੱਲ।

----------

## WALK OUT

(ਇਸ ਸਮੇਂ ਸਦਨ ਵਿੱਚ ਹਾਜ਼ਰ ਆਮ ਆਦਮੀ ਪਾਰਟੀ ਦੇ ਸਮੂਹ ਮੈਂਬਰ ਦਲਿਤਾਂ ਸੰਬੰਧੀ ਮੁੱਦਿਆਂ ਤੇ ਬਹਿਸ ਲਈ ਸਮਾਂ ਨਾ ਦੇਣ ਦੇ ਰੋਸ ਵੱਜੋਂ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ। )

---

## DISCUSSION ON GOVERNOR'S ADDRESS AND VOTE ON THE MOTION OF THANKS *(Resumption)*

**ਸਰਦਾਰ ਹਰਮਿੰਦਰ ਸਿੰਘ ਗਿੱਲ (ਪੱਟੀ) :** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਦੁਬਾਰਾ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਉਨ੍ਹਾਂ ਨੇ ਸਰਕਾਰ ਦੀਆਂ ਨੀਤੀਆਂ ਪ੍ਰਤੀ ਬਹੁਤ ਸ਼ਾਨਦਾਰ ਦਸਤਾਵੇਜ਼ ਪੇਸ਼ ਕੀਤਾ ਹੈ। ਮੇਰੇ ਤੋਂ ਪਹਿਲਾਂ ਬਹੁਤ ਸਾਰੇ ਬੁਲਾਰਿਆਂ ਨੇ ਬਹੁਤ ਸਾਰੀਆਂ ਗੱਲਾਂ ਕੀਤੀਆਂ, ਕਿਸੇ ਨੇ ਹੱਕ ਦੀ ਗੱਲ ਕੀਤੀ ਅਤੇ ਕਿਸੇ ਨੇ ਵਿਰੋਧ ਦੀ ਕੀਤੀ ਪਰ ਮੈਂ ਸਪੀਕਰ ਸਾਹਿਬ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਬਣੀ ਨੂੰ ਤਕਰੀਬਨ ਇੱਕ ਸਾਲ ਹੋ ਗਿਆ ਹੈ। ਸਾਡੀ ਸਰਕਾਰ ਨੇ ਚੋਣ ਮਨੋਰਥ ਪੱਤਰ ਵਿੱਚ ਜਿਹੜੇ ਵਾਅਦੇ ਕੀਤੇ ਸੀ, ਉਨ੍ਹਾਂ ਦੇ ਮੁਤਾਬਿਕ ਸਰਕਾਰ ਨੇ ਕਣਕ ਦੀ ਬੜੀ ਸ਼ਾਨਦਾਰ ਖਰੀਦ ਕੀਤੀ ਹੈ। ਉਸ ਤੋਂ ਬਾਅਦ ਝੋਨੇ ਦੀ ਖਰੀਦ ਦਾ ਮੌਕਾ ਆਇਆ, ਉਸ ਦੇ ਵਿੱਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਇਲਾਕੇ ਵਿੱਚ 1509 ਤੇ 1121 ਝੋਨੇ ਦੀ ਵੈਰਾਇਟੀ ਲੱਗੀ ਹੈ।ਉਸ ਤੋਂ ਕਿਸਾਨਾਂ ਨੂੰ 20 ਤੋਂ 25 ਹਜ਼ਾਰ ਤੱਕ ਦਾ ਮੁਨਾਫਾ ਹੋਇਆ। ਮੈਂ ਜ਼ਿਆਦਾ ਪੁਰਾਣੀ ਨਹੀਂ ਬਲਕਿ ਪਿਛਲੇ ਸਾਲ ਦੀ ਹੀ ਗੱਲ ਕਰਦਾ ਹਾਂ ਕਿ ਕਿਸਾਨ ਮਹੀਨਾ ਮਹੀਨਾ ਮੰਡੀਆਂ ਵਿੱਚ ਰੁਲਦੇ ਰਹੇ ਪਰ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਦੇ ਸੁਹਿਰਦ ਯਤਨਾਂ ਦੇ ਸਦਕਾ, ਕਿਸਾਨਾਂ ਨੂੰ ਪੂਰਾ ਮੁੱਲ ਵੀ ਮਿਲਿਆ ਅਤੇ ਸਮੇਂ ਸਿਰ ਵੀ ਮਿਲਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਥੇ ਬੜੀਆਂ ਵੱਡੀਆਂ ਵੱਡੀਆਂ ਗੱਲਾਂ ਕੀਤੀਆਂ ਗਈਆਂ, ਮੈਂ ਆਪਣੇ ਹਲਕੇ ਦੀ ਉਦਾਹਰਣ ਦੇ ਕੇ ਦੱਸਣਾ ਚਾਹੁੰਦਾ ਹਾਂ ਕਿ ਨਸ਼ਿਆਂ ਬਾਬਤ ਬਹੁਤ ਸਾਰੀਆਂ ਗੱਲਾਂ ਹੋਈਆਂ ਪਰ ਸਾਡੇ ਇਲਾਕੇ ਵਿੱਚ ਜਿੱਥੇ ਦੁਕਾਨਾਂ ਤੇ ਕੰਡੇ ਰੱਖ ਰੱਖ ਕੇ ਨਸ਼ੇ ਵੇਚੇ ਜਾਂਦੇ ਸਨ, ਅੱਜ ਉੱਥੇ ਮੁਕੰਮਲ ਰੂਪ ਵਿੱਚ ਪਾਬੰਦੀ ਹੈ। ਨਸ਼ੇ ਵਾਲੇ ਅੱਗੇ ਹੋ ਹੋ ਕੇ ਭੱਜ ਰਹੇ ਹਨ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਤਕਰੀਬਨ 80% ਨਸ਼ਿਆਂ ਵਿੱਚ ਕਮੀ ਆਈ ਹੈ। ਸਾਡੀ ਸਰਕਾਰ ਤੋਂ ਪਹਿਲਾਂ ਕੁਝ ਲੋਕ ਕਹਿੰਦੇ ਸੀ ਕਿ ਨਸ਼ਿਆਂ ਦੀ ਸਮੱਸਿਆ ਨਹੀਂ ਹੈ ਪਰ ਨਸ਼ਿਆਂ ਦੀ ਸਮੱਸਿਆ ਇੰਨੀ ਗੰਭੀਰ ਸੀ ਕਿ ਸਾਡਾ ਪੱਟੀ ਵਿਧਾਨ ਸਭਾ ਹਲਕਾ, ਜਿੱਥੋਂ ਕਿ ਸਾਡੇ ਸਾਬਕਾ ਮੰਤਰੀ ਸਾਹਿਬ ਰੀਪਰਜ਼ੈਂਟ ਕਰਦੇ ਸਨ, ਪਿਛਲੇ 10 ਸਾਲਾਂ ਦੌਰਾਨ ਪੱਟੀ ਹਲਕੇ ਦੇ 1800 ਨੌਜਵਾਨ ਸਮੈਕ ਅਤੇ ਹੈਰੋਇਨ ਦੇ ਨਸ਼ੇ ਦੀ ਭੇਂਟ ਚੜ੍ਹ ਗਏ। ਸਾਡੇ ਹਲਕੇ ਵਿਚ ਇੱਕ ਇਹੋ ਜਿਹਾ ਵੀ ਘਰ ਹੈ ਜਿੱਥੇ ਉਸ ਘਰ ਦੇ ਤਿੰਨ ਨੌਜਵਾਨ ਬੱਚੇ ਸਮੈਕ ਦੀ ਭੇਂਟ ਚੜ੍ਹ ਗਏ। ਅਸੀਂ ਤਕੜੇ ਹੋ ਕੇ ਇੱਕ ਸਾਲ ਵਿੱਚ ਇਸ ਗੱਲ ਦੇ ਮਗਰ ਲੱਗੇ ਹੋਏ ਹਾਂ ਕਿ ਪੰਜਾਬ ਵਿਚੋਂ ਨਸ਼ਾ ਖਤਮ ਹੋ ਜਾਵੇ।ਜਿੱਥੇ ਅਸੀਂ ਨਸ਼ੇ ਦੇ ਖਾਤਮੇ ਦੀ ਸਹੁੰ ਖਾਧੀ ਹੈ, ਉੱਥੇ ਅਸੀਂ ਪੂਰੇ ਜ਼ੋਰ ਨਾਲ ਸਾਰੇ ਪੁਲਿਸ ਅਫ਼ਸਰਾਂ ਨਾਲ, ਸਾਰੀ ਐਡਮਿਨਸਟ੍ਰੇਸ਼ਨ ਨਾਲ ਅਤੇ ਲੋਕਾਂ ਨੂੰ ਨਾਲ ਮਿਲਾ ਕੇ ਇੱਕ ਮਾਸ ਮੂਵਮੈਂਟ ਬਣਾ ਕੇ ਐਸਾ ਮਾਹੌਲ ਬਣਾਇਆ ਹੈ ਕਿ ਬੇਸ਼ੱਕ ਅਸੀਂ 100% ਤਾਂ ਨਹੀਂ ਕਹਿ ਸਕਦੇ ਪਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਸੀਂ 80% ਨਸ਼ਿਆਂ ਤੇ ਕਾਬੂ ਪਾ ਲਿਆ ਹੈ। ਅਸੀਂ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਹੈ। ਮਹਾਰਾਜਾ ਸਾਹਿਬ ਨੇ ਕਿਹਾ ਸੀ ਕਿ ਅਸੀਂ 2-2 ਲੱਖ ਦਾ ਕਰਜ਼ਾ ਮਾਫ ਕਰਨਾ ਹੈ।ਸਾਡੇ ਹਲਕੇ ਵਿੱਚ ਪਹਿਲੇ ਪੜਾਅ ਵਿੱਚ ਕੋਆਪਰੇਟਿਵ ਸੋਸਾਇਟੀਆਂ ਦੇ ਕਰਜ਼ੇ ਮੁਆਫ ਕੀਤੇ

---

** ** Not recorded as ordered by the Chair.

[ਸਰਦਾਰ ਹਰਮਿੰਦਰ ਸਿੰਘ ਗਿੱਲ]

ਗਏ ਹਨ। ਸਾਡੇ ਕੋਲ ਕਈ ਪੇਪਰ ਆਏ, ਜਿਸ ਵਿੱਚ ਲਿਖਿਆ ਹੈ ਕਿ ਅਸੀਂ 1063 ਬੰਦਿਆਂ ਦੇ 3 ਕਰੋੜ 88 ਲੱਖ ਰੁਪਏ ਦੇ ਕਰਜ਼ੇ ਮੁਆਫ ਕੀਤੇ ਹਨ। ਇਸ ਵਿੱਚ ਕੇਵਲ ਸਾਡੇ ਸਪੋਰਟਰਜ਼ ਨਹੀਂ ਸਨ ਸਗੋਂ ਸਾਰੀਆਂ ਪਾਰਟੀਆਂ ਦੇ ਲੋਕ ਸਨ। ਅਸੀਂ ਕੋਆਪਰੇਟਿਵ ਸੋਸਾਇਟੀਆਂ ਦਾ 40 ਜਾਂ 50 ਹਜ਼ਾਰ ਰੁਪਏ ਦਾ ਕਰਜ਼ਾ ਮੁਆਫ ਕੀਤਾ ਹੈ। ਅਸੀਂ ਕਮਰਸ਼ੀਅਲ ਬੈਂਕਾਂ ਦੇ ਲੋਨ ਵੀ ਮੁਆਫ ਕਰ ਰਹੇ ਹਾਂ। ਇਹ ਕੋਈ ਛੋਟੀ ਗੱਲ ਨਹੀਂ ਹੈ। ਜਿੱਥੇ ਅਸੀਂ ਕਿਸਾਨਾਂ ਨੂੰ 2-2 ਲੱਖ ਰੁਪਏ ਦੀ ਰਾਹਤ ਦਿੱਤੀ ਹੈ ਜਾਂ ਉਨ੍ਹਾਂ ਦੀ ਫਸਲ ਚੁੱਕ ਕੇ ਉਨ੍ਹਾਂ ਨੂੰ 2-2 ਲੱਖ ਰੁਪਏ ਦਾ ਤਕਰੀਬਨ ਇੱਕ-ਇੱਕ ਪਰਿਵਾਰ ਨੂੰ ਫਾਇਦਾ ਦਿੱਤਾ ਹੈ, ਉੱਥੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕੈਪਟਨ ਅਮਰਿੰਦਰ ਸਿੰਘ ਜੀ ਵੱਲੋਂ ਚਲਾਈ ਗਈ ਸਕੀਮ ਦੇ ਮੁਤਾਬਕ ਆਪਣੇ ਇਲਾਕੇ ਵਿੱਚ 5-5 ਮਰਲੇ ਦੇ ਪਲਾਟ ਗਰੀਬ ਪਰਿਵਾਰਾਂ ਨੂੰ ਦੇ ਰਹੇ ਹਾਂ। ਅਸੀਂ ਆਪਣੇ ਪੱਟੀ ਹਲਕੇ ਵਿੱਚ 4-5 ਪਿੰਡਾਂ ਵਿਚ ਪਲਾਟਾਂ ਦਾ ਵਿਤਰਣ ਕਰ ਦਿੱਤਾ ਹੈ ਅਤੇ ਉਹ ਜ਼ਮੀਨ ਲਗਭਗ 25 ਹਜ਼ਾਰ ਤੋਂ 50 ਹਜ਼ਾਰ ਰੁਪਏ ਪ੍ਰਤੀ ਮਰਲਾ ਹੈ। ਤਕਰੀਬਨ ਡੇਢ ਲੱਖ ਤੋਂ 2 ਲੱਖ ਰੁਪਏ ਦਾ ਫਾਇਦਾ ਇੱਕ-ਇੱਕ ਬੰਦੇ ਨੂੰ ਹੋ ਰਿਹਾ ਹੈ।

ਇਸ ਦੇ ਨਾਲ-ਨਾਲ ਜਿਨ੍ਹਾਂ ਦੇ ਘਰਾਂ ਵਿੱਚ ਟਾਇਲਟ ਨਹੀਂ ਸੀ, ਉਹ ਸਾਡੇ ਤੋਂ ਮੰਗ ਕਰਦੇ ਸਨ ਕਿ ਦੇਸ਼ ਆਜ਼ਾਦ ਹੋਇਆਂ ਨੂੰ ਇੰਨਾ ਚਿਰ ਹੋ ਗਿਆ ਹੈ ਪਰ ਹਾਲੇ ਸਾਨੂੰ ਸਵੇਰ ਵੇਲੇ ਖੇਤਾਂ ਵੱਲ ਜਾਣਾ ਪੈਂਦਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਪਹਿਲਕਦਮੀ ਅਤੇ ਕੈਪਟਨ ਸਾਹਿਬ ਦੇ ਉਦਮ ਕਰਕੇ ਸਾਡੇ ਪੱਟੀ ਵਿਧਾਨ ਸਭਾ ਹਲਕੇ ਵਿੱਚ ਤਕਰੀਬਨ 2100 ਗਰੀਬਾਂ ਦੇ ਘਰਾਂ ਵਿੱਚ ਟਾਇਲਟ ਬਣ ਚੁੱਕੀ ਹੈ। 8000 ਟਾਇਲਟ ਅਸੀਂ ਹੋਰ ਬਣਾ ਰਹੇ ਹਾਂ। ਇਸ ਤੋਂ ਇਲਾਵਾ ਜਿਨ੍ਹਾਂ ਗਰੀਬਾਂ ਕੋਲ ਰਹਿਣ ਵਾਸਤੇ ਛੱਤ ਨਹੀਂ ਹੈ, ਉਨ੍ਹਾਂ ਨੂੰ ਅਸੀਂ ਡੇਢ-ਡੇਢ ਲੱਖ ਰੁਪਏ ਦੇ ਮਕਾਨ ਬਣਾ ਕੇ ਦੇ ਰਹੇ ਹਾਂ। ਤਕਰੀਬਨ 950 ਮਕਾਨ ਸਾਡੇ ਹਲਕੇ ਵਿੱਚ ਬਣ ਰਹੇ ਹਨ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਗੱਲਾਂ ਕਰਨੀਆਂ ਤਾਂ ਬੜੀਆਂ ਸੌਖੀਆਂ ਹਨ ਪਰ ਕੰਮ ਕਰਨੇ ਬਹੁਤ ਔਖੇ ਹਨ।ਸਾਡੀ ਵਿਰੋਧੀ ਪਾਰਟੀ ਦੇ ਮਾਨਯੋਗ ਮੈਂਬਰ 90 ਹਜ਼ਾਰ ਕਰੋੜ ਦਾ ਕਰਜ਼ਾ ਮੁਆਫ ਕਰਨ ਵਾਸਤੇ ਇਥੇ ਵੱਡੇ-ਵੱਡੇ ਪੋਸਟਰ ਲੈ ਕੇ ਆਏ।

*3.58 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਵੇਲੇ ਸਾਡੇ ਇਲਾਕੇ ਦੇ ਜਿਹੜੇ ਮੰਤਰੀ ਸਨ, ਉਨ੍ਹਾਂ ਨੂੰ ਕੀ ਮਜਬੂਰੀ ਪੈ ਗਈ ਸੀ ਕਿ ਉਹ ਇਲੈਕਸ਼ਨ ਤੋਂ ਇੱਕ ਦਿਨ ਪਹਿਲਾਂ 29919 ਕਰੋੜ 96 ਲੱਖ ਦੇ ਸਕੈਮ ਨੂੰ ਕਰਜ਼ੇ ਵਿੱਚ ਬਦਲ ਕੇ ਚਲੇ ਗਏ। 11 ਤਰੀਕ ਨੂੰ ਵੋਟਾਂ ਦੀ ਗਿਣਤੀ ਹੋਣੀ ਸੀ ਅਤੇ ਉਹ 10 ਤਰੀਕ ਨੂੰ ਹੀ ਇਹ ਫੈਸਲਾ ਕਰ ਗਏ। ਇਸ ਸਕੈਮ ਦੀਆਂ ਪਰਤਾਂ ਖੁੱਲ੍ਹਣੀਆਂ ਜ਼ਰੂਰੀ ਹਨ। ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਫੂਡ ਸਕੈਮ ਹੋਇਆ ਸੀ, ਇਹ ਸਾਡੇ ਪੱਟੀ ਹਲਕੇ ਤੋਂ ਓਰੀਜੀਨੇਟ ਹੋਇਆ ਸੀ। ਇਸ ਵਿੱਚ ਜਿਹੜੇ ਬੰਦੇ ਸ਼ਾਮਲ ਸਨ, ਮੈਂ ਉਨ੍ਹਾਂ ਦੀ ਸਾਰੀ ਡਿਟੇਲ ਦੇ ਸਕਦਾ ਹਾਂ ਪਰ ਕਿਸੇ ਨੇ ਇਹ ਗੱਲ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ 29919 ਕਰੋੜ ਰੁਪਏ ਨੂੰ 20 ਸਾਲ ਦੇ ਕਰਜ਼ੇ ਵਿੱਚ ਕਿਉਂ ਤਬਦੀਲ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਇਸ ਦੇ ਮੁਤਾਬਕ ਤਕਰੀਬਨ 3240 ਕਰੋੜ ਦੀ ਸਾਲਾਨਾ ਕਿਸ਼ਤ ਪੰਜਾਬ ਨੇ ਪੇਅ ਕਰਨੀ ਹੈ। ਸਾਨੂੰ ਤਕਰੀਬਨ 20 ਸਾਲਾਂ ਵਿੱਚ 64500 ਕਰੋੜ ਰੁਪਿਆ ਵਾਪਸ ਕਰਨਾ ਪੈਣਾ ਹੈ। 90 ਹਜ਼ਾਰ ਕਰੋੜ ਦੀ ਅਸੀਂ ਮੰਗ ਕਰਦੇ ਹਾਂ, ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ 64500 ਕਰੋੜ ਰੁਪਿਆ ਕਰਜ਼ਾ ਕੌਣ ਚੜ੍ਹਾ ਕੇ ਗਿਆ ਹੈ? ਇਸ ਗੱਲ ਦੀ ਤਫਤੀਸ਼ ਕਰਨੀ ਚਾਹੀਦੀ ਹੈ। ਮੈਂ ਸਦਨ ਨੂੰ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਸਾਲ 1978 ਤੋਂ ਲੈ ਕੇ ਤਕਰੀਬਨ 1995 ਤੱਕ ਪੰਜਾਬ ਵਿੱਚ ਮਾੜੇ

ਹਾਲਾਤ ਰਹੇ। ਉਦੋਂ ਸਾਨੂੰ ਸੈਂਟਰ ਤੋਂ ਕਰਜ਼ਾ ਚੁੱਕਣਾ ਪਿਆ। ਤਕਰੀਬਨ 5800 ਕਰੋੜ ਰੁਪਿਆ ਕਰਜ਼ਾ ਸੀ। ਇਸ ਵਿੱਚੋਂ ਅਸੀਂ ਤਕਰੀਬਨ 700 ਕਰੋੜ ਰੁਪਿਆ ਵਾਪਸ ਕੀਤਾ। ਇਹ ਜਿਹੜਾ ਵੱਡਾ ਬੋਝ ਪੰਜਾਬ ਦੇ ਸਿਰ ਪਾਇਆ ਹੈ, ਇਹ ਕੌਣ ਵਾਪਸ ਕਰ ਸਕਦਾ ਹੈ? ਇਹ ਕਰਜ਼ਾ ਅਸੀਂ ਕਿਵੇਂ ਉਤਾਰ ਸਕਦੇ ਹਾਂ? ਗੱਲਾਂ ਕਰਨੀਆਂ ਬਹੁਤ ਸੌਖੀਆਂ ਹਨ ਪਰ ਕੰਮ ਕਰਨਾ ਬਹੁਤ ਔਖਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ ਸਰਕਾਰ ਬਣਨ ਤੋਂ ਪਹਿਲਾਂ ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਦੇ ਬਾਹਰ ਹੈਰੀਟੇਜ ਸਟ੍ਰੀਟ ਦਾ ਪ੍ਰੋਜੈਕਟ ਬਣਾਇਆ ਗਿਆ।ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਇਹ ਦਾਅਵਾ ਕਰਦੀ ਹੈ ਕਿ ਉਹ ਮਹਾਰਾਜਾ ਰਣਜੀਤ ਸਿੰਘ ਦੇ ਨਕਸ਼ੇ ਕਦਮਾਂ ਤੇ ਚਲਦੇ ਹਨ ਪਰ ਮੈਂ ਇਤਿਹਾਸ ਦੇ ਝਰੋਖੇ ਵਿੱਚੋਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਆਪਾਂ ਸ੍ਰੀ ਹਰਿਮੰਦਰ ਸਾਹਿਬ ਦੇ ਵਿੱਚ ਐਂਟਰ ਕਰਦੇ ਹਾਂ ਤਾਂ ਉੱਥੇ ਇੱਕ ਪੱਤਰਾ ਲੱਗਿਆ ਹੋਇਆ ਹੈ, ਜਿਸ ਦੇ ਉੱਪਰ ਇਹ ਲਿਖਿਆ ਗਿਆ ਹੈ ਕਿ ਗੁਰੂ ਸਾਹਿਬ ਨੇ ਕਿਰਪਾ ਕਰਕੇ ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਤੇ ਦਯਾ ਕੀਤੀ ਤੇ ਉਨ੍ਹਾਂ ਤੋਂ ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਉੱਪਰ ਸੋਨੇ ਦੇ ਪੱਤਰੇ ਚੜ੍ਹਾਉਣ ਦੀ ਸੇਵਾ ਲਈ। ਉਹ ਇੱਕ ਇੰਨਾ ਵੱਡਾ ਮਹਾਰਾਜਾ ਸੀ ਤੇ ਉਨ੍ਹਾਂ ਨੇ ਪੰਜਾਬ ਵਿੱਚ ਰਾਜਾ ਬਣਨ ਤੋਂ ਬਾਅਦ ਸੋਨਾ ਚੜ੍ਹਾਇਆ ਹੈ ਔਰ ਉੱਥੇ ਵੀ ਗੁਰੂ ਸਾਹਿਬ ਦੀ ਕਿਰਪਾ ਦੀ ਗੱਲ ਕੀਤੀ ਗਈ ਹੈ ਪਰ ਸਾਡੇ ਉਸ ਸਮੇਂ ਦੇ ਮਾਨਯੋਗ ਡਿਪਟੀ ਮੁੱਖ ਮੰਤਰੀ ਸਾਹਿਬ ਨੇ ਹੈਰੀਟੇਜ ਸਟ੍ਰੀਟ ਬਣਾਈ ਹੈ ਔਰ ਜਿੱਥੋਂ ਸਟ੍ਰੀਟ ਸ਼ੁਰੂ ਹੁੰਦੀ ਹੈ, ਉੱਥੇ ਪੱਥਰ ਲੱਗਿਆ ਹੋਇਆ ਹੈ, ਜਿਸ ਦੇ ਉੱਪਰ ਲਿਖਿਆ ਗਿਆ ਹੈ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਇਹ ਪ੍ਰੋਜੈਕਟ ਉਲੀਕਿਆ ਤੇ ਸਿਰਜਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਿਰਜਣਹਾਰ ਕੌਣ ਹੋ ਸਕਦਾ ਹੈ? ਕੀ ਸਾਡੇ ਗੁਰੂ ਤੋਂ ਬਿਨਾਂ ਕੋਈ ਹੋਰ ਸਿਰਜਣਹਾਰ ਹੋ ਸਕਦਾ ਹੈ? ਇੱਕ ਪਾਸੇ ਮਹਾਰਾਜਾ ਰਣਜੀਤ ਸਿੰਘ ਨਿਮਰਤਾ ਦੀ ਗੱਲ ਕਰਦੇ ਹਨ ਔਰ ਸਾਡੀ ਸਰਕਾਰ ਤੇ ਸਾਡੇ ਲੋਕ ਕਹਿੰਦੇ ਹਨ ਕਿ ਪੈਸਾ ਪੰਜਾਬ ਸਰਕਾਰ ਦਾ ਲੱਗਿਆ ਹੈ। ਠੀਕ ਹੈ ਚੰਗਾ ਪ੍ਰੋਜੈਕਟ ਬਣਾਇਆ ਹੈ ਪਰ ਇਹ ਲਿਖਣਾ ਕਿ ਕਿਸੇ ਮਨੁੱਖ ਵਲੋਂ ਉਲੀਕਿਆ ਤੇ ਸਿਰਜਿਆ ਗਿਆ ਹੈ, ਇਹ ਬਹੁਤ ਹੀ ਨਮੋਸ਼ੀ ਵਾਲੀ ਗੱਲ ਲਗਦੀ ਹੈ ਤੇ ਇਹ ਸਾਡੇ ਲਈ ਬਹੁਤ ਹੀ ਸ਼ਰਮ ਵਾਲੀ ਗੱਲ ਹੈ। ਇਹੋ ਜਿਹੇ ਸ਼ਬਦ ਸਾਨੂੰ ਗੁਰੂ ਸਾਹਿਬਾਨਾਂ ਲਈ ਬੋਲਣੇ ਚਾਹੀਦੇ ਹਨ ਤੇ ਅਸੀਂ ਆਪਣੇ ਆਪ ਤੇ ਹੀ ਇਹ ਸ਼ਬਦ ਢੁੱਕਵਾ ਲਏ ਹਨ ਕਿ ਅਸੀਂ ਸਿਰਜਣਹਾਰ ਹਾਂ। ਮੈਂ ਇਸ ਗੱਲ ਦੀ ਨਿੰਦਾ ਕਰਦਾ ਹਾਂ, ਸਾਨੂੰ ਇਹੋ ਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਨੇ ਜਿਹੜੀਆਂ-ਜਿਹੜੀਆਂ ਗੱਲਾਂ ਕੀਤੀਆਂ ਸਨ, ਉਹ ਗੱਲਾਂ ਪੂਰੀਆਂ ਕੀਤੀਆਂ ਹਨ ਪਰ ਮੈਂ ਅਫਸੋਸ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਹਲਕੇ ਵਿੱਚ ਪਿਛਲੇ ਦਸ ਸਾਲਾਂ ਵਿੱਚ 5355 ਹਥਿਆਰਾਂ ਦੇ ਲਾਇਸੈਂਸ ਬਣੇ ਹਨ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਬੈਂਸ ਸਾਹਿਬ ਤੁਸੀਂ ਬੋਲੋ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਡਿਪਟੀ ਸਪੀਕਰ ਸਾਹਿਬ, ਮੇਰੇ ਸਾਥੀ ਨੇ ਇੱਕ ਬਹੁਤ ਹੀ ਅਹਿਮ ਇਸ਼ੂ ਉਠਾਇਆ ਹੈ।ਮੈਂ ਸਮਝਦਾ ਹਾਂ ਕਿ ਘੱਟੋ-ਘੱਟ ਸ਼੍ਰੋਮਣੀ ਅਕਾਲੀ ਦਲ ਤਾਂ ਸਿਰਜਣਹਾਰ ਕੇਵਲ ਇੱਕ ਨੂੰ ਮੰਨਦਾ ਹੈ। ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਸਰਬਸੰਮਤੀ ਨਾਲ ਕਹਿਣ ਕਿ ਉਹ ਪੱਥਰ ਬਦਲੀ ਕਰ ਦਿਓ। ਕੀ ਇਹ ਇਸ ਨਾਲ ਸਹਿਮਤ ਹਨ? ਜੇ ਇਹ ਸਹਿਮਤ ਨਹੀਂ ਹਨ ਤਾਂ ਇਸ ਦਾ ਮਤਲਬ ਹੈ ਕਿ ਇਹ ਆਪਣੇ ਆਪ ਨੂੰ ਹੀ ਸਿਰਜਣਹਾਰ ਸਮਝਦੇ ਹਨ। ਧੰਨਵਾਦ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਬੜਾ ਹੀ ਸ਼ਾਨਦਾਰ ਪੱਥਰ ਬਣਾ ਕੇ ਲਗਾਇਆ ਗਿਆ ਹੈ। ਜਦੋਂ ਵੀ ਕੋਈ ਸੈਲਾਨੀ ਬਾਹਰੋਂ ਆਉਂਦਾ ਹੈ ਤਾਂ ਉਸ ਨੂੰ ਉਹ ਪੱਥਰ ਬੜਾ ਚੁੱਭਦਾ ਹੈ। ਖਾਸ ਕਰਕੇ ਸਾਡੇ ਪੰਜਾਬ ਦੇ ਸਿੱਖਾਂ ਦੇ ਹਿਰਦੇ ਵਲੂੰਧਰੇ ਜਾਂਦੇ ਹਨ ਕਿਉਂਕਿ ਸਿਰਜਣਹਾਰ ਗੁਰੂ ਸਾਹਿਬ ਤੋਂ ਬਿਨਾਂ ਕੋਈ ਹੋਰ ਨਹੀਂ ਹੋ ਸਕਦਾ। ਮੇਰੀ ਹਾਊਸ ਨੂੰ ਬੇਨਤੀ ਹੈ ਕਿ ਇਹ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਜਾਵੇ ਕਿ ਇਹ ਪੱਥਰ ਚੇਂਜ ਕੀਤਾ ਜਾਵੇ ਕਿਉਂਕਿ ਆਪਾਂ ਮਹਾਰਾਜਾ ਰਣਜੀਤ ਸਿੰਘ ਤੋਂ ਵੱਡੇ ਨਹੀਂ ਹਾਂ। ਉਨ੍ਹਾਂ ਨੇ ਇਸ ਪੱਥਰ ਨੂੰ ਲਾਉਣ ਵਾਸਤੇ ਤਿੰਨ ਵਾਰੀ ਇਸ ਨੂੰ ਚੇਂਜ ਕੀਤਾ ਤੇ ਉਸ ਦੀ ਇਬਾਰਤ ਬਦਲੀ ਔਰ ਇਬਾਰਤ ਬਦਲ ਕੇ ਗੁਰੂ ਸਾਹਿਬ ਨੇ ਕਿਰਪਾ ਕੀਤੀ ਤੇ ਉਨ੍ਹਾਂ ਨੇ ਸੋਨੇ ਦੇ ਪੱਤਰੇ ਚੜ੍ਹਾਏ। ਅਸੀਂ ਉਨ੍ਹਾਂ ਤੋਂ ਵੱਡੇ ਨਹੀਂ ਹੋ ਸਕਦੇ। ਸੋ, ਮੇਰੀ ਹਾਊਸ ਨੂੰ ਬੇਨਤੀ ਹੈ ਕਿ ਜਿਹੜਾ ਉੱਥੇ ਪੱਥਰ ਲੱਗਿਆ ਹੈ, ਜਿਸ ਤੇ ਲਿਖਿਆ ਗਿਆ ਹੈ ਕਿ ਉਲੀਕਿਆ ਤੇ ਸਿਰਜਿਆ ਗਿਆ, ਵੱਲੋਂ: ਸਰਦਾਰ ਸੁਖਬੀਰ ਸਿੰਘ ਬਾਦਲ, ਪਲੀਜ਼ ਇਸ ਨੂੰ ਚੇਂਜ ਕੀਤਾ ਜਾਵੇ। ਮੈਂ ਹਾਊਸ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਜਾਣਾ ਚਾਹੀਦਾ ਹੈ। (ਵਿਘਨ...ਸ਼ੋਰ)

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ :** ਵਡਾਲਾ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਬਹੁਤ ਹੀ ਧਾਰਮਿਕ ਅਤੇ ਸਿੱਖ ਜ਼ਜ਼ਬੇ ਵਾਲੀ ਗੱਲ ਕੀਤੀ ਹੈ ਪਰ ਜਦੋਂ ਆਪਾਂ ਦਰਬਾਰ ਸਾਹਿਬ ਜਾ ਕੇ ਮੱਥਾ ਟੇਕਦੇ ਹਾਂ ਤਾਂ ਉੱਥੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਪੱਥਰ ਲੱਗਿਆ ਹੈ (ਵਿਘਨ...ਸ਼ੋਰ) ਗੱਲ ਤਾਂ ਸੁਣ ਲਓ, ਬੈਂਸ ਸਾਹਿਬ, ਗੱਲ ਤਾਂ ਸੁਣ ਲਓ। ਜਿਹੜੀ ਹੈਰੀਟੇਜ ਸਟ੍ਰੀਟ ਦੀ ਗੱਲ ਹੈ, ਉਹ ਸ਼ਹਿਰ ਦਾ ਹਿੱਸਾ ਹੈ, ਉਹ ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਤੋਂ ਬਾਹਰ ਦਾ ਹਿੱਸਾ ਹੈ ਤੇ ਸਾਰੀ ਦੁਨੀਆ ਉਸ ਨੂੰ ਸਰਾਹੁੰਦੀ ਹੈ। ਜਿੰਨੇ ਵੀ ਲੋਕ ਆਉਂਦੇ ਹਨ ਉਸ ਨੂੰ appreciate ਕਰਦੇ ਹਨ ਲੇਕਿਨ ਜਿੱਥੇ ਤੱਕ ਸਿਰਜਣਹਾਰ ਵਾਲੀ ਗੱਲ ਹੈ, ਜੇ ਕਿਸੇ ਨੇ ਕੋਈ ਚੰਗਾ ਕੰਮ ਕੀਤਾ ਹੈ ਤੇ ਉਸ ਨੇ ਆਪਣੀ ਪਲੇਟ ਲਗਾ ਦਿੱਤੀ ਹੈ ਤਾਂ ਉਸ ਵਿੱਚ ਕੋਈ ਕਿੰਤੂ ਪ੍ਰੰਤੂ ਵਾਲੀ ਗੱਲ ਨਹੀਂ ਹੋਣੀ ਚਾਹੀਦੀ। ਗਿੱਲ ਸਾਹਿਬ, ਜੇਕਰ ਆਪਾਂ ਸ੍ਰੀ ਦਰਬਾਰ ਸਾਹਿਬ ਦੀ ਅੰਦਰਲੀ ਪ੍ਰਕਰਮਾ ਦੇ ਨਾਲ ਕੰਪੈਰੀਜ਼ਨ ਕਰਾਂਗੇ ਤਾਂ ਉਹ ਗਲਤ ਹੋਵੇਗਾ। ਉਹ ਨਹੀਂ ਹੋਣਾ ਚਾਹੀਦਾ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਉਹ ਸਟ੍ਰੀਟ ਸ੍ਰੀ ਹਰਿਮੰਦਰ ਸਾਹਿਬ ਨਾਲ ਜੁੜਦੀ ਹੈ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਪਲਾਜ਼ੇ ਨਾਲ ਜੁੜਦੀ ਹੈ ਤੇ ਲੋਕ ਉੱਥੋਂ ਤੁਰ ਕੇ ਜਾਂਦੇ ਹਨ। ਜੇ ਇਹ ਠੀਕ ਸਮਝਦੇ ਹਨ ਕਿ ਸਿਰਜਣਹਾਰ ਸ਼ਬਦ ਠੀਕ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ ਪਰ ਸਾਨੂੰ ਇਸ ਗੱਲ ਦਾ ਸਭ ਤੋਂ ਵੱਡਾ ਇਤਰਾਜ਼ ਹੈ ਕਿ ਸਿਰਜਣਹਾਰ ਗੁਰੂ ਸਾਹਿਬ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਨਾਗਰਾ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਧੰਨਵਾਦ, ਡਿਪਟੀ ਸਪੀਕਰ ਸਾਹਿਬ। ਇਹ ਮਾਮਲਾ ਬਹੁਤ ਜ਼ਿਆਦਾ ਸਿੱਖ ਮਾਨਸਿਕਤਾ ਦੇ ਨਾਲ ਜੁੜਿਆ ਹੋਇਆ ਹੈ। ਪਹਿਲਾਂ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ, ਸਾਡੇ ਕੈਪਟਨ ਅਮਰਿੰਦਰ ਸਿੰਘ ਜੀ ਨੇ ਆਉਂਦਿਆਂ ਸਾਰ ਹੀ ਵੀ.ਵੀ.ਆਈ.ਪੀ. ਕਲਚਰ ਦਾ ਤਿਆਗ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਵੀ.ਵੀ.ਆਈ.ਪੀ. ਕਲਚਰ ਹੈ, ਅਸੀਂ ਇਸ ਨੂੰ ਖਤਮ ਕੀਤਾ। ਅੱਜ ਪੰਜਾਬ ਦੇ ਵਿੱਚ ਇੱਕ ਸਾਲ ਦੇ ਵਿੱਚ ਇੱਕ ਵੀ ਨੀਂਹ ਪੱਥਰ ਨਹੀਂ ਰੱਖਿਆ ਗਿਆ। (ਵਿਘਨ... ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ.ਕੇ. ਸ਼ਰਮਾ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਬੜੇ ਸਤਿਕਾਰਯੋਗ ਵੀਰ ਹਨ। ਇਨ੍ਹਾਂ ਨੂੰ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ** ** ਕਿ ਬੋਲਣ ਨਹੀਂ ਦੇਣਾ ਅਤੇ ਡਿਸਟਰਬ ਕਰੀ ਜਾਣਾ ਹੈ। ਇਹ ਸਤਿਕਾਰਯੋਗ ਹਨ, ਮੇਰੇ ਤਾਂ ਛੋਟੇ ਭਰਾ ਹਨ, ਕਾਲਜ ਵਿੱਚ ਵੀ ਮੇਰੇ ਜੂਨੀਅਰ ਸੀ। ਮੈਂ ਇਨ੍ਹਾਂ ਦੀ ਮਾਨਸਿਕਤਾ ਨੂੰ ਜਾਣਦਾ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਨੇ ਵੀ.ਵੀ.ਆਈ.ਪੀ. ਕਲਚਰ ਨੂੰ ਖਤਮ ਕੀਤਾ ਹੈ। ਜਿਹੜੀ ਸ੍ਰੀ ਦਰਬਾਰ ਸਾਹਿਬ ਵਿਖੇ ਹੈਰੀਟੇਜ ਸਟਰੀਟ ਬਣਾ ਕੇ ਹੈਰੀਟੇਜ ਸਪਿਰਟ ਪੇਸ਼ ਕੀਤੀ ਗਈ ਹੈ, ਇਸ ਨਾਲ ਗੁਰਦੁਆਰਾ ਸਾਹਿਬ ਦੇ ਚੌਗਿਰਦੇ ਨੂੰ ਸੁੰਦਰਤਾ ਪ੍ਰਦਾਨ ਕੀਤੀ ਗਈ ਹੈ। ਅਸੀਂ ਵੀ ਇਸ ਨੂੰ ਇੱਕ ਵਧੀਆ ਕਦਮ ਕਹਿ ਰਹੇ ਹਾਂ ਅਤੇ ਸਾਰੀ ਦੁਨੀਆਂ ਵੀ ਕਹਿ ਰਹੀ ਹੈ। (ਥੰਪਿੰਗ) ਪਰ ਮੈਨੂੰ ਅੱਜ ਇਹ ਸਮਝ ਨਹੀਂ ਆ ਰਹੀ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਕੀ ਇੰਨੇ ਵੱਡੇ ਧਰਮਾਤਮਾ ਹੋ ਗਏ ਹਨ ਕਿ ਉਨ੍ਹਾਂ ਦੇ ਨਾਂ ਨਾਲ ਸਿਰਜਣਹਾਰ ਸ਼ਬਦ ਹਟਾਉਣ ਦਾ ਇਨ੍ਹਾਂ ਨੂੰ ਆਬਜੈਕਸ਼ਨ ਹੈ। ਮੈਂ ਇਸ ਗੱਲ ਤੋਂ ਹੈਰਾਨ ਹਾਂ। (ਵਿਘਨ...ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ.ਕੇ. ਸ਼ਰਮਾ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਹਰਮਿੰਦਰ ਸਿੰਘ ਗਿੱਲ :** ਡਿਪਟੀ ਸਪੀਕਰ ਸਾਹਿਬ, ਮੈਂ ਪਹਿਲੀ ਵਾਰ ਬੋਲਣ ਲੱਗਿਆ ਹਾਂ।

**ਮਾਨਯੋਗ ਡਿਪਟੀ ਸਪੀਕਰ:** ਸ਼ਰਮਾ ਜੀ, ਪਲੀਜ਼ ਬੈਠ ਜਾਓ। ਇਨ੍ਹਾਂ ਦੀ ਮੇਡਨ ਸਪੀਚ ਹੈ, ਇਨ੍ਹਾਂ ਨੂੰ ਬੋਲਣ ਦਿਉ।(ਵਿਘਨ...ਸ਼ੋਰ)

---

** ** Expunged as ordered by the Chair.

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ ** ** (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਮਜੀਠੀਆ ਜੀ, ਨੋ ਪੁਆਇੰਟ ਆਫ ਆਰਡਰ। ਜੋ ਸ਼ਬਦ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਬੋਲੇ ਗਏ ਹਨ, ਉਨ੍ਹਾਂ ਨੂੰ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਰ, ਮੇਰੀ ਬੇਨਤੀ ਹੈ ਕਿ ਹੈਰੀਟੇਜ ਸਟਰੀਟ ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਦਾ ਹਿੱਸਾ ਹੋਣ ਬਾਰੇ ਜੇਕਰ ਕਿਸੇ ਨੂੰ ਕੋਈ ਸ਼ੱਕ ਹੈ ਤਾਂ ਹਾਊਸ ਦੀ ਇਕ ਸਾਂਝੀ ਕਮੇਟੀ ਬਣਾ ਕੇ ਭੇਜ ਦਿਓ। ਮੈਨੂੰ ਤਾਂ ਉਸ ਬਾਰੇ ਬੜਾ ਦੁੱਖ ਲੱਗਿਆ, ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਗਿੱਲ ਸਾਹਿਬ, ਪਲੀਜ਼ try to conclude, please wind up. ਗਿੱਲ ਸਾਹਿਬ ਤੁਸੀਂ ਆਪਣਾ ਟਾਈਮ ਐਵੇਂ ਹੀ ਖਰਾਬ ਕਰ ਦਿੱਤਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਚੰਦੂਮਾਜਰਾ , ਪਲੀਜ਼ ਬੈਠੋ। ਗਿੱਲ ਸਾਹਿਬ, ਪਲੀਜ਼ ਚੇਅਰ ਨੂੰ ਐਡਰੈੱਸ ਕਰੋ। ਗਿੱਲ ਸਾਹਿਬ, Please try to conclude, ਤੁਹਾਡੇ ਦੋ ਮਿੰਟ ਰਹਿੰਦੇ ਹਨ। ਚੰਦੂਮਾਜਰਾ ਜੀ, ਪਲੀਜ਼ ਇਨ੍ਹਾਂ ਨੂੰ ਬੋਲ ਲੈਣ ਦਿਓ, ਜਦੋਂ ਤੁਹਾਡਾ ਟਾਈਮ ਆਵੇਗਾ, ਤੁਸੀਂ ਬੋਲ ਲੈਣਾ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਤੁਹਾਡੇ ਰਾਹੀਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਹਲਕੇ ਵਿੱਚ ਪਿਛਲੇ ਦਸ ਸਾਲਾਂ ਦੌਰਾਨ 5355 ਆਰਮਜ਼ ਲਾਈਸੈਂਸ ਬਣੇ ਹਨ।ਲੋਕ ਉਥੇ ਸ਼ਰ੍ਹੇਆਮ ਗੁੰਡਾਗਰਦੀ ਕਰਿਆ ਕਰਦੇ ਸਨ।ਚੌਕਾਂ ਵਿੱਚ ਖਲੋ-ਖਲੋ ਕੇ ਗੋਲੀਆਂ ਚਲਾਉਂਦੇ ਸਨ।ਮੈਰਿਜ ਪੈਲਿਸਾਂ ਵਿੱਚ ਗੋਲੀਆਂ ਚਲਾਉਂਦੇ ਸਨ।ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਬਣਨ ਤੋਂ ਬਾਅਦ ਮੇਰੇ ਹਲਕੇ ਵਿਚ ਇੱਕ ਸਾਲ ਦੇ ਅੰਦਰ ਸਿਰਫ 42 ਆਰਮਜ਼ ਲਾਇਸੈਂਸ ਬਣੇ ਹਨ ਔਰ ਉੱਥੇ ਗੁੰਡਾਗਰਦੀ ਬਿਲਕੁਲ ਬੰਦ ਹੈ ਅਤੇ ਮੈਰਿਜ ਪੈਲਿਸਾਂ ਵਿੱਚ ਵੀ ਗੋਲੀਆਂ ਚਲਾਉਣੀਆਂ ਬੰਦ ਕਰ ਦਿੱਤੀਆਂ ਹਨ। ਕਿਸੇ ਕਿਸਮ ਦਾ ਡਰ ਭੈਅ ਨਹੀਂ ਰਿਹਾ।ਜਿੱਥੇ ਲੋਕ ਸ਼ਾਮ ਨੂੰ ਬਾਹਰ ਨਿਕਲਣ ਤੋਂ ਡਰਦੇ ਸਨ ਕਿ ਗੋਲੀਆਂ ਨਾ ਚੱਲ ਜਾਣ, ਹੁਣ ਉੱਥੇ ਮਾਹੌਲ ਬਿਲਕੁਲ ਠੀਕ ਕਰ ਦਿੱਤਾ ਗਿਆ ਹੈ।ਸਾਡੀ ਸਰਕਾਰ ਬਣੇ ਨੂੰ ਹਾਲੇ ਛੇ ਮਹੀਨੇ ਹੀ ਹੋਏ ਸਨ ਕਿ ਵਿਰੋਧੀਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਸਰਕਾਰ ਫੇਲ੍ਹ ਹੋ ਗਈ।ਵੇਖੋ, ਸਰਕਾਰ ਫੇਲ੍ਹ ਹੋਈ ਕਿ ਪਾਸ ਹੋਈ ਇਹ ਤਾਂ ਇਲੈਕਸ਼ਨਾਂ ਤੋਂ ਪਤਾ ਲੱਗਦਾ ਹੈ।ਗੁਰਦਾਸਪੁਰ ਦੀ ਪਾਰਲੀਮੈਂਟ ਇਲੈਕਸ਼ਨ ਆ ਗਈ ਤੇ ਕਾਂਗਰਸ ਪਾਰਟੀ ਨੇ ਉਹ ਇਲੈਕਸ਼ਨ ਇੱਕ ਲੱਖ 97 ਹਜ਼ਾਰ ਵੋਟਾਂ ਤੋਂ ਜਿੱਤੀ (ਥੰਪਿੰਗ) ਮੁਆਫ ਕਰਨਾ ਪਰ ਮੇਰੇ ਕਿਸੇ ਵੀਰ ਨੂੰ ਕੇਵਲ 23 ਹਜ਼ਾਰ ਵੋਟ ਹੀ ਪਈ। ਮਿਊਂਸਿਪਲ ਕਮੇਟੀਆਂ, ਮਿਊਂਸਿਪਲ ਕਾਰਪੋਰੇਸ਼ਨਾਂ ਦੀਆਂ ਇਲੈਕਸ਼ਨਾਂ (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਗਿੱਲ ਸਾਹਿਬ, ਪਲੀਜ਼ ਕਨਕਲੂਡ ਕਰ ਦਿਓ।

---

** ** Expunged as ordered by the Chair.

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਰ, ਮੈਂ ਇੱਕ ਗੱਲ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਫੂਡ ਸਕੈਮ ਹੋਇਆ ਹੈ, ਜਿਸ ਵਿੱਚ ਕੈਗ ਨੇ ਰਿਪੋਰਟ ਦਿੱਤੀ ਸੀ ਕਿ ਸਕੂਟਰਾਂ ਦੇ ਨੰਬਰ ਟਰੱਕਾਂ ਨੂੰ ਲਗਾ ਕੇ ਸਮਾਨ ਢੋਹਿਆ ਗਿਆ ਹੈ।ਮੈਂ ਉਸ ਦੀ ਇੱਕ ਉਦਾਹਰਣ ਦਿੰਦਾ ਹਾਂ ਕਿ ਸਾਡੇ ਹਲਕੇ ਦੇ ਵਿੱਚ ਪਿਛਲੇ ਸਾਲ ਇੱਕ ਐਕਸੀਡੈਂਟ ਹੋਇਆ। ਮੋਟਰ ਸਾਈਕਲ ਟਰੱਕ ਦੇ ਥੱਲੇ ਆਉਣ ਕਾਰਨ ਇਕ ਮੁੰਡੇ ਦੀ ਮੌਤ ਹੋ ਗਈ ਤੇ ਉਹ ਘਰ ਵਿੱਚ ਇਕੱਲਾ ਇਕੱਲਾ ਮੁੰਡਾ ਸੀ।ਡਿਪਟੀ ਸਪੀਕਰ ਸਾਹਿਬ, ਉਸ ਟਰੱਕ ਤੇ ਸਕੂਟਰ ਦਾ ਨੰਬਰ ਲੱਗਾ ਹੋਇਆ ਸੀ, ਉਹ ਨੰਬਰ ਸਕੂਟਰ ਤੇ ਰਜਿਸਟਰ ਹੈ ਤੇ ਐਫ.ਆਈ.ਆਰ. ਨੰ. 70/2016 ਜੋ ਸਾਡੇ ਪੱਟੀ ਸ਼ਹਿਰ ਵਿੱਚ ਦਰਜ ਹੈ, ਉਥੋਂ ਇਹ ਨੰਬਰ ਟਰੇਸ ਕੀਤਾ ਗਿਆ ਤਾਂ ਪਤਾ ਲੱਗਿਆ ਕਿ ਇਹ ਤਾਂ ਸਕੂਟਰ ਦਾ ਨੰਬਰ ਹੈ।ਸਾਡੇ ਇਲਾਕੇ ਵਿੱਚ ਇਹੋ ਜਿਹੇ ਐਕਸੀਡੈਂਟ ਹੋਏ।ਜਿੱਥੇ ਦੋ-ਦੋ, ਚਾਰ-ਚਾਰ ਬੰਦੇ ਮਾਰ ਦਿੱਤੇ ਗਏ, ਪਰ ਕਿਸੇ ਤੇ ਕੋਈ ਕਾਰਵਾਈ ਨਹੀਂ ਹੋਈ।ਸੜਕਾਂ ਤੇ ਖੜ੍ਹੇ ਲੋਕ ਮਾਰ ਦਿੱਤੇ ਗਏ।

**ਮਾਨਯੋਗ ਡਿਪਟੀ ਸਪੀਕਰ:** ਗਿੱਲ ਸਾਹਿਬ, ਹੁਣ ਬੈਠੋ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਰ, ਮੈਂ ਕਨਕਲੂਡ ਹੀ ਕਰਨ ਲਗਿਆ ਹਾਂ।ਲਾਅ ਐਂਡ ਆਰਡਰ ਦੀ ਸਥਿਤੀ ਤੇ ਸਰਕਾਰ ਨੇ ਬਹੁਤ ਵੱਡਾ ਕੰਮ ਕੀਤਾ ਹੈ।ਸਾਡੀ ਇਸ ਸਰਕਾਰ ਨੇ ਕਿਸਾਨ ਵੀ ਖੁਸ਼ ਕੀਤੇ ਹਨ ਅਤੇ ਦਲਿਤਾਂ ਨੂੰ ਵੀ ਭਰਪੂਰ ਸਹੂਲਤਾਂ ਦਿੱਤੀਆਂ ਹਨ ਔਰ ਜੋ ਸਾਡੇ ਗਵਰਨਰ ਸਾਹਿਬ ਨੇ ਆਪਣੇ ਐਡਰੈੱਸ ਵਿੱਚ ਕਿਹਾ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ, ਪ੍ਰੋੜ੍ਹਤਾ ਕਰਦਾ ਹਾਂ।ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਜੇ ਸਰਕਾਰ ਲਗਾਤਾਰ ਇਹੋ ਜਿਹੇ ਯਤਨ ਕਰਦੀ ਰਹੀ। (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਗਿੱਲ ਸਾਹਿਬ, ਧੰਨਵਾਦ, ਹੁਣ ਤੁਸੀਂ ਬੈਠੋ। ਹਾਂ ਜੀ, ਸਰਦਾਰ ਬਲਬੀਰ ਸਿੰਘ ਸਿੱਧੂ ਜੀ, ਤੁਹਾਡਾ 10 ਮਿੰਟ ਦਾ ਟਾਈਮ ਹੈ ।

**ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ.ਨਗਰ):** ਸਰ, ਮੇਰਾ ਟਾਈਮ ਜਿੰਨਾ ਮਰਜ਼ੀ ਕੱਟ ਲਓ ਪਰ ਮੈਂ ਪੱਚੀ ਮਿੰਟ ਤੋਂ ਘੱਟ ਨਹੀਂ ਬੋਲਣਾ। ਘੱਟੋ-ਘੱਟ ਪੱਚੀ ਮਿੰਟ ਬੋਲਣਾ ਹੈ।

**ਮਾਨਯੋਗ ਡਿਪਟੀ ਸਪੀਕਰ:** ਚਲੋ ਜੀ, ਤੁਸੀਂ ਬੋਲੋ।

**ਸ਼੍ਰੀ ਸੋਮ ਪ੍ਰਕਾਸ਼:** ਡਿਪਟੀ ਸਪੀਕਰ ਸਾਹਿਬ, ਸਾਰੀਆਂ ਪਾਰਟੀਆਂ ਦੇ ਬੰਦੇ ਬੋਲ ਲਏ ਪਰ ਸਾਡਾ ਟਾਈਮ ਨਹੀਂ ਆਇਆ।

**ਮਾਨਯੋਗ ਡਿਪਟੀ ਸਪੀਕਰ:** ਤੁਹਾਨੂੰ ਟਾਈਮ ਮਿਲੇਗਾ । ਤੁਹਾਡੀ ਪਾਰਟੀ ਦਾ ਟਾਈਮ 14-15 ਮਿੰਟ ਪਿਆ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ:** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈੱਸ ਤੇ ਬੋਲਣ ਦਾ ਮੌਕਾ ਦਿੱਤਾ ਹੈ।ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਮੇਰੇ ਵਿਧਾਨ ਸਭਾ ਹਲਕੇ ਐਸ.ਏ.ਐਸ. ਨਗਰ ਲਈ ਮੈਡੀਕਲ ਕਾਲਜ ਅਤੇ ਮੇਰੇ ਹਲਕੇ ਵਿਚਲੇ

[ਸਰਦਾਰ ਬਲਬੀਰ ਸਿੰਘ ਸਿੱਧੂ]

ਪਿੰਡ ਸਨੇਟਾ ਵਿਖੇ ਲੜਕੀਆਂ ਦਾ ਟੈਕਨੀਕਲ ਇੰਸਟੀਚਿਊਟ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਹੈ। ਕਾਂਗਰਸ ਸਰਕਾਰ ਬਣਨ ਉਪਰੰਤ ਹਲਕਾ ਐਸ.ਏ.ਐਸ. ਨਗਰ ਲਈ ਇਹ ਇੱਕ ਬਹੁਤ ਵੱਡੀ ਪ੍ਰਾਪਤੀ ਹੈ ਅਤੇ ਇਸ ਨਾਲ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ।ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਦਾ ਇਸ ਗੱਲੋਂ ਵੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ, ਦੁਰਗਿਆਣਾ ਮੰਦਿਰ ਸਮੇਤ ਪੰਜ ਧਾਰਮਿਕ ਸਥਾਨਾਂ ਲਈ ਲੰਗਰ ਦੀ ਰਸਦ ਤੋਂ ਸੂਬੇ ਦੀ ਜੀ.ਐਸ.ਟੀ. ਦਾ ਹਿੱਸਾ ਮੁਆਫ ਕੀਤਾ ਹੈ।ਇਹ ਇੱਕ ਬਹੁਤ ਹੀ ਇਤਿਹਾਸਕ ਫੈਸਲਾ ਹੈ, ਜੋ ਕੇਂਦਰ ਵਿੱਚ ਅਕਾਲੀਆਂ ਦੀ ਭਾਈਵਾਲ ਸਰਕਾਰ ਨਹੀਂ ਕਰ ਸਕੀ। ਗੱਲ ਨਿਰ੍ਹੇ ਪੂਰੇ ਪੈਸੇ ਦੀ ਨਹੀਂ ਹੁੰਦੀ, ਗੱਲ ਅਸੂਲ ਦੀ ਹੁੰਦੀ ਹੈ। ਲੰਗਰ ਸਿੱਖੀ ਦਾ ਮੁੱਢਲਾ ਅਸੂਲ ਹੈ, ** ** ਨੇ ਸਿੱਖਾਂ ਦੇ ਮੁੱਢਲੇ ਅਸੂਲਾਂ (ਵਿਘਨ..ਸ਼ੋਰ) ਤੇ ਹਮਲਾ ਕੀਤਾ ਹੈ। ਜਦੋਂ ਇਹ ਜੀ.ਐਸ.ਟੀ. ਲਗਾਇਆ ਗਿਆ ਸੀ ਤਾਂ ਉਸ ਸਮੇਂ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਵੀ ** ** ਇਹ ਵੱਖਰੀ ਗੱਲ ਹੈ ਕਿ ਉਸ ਵਿਚਾਰੇ ਭਲੇ ਮਾਣਸ ਨੂੰ ਘਰੇ ਬਿਠਾ ਦਿੱਤਾ। ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਦੀ ਐਸ਼ਪ੍ਰਸਤੀ ਕਾਰਨ ਸਾਡੀ ਆਰਥਿਕਤਾ ਡਾਵਾਂਡੋਲ ਹੋ ਚੁੱਕੀ ਹੈ ਪਰ ਸੂਬੇ ਦੀ ਆਰਥਿਕਤਾ ਨੂੰ ਦੁਬਾਰਾ ਸਥਿਰ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਗਵਾਈ ਹੇਠ ਮੌਜੂਦਾ ਪੰਜਾਬ ਸਰਕਾਰ ਦੁਆਰਾ ਬੜੀ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ।ਖਾਲੀ ਖਜ਼ਾਨਾ ਮਿਲਿਆ ਹੋਣ ਦੇ ਬਾਵਜੂਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੇ ਅਗਵਾਈ ਹੇਠ ਸਰਕਾਰ ਨੇ ਚੋਣ ਮਨੋਰਥ ਪੱਤਰ ਵਿਚ ਕੀਤੇ ਜ਼ਿਆਦਾਤਰ ਵਾਅਦਿਆਂ ਨੂੰ ਆਪਣੇ ਪਹਿਲੇ ਸਾਲ ਦੌਰਾਨ ਹੀ ਪੂਰਾ ਕਰ ਦਿੱਤਾ ਹੈ, ਜਿਸ ਵਿਚ ਕਿਸਾਨਾਂ ਦੀ ਕਰਜ਼ਾ ਰਾਹਤ, ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀ ਲਈ ਰੁਜ਼ਗਾਰ ਮੇਲਿਆਂ ਦਾ ਆਯੋਜਨ, ਵੀ.ਆਈ.ਪੀ. ਕਲਚਰ ਦਾ ਖਾਤਮਾ, ਨਸ਼ਿਆਂ ਵਿਰੁੱਧ ਵੱਡੀ ਜੰਗ ਅਤੇ ਪੰਜਾਬ ਵਿਚੋਂ ਗੈਂਗਸਟਰਾਂ ਦਾ ਖਾਤਮਾ ਆਦਿ ਸਭ ਤੋਂ ਅਹਿਮ ਹਨ। ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਲਈ ਇਸ ਬਜਟ ਵਿਚ 10 ਕਰੋੜ ਰੁਪਿਆ ਰੱਖ ਦਿੱਤਾ ਗਿਆ ਹੈ। ਪੰਜਾਬ ਵਿਚ ਪਿਛਲੀਆਂ ਹੋਈਆਂ ਨਗਰ ਨਿਗਮ ਅਤੇ ਗੁਰਦਾਸਪੁਰ ਲੋਕ ਸਭਾ ਹਲਕਾ ਜ਼ਿਮਨੀ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਮਿਲੀ ਲਾਮਿਸਾਲ ਸਫਲਤਾ ਨੇ ਕੈਪਟਨ ਸਰਕਾਰ ਦੀ ਲੋਕਾਂ ਵਿਚ ਹਰਮਨ-ਪਿਆਰਤਾ ਤੇ ਮੋਹਰ ਲਗਾਈ ਹੈ। ਇਨ੍ਹਾਂ ਚੋਣਾਂ ਵਿਚ ਲੋਕਾਂ ਨੇ ਅਕਾਲੀ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਬੁਰੀ ਤਰ੍ਹਾਂ ਨਕਾਰਿਆ ਹੈ। ਇਸੇ ਕਾਰਨ ਹੁਣ ਸਾਬਕਾ ਡਿਪਟੀ ਸੀ.ਐਮ. ਅਤੇ ਖਹਿਰਾ ਸਾਹਿਬ ਵਲੋਂ ਪੰਜਾਬ ਸਰਕਾਰ ਵਿਰੁੱਧ ਫੋਕੀ ਬਿਆਨਬਾਜ਼ੀ ਅਤੇ ਇਲਜ਼ਾਮਬਾਜ਼ੀ ਕੀਤੀ ਜਾ ਰਹੀ ਹੈ।ਪਿਛਲੀ ਅਕਾਲੀ ਭਾਜਪਾ ਸਰਕਾਰ ਲਗਾਤਾਰ 10 ਸਾਲ ਸੱਤਾ ਵਿਚ ਰਹੀ ਪਰ ਪੰਜਾਬ ਦਾ ਭਲਾ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਹਿਣ ਕਾਰਨ ਲੋਕਾਂ ਨੇ ਇਨ੍ਹਾਂ ਨੂੰ ਨਕਾਰਿਆ ਹੈ। ਡਿਪਟੀ ਸਪੀਕਰ ਸਾਹਿਬ, ਪੋਲ ਖੋਲ੍ਹ ਰੈਲੀਆਂ ਨਾਲ ਕਾਂਗਰਸ ਸਰਕਾਰ ਵਿਰੁੱਧ ਕੂੜ ਪ੍ਰਚਾਰ ਕਰਨ ਵਾਲੇ ਸਾਬਕਾ ਡਿਪਟੀ ਸੀ.ਐਮ. ਸਾਹਿਬ ਖੁਦ ਆਪਣੀਆਂ ਨਾਕਾਮੀਆਂ ਅਤੇ ਪਿਛਲੀ ਸਰਕਾਰ ਵਲੋਂ ਕੀਤੇ ਭ੍ਰਿਸ਼ਟਾਚਾਰ ਉੱਪਰ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੈਂ ਆਪਣੇ ਇਸ ਭਾਸ਼ਣ ਰਾਹੀਂ ਪਿਛਲੀ ਸਰਕਾਰ ਦੀਆਂ ਨਾਕਾਮੀਆਂ ਨੂੰ ਉਜਾਗਰ ਕਰ ਰਿਹਾ ਹਾਂ। ਮੈਂ ਅੱਜ ਅਕਾਲੀਆਂ ਦੀ ਸਭ ਤੋਂ ਵੱਡੀ ਪੋਲ ਖੋਲ੍ਹਣ ਲੱਗਾ ਹਾਂ ਕਿ ਕਿਵੇਂ ਇੱਕ ਮਨਿਸਟਰੀ ਲਈ ਸਾਰਾ ਪੰਜਾਬ ਅਤੇ ਪੰਥ ** ** ਕੇਂਦਰ ਸਰਕਾਰ ਕੋਲ ਵੇਚਿਆ ਗਿਆ। (ਵਿਘਨ..ਸ਼ੋਰ) ਢੀਂਡਸਾ ਸਾਹਿਬ, ਤੁਹਾਡੇ ਕੰਮ ਦੀ ਗੱਲ ਹੈ, ਮੈਂ ਪੜ੍ਹ ਕੇ ਸੁਣਾਉਂਦਾ ਹਾਂ।

**ਸ਼੍ਰੀ ਪਵਨ ਕੁਮਾਰ ਟੀਨੂ:** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ।

---

** ** Expunged as ordered by the Chair.

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਟੀਨੂ ਜੀ।

**ਸ੍ਰੀ ਪਵਨ ਕੁਮਾਰ ਟੀਨੂ:** ਡਿਪਟੀ ਸਪੀਕਰ ਸਾਹਿਬ, ਜਿਹੜਾ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਵੇ, ਉਸ ਦਾ ਨਾਮ ਨਾ ਲਿਆ ਜਾਵੇ। ਇਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਪੜ੍ਹਨਾ ਚਾਹੀਦਾ। ਜੇਕਰ ਇਹ ਨਵੇਂ ਮੈਂਬਰ ਹੁੰਦੇ ਤਾਂ ਮੰਨਿਆ ਜਾ ਸਕਦਾ ਸੀ, ਪਰ ਇਨ੍ਹਾਂ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ।

**ਮਾਨਯੋਗ ਡਿਪਟੀ ਸਪੀਕਰ** : ਚਲੋ, ਮੈਂ ਅਲਾਓ ਕਰ ਦਿੰਦਾ ਹਾਂ। (ਵਿਘਨ...ਸ਼ੋਰ) ਸੋਮ ਪ੍ਰਕਾਸ਼ ਜੀ, ਪਲੀਜ਼ ਬੈਠੋ, ਉਨ੍ਹਾਂ ਨੂੰ ਬੋਲ ਲੈਣ ਦਿਓ।

**ਸਰਦਾਰ ਬਲਬੀਰ ਸਿੰਘ ਸਿੱਧੂ:** (ਸ੍ਰੀ ਪਵਨ ਕੁਮਾਰ ਟੀਨੂ ਵੱਲ ਇਸ਼ਾਰਾ) ਮੈਂ ਆਪਣਾ ਲਿਖਿਆ ਪੜ੍ਹ ਰਿਹਾ ਹਾਂ। ਮੈਂ ਤੁਹਾਡਾ ਲਿਖਿਆ ਨਹੀਂ ਪੜ੍ਹ ਰਿਹਾ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਪੜ੍ਹਨਾ ਅਲਾਉਡ ਨਹੀਂ ਹੈ। (ਵਿਘਨ..ਸ਼ੋਰ) ਕੱਲ੍ਹ ਹੀ ਸਪੀਕਰ ਸਾਹਿਬ ਨੇ ਪੁਆਇੰਟ ਆਊਟ ਕੀਤਾ ਸੀ। ਉਨ੍ਹਾਂ ਨੇ First Timer ਮੈਂਬਰ ਨੂੰ ਰੋਕਿਆ ਸੀ, ਮਾਨਯੋਗ ਮੈਂਬਰ ਸ਼੍ਰੀਮਤੀ ਸਤਕਾਰ ਕੌਰ ਜੀ ਨੂੰ ਰੋਕਿਆ ਸੀ। ਸਾਡੇ ਮਾਨਯੋਗ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਜੀ ਤਾਂ third ਟਾਈਮ ਇਲੈਕਟ ਹੋ ਕੇ ਆਏ ਹਨ। ਅਸੂਲਨ you cannot read verbatim ਤੁਸੀਂ ਪੁਆਇੰਟ ਨੂੰ elaborate ਕਰੋ, ਪੜ੍ਹੋ ਨਾ।

**ਸਰਦਾਰ ਬਲਬੀਰ ਸਿੰਘ ਸਿੱਧੂ:** ਠੀਕ ਹੈ, ਕੋਈ ਗੱਲ ਨਹੀਂ। ਇਨ੍ਹਾਂ ਨੇ ** ** ਨੂੰ ਮੰਤਰੀ ਬਣਾਉਣ ਦੀ ਖਾਤਰ ਪੰਜਾਬ ਦਾ ਸਾਰਾ ਕੁਝ ਦਾਅ ਤੇ ਲਗਾ ਦਿੱਤਾ। ਇਨ੍ਹਾਂ ਨੇ ਕੇਂਦਰ ਤੋਂ ਪੰਜਾਬ ਵਾਸਤੇ ਕੋਈ ਪੈਸਾ ਨਹੀਂ ਮੰਗਿਆ। ਇਹ ਕਹਿੰਦੇ ਸਨ ਕਿ ਸਾਨੂੰ ਤਾਂ ਕੁਰਸੀ ਚਾਹੀਦੀ ਹੈ। ਬਾਕੀ ਸਾਰੇ ਢੀਂਡਸਾ ਸਾਹਿਬ, ਭੂੰਦੜ ਸਾਹਿਬ ਲਈ ਕਿਸੇ ਚੀਜ਼ ਦੀ ਕੋਈ ਜ਼ਰੂਰਤ ਨਹੀਂ ਹੈ, ਬੱਸ ਸਾਨੂੰ ਇੱਕ ਮਨਿਸਟਰੀ ਦੇ ਦਿਓ। ਮਨਿਸਟਰੀ ਵੀ ਕਿਹੜੀ ਲਈ, ਚਟਣੀ ਮੁਰੱਬਿਆਂ ਵਾਲੀ (ਹਾਸਾ)। ਦੱਸੋ ਇਨ੍ਹਾਂ ਦੀ ਮਨਿਸਟਰੀ ਨਾਲ ਸਬੰਧਿਤ ਕੋਈ ਪੰਜਾਬ ਵਿਚ ਕਾਰਖਾਨਾ ਲੱਗਿਆ ਹੈ? ਦੂਸਰੀ ਗੱਲ ਜਿਹੜਾ ਬੀਬੀ ਜੀ ਦਾ ਦਫਤਰ ਹੈ, ਉਹ ਪਾਰਲੀਮੈਂਟ ਤੋਂ 25 ਕਿਲੋਮੀਟਰ ਦੂਰ ਹੈ।ਉਹ ਵੀ ਤਹਿਸੀਲਦਾਰ ਲੈਵਲ ਦਾ ਦਫਤਰ ਹੈ, ਕੋਈ ਮਨਿਸਟਰ ਦਾ ਦਫਤਰ ਨਹੀਂ ਹੈ। ਇਸ ਲਈ ਜਿਹੜੇ ਮੇਰੇ ਵੀਰ ਇਹ ਗੱਲਾਂ ਕਰਦੇ ਹਨ (ਵਿਘਨ..ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ।

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਮਜੀਠੀਆ ਸਾਹਿਬ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਇਹ ਬੋਲ ਰਹੇ ਸਨ। ਮੈਂ ਇਨ੍ਹਾਂ ਨੂੰ ਟੋਕਣਾ ਨਹੀਂ ਚਾਹੁੰਦਾ ਸੀ। ਮਗਰ ਮੈਂ ਸਿੱਧੂ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣੇ ਹੁਣੇ ਆਈ.ਟੀ.ਸੀ. ਦਾ ਕਪੂਰਥਲੇ ਵਿਚ ਇਕ ਬੜਾ ਵੱਡਾ ਫੂਡ ਪਾਰਕ ਲੱਗਿਆ ਹੈ, ਉਸ ਨੂੰ inaugurate ਕਰਨਾ ਹੈ, ਹੁਣ ਫਿਰ ਤੁਸੀਂ ਉੱਥੇ ਜਾਇਓ ਨਾ, ਕਿਉਂਕਿ ਸੀ.ਐਮ. ਸਾਹਿਬ ਨੂੰ ਵੀ ਮੁਰੱਬਿਆਂ ਦਾ ਆਚਾਰ ਬੜਾ ਪਸੰਦ ਹੈ (ਹਾਸਾ) ਫਿਰ ਉਸ ਦਿਨ ਤੁਹਾਡੇ ਵਿਚੋਂ ਕੋਈ ਵੀ ਉੱਥੇ ਨਾ

---

** ** Expunged as ordered by the Chair.

ਜਾਇਓ ਕਿਉਂਕਿ ਉਹ ਆਈ.ਟੀ.ਸੀ. ਵਾਲਿਆਂ ਨੇ ਲਾਇਆ ਹੈ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਉਹ ਫੂਡ ਪਾਰਕ ਪੰਜਾਬ ਵਿਚ ਲੈ ਕੇ ਆਏ ਹਨ।

**Mr. Deputy Speaker:** Thank you, thank You. ਹੁਣ ਤੁਸੀਂ ਬੈਠ ਜਾਓ।

**ਸਰਦਾਰ ਬਲਬੀਰ ਸਿੰਘ ਸਿੱਧੂ:** ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਗਮਾਡਾ ਬਾਰੇ ਗੱਲ ਕਰਦਾ ਹਾਂ। ਗਰੇਟਰ ਮੋਹਾਲੀ ਇੱਕ ਬਹੁਤ ਵੱਡਾ ਸ਼ਬਦ ਹੈ ਪਰ ਗਮਾਡਾ ਦੇ ਪੈਸੇ ਦੀ ਬਰਬਾਦੀ ਬਾਦਲ ਪਰਿਵਾਰ ਨੇ ਆਪਣੇ ਨਿੱਜੀ ਹਿੱਤਾਂ ਖਾਤਰ ਕੀਤੀ ਹੈ। ਇਨ੍ਹਾਂ ਨੇ ਆਪਣੇ ਸੁੱਖ ਵਿਲਾਸ ਲਈ ਸੜਕਾਂ ਉਤੇ ਜੋ ਪੈਸਾ ਖਰਚ ਕੀਤਾ, ਉਹ ਸਰਕਾਰੀ ਪੈਸਾ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਉਥੇ ਪਲਕ ਰੋਡ ਬਣਾਈ ਗਈ ਸੀ। ਉਸ ਰੋਡ ਤੇ 33 ਕਰੋੜ 19 ਲੱਖ ਰੁਪਿਆ ਖਰਚ ਕੀਤਾ ਗਿਆ ਸੀ । ਬਾਅਦ ਵਿੱਚ ਸਾਬਕਾ ਡਿਪਟੀ. ਸੀ.ਐਮ. ਸਾਹਿਬ ਨੂੰ ਇਹ ਰੋਡ ਪਸੰਦ ਨਾ ਆਈ ਤੇ ਉਹ ਕਹਿਣ ਲੱਗੇ ਇਸ ਨੂੰ ਪੁੱਟ ਦਿਓ ਤੇ ਉਹ ਪੁੱਟ ਦਿੱਤੀ ਗਈ। ਦੁਬਾਰਾ ਫਿਰ ਉਸ ਰੋਡ ਤੇ 164.25 ਕਰੋੜ ਰੁਪਿਆ ਖਰਚ ਕੀਤਾ।(ਵਿਘਨ..ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸ਼੍ਰੀ ਐਨ.ਕੇ.ਸ਼ਰਮਾ ਅਤੇ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

**ਮਾਨਯੋਗ ਡਿਪਟੀ ਸਪੀਕਰ :** ਸ਼ਰਮਾ ਜੀ, ਪਲੀਜ਼ ਬੈਠ ਜਾਓ । Please sit down. ਸ਼ਰਮਾ ਜੀ, ਇਨ੍ਹਾਂ ਨੂੰ ਕਹਿ ਲੈਣ ਦਿਓ । ਪਲੀਜ਼ ਬੈਠ ਜਾਓ । (ਵਿਘਨ..ਸ਼ੋਰ) ਤੁਸੀਂ ਇਨ੍ਹਾਂ ਦੇ ਗੁਆਂਢੀ ਹੋ । ਪਲੀਜ਼, ਬੈਠ ਜਾਓ । (ਵਿਘਨ..ਸ਼ੋਰ) ਢੀਂਡਸਾ ਜੀ, ਬੈਠ ਜਾਓ । ਕਿਉਂ ਡਿਸਟਰਬ ਕਰੀ ਜਾ ਰਹੇ ਹੋ। ਫਿਰ ਦੂਜੇ ਪਾਸੇ ਗੱਲ ਚਲੀ ਜਾਵੇਗੀ । ਕੀ ਤੁੱਕ ਨਿਕਲੇਗੀ ? ਚੰਦੂਮਾਜਰਾ ਜੀ, ਬੈਠ ਜਾਓ । ਸ਼ਰਮਾ ਜੀ, ਬੈਠ ਜਾਓ । ਪਲੀਜ਼ ਬੈਠ ਜਾਓ ।

**ਸਰਦਾਰ ਬਲਬੀਰ ਸਿੰਘ ਸਿੱਧੂ :**(ਵਿਰੋਧੀ ਧਿਰ ਵੱਲ ਇਸ਼ਾਰਾ) ਸੱਚਾਈ ਵਾਲੀ ਗੱਲ ਕਰਾਂਗੇ, ਇੱਕ ਮਿੰਟ ਰੁਕ ਜਾਓ ।

**ਮਾਨਯੋਗ ਡਿਪਟੀ ਸਪੀਕਰ :** ਸਿੱਧੂ ਸਾਹਿਬ, ਆਪਣੇ ਟਾਈਮ ਦਾ ਧਿਆਨ ਰੱਖੋ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਮੈਂ ਟਾਈਮ ਦਾ ਧਿਆਨ ਰੱਖ ਰਿਹਾ ਹਾਂ । ਇਨ੍ਹਾਂ ਨੂੰ ਰੋਕੋ, ਮੈਂ ਤਾਂ ਹੀ ਬੋਲਾਂਗਾ ਜੀ । (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਸ਼ਰਮਾ ਜੀ, ਪਲੀਜ਼ ਬੈਠ ਜਾਓ ।

**ਸਰਦਾਰ ਬਲਬੀਰ ਸਿੰਘ ਸਿੱਧੂ :** ਤੁਹਾਡਾ (ਸ਼੍ਰੀ ਐਨ.ਕੇ. ਸ਼ਰਮਾ ਵੱਲ ਇਸ਼ਾਰਾ) ਨੰਬਰ ਲਗਾ ਦੇਣਾ ਹੈ, ਚਿੰਤਾ ਨਾ ਕਰੋ, ਰੁਕ ਜਾਵੋ ਅਜੇ । (ਵਿਘਨ....ਸ਼ੋਰ) ਡਿਪਟੀ ਸਪੀਕਰ ਸਾਹਿਬ, ਗਮਾਡਾ ਵੱਲੋਂ ਮੁੱਲਾਂਪੁਰ ਬਾਰਡਰ ਤੋਂ ਲੈ ਕੇ ਕੁਰਾਲੀ ਸਿਸਵਾਂ ਸੜਕ ਤੱਕ 200 ਫੁੱਟ ਚੌੜੀ ਸੜਕ, ਹਾਈ ਲੈਵਲ ਬ੍ਰਿਜ ਅਤੇ ਕਲਵਰਟਸ ਦੀ ਉਸਾਰੀ ਦਾ ਕੰਮ ਮੈਸ. ਓਮੈਕਸ ਇਨਫਰਾਸਟਰਕਚਰ ਐਂਡ ਕਨਸਟਰਕਸ਼ਨ ਲਿਮਟਿਡ ਨੂੰ 70.42 ਕਰੋੜ ਰੁਪਏ ਦੀ ਲਾਗਤ ਨਾਲ ਮਿਤੀ 30.9.2010 ਨੂੰ ਅਲਾਟ ਕੀਤਾ ਗਿਆ । ਇਸ ਸੜਕ ਦੇ ਨਾਲ ਲੱਗਦੀ ਸਰਵਿਸ ਲੇਨਾਂ ਦੀ ਉਸਾਰੀ ਦਾ ਕੰਮ ਮੈਸ. ਸੀਗਲ ਇੰਡੀਆ ਲਿਮਟਿਡ ਨੂੰ 34.02 ਕਰੋੜ ਰੁਪਏ ਦੀ ਲਾਗਤ ਨਾਲ ਮਿਤੀ 27.5.2013 ਨੂੰ ਅਲਾਟ ਕੀਤਾ ਗਿਆ । ਸੜਕ ਉਪਰ ਦੋ ਅੰਡਰਪਾਸਾਂ ਦਾ ਕੰਮ ਜਿਸ ਦੀ ਲਾਗਤ 7.79 ਕਰੋੜ ਰੁਪਏ ਸੀ,

ਬਿਨਾਂ ਟੈਂਡਰ ਪ੍ਰਣਾਲੀ ਅਪਣਾਏ, ਸਾਰੇ ਕਨੂੰਨ ਛਿੱਕੇ ਤੇ ਟੰਗ ਕੇ ਇਹ ਕੰਮ ਇਸੇ ਏਜੰਸੀ ਤੋਂ ਪਹਿਲਾਂ ਅਲਾਟ ਹੋਏ ਕੰਮ ਵਿੱਚ ਵਾਧਾ ਕਰਵਾ ਕੇ ਕਰਵਾ ਲਿਆ ਗਿਆ । ਇਹ ਦੋਵੇਂ ਕੰਮ ਵੱਖਰੇ ਸਨ ਤੇ ਇਨ੍ਹਾਂ ਦੋਵੇਂ ਕੰਮਾਂ ਤੇ 42 ਕਰੋੜ ਰੁਪਿਆ ਖਰਚ ਕੀਤਾ ਗਿਆ । 200 ਫੁੱਟ ਚੌੜੀ ਸੜਕ ਉੱਪਰ ਈਕੋਸਿਟੀ ਨਾਲ ਮੈਡੀਸਿਟੀ ਜੰਕਸ਼ਨ ਉਪਰ ਫਲਾਈਓਵਰ ਦੀ ਉਸਾਰੀ ਦਾ ਕੰਮ ਮੈਸ. ਦਿਨਕੇਸ਼ ਚੰਦਰਾ ਆਰ. ਅਗਰਵਾਲ ਇਨਫੋਕੋਨ ਪ੍ਰਾਈਵੇਟ ਲਿਮਟਿਡ ਨੂੰ 24.78 ਕਰੋੜ ਰੁਪਏ ਦੀ ਲਾਗਤ ਨਾਲ ਮਿਤੀ 18.9.2015 ਨੂੰ ਅਲਾਟ ਕੀਤਾ ਗਿਆ । ਇਸ ਅੰਡਰਪਾਸ ਅਤੇ ਓਵਰ ਬਰਿੱਜ ਦੀ ਉਸਾਰੀ ਸਿੱਧੇ ਤੌਰ ਤੇ ਹੋਟਲ ਸੁੱਖ ਵਿਲਾਸ ਨੂੰ ਚੰਡੀਗੜ੍ਹ ਵਾਲੇ ਪਾਸੋਂ ਆਉਂਦੀਆਂ ਗੱਡੀਆਂ ਬਿਨਾਂ ਰੁਕੇ ਪਹੁੰਚਾਉਣ ਲਈ ਕੀਤੀ ਗਈ ਤਾਂ ਜੋ ਇੱਥੇ ਟ੍ਰੈਫਿਕ ਨੂੰ ਕੋਈ ਦਿੱਕਤ ਨਾ ਹੋਵੇ । ਪਹਿਲਾਂ ਵਧੀਆ ਰੋਡ ਬਣ ਗਈ ਸੀ ਤੇ ਫਿਰ ਇਨ੍ਹਾਂ ਨੇ ਦੁਬਾਰਾ ਹੋਰ ਪੈਸਾ ਇਸ ਤੇ ਖਰਚ ਦਿੱਤਾ । ਇਨ੍ਹਾਂ ਨੇ ਗਮਾਡਾ ਦਾ ਇੰਨਾ ਪੈਸਾ ਬਰਬਾਦ ਕੀਤਾ । ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਟੀ ਜੰਕਸ਼ਨ ਤੋਂ ਲੈ ਕੇ ਹੋਟਲ ਤੱਕ ਜਿਹੜੀ 100 ਫੁੱਟ ਚੌੜੀ ਸੜਕ ਬਣਾਈ, ਉਹ ਪੈਸਾ ਵੀ ਗਮਾਡਾ ਨੇ ਦਿੱਤਾ ।ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪੈਸੇ ਸਰਕਾਰ ਨੂੰ ਦੇਣੇ ਬਣਦੇ ਸਨ ? ਇਹ ਇਨ੍ਹਾਂ ਦੀ ਖੁਦ ਦੀ ਪ੍ਰਾਪਰਟੀ ਹੈ । ਜਿਹੜੀਆਂ ਉਥੇ ਲਾਈਟਾਂ ਲੱਗੀਆਂ, ਉਸ ਤੇ 68.24 ਕਰੋੜ ਰੁਪਿਆ ਖਰਚ ਕੀਤਾ ਗਿਆ, ਇਹ ਵੀ ਸਰਕਾਰ ਨੇ ਖਰਚ ਕੀਤਾ। ਇਸ ਤੋਂ ਬਾਅਦ ਜਨ ਸਿਹਤ ਕੰਮਾਂ ਲਈ ਪਹਿਲਾਂ 7.71 ਕਰੋੜ ਰੁਪਿਆ ਤੇ ਫਿਰ 12.92 ਕਰੋੜ ਰੁਪਿਆ ਸਰਕਾਰ ਦਾ ਪੈਸਾ ਖਰਚਿਆ ਗਿਆ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ. ਕੇ. ਸ਼ਰਮਾ ਅਤੇ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**ਸਰਦਾਰ ਬਲਬੀਰ ਸਿੰਘ ਸਿੱਧੂ :** ਇਹ ਸੁੱਖ ਵਿਲਾਸ ਨਾਂ ਦਾ ਹੀ ** ** ਦਾ ਹੈ, ਬਾਕੀ ਸਾਰਾ ਪੈਸਾ ਪੰਜਾਬ ਸਰਕਾਰ ਦਾ ਲੱਗਿਆ ਹੋਇਆ ਹੈ ।

**ਮਾਨਯੋਗ ਡਿਪਟੀ ਸਪੀਕਰ : ** **** ਦਾ ਨਾਂ ਰਿਕਾਰਡ ਨਾ ਕੀਤਾ ਜਾਵੇ । (ਵਿਘਨ...ਸ਼ੋਰ)

**ਸਰਦਾਰ ਬਲਬੀਰ ਸਿੰਘ ਸਿੱਧੂ :** ਇਸ ਪੈਸੇ ਦੀ ਰਿਕਵਰੀ ਹੋਣੀ ਚਾਹੀਦੀ ਹੈ । (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਸ਼ਰਮਾ ਜੀ, ਬੈਠੋ ਜੀ । ਟਾਈਮ ਲਿਮਟਿਡ ਹੈ । ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦਿਓ ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ** **

**ਮਾਨਯੋਗ ਡਿਪਟੀ ਸਪੀਕਰ :** ਕੋਈ ਪੱਖਪਾਤੀ ਨਹੀਂ । No ਪੱਖਪਾਤੀ ।

---

** ** Expunged/Not recorded as ordered by the Chair.

**ਸਰਦਾਰ ਬਲਬੀਰ ਸਿੰਘ ਸਿੱਧੂ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 2007 ਤੋਂ ਬਾਅਦ 10 ਸਾਲ ਦੇ ਦੌਰਾਨ ਟਰਾਂਸਪੋਰਟ ਖੇਤਰ ਵਿੱਚ ਅੰਨ੍ਹੇਵਾਹ ਗੁੰਡਾਗਰਦੀ ਕੀਤੀ ਗਈ । ਪੰਜਾਬ ਇਸ ਗੱਲ ਦਾ ਗਵਾਹ ਹੈ ਕਿ ਕੁੜੀਆਂ ਨੂੰ ਬੱਸਾਂ ਵਿੱਚ ਮਾਰਿਆ ਗਿਆ । ਕਿਵੇਂ ਇਨ੍ਹਾਂ ਦੀਆਂ ਬੱਸਾਂ ਦੇ ਪਰਮਿਟ 40 ਤੋਂ ਵੱਧ ਕੇ 470 ਹੋ ਗਏ । ਕਿਵੇਂ 652 ਸਰਕਾਰੀ ਬੱਸਾਂ ਦੇ ਮਿੰਟ ਵੀ ਇਨ੍ਹਾਂ ਨੇ ਖਾ ਲਏ ਔਰ ਕਿਵੇਂ ਪੀ.ਆਰ.ਟੀ.ਸੀ. ਤੇ ਪੰਜਾਬ ਰੋਡਵੇਜ਼ ਖੁੱਡੇ ਲਾਈਨ ਲਗਾ ਦਿੱਤੀ ਗਈ। ਅੱਜ ਉਹੀ ਰੋਡਵੇਜ਼ ਤੇ ਉਹੀ ਪੀ.ਆਰ.ਟੀ.ਸੀ. ਦੇ ਅਦਾਰੇ ਇਸ ਵੇਲੇ ਮੁਨਾਫਾ ਕਮਾ ਰਹੇ ਹਨ । ਪੀ.ਆਰ.ਟੀ.ਸੀ. 50 ਲੱਖ ਰੋਜ਼ਾਨਾ ਤੇ ਪੰਜਾਬ ਰੋਡਵੇਜ਼ 30 ਲੱਖ ਰੁਪਿਆ ਰੋਜ਼ਾਨਾ ਮੁਨਾਫਾ ਕਮਾ ਰਹੀ ਹੈ। ਇਸ ਤੋਂ ਇਲਾਵਾ ਨਵੀਆਂ ਬੱਸਾਂ ਵੀ ਪਾਈਆਂ ਗਈਆਂ ਹਨ।

**ਸ਼੍ਰੀ ਐਨ.ਕੇ. ਸ਼ਰਮਾ** : ਡਿਪਟੀ ਸਪੀਕਰ ਸਾਹਿਬ, ਜਿਹੜੀ ਸੜਕਾਂ ਦੀ ਗੱਲ ਕੀਤੀ ਗਈ ਹੈ, ਸਾਡੀ ਪਿਛਲੀ ਸਰਕਾਰ ਨੇ ਮੋਹਾਲੀ ਵਿਚ ਸੜਕਾਂ ਤੇ ਕਰੋੜਾਂ ਰੁਪਿਆ ਖਰਚ ਕੀਤਾ ਹੈ (ਵਿਘਨ..ਸ਼ੋਰ)

**ਸਰਦਾਰ ਬਲਬੀਰ ਸਿੰਘ ਸਿੱਧੂ** : ਮੇਰੇ ਕੋਲ ਪਰੂਫ ਹਨ। ਇੱਕ ਰੱਤੀ ਭਰ ਵੀ ਝੂਠ ਹੋਵੇ ਤਾਂ ਮੈਨੂੰ ਕਹਿ ਦੇਣਾ। ਮੈਂ ਗਮਾਡਾ ਤੋਂ ਰਿਪੋਰਟਾਂ ਨਾਲ ਲੈ ਕੇ ਆਇਆ ਹਾਂ (ਵਿਘਨ..ਸ਼ੋਰ)

**ਸ਼੍ਰੀ ਐਨ. ਕੇ. ਸ਼ਰਮਾ** : ਏਅਰਪੋਰਟ ਬਣਿਆ, ਹਾਕੀ ਸਟੇਡੀਅਮ ਬਣਿਆ, ਮੈਡੀਕਲ ਕਾਲਜ ਅਸੀਂ ਲੈ ਕੇ ਆਏ ਹਾਂ (ਵਿਘਨ...ਸ਼ੋਰ)

**ਸਰਦਾਰ ਬਲਬੀਰ ਸਿੰਘ ਸਿੱਧੂ** : ਇਹ ਮੈਂ ਗਮਾਡਾ ਤੋਂ ਸਾਰਾ ਕੁਝ ਨਾਲ ਲੈ ਕੇ ਆਇਆ ਹਾਂ, ਜੇ ਰੱਤੀ ਭਰ ਵੀ ਝੂਠ ਹੋਵੇ ਤਾਂ ਮੈਨੂੰ ਕਹਿ ਦੇਣਾ (ਵਿਘਨ...ਸ਼ੋਰ)

**ਸ਼੍ਰੀ ਐਨ. ਕੇ. ਸ਼ਰਮਾ** : ਡਿਪਟੀ ਸਪੀਕਰ ਸਾਹਿਬ, ਜੇ ਪਸੰਦ ਨਾ ਹੋਵੇ ਤਾਂ ਕਟਾ ਦਿਓ। (ਵਿਘਨ..ਸ਼ੋਰ) ਇਸ ਤੇ ਵੀ ਚਾਨਣਾ ਪਾ ਦਿਓ (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਸ਼ਰਮਾ ਜੀ, ਪਲੀਜ਼ ਬੈਠੋ। ਸਿੱਧੂ ਸਾਹਿਬ, ਤੁਹਾਡੇ ਸਿਰਫ ਪੰਜ ਮਿੰਟ ਰਹਿ ਗਏ ਹਨ।

**ਸਰਦਾਰ ਬਲਬੀਰ ਸਿੰਘ ਸਿੱਧੂ** : ਨਹੀਂ ਸਰ, ਮੈਂ ਦਸ ਮਿੰਟ ਲਵਾਂਗਾ।

**ਮਾਨਯੋਗ ਡਿਪਟੀ ਸਪੀਕਰ** : ਪੰਜ ਮਿੰਟ ਤੁਹਾਨੂੰ ਆਲਰੇਡੀ ਵੱਧ ਦੇ ਦਿੱਤੇ ਗਏ ਹਨ।

**ਸਰਦਾਰ ਬਲਬੀਰ ਸਿੰਘ ਸਿੱਧੂ** : ਦਸ ਸਾਲ ਲਗਾਤਾਰ ਇਨ੍ਹਾਂ ਨੇ ਇੱਕ ਨਾਨ-ਆਈ.ਏ.ਐਸ. ਅਤੇ ਇੱਕ ਨਾਨ-ਪੀ.ਸੀ.ਐਸ. ਅਫਸਰ ਨੂੰ ਪੰਜਾਬ ਦਾ ਡਾਇਰੈਕਟਰ, ਟਰਾਂਸਪੋਰਟ ਅਤੇ ਸਟੇਟ ਟਰਾਂਸਪੋਰਟ ਕਮਿਸ਼ਨਰ ਬਣਾ ਕੇ ਰੱਖਿਆ ਹੈ। (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਸ਼ਰਮਾ ਜੀ, ਪਲੀਜ਼ ਬੈਠੋ।

**ਸਰਦਾਰ ਬਲਬੀਰ ਸਿੰਘ ਸਿੱਧੂ** : ਉਹ ਸਿਰਫ ਤੇ ਸਿਰਫ ਬਾਦਲ ਪਰਿਵਾਰ ਲਈ ਕੰਮ ਕਰਦਾ ਸੀ, ਹੋਰ ਕਿਸੇ ਦਾ ਕੋਈ ਕੰਮ ਨਹੀਂ ਸੀ ਕਰਦਾ। ਜਿੰਨੇ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੇ ਰੂਟ ਸੀ, ਉਨ੍ਹਾਂ ਸਾਰਿਆਂ ਦੇ ਪਰਮਿਟ ਇਨ੍ਹਾਂ ਦੀਆਂ ਬੱਸਾਂ ਨੂੰ ਦਿੱਤੇ ਗਏ।ਇਨ੍ਹਾਂ ਨੇ ਆਪਣੀਆਂ ਬੱਸਾਂ ਦੇ ਪਰਮਿਟ ਇੰਨੇ ਵਧਾ ਲਏ ਕਿ ਤੁਹਾਨੂੰ ਦੇਖਣ ਲਈ ਐਨਕ ਲਗਾਉਣੀ ਪੈਣੀ ਹੈ ਕਿ ਰੋਡਵੇਜ਼ ਦੀ ਬੱਸ ਕਿਤੇ ਆ ਰਹੀ ਹੈ। ਜਦੋਂ ਆਉਂਦੀ ਹੈ, ਜਿੱਧਰ ਵੀ ਆਉਂਦੀ ਹੈ, ਆਰਬਿਟ ਦੀ ਬੱਸ ਹੀ ਆ ਰਹੀ ਹੈ, ਡੱਬਵਾਲੀ ਹੀ ਆ ਰਹੀ ਹੈ। ਇਸ ਤਰ੍ਹਾਂ ਇਨ੍ਹਾਂ ਨੇ ਪੰਜਾਬ ਦਾ ਖਜ਼ਾਨਾ ਲੁੱਟਿਆ ਹੈ। ਮੈਂ ਤਾਂ ਇਹ ਗੱਲ ਕਹਾਂਗਾ ਕਿ ਆਉਣ ਵਾਲੀਆਂ ਜਨਰੇਸ਼ਨਾਂ ਤੁਹਾਨੂੰ ਮੁਆਫ ਨਹੀਂ ਕਰਨਗੀਆਂ।ਦੂਜੀ, ਮੈਂ ਗੈਰ ਕਾਨੂੰਨੀ ਕਲੋਨੀਆਂ ਦੀ ਗੱਲ ਕਰਦਾ ਹਾਂ। ਇਕੱਲੇ ਜ਼ੀਰਕਪੁਰ ਦੀ ਗੱਲ ਕਰ ਲਓ। ਅਸੀਂ ਸਾਰਾ ਆਡਿਟ ਕਰਵਾਇਆ ਹੈ, ਉਥੇ 46 ਕਲੋਨੀਆਂ ਆਥੋਰਾਈਜ਼ਡ ਹਨ ਅਤੇ 59 ਅਨਆਥੋਰਾਈਜ਼ਡ ਹਨ ਅਤੇ ਬਹੁਤੀਆਂ ਕਲੋਨੀਆਂ ਵੱਲ 21 ਕਰੋੜ ਰੁਪਿਆ ਬਕਾਇਆ ਹੈ। ਮੇਰਾ ਵੀਰ ਅਖਬਾਰਾਂ ਲੈ ਕੇ ** **(ਵਿਘਨ..ਸ਼ੋਰ)

**ਸ਼੍ਰੀ ਐਨ. ਕੇ. ਸ਼ਰਮਾ** : ਡਿਪਟੀ ਸਪੀਕਰ ਸਾਹਿਬ, ਮੇਰਾ ਨਾਮ ਲਿਆ ਹੈ (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਬਾਕੀ ਵੀ ਹਾਊਸ ਵਿੱਚ ਮੈਂਬਰ ਬੈਠੇ ਹਨ, ਸ਼ਰਮਾ ਜੀ, ਪਲੀਜ਼। ਪਲੀਜ਼, ਇਨ੍ਹਾਂ ਨੂੰ ਬੋਲ ਲੈਣ ਦਿਓ, ਤੁਹਾਨੂੰ ਵੀ ਟਾਈਮ ਮਿਲੇਗਾ। ਉਨ੍ਹਾਂ ਨੇ ਨਾਮ ਨਹੀਂ ਲਿਆ। ** ** ਲਫਜ਼ ਡਿਲੀਟ ਕਰ ਦਿਓ।

**ਸਰਦਾਰ ਬਲਬੀਰ ਸਿੰਘ ਸਿੱਧੂ** : ਮੈਂ ਤਾਂ ਨਾਮ ਲਿਆ ਹੀ ਨਹੀਂ। ਮੈਂ ਤਾਂ ** ਕਿਹਾ ਹੈ। ** ਤਾਂ ਢੀਂਡਸੇ ਨੇ ਵੀ ਮਾਰੀਆਂ ਹਨ (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਬਲਬੀਰ ਸਿੰਘ ਸਿੱਧੂ ਸਾਹਿਬ, ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਰ, ਮੇਰੀ ਇੱਕ ਗੱਲ ਸੁਣੋ। ਮੈਂ ਝੂਠ ਨਹੀਂ ਬੋਲਦਾ, ਮੈਂ ਪਰੂਫ ਦਿਆਂਗਾ।

**ਮਾਨਯੋਗ ਡਿਪਟੀ ਸਪੀਕਰ** : ਸ਼ਰਮਾ ਜੀ, ਪਲੀਜ਼ ਬੈਠੋ।

**ਸਰਦਾਰ ਬਲਬੀਰ ਸਿੰਘ ਸਿੱਧੂ** : ਇਸ ਬੰਦੇ ਵੱਲ 8 ਕਰੋੜ ਰੁਪਿਆ ਅੱਜ ਵੀ ਸਰਕਾਰ ਦਾ ਬਕਾਇਆ ਹੈ (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਸ਼ਰਮਾ ਜੀ, ਪਲੀਜ਼ ਬੈਠੋ।

**ਸਰਦਾਰ ਬਲਬੀਰ ਸਿੰਘ ਸਿੱਧੂ** : ਅੱਜ ਵੀ ਬਕਾਇਆ ਹੈ ਤੇ ਇਹ ਗੱਲਾਂ ਕਰਦਾ ਹੈ (ਵਿਘਨ..ਸ਼ੋਰ)

---

** ** Expunged as ordered by the Chair.

**ਸ਼੍ਰੀ ਐਨ. ਕੇ. ਸ਼ਰਮਾ** : ** **

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਸੀਨੀਅਰ ਮੈਂਬਰ ਹੋ, ਪਲੀਜ਼ ਬੈਠੋ। ਸਾਰਿਆਂ ਨੂੰ ਪਤਾ ਹੈ, ਤੁਸੀਂ ਸੀਨੀਅਰ ਹੋ, ਰਿਸਪੈਕਟੇਬਲ ਹੋ, ਪਲੀਜ਼ ਬੈਠ ਜਾਓ। (ਵਿਘਨ..ਸ਼ੋਰ)

**ਸਰਦਾਰ ਬਲਬੀਰ ਸਿੰਘ ਸਿੱਧੂ** : ਹੋਰ ਸੁਣ ਲਵੋ।

**ਸ਼੍ਰੀ ਐਨ. ਕੇ. ਸ਼ਰਮਾ** : ** **

**ਮਾਨਯੋਗ ਡਿਪਟੀ ਸਪੀਕਰ** : ਜੋ ਸ਼ਬਦ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਬੋਲੇ ਗਏ ਹਨ, ਉਨ੍ਹਾਂ ਨੂੰ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਰ, ਮੇਰੇ ਕੋਲ ਇਨ੍ਹਾਂ ਦੇ ਨਾਮੀਨੇਸ਼ਨ ਫਾਰਮ ਪਏ ਹਨ ਔਰ ਜਿਸ ਵਿੱਚ ਇਨ੍ਹਾਂ ਨੇ ਐਫੀਡੈਵਿਟ ਲਗਾਇਆ ਹੈ ਕਿ ਮੈਂ ਸਰਕਾਰ ਦਾ ਕੋਈ ਪੈਸਾ ਨਹੀਂ ਦੇਣਾ ਅਤੇ ਫਾਰਮ ਦੇ ਨਾਲ ਨੋ ਡਿਊ ਸਰਟੀਫਿਕੇਟ ਵੀ ਲਗਾਇਆ ਹੈ (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਬਲਬੀਰ ਸਿੰਘ ਜੀ, ਦੋ ਮਿੰਟ ਵਿੱਚ ਕਨਕਲੂਡ ਕਰ ਦਿਓ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਰ, ਇਹ ਤਾਂ ਕਾਗਜ਼ ਹੀ ਨਹੀਂ ਭਰ ਸਕਦਾ। ਇਹ ਡਿਸਕੁਆਲੀਫਾਈ ਹੁੰਦਾ ਹੈ। ਦੂਜਾ, ਹੁਣ ਮੈਂ ਕਰਜ਼ਾ ਮੁਆਫੀ ਦੀ ਗੱਲ ਕਰਦਾ ਹਾਂ। ਇਹ ਕਹਿੰਦੇ ਹਨ ਕਿ ਕਰਜ਼ਾ ਮੁਆਫੀ ਵਿੱਚ ਸੀ.ਐਮ. ਸਾਹਿਬ ਨੇ ਬੜਾ ਵੱਡਾ ਫਰਾਡ ਕੀਤਾ ਹੈ। ਉਨ੍ਹਾਂ ਨੇ 10 ਲੱਖ 25 ਹਜ਼ਾਰ ਛੋਟੇ ਢਾਈ ਏਕੜ ਵਾਲੇ ਅਤੇ ਪੰਜ ਏਕੜ ਵਾਲੇ ਛੋਟੇ ਜ਼ਿਮੀਂਦਾਰਾਂ ਨੂੰ ਫਾਇਦਾ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਨੂੰ ਕੁਝ ਰਿਲੀਫ ਮਿਲ ਸਕੇ। ਸਾਡੇ ਮਾਨਯੋਗ ਵਿੱਤ ਮੰਤਰੀ ਸਾਹਿਬ ਬੈਠੇ ਹਨ, ਇਨ੍ਹਾਂ ਨੇ ਬਜਟ ਵਿੱਚ ਪ੍ਰੋਵੀਜ਼ਨ ਵੀ ਰੱਖੀ ਹੋਈ ਹੈ ਕਿ ਹਰ ਸਾਲ ਅਸੀਂ ਹੌਲੀ ਹੌਲੀ ਕਰਕੇ ਕਿਸਾਨਾਂ ਦੇ ਸਾਰੇ ਪੈਸੇ ਮੁਆਫ ਕਰਾਂਗੇ।

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਬਲਬੀਰ ਸਿੰਘ ਜੀ, ਕਨਕਲੂਡ ਕਰੋ, ਤੁਹਾਡਾ ਟਾਈਮ ਹੋ ਗਿਆ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਰ, ਮੇਰੇ ਚਾਰ ਪੁਆਇੰਟ ਰਹਿੰਦੇ ਹਨ, ਉਹ ਖਤਮ ਕਰ ਲੈਣ ਦਿਓ ਪਲੀਜ਼।

**ਮਾਨਯੋਗ ਡਿਪਟੀ ਸਪੀਕਰ** : ਤੁਹਾਨੂੰ ਖੁੱਲ੍ਹਾ ਟਾਈਮ ਦਿੱਤਾ ਗਿਆ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ** : ਮੈਨੂੰ ਡਿਸਟਰਬ ਨਾ ਕਰੋ (ਹਾਸਾ) ਇਨ੍ਹਾਂ ਨੇ ਰੌਲਾ ਪਾਇਆ ਹੋਇਆ ਹੈ ਕਿ ਸਾਰਾ ਕਰਜ਼ਾ ਮੁਆਫ ਕਰੋ। ਇਹ ਕਹਿੰਦੇ ਹਨ ਕਿ ਕਿਸਾਨਾਂ ਸਿਰ 90,000 ਕਰੋੜ ਰੁਪਏ ਦਾ ਕਰਜ਼ਾ ਹੋ ਗਿਆ ਹੈ। ਇਹ, ਮੈਂ ਇਕੱਲੀ ਪੀ.ਆਈ.ਡੀ.ਬੀ. ਬੈਂਕ ਦੀ

---

** Not recorded as Ordered by the Chair.

ਲਿਸਟ ਲੈ ਕੇ ਆਇਆ ਹਾਂ। ਜਿਹੜੇ ਵੱਡੇ ਡਿਫਾਲਟਰ ਹਨ, ਉਹ ਸਾਰੇ ਅਕਾਲੀ ਦਲ ਦੇ ਬੰਦੇ ਹਨ। 90 ਲੱਖ ਤਾਂ ਇਕੱਲਾ ਕੋਲਿਆਂਵਾਲੀ ਨੇ ਦੇਣਾ ਹੈ।ਇਹ ਮੇਰੇ ਕੋਲ ਪੰਜਾਬ ਲੈਂਡ ਡਿਵੈਲਪਮੈਂਟ ਬੈਂਕ ਦੀ ਲਿਸਟ ਹੈ।

**ਮਾਨਯੋਗ ਡਿਪਟੀ ਸਪੀਕਰ** : ਸਿੱਧੂ ਸਾਹਿਬ, ਤੁਸੀਂ ਵਾਈਂਡ ਅੱਪ ਕਰੋ ਪਲੀਜ਼।

**ਸਰਦਾਰ ਬਲਬੀਰ ਸਿੰਘ ਸਿੱਧੂ** : ਇਹ ਇਸ ਲਈ ਰੌਲਾ ਪਾਉਂਦੇ ਹਨ ਹਨ ਕਿ ਪਹਿਲਾਂ ਸਾਡੇ ਕਰਜ਼ੇ ਮੁਆਫ ਕਰੋ।

**ਮਾਨਯੋਗ ਡਿਪਟੀ ਸਪੀਕਰ :** ਸਿੱਧੂ ਸਾਹਿਬ, ਤੁਹਾਡਾ ਟਾਈਮ ਹੋ ਗਿਆ ਹੈ, ਵਾਈਂਡ ਅੱਪ ਕਰੋ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਪਾਰਟੀ ਦੇ ਦੋਸਤਾਂ ਦਾ, ਆਪਣੀ ਪਾਰਟੀ ਦੇ ਮੈਂਬਰਾਂ ਦਾ ਟਾਈਮ ਕਟਵਾ ਦਿਆਂਗਾ । ਇਹ ਵੀ ਮੇਰੇ ਹੀ ਦੋਸਤ ਮਿੱਤਰ ਹਨ।ਅੱਜ ਮੈਨੂੰ ਬੋਲ ਲੈਣ ਦਿਉ। ਸੁਖਬੀਰ ਬਾਦਲ ਸਾਹਿਬ ਕਹਿੰਦੇ ਹੁੰਦੇ ਸੀ ਕਿ ਅਸੀਂ 25 ਸਾਲ ਰਾਜ ਕਰਨਾ ਹੈ। ਬੜੀਆਂ ਬੜੀਆਂ, ਇੰਨੀਆਂ ਇੰਨੀਆਂ ਬਾਹਾਂ ਫੈਲਾਅ ਕੇ ਕਹਿਣਾ ਕਿ ਅਸੀਂ 25 ਸਾਲ ਰਾਜ ਕਰਾਂਗੇ। ਇਹ ਤਾਂ ਪੰਜਾਬ ਦੇ ਲੋਕਾਂ ਦੀ ਗੱਲ ਪ੍ਰਮਾਤਮਾ ਨੇ ਸੁਣ ਲਈ ਤੇ ਪੰਜਾਬ ਨੂੰ ਬਚਾਉਣ ਵਾਸਤੇ ਕੈਪਟਨ ਸਾਹਿਬ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੀ ਸਰਕਾਰ ਪੰਜਾਬ ਵਿਚ ਬਣ ਗਈ। ਜੇਕਰ ਇਨ੍ਹਾਂ ਨੂੰ ਪੰਜ ਸਾਲ ਹੋਰ ਮਿਲ ਜਾਂਦੇ ਤਾਂ ਹਰ ਬੰਦੇ ਦੇ ਹੱਥ ਵਿਚ ਪਿਸਤੌਲ ਹੋਣਾ ਸੀ ਤੇ ਹਰ ਬੰਦੇ ਦੇ ਕੋਲ ਇੱਕ ਇੱਕ ਚਿੱਟੇ ਦੀ ਪੁੜੀ ਹੋਣੀ ਸੀ, (ਵਿਘਨ...ਸ਼ੋਰ) ਲੇਕਿਨ ਕੈਪਟਨ ਸਾਹਿਬ ਨੇ ਆ ਕੇ ਪੰਜਾਬ ਨੂੰ ਬਚਾਇਆ ਹੈ। ਪੰਜਾਬ ਦੀ ਜਵਾਨੀ ਨੂੰ ਬਚਾਇਆ ਹੈ। ਇਨ੍ਹਾਂ ਨੂੰ ਕੈਪਟਨ ਸਾਹਿਬ ਜੀ ਦਾ ਧੰਨਵਾਦ ਕਰਨਾ ਚਾਹੀਦਾ ਹੈ। ਉਸ ਨਸ਼ਿਆਂ ਦੇ ਕਾਰੋਬਾਰ ਵਿੱਚ ਕੌਣ ਕੌਣ ਇਨਵਾਲਵ ਸੀ, ਉਸ ਬਾਰੇ ਆਪਾਂ ਸਾਰਿਆਂ ਨੂੰ ਪਤਾ ਹੀ ਹੈ।(ਵਿਘਨ..ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ ਬੈਠੇ)**: ਅੱਜ ਹੀ 40 ਕਿਲੋ ਫੜੀ ਗਈ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ**: ਉਹ ਫੜੀ ਹੀ ਹੈ, ਛੱਡੀ ਤਾਂ ਨਹੀਂ। (ਵਿਘਨ..ਸ਼ੋਰ) ਉਦੋਂ ਨਸ਼ਿਆਂ ਦੀ ਖੇਪ ਗੱਡੀਆਂ ਵਿੱਚ ਆਉਂਦੀ ਸੀ (ਵਿਘਨ..ਸ਼ੋਰ) ਅਸੀਂ ਇਸ ਤਰ੍ਹਾਂ ਤਾਂ ਨਹੀਂ ਕਰਦੇ। ਅਸੀਂ ਤਾਂ ਫੜ ਰਹੇ ਹਾਂ। ਇਸੇ ਕੰਮ ਵਾਸਤੇ ਹੀ ਐਸ.ਟੀ.ਐਫ. ਬਣਾਈ ਹੈ।

**ਮਾਨਯੋਗ ਡਿਪਟੀ ਸਪੀਕਰ :** ਪਲੀਜ਼, ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਰ, ਇਹ ਜਿਹੜੀਆਂ ਪੋਲ ਖੋਲ੍ਹ ਰੈਲੀਆਂ ਹਨ। ਇਨ੍ਹਾਂ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਨੂੰ ਸਪੀਕਰ ਸਾਹਿਬ ਨੇ ਤੁਹਾਡੀ ਦਿਆਨਤਦਾਰੀ ਦੇ ਨਾਲ ਲੋਕਲ ਬਾਡੀਜ਼ ਕਮੇਟੀ ਦਾ ਚੇਅਰਮੈਨ ਬਣਾਇਆ ਸੀ । ਉਸ ਵਿੱਚ ਅਸੀਂ ਬਹੁਤ ਸਾਰੇ ਪੈਰ੍ਹੇ ਵਾਚੇ ਅਤੇ ਘੋਖੇ। ਇਹ ਮੇਰਾ ਵੀਰ (ਸ਼੍ਰੀ ਐਨ.ਕੇ.ਸ਼ਰਮਾ ਵੱਲ ਇਸ਼ਾਰਾ) ਉਸ ਕਮੇਟੀ ਵਿਚ ਮੇਰੇ ਨਾਲ ਮੈਂਬਰ ਹੈ। ਪਿੰਡ ਝਿਊਰਹੇੜੀ ਦਾ ਮਸਲਾ ਤੁਹਾਡੇ ਸਭ ਦੇ ਸਾਹਮਣੇ ਹੈ। ਇਸ ਘਪਲੇ ਕਾਰਨ ਚਾਰ-ਪੰਜ ਅਫਸਰ ਅੰਦਰ ਹਨ। 54 ਕਰੋੜ ਰੁਪਏ ਦਾ ਘਪਲਾ ਉਜਾਗਰ ਹੋਇਆ ਤੇ ਬੰਦੇ ਅੰਦਰ ਹੋਏ ਹਨ। ਫਿਰ ਅਸੀਂ ਬਲਾਕ ਸੰਮਤੀ ਖਰੜ ਦਾ ਰਿਕਾਰਡ ਚੈੱਕ ਕੀਤਾ। ਪੰਚਾਇਤ ਮੰਤਰੀ, ਬਾਜਵਾ ਸਾਹਿਬ

[ਸਰਦਾਰ ਬਲਬੀਰ ਸਿੰਘ ਸਿੱਧੂ]
ਵੀ ਇੱਥੇ ਬੈਠੇ ਹਨ। ਇਹ ਸਾਡੇ ਬਹੁਤ ਕਾਬਲ ਵਜ਼ੀਰ ਹਨ, ਇਨ੍ਹਾਂ ਨੇ ਮੇਰਾ ਪੂਰਾ-ਪੂਰਾ ਸਾਥ ਦਿੱਤਾ। ਇਸ ਤੋਂ ਬਾਅਦ ਇੱਕ ਹੋਰ ਪਿੰਡ ਦਾ ਸਾਢੇ ਛੇ ਕਰੋੜ ਰੁਪਏ ਦਾ ਘਪਲਾ ਨਿਕਲ ਆਇਆ ਤੇ ਦੋਸ਼ੀਆਂ ਖਿਲਾਫ ਪਰਚਾ ਦਰਜ ਹੋਇਆ। ਇਨ੍ਹਾਂ ਦੇ ਰਾਜ ਦੌਰਾਨ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਕੀ ਹੋਇਆ? ਜਿਹੜੇ ਪਿੰਡਾਂ ਦੇ ਵਿੱਚ ਪੀਲੇ ਬੈਂਚ ਲੱਗੇ ਹੋਏ ਹਨ, ਜਿਨ੍ਹਾਂ ਉਤੇ ਲਿਖਿਆ ਹੋਇਆ ਹੈ: ਚੇਅਰਮੈਨ, ਬਲਾਕ ਸੰਮਤੀ ਫਲਾਣਾ। ਉਨ੍ਹਾਂ ਪੀਲੇ ਬੈਂਚਾਂ ਦੇ ਬਿੱਲ ਦੋ-ਦੋ ਵਾਰੀ ਪਾਸ ਕਰ ਦਿੱਤੇ ਗਏ। ਇਕ ਵਾਰ 28 ਲੱਖ ਦਾ ਬਿੱਲ ਪਾਸ ਹੋਣ ਤੋਂ ਬਾਅਦ ਫਿਰ 28 ਲੱਖ ਰੁਪਿਆ ਪਾਸ ਕਰ ਦਿੱਤਾ ਗਿਆ। ਅਜਿਹੇ ਪਤਾ ਨਹੀਂ ਕਿੰਨੇ ਕੁ ਹੋਰ ਕੇਸ ਨਿਕਲਣੇ ਹਨ। ਪੰਚਾਇਤਾਂ ਨੂੰ ਪਤਾ ਹੀ ਨਹੀਂ ਹੈ ਕਿ ਸਾਡੇ ਖਾਤਿਆਂ ਵਿਚੋਂ ਪੈਸੇ ਗਏ ਹਨ। 22-22 ਲੱਖ ਰੁਪਿਆ ਸਿੱਧਾ ਹੀ ਠੇਕੇਦਾਰਾਂ ਨੂੰ ਟਰਾਂਸਫਰ ਕਰ ਦਿੱਤਾ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਅਸੀਂ ਉਹ ਘਪਲਾ ਫੜਿਆ ਹੈ ਅਤੇ ਪਰਚਾ ਦਰਜ ਕੀਤਾ ਹੈ। ਮੈਂ ਤੁਹਾਡੇ ਰਾਹੀਂ ਸਦਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਤਾਂ ਕੇਵਲ ਖਰੜ ਦੀ ਬਲਾਕ ਸੰਮਤੀ ਦਾ ਘਪਲਾ ਸੀ। ਜੇ ਤੁਸੀਂ ਸਾਰੇ ਪੰਜਾਬ ਦਾ ਇੱਕ ਸਪੈਸ਼ਲ ਆਡਿਟ ਕਰਵਾ ਲਵੋ ਤਾਂ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਕਿਤੋਂ ਕਰਜ਼ਾ ਲੈਣ ਦੀ ਕੋਈ ਲੋੜ ਹੀ ਨਹੀਂ ਪਵੇਗੀ। ਕਰੋੜਾਂ, ਅਰਬਾਂ ਰੁਪਿਆ ਇਸੇ ਤਰ੍ਹਾਂ ਵਸੂਲ ਹੋ ਜਾਵੇਗਾ। ਮੇਰਾ ਵੀਰ ਅਮਨ ਅਰੋੜਾ ਵੀ ਮੇਰੀ ਉਸ ਕਮੇਟੀ ਵਿੱਚ ਮੈਂਬਰ ਹੈ।

**ਸ਼੍ਰੀ ਅਮਨ ਅਰੋੜਾ :** ਡਿਪਟੀ ਸਪੀਕਰ ਸਾਹਿਬ, ਮੈਂ ਵੀ ਇਸ ਲੋਕਲ ਬਾਡੀਜ਼ ਕਮੇਟੀ ਵਿੱਚ ਮੈਂਬਰ ਹਾਂ । ਸਿੱਧੂ ਸਾਹਿਬ ਨੇ ਜਿਹੜੀ ਗੱਲ ਕੀਤੀ ਹੈ, ਇਹ ਬਿਲਕੁਲ ਠੀਕ ਹੈ। ਮੈਂ ਇਸ ਦੀ ਤਾਈਦ ਕਰਦਾ ਹਾਂ । ਮੇਰੇ ਸੁਨਾਮ ਹਲਕੇ ਵਿੱਚ ਵੀ ਇਸੇ ਤਰ੍ਹਾਂ ਦਾ ਮਸਲਾ ਆਇਆ ਸੀ।

**ਮਾਨਯੋਗ ਡਿਪਟੀ ਸਪੀਕਰ:** ਅਮਨ ਜੀ, ਥੈਂਕ ਯੂ।

**ਸ਼੍ਰੀ ਅਮਨ ਅਰੋੜਾ:** ਸਰ, ਪਿਛਲੇ ਸਮੇਂ ਦੇ ਵਿੱਚ ਜੋ ਹੋ ਗਿਆ, ਉਹ ਤਾਂ ਹੋ ਗਿਆ। ਹੁਣ ਹਾਲਾਤ ਇਹ ਹਨ ਕਿ ਸਾਨੂੰ ਸੁਨਾਮ ਮਿਊਂਸਿਪਲ ਕਮੇਟੀ ਤੋਂ ਰਿਕਾਰਡ ਮੰਗਦਿਆਂ ਨੂੰ ਤਿੰਨ ਮਹੀਨੇ ਹੋ ਗਏ ਹਨ। ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅਫਸਰ ਏਨੇ ਕੁ ਬੇਫਿਕਰੇ ਹੋਏ ਪਏ ਹਨ ਕਿ ਅਜੇ ਤੱਕ ਉਹ ਰਿਕਾਰਡ ਨਹੀਂ ਦਿੱਤਾ ਗਿਆ। ਜੇਕਰ ਉਹ ਰਿਕਾਰਡ ਭੇਜ ਦੇਣਗੇ ਤਾਂ ਅਸੀਂ ਕਿੰਨੇ ਹੀ ਘਪਲੇ ਹੋਰ ਫੜ ਲਵਾਂਗੇ।

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ। ਅਮਨ ਜੀ, ਤੁਹਾਡਾ ਪੁਆਇੰਟ ਆ ਗਿਆ, ਹੁਣ ਤੁਸੀਂ ਬੈਠੋ ਜੀ।

**ਸ਼੍ਰੀ ਅਮਨ ਅਰੋੜਾ :** ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਮਸਲੇ ਤੇ ਸਾਨੂੰ ਸਾਰਿਆਂ ਨੂੰ ਸੰਜੀਦਾ ਹੋਣਾ ਪਵੇਗਾ। (ਵਿਘਨ..ਸ਼ੋਰ) ਇੱਕ ਐਮ.ਐਲ.ਏ. ਨੂੰ, ਇੱਕ ਵਿਧਾਨ ਸਭਾ ਦੀ ਕਮੇਟੀ ਨੂੰ ਅਫਸਰਾਂ ਵਲੋਂ ਮੰਗੀ ਗਈ ਰਿਪੋਰਟ ਨਹੀਂ ਭੇਜੀ ਜਾ ਰਹੀ ।

**ਮਾਨਯੋਗ ਡਿਪਟੀ ਸਪੀਕਰ:** ਅਮਨ ਜੀ, ਤੁਹਾਡਾ ਪੁਆਇੰਟ ਆ ਗਿਆ ਹੈ। ਸਿੱਧੂ ਸਾਹਿਬ, ਤੁਸੀਂ ਕਨਕਲੂਡ ਕਰੋ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ:** ਇਹ ਮੇਰਾ ਵੀਰ ਬਹੁਤ ਕਾਬਲ ਹੈ।ਡਿਪਟੀ ਸਪੀਕਰ ਸਾਹਿਬ, ਸਾਡੀ ਲੋਕਲ ਬਾਡੀਜ਼ ਕਮੇਟੀ ਨੇ ਇੱਕ ਸਾਲ ਵਿੱਚ ਜੋ ਵੀ ਕੰਮ ਕੀਤਾ ਹੈ, ਉਸ ਲਈ ਮੈਂ

ਇਨ੍ਹਾਂ ਦਾ ਤੇ ਬਾਕੀ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਸਾਰਿਆਂ ਨੇ ਮੈਨੂੰ ਬੜਾ ਸਹਿਯੋਗ ਦਿੱਤਾ ਹੈ। ਇਹ ਜਿਹੜੀ ਰਿਕਾਰਡ ਦੀ ਗੱਲ ਕਰਦੇ ਹਨ, ਮੈਂ ਇਨ੍ਹਾਂ ਨੂੰ (ਸ਼੍ਰੀ ਅਮਨ ਅਰੋੜਾ) ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੀ ਕਮੇਟੀ ਦੀ ਅਗਲੀ ਮੀਟਿੰਗ ਹੋਵੇਗੀ ਉਸ ਵਿੱਚ ਸੁਨਾਮ ਮਿਉਂਸਿਪਲ ਕਮੇਟੀ ਦਾ ਰਿਕਾਰਡ ਪਹੁੰਚਿਆ ਹੋਇਆ ਹੋਵੇਗਾ। ਇਸ ਗੱਲ ਦੀ ਮੈਂ ਤੁਹਾਨੂੰ ਗਰੰਟੀ ਦਿਵਾਉਂਦਾ ਹਾਂ ਤੇ ਹਾਊਸ ਵਿਚ ਇਸ ਗੱਲ ਦਾ ਆਸ਼ਵਾਸਨ ਦਿੰਦਾ ਹਾਂ ।

**ਮਾਨਯੋਗ ਡਿਪਟੀ ਸਪੀਕਰ:** ਸਿੱਧੂ ਸਾਹਿਬ, ਹੁਣ ਵਾਈਂਡ ਅੱਪ ਕਰੋ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ:** ਸਰ, ਮੇਰੇ ਦੋ ਹੀ ਪੁਆਇੰਟ ਰਹਿ ਗਏ ਹਨ। ਜਿਹੜੀਆਂ ਪੰਚਾਇਤੀ ਜ਼ਮੀਨਾਂ ਹਨ । ਸਾਡੇ ਮੋਹਾਲੀ ਜ਼ਿਲ੍ਹੇ ਵਿੱਚ ਲਾਲੜੂ, ਡੇਰਾਬੱਸੀ, ਖਰੜ, ਮੋਹਾਲੀ ਵਿੱਚ ਜ਼ਮੀਨ ਬਹੁਤ ਬੇਸ਼ਕੀਮਤੀ ਹੈ। ਮੇਰੇ ਕੋਲ ਲਿਸਟ ਆਈ ਹੈ, ਇਹ ਮੈਂ ਦੱਸ ਦੇਵਾਂ ਕਿ ਇਨ੍ਹਾਂ ਨੇ ** ** (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ) 10 ਸਾਲਾਂ ਦੇ ਵਿੱਚ 33-33 ਸਾਲਾਂ ਲਈ ਪਤਾ ਨਹੀਂ ਕਿੰਨੇ ਲੋਕਾਂ ਨੂੰ ਮਤੇ ਪਾ ਕੇ ਦਿੱਤੇ ਹਨ । ਜਦੋਂ ਦੀ ਸਾਡੀ ਸਰਕਾਰ ਬਣੀ ਹੈ, ਉਸ ਤੋਂ ਬਾਅਦ ਮੈਂ ਘੱਟੋ-ਘੱਟ 10 ਮਤੇ ਤਾਂ ਰੱਦ ਕਰਵਾ ਦਿੱਤੇ ਹਨ। ਉਹ ਬੰਦੇ ਤੁਹਾਨੂੰ ਪਤਾ ਹੀ ਹੈ, ਕੌਣ ਸੀ? ਉਨ੍ਹਾਂ ਬੰਦਿਆਂ ਦੀ ਬਠਿੰਡੇ ਤੱਕ ਤੂਤੀ ਬੋਲਦੀ ਹੈ।

**Mr. Deputy Speaker :** Thank you.

**ਸਰਦਾਰ ਬਲਬੀਰ ਸਿੰਘ ਸਿੱਧੂ** : ਬਸ ਜੀ, ਇਕ ਪੁਆਇੰਟ ਰਹਿ ਗਿਆ। ਮੈਂ ਹੁਣ ਧੰਨਵਾਦ ਕਰਨਾ ਹੈ। ਦੱਸੋ ਕਰਨਾ ਹੈ ਕਿ ਨਹੀਂ? (ਹਾਸਾ) ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਦੇ 10 ਸਾਲ ਦੇ ਸਮੇਂ ਦੌਰਾਨ ਕਿਸਾਨਾਂ ਦੀ ਮੰਡੀਆਂ ਵਿੱਚ ਰੱਜ ਕੇ ਖੱਜਲ-ਖੁਆਰੀ ਹੁੰਦੀ ਸੀ। ਕੈਪਟਨ ਸਾਹਿਬ ਨੂੰ ਲੋਕਾਂ ਨੇ ਇਸੇ ਕਰਕੇ ਵੋਟਾਂ ਪਾਈਆਂ, ਸਾਡੇ ਸ਼ੇਰ ਨੇ ਕਿਸਾਨ ਨੂੰ ਮੰਡੀ ਵਿੱਚ ਇਕ ਰਾਤ ਵੀ ਸੌਣ ਨਹੀਂ ਦਿੱਤਾ। 24 ਘੰਟਿਆਂ ਵਿੱਚ ਫਸਲ ਚੁੱਕੀ ਅਤੇ 36 ਘੰਟਿਆਂ ਵਿੱਚ ਪੈਸੇ ਦੇ ਦਿੱਤੇ।

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਕਨਕਲੂਡ ਕਰੋ।

**ਸਰਦਾਰ ਬਲਬੀਰ ਸਿੰਘ ਸਿੱਧੂ** : ਇਨ੍ਹਾਂ ਨੇ ਰਿਕਾਰਡ ਕਾਇਮ ਕੀਤਾ ਹੈ। ਇਹ ਜਿਹੜੇ ਨਰਮੇ ਦੀ ਬੈਲਟ ਵਾਲੇ ਸਾਡੇ ਬਠਿੰਡੇ ਵਾਲੇ ਵੀਰ ਬੈਠੇ ਹਨ, ਕਾਂਗੜ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਪਤਾ ਹੈ ਕਿ ਉੱਥੇ ਕਿਵੇਂ ਜਾਅਲੀ ਦਵਾਈਆਂ ਵਿਕਦੀਆਂ ਸਨ, ਕਿਵੇਂ ਜਾਅਲੀ ਬੀਜ ਵਿਕਦੇ ਸੀ। ਹੁਣ ਉਹ ਬੰਦੇ ਕਿੱਧਰ ਗਏ? ਉਹੀ ਅਫਸਰ ਹਨ, ਉਹੀ ਮਸ਼ੀਨਰੀ ਹੈ, ਸਭ ਕੁਝ ਉਹੀ ਹੈ।(ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਕਨਕਲੂਡ ਕਰੋ।

**ਸਰਦਾਰ ਬਲਬੀਰ ਸਿੰਘ ਸਿੱਧੂ** : ਅਕਾਲੀ ਸਰਕਾਰ ਵੇਲੇ ਬਾਸਮਤੀ 1400 ਰੁਪਏ ਨੂੰ ਵਿਕਦੀ ਸੀ। ਹੁਣ ਸਾਡੇ ਵੇਲੇ 3500 ਜਾਂ 4000 ਰੁਪਏ ਦੀ ਕਿਉਂ ਵਿਕੀ? ਕਿਉਂਕਿ ਜਿਹੜਾ ਇਨ੍ਹਾਂ ਦਾ ਮੰਤਰੀ ਸੀ, ਉਹ ਮਾਫੀਏ ਨਾਲ ਰਲਿਆ ਹੋਇਆ ਸੀ।

---

** ** Expunged as ordered by the Chair.

**ਮਾਨਯੋਗ ਡਿਪਟੀ ਸਪੀਕਰ** : ਕੁਲਜੀਤ ਸਿੰਘ ਨਾਗਰਾ ਜੀ, ਤੁਸੀਂ ਬੋਲੋ। Sidhu ji, please sit down.

**ਸਰਦਾਰ ਬਲਬੀਰ ਸਿੰਘ ਸਿੱਧੂ** : ਸਿਰਫ ਇਕ ਮਿੰਟ ਜੀ, ਪੰਜ ਸਾਲ ਪਹਿਲਾਂ ਆਲੂ ਰੁਲਿਆ ਹੈ ਕਿ ਨਹੀਂ? ਅੱਜ ਸਾਡੇ ਵੇਲੇ ਆਲੂ 8-10 ਰੁਪਏ ਕਿਲੋ ਖੇਤਾਂ ਵਿਚੋਂ ਵਿਕ ਰਿਹਾ ਹੈ। ਉਹ ਵੀ ਐਡਵਾਂਸ ਬੁਕਿੰਗ ਹੁੰਦੀ ਹੈ। ਇਨ੍ਹਾਂ ਨੇ ਦੋ ਰੁਪਏ ਕਿਲੋ ਤੇ ਵੀ ਨਹੀਂ ਚੁੱਕਿਆ।

**ਮਾਨਯੋਗ ਡਿਪਟੀ ਸਪੀਕਰ** : ਨਾਗਰਾ ਜੀ, ਤੁਸੀਂ ਬੋਲੋ।

**ਸ਼੍ਰੀ ਅਮਨ ਅਰੋੜਾ** : ਪੁਆਇੰਟ ਆਫ ਆਰਡਰ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ** : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਸ ਗਵਰਨਰ ਸਾਹਿਬ ਵਲੋਂ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਮਤੇ ਦੀ ਤਾਈਦ ਕਰਦਾ ਹਾਂ।

**ਮਾਨਯੋਗ ਡਿਪਟੀ ਸਪੀਕਰ** : ਅਮਨ ਜੀ, ਪਲੀਜ਼ ਬੈਠ ਜਾਓ।

**ਸ਼੍ਰੀ ਅਮਨ ਅਰੋੜਾ** : ** ** ਕਰਦੇ ਹੋ।

**ਮਾਨਯੋਗ ਡਿਪਟੀ ਸਪੀਕਰ** : ** ** ਸ਼ਬਦ ਕੱਟ ਦਿੱਤਾ ਜਾਵੇ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਹਿਗੜ੍ਹ ਸਾਹਿਬ)** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਮੈਂ ਸਾਡੇ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੀ ਅਦੁੱਤੀ ਸ਼ਹਾਦਤ ਵਾਲੀ ਧਰਤੀ ਫਤਹਿਗੜ੍ਹ ਸਾਹਿਬ ਨੂੰ ਪਿਛਲੇ ਇੱਕ ਸਾਲ ਵਿੱਚ ਵੱਡੇ ਵੱਡੇ ਕੰਮ ਜਿਹੜੇ ਪਿਛਲੇ 25-30 ਸਾਲ ਤੋਂ ਹੋਣ ਵਾਲੇ ਸਨ, ਜਦੋਂ ਪਿੱਛੇ ਜੋੜ ਮੇਲੇ ਤੇ ਸੀ.ਐਮ. ਸਾਹਿਬ ਮੱਥਾ ਟੇਕਣ ਵਾਸਤੇ ਗਏ ਤਾਂ ਇਨ੍ਹਾਂ ਨੇ ਉਸ ਪਵਿੱਤਰ ਧਰਤੀ ਤੇ ਸਾਨੂੰ ਬਹੁਤ ਵੱਡੇ ਤੋਹਫੇ ਵਜੋਂ ਦਿੱਤੇ ਹਨ। ਡਿਪਟੀ ਸਪੀਕਰ ਸਾਹਿਬ, ਜਦੋਂ ਤੋਂ ਸਾਡੇ ਫਤਹਿਗੜ੍ਹ ਸਾਹਿਬ ਨੂੰ ਸਾਡੇ ਮਰਹੂਮ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਜ਼ਿਲ੍ਹਾ ਬਣਾਇਆ ਸੀ, ਉਦੋਂ ਤੋਂ ਹੁਣ ਤੱਕ ਸਾਡੇ ਉਥੇ ਬਸ ਅੱਡਾ ਨਹੀਂ ਸੀ। ਜ਼ਿਲ੍ਹੇ ਦਾ ਬਸ ਅੱਡਾ ਵੀ ਨਹੀਂ ਸੀ। ਮੁੱਖ ਮੰਤਰੀ ਸਾਹਿਬ ਨੇ ਬਸ ਅੱਡੇ ਦੀ ਅਨਾਊਂਸਮੈਂਟ ਕੀਤੀ। ਮੈਂ ਇਸ ਵਾਸਤੇ ਫਾਈਨਾਂਸ ਮਨਿਸਟਰ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਬਜਟ ਵਿੱਚ ਉਸ ਪਵਿੱਤਰ ਧਰਤੀ ਦੀ ਜਿਹੜੀ ਇਕ ਬਹੁਤ ਵੱਡੀ ਮੰਗ ਬਸ ਅੱਡੇ ਦੀ ਸੀ, ਉਹ ਦੇ ਕੇ ਸਾਡਾ ਮਾਣ ਵਧਾਇਆ ਹੈ।(ਥੰਪਿੰਗ) ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਜੀ.ਟੀ. ਰੋਡ ਤੋਂ ਲੈ ਕੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਨੂੰ ਜਿਹੜੀ ਰੋਡ ਜਾਂਦੀ ਸੀ, ਉਸ ਰੋਡ ਨੂੰ ਮੁੱਖ ਮੰਤਰੀ ਸਾਹਿਬ ਨੇ ਛੇ ਕਰੋੜ ਰੁਪਿਆ ਦਿੱਤਾ ਹੈ ਤਾਂ ਕਿ ਫੋਰਲੇਨਿੰਗ ਕਰਕੇ ਲਾਈਟਾਂ ਲਗਾ ਕੇ ਉਹ ਸੁੰਦਰ ਰੋਡ ਬਣੇ।(ਥੰਪਿੰਗ) (ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਆਪਸ ਵਿੱਚ ਗੱਲ ਬਾਤ ਕਰ ਰਹੇ ਸਨ) ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਡਿਸਟਰਬੈਂਸ ਹੁੰਦੀ ਹੈ, ਇਸ ਲਈ ਆਪਸ ਵਿਚ

**Expunged as ordered by the Chair.

ਗੱਲਬਾਤ ਨਾ ਕਰਨ। ਉਸ ਪਵਿੱਤਰ ਧਰਤੀ ਤੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਜੋੜ ਮੇਲ ਹੁੰਦਾ ਹੈ ਤਾਂ ਲੱਖਾਂ ਦੀ ਗਿਣਤੀ ਵਿੱਚ ਲੋਕ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਆਉਂਦੇ ਹਨ। ਅਸੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਜਿਹੜੀਆਂ ਸੜਕਾਂ ਗੁਰਦੁਆਰਾ ਸਾਹਿਬ ਤੋਂ ਆਉਂਦੀਆਂ ਹਨ, ਉਹ ਹੇਠਾਂ ਵੱਲ ਨੂੰ ਬਹੁਤ ਸੌੜੀਆਂ ਹਨ। ਮੁੱਖ ਮੰਤਰੀ ਸਾਹਿਬ ਨੇ ਗੁਰਦੁਆਰਾ ਸਾਹਿਬ ਦੇ 10 ਕਿਲੋਮੀਟਰ ਦੇ ਘੇਰੇ ਵਿੱਚ ਜਿੰਨੀਆਂ ਵੀ ਸੜਕਾਂ ਹਨ, ਉਨ੍ਹਾਂ ਦੀ ਵਾਈਡਨਿੰਗ ਕਰਨ, ਉਨ੍ਹਾਂ ਨੂੰ ਚੌੜਾ ਕਰਨ ਦੀ ਅਫਸਰਾਂ ਨੂੰ ਹਦਾਇਤ ਕਰ ਦਿੱਤੀ ਹੈ। ਉਥੇ ਜੋੜ ਮੇਲੇ ਦੌਰਾਨ ਬਹੁਤ ਵੱਡੀ ਸਮੱਸਿਆ ਜੋ ਆਉਂਦੀ ਸੀ, ਉਹ ਸੀ ਕਿ ਜਿਹੜੀ ਲੱਖਾਂ ਦੀ ਗਿਣਤੀ ਵਿਚ ਉਥੇ ਸੰਗਤ ਹੁੰਦੀ ਸੀ, ਉਸ ਵਾਸਤੇ ਟੋਆਲਿਟਸ ਦੀ ਕਮੀ ਹੁੰਦੀ ਸੀ। ਉਥੇ 10 ਨਵੇਂ ਟੋਆਲਿਟਸ ਵੀ ਅਨਾਊਂਸ ਕੀਤੇ ਹਨ ਔਰ ਮਹਿਕਮੇ ਨੂੰ ਉਨ੍ਹਾਂ ਨੂੰ ਬਣਾਉਣ ਦੀ ਹਦਾਇਤ ਕੀਤੀ ਹੈ। ਮੁੱਖ ਮੰਤਰੀ ਸਾਹਿਬ ਨੇ ਜੋ ਸਭ ਤੋਂ ਵੱਡੀ ਇਕ ਚੀਜ਼ ਦਿੱਤੀ ਹੈ, ਉਹ ਹੈ ਕਿ ਫਤਿਹਗੜ੍ਹ ਸਾਹਿਬ ਤੋਂ ਲੈ ਕੇ ਜਿਥੇ ਜਿਥੇ ਮਾਤਾ ਜੀ ਨੂੰ ਅਤੇ ਸਾਹਿਬਜ਼ਾਦਿਆਂ ਨੂੰ ਰੱਖਿਆ ਗਿਆ ਸੀ, ਮੋਰਿੰਡੇ ਤੋਂ ਚਮਕੌਰ ਸਾਹਿਬ, ਚਮਕੌਰ ਸਾਹਿਬ ਤੋਂ ਰੋਪੜ, ਸਰਹਿੰਦ ਤੋਂ ਪਟਿਆਲਾ, ਇਹ ਚਾਰ ਮਾਰਗੀ ਪ੍ਰਾਜੈਕਟ ਦੀ ਅਨਾਊਂਸਮੈਂਟ ਕਰਕੇ ਉਸ ਸੜਕ ਦਾ ਨਾਮ ਮਾਤਾ ਗੁਜਰ ਕੌਰ ਜੀ ਦੇ ਨਾਮ ਉਤੇ 'ਮਾਤਾ ਗੁਜਰੀ ਮਾਰਗ' ਰੱਖ ਕੇ ਸਾਨੂੰ ਬਹੁਤ ਵੱਡਾ ਮਾਣ ਬਖ਼ਸ਼ਿਆ ਹੈ। ਡਿਪਟੀ ਸਪੀਕਰ ਸਾਹਿਬ, ਇਹੀ ਨਹੀਂ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਆਲੇ-ਦੁਆਲੇ ਇਕ ਸਰਹਿੰਦ ਚੋਅ ਜਾਂਦਾ ਹੈ। ਉਸ ਚੋਅ ਵਿਚ ਵੱਖ ਵੱਖ ਸ਼ਹਿਰਾਂ ਅਤੇ ਪਿੰਡਾਂ ਦਾ ਗੰਦਾ ਪਾਣੀ ਵੀ ਆਉਂਦਾ ਸੀ। ਉਹ ਚੋਅ ਕੱਚਾ ਸੀ ਅਤੇ ਜਦੋਂ ਕਿਤੇ ਬਰਸਾਤ ਹੁੰਦੀ ਸੀ ਤਾਂ ਬੜੀ ਮਾਰ ਕਰਦਾ ਸੀ। ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ 5 ਕਰੋੜ 71 ਲੱਖ ਰੁਪਿਆ ਉਸ ਚੋਅ ਦੀ ਲਾਇਨਿੰਗ ਵਾਸਤੇ ਵੀ ਸਾਨੂੰ ਦਿੱਤਾ ਹੈ। ਮੈਂ ਉਸ ਦੇ ਵਾਸਤੇ ਵੀ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ, ਮੇਰੇ ਹਲਕੇ ਫਤਿਹਗੜ੍ਹ ਸਾਹਿਬ ਵਿਚ ਇਕੋ ਇਕ ਸਬ ਡਵੀਜ਼ਨ ਸੀ।ਇਕੋ ਇਕ ਤਹਿਸੀਲ ਸੀ, ਇਸ ਵਿਚ 176 ਪਿੰਡ ਹਨ ਅਤੇ ਇਕ ਸ਼ਹਿਰ ਪੈਂਦਾ ਹੈ। ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਚਨਾਰਥਲ ਕਲਾਂ ਜੋ ਕਿ ਇਕ ਇਤਿਹਾਸਕ ਪਿੰਡ ਹੈ, ਉਸ ਨੂੰ ਸਬ ਤਹਿਸੀਲ ਬਣਾਉਣ ਦਾ ਐਲਾਨ ਕਰਕੇ ਸਾਨੂੰ ਬਹੁਤ ਵੱਡਾ ਮਾਣ ਬਖ਼ਸ਼ਿਆ ਹੈ। ਇਸ ਦੇ ਨਾਲ ਹੀ ਫਤਿਹਗੜ੍ਹ ਸਾਹਿਬ ਦੇ ਵਿਚ ਸਾਹਿਬਜ਼ਾਦਿਆਂ ਦੀ ਯਾਦ ਵਿਚ ਇਕ ਮੈਮੋਰੀਅਲ ਬਣਾਉਣ ਦਾ ਐਲਾਨ ਵੀ ਕੀਤਾ ਹੈ। (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਸਾਡੀਆਂ ਸੜਕਾਂ ਪਿਛਲੀ ਸਰਕਾਰ ਦੇ 10 ਸਾਲਾਂ ਦੌਰਾਨ ਰਿਪੇਅਰ ਵੀ ਨਹੀਂ ਹੋਈਆਂ। ਪਿਛਲੇ 10 ਸਾਲ ਤੋਂ ਇਕੋ ਸਰਕਾਰ ਰਹੀ ਹੈ। ਪੰਜਾਬ ਦੀਆਂ ਤਕਰੀਬਨ 16,000 ਕਿਲੋਮੀਟਰ ਸੜਕਾਂ ਅਤੇ ਮੇਰੇ ਹਲਕੇ ਦੀਆਂ 208 ਕਿਲੋਮੀਟਰ ਸੜਕਾਂ, ਸਾਲ 2011 ਦੀਆਂ ਰਿਪੇਅਰ ਹੋਈਆਂ ਹੋਈਆਂ ਸੀ। ਸਾਡੀ ਸਰਕਾਰ ਆਉਣ ਤੱਕ ਉਨ੍ਹਾਂ ਸੜਕਾਂ ਦੀ ਇੰਨੇ ਸਾਲਾਂ ਦੌਰਾਨ ਰਿਪੇਅਰ ਵੀ ਨਹੀਂ ਹੋਈ ਸੀ। ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ 29 ਕਰੋੜ ਰੁਪਿਆ ਮੇਰੇ ਹਲਕੇ ਦੀਆਂ ਸਾਰੀਆਂ 208 ਕਿਲੋਮੀਟਰ ਸੜਕਾਂ ਦੀ ਰਿਪੇਅਰ ਵਾਸਤੇ ਵੀ ਦਿੱਤਾ ਹੈ।

ਡਿਪਟੀ ਸਪੀਕਰ ਸਾਹਿਬ, ਬਹੁਤ ਸਾਰੀਆਂ ਚੀਜ਼ਾਂ ਹੋਰ ਹਨ। ਟੂਰਿਜ਼ਮ ਦੇ ਪੁਆਇੰਟ ਆਫ ਵਿਊ ਨਾਲ ਜਿਥੇ ਪਿਛਲੀ ਸਰਕਾਰ ਨੇ ਟੂਰਿਜ਼ਮ ਮਹਿਕਮਾ ਖੂੰਜੇ ਲਗਾਇਆ ਹੋਇਆ ਸੀ। ਸ੍ਰੀ ਫਤਿਹਗੜ੍ਹ ਸਾਹਿਬ ਇਕ ਇਤਿਹਾਸਕ ਅਤੇ ਧਾਰਮਿਕ ਅਸਥਾਨ ਹੈ। ਮੁੱਖ ਮੰਤਰੀ ਸਾਹਿਬ ਅਤੇ ਸਾਡੇ ਟੂਰਿਜ਼ਮ ਮਨਿਸਟਰ ਸਾਹਿਬ ਨੇ 20 ਕਰੋੜ ਰੁਪਿਆ ਸਾਡੇ ਸ੍ਰੀ ਫਤਿਹਗੜ੍ਹ ਸਾਹਿਬ ਨੂੰ ਧਾਰਮਿਕ

[ਸਰਦਾਰ ਕੁਲਜੀਤ ਸਿੰਘ ਨਾਗਰਾ]
ਅਤੇ ਇਤਿਹਾਸਕ ਟੂਰਿਜ਼ਮ ਅਸਥਾਨ ਹੋਣ ਕਾਰਨ ਦਿੱਤਾ ਹੈ। ਆਮ ਬਾਗ ਜੋ ਕਿ ਸਾਡੀ ਬਹੁਤ ਵੱਡੀ ਇਤਿਹਾਸਕ ਧਰੋਹਰ ਹੈ, ਉਸ ਦੀ ਰੈਨੋਵੇਸ਼ਨ ਵਾਸਤੇ ਵੀ ਪੈਸਾ ਦਿੱਤਾ ਹੈ ਤਾਂ ਕਿ ਉਥੇ ਟੂਰਿਜ਼ਮ ਨੂੰ ਬੜਾਵਾ ਮਿਲੇ। ਇਸ ਦੇ ਨਾਲ ਹੀ ਜੋ ਪੰਜ ਇਤਿਹਾਸਕ ਅਤੇ ਧਾਰਮਿਕ ਟੂਰਿਸਟ ਸਰਕਟ ਡਿਕਲੇਅਰ ਕੀਤੇ ਹਨ, ਉਨ੍ਹਾਂ ਵਿੱਚ ਸ੍ਰੀ ਫਤਿਹਗੜ੍ਹ ਸਾਹਿਬ ਨੂੰ ਇਕ ਇਤਿਹਾਸਕ ਤੇ ਧਾਰਮਿਕ ਟੂਰਿਸਟ ਸਰਕਟ ਵਜੋਂ ਡਿਕਲੇਅਰ ਕੀਤਾ ਹੈ। ਕੁੱਲ ਪੰਜ ਸਰਕਟ ਡਿਕਲੇਅਰ ਕੀਤੇ ਹਨ ਜਿਨ੍ਹਾਂ ਵਿਚ ਇਕ ਚਮਕੌਰ ਸਾਹਿਬ ਵੀ ਹੈ। ਸੋ ਡਿਪਟੀ ਸਪੀਕਰ ਸਾਹਿਬ, ਸਾਨੂੰ ਬਹੁਤ ਵੱਡਾ ਮਾਣ ਬਖ਼ਸ਼ਿਆ ਗਿਆ ਹੈ। ਮੈਂ ਸਭ ਤੋਂ ਪਹਿਲਾਂ ਮੁੱਖ ਮੰਤਰੀ ਸਾਹਿਬ ਦਾ ਸ੍ਰੀ ਫਤਿਹਗੜ੍ਹ ਸਾਹਿਬ ਦੀ ਸਾਰੀ ਸੰਗਤ ਵਲੋਂ ਅਤੇ ਆਪਣੇ ਵਲੋਂ ਧੰਨਵਾਦ ਕਰਦਾ ਹਾਂ। ਕਿਉਂਕਿ ਪਿਛਲੇ ਕਈ ਸਾਲਾਂ ਤੋਂ ਸਾਡਾ ਇਹ ਹਲਕਾ ਅਣਗੌਲਿਆ ਰਿਹਾ ਹੈ। ਪਿਛਲੇ ਸਮੇਂ ਵਿਚ ਸੰਗਤ ਦਰਸ਼ਨ ਪ੍ਰੋਗਰਾਮ ਤੇ ਸਾਡੇ ਸਤਿਕਾਰਯੋਗ ਬਾਦਲ ਸਾਹਿਬ ਉਥੇ ਗਏ ਸੀ, ਉਦੋਂ ਵੀ ਮੈਂ ਉਨ੍ਹਾਂ ਅੱਗੇ ਦਰਖਾਸਤ ਦਿੱਤੀ ਸੀ ਪਰ ਉਦੋਂ ਮੇਰੀ ਸੁਣਵਾਈ ਨਹੀਂ ਹੋਈ ਸੀ। ਹੁਣ ਸਾਨੂੰ ਸਾਡਾ ਪਿਛਲਾ ਬੈਕਲਾਗ ਵੀ ਮਿਲ ਗਿਆ ਹੈ।

ਸੋ, ਡਿਪਟੀ ਸਪੀਕਰ ਸਾਹਿਬ, ਅੱਜ ਜਦੋਂ ਸਾਡੀ ਸਰਕਾਰ ਬਣੀ।ਸਾਨੂੰ ਸਰਕਾਰ ਬਣਨ ਦੇ ਵਿਚ ਜੋ ਕੁਝ ਵਿਰਾਸਤ ਵਿਚ ਮਿਲਿਆ, ਉਹ ਤੁਹਾਡੇ ਸਭ ਦੇ ਸਾਹਮਣੇ ਹੈ। ਨਾ ਸਾਡੇ ਸਕੂਲਾਂ ਵਿਚ ਮਾਸਟਰ ਪੂਰੇ ਸੀ, ਨਾ ਹਸਪਤਾਲਾਂ ਵਿਚ ਡਾਕਟਰ ਪੂਰੇ ਸੀ, ਨਾ ਸਾਡੇ ਸੂਬੇ ਦੀ ਲਾਅ ਐਂਡ ਆਰਡਰ ਦੀ ਸਥਿਤੀ ਠੀਕ ਸੀ। ਆਪਾਂ ਸਾਰੇ ਜਾਣਦੇ ਹੀ ਹਾਂ ਕਿ ਲਾਅ ਐਂਡ ਆਰਡਰ ਦੀ ਸਥਿਤੀ ਕੀ ਸੀ, ਗੈਂਗਸਟਰਜ਼ ਨੇ ਕਿਸ ਤਰੀਕੇ ਨਾਲ ਸੂਬੇ ਨੂੰ ਆਪਣੀ ਜਕੜਬੰਦੀ ਵਿਚ ਲਿਆ ਹੋਇਆ ਸੀ। ਪੁਲਿਸ ਦੇ ਐਸ.ਐਸ.ਪੀਜ਼ ਨੂੰ ਵੀ ਫੇਸ ਬੁੱਕ ਦੇ ਉਤੇ ਉਹ ਚੈਲੰਜ ਕਰਦੇ ਹੁੰਦੇ ਸੀ ਕਿ ਹੁਣ ਤੈਨੂੰ ਦੇਖਣਾ ਹੈ। ਇਸੇ ਦੇ ਨਾਲ ਨਾਲ ਨਸ਼ੇ ਕਾਰਨ ਸਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਕਿਸ ਤਰੀਕੇ ਨਾਲ ਸੂਬਾ ਬਦਨਾਮ ਹੋਇਆ ਔਰ ਬੇਅਦਬੀ ਦੀਆਂ ਘਟਨਾਵਾਂ ਨੇ ਸਾਡੇ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ। ਡਿਪਟੀ ਸਪੀਕਰ ਸਾਹਿਬ, ਅਜਿਹੇ ਹਾਲਾਤਾਂ ਵਿਚ ਪੰਜਾਬ ਸਾਨੂੰ ਮਿਲਿਆ ਹੈ ਪਰ ਸਾਡੇ ਮੁੱਖ ਮੰਤਰੀ ਕੈਪਟਨ ਸਾਹਿਬ ਨੇ ਦੁਬਾਰਾ ਤੋਂ ਉਸ ਪੰਜਾਬ ਨੂੰ ਮੁੜ ਪੈਰ੍ਹਾਂ ਤੇ ਖੜਾ ਕਰਨ ਲਈ ਸਾਰੇ ਕੈਬਨਿਟ ਮੰਤਰੀਆਂ ਦੇ ਸਾਥ ਨਾਲ ਇਕ ਵੱਡੀ ਸ਼ੁਰੂਆਤ ਕੀਤੀ।

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ, ਦੋ ਮਿੰਟ ਵਿਚ ਕਨਕਲੂਡ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਡਿਪਟੀ ਸਪੀਕਰ ਸਾਹਿਬ, ਮੈਨੂੰ ਸਮਾਂ ਲੱਗੇਗਾ। ਮੈਨੂੰ ਸਮਾਂ ਦੇਣਾ ਪੈਣਾ ਹੈ। ਮੈਂ ਆਪਣੇ ਸਾਥੀਆਂ ਨੂੰ ਕਹਿ ਦਿਆਂਗਾ ਕਿਉਂਕਿ ਗੱਲਾਂ ਬਹੁਤ ਜ਼ਰੂਰੀ ਹਨ। ਡਿਪਟੀ ਸਪੀਕਰ ਸਾਹਿਬ, ਕਿਸਾਨੀ ਦੀ ਗੱਲ ਪਹਿਲਾਂ ਵੀ ਹੋ ਚੁੱਕੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ 75 ਹਜ਼ਾਰ 748 ਕਿਸਾਨਾਂ ਦਾ 329 ਕਰੋੜ ਰੁਪਏ ਦਾ ਕਰਜ਼ਾ ਮੁਆਫ ਹੋ ਚੁੱਕਿਆ ਹੈ। ਇਹ ਕਰਜ਼ਾ ਮੁਆਫੀ ਦਾ ਪਹਿਲਾ ਫੇਜ਼ ਹੈ। ਦੂਜਾ ਫੇਜ਼ ਵੀ ਹੁਣ ਸ਼ੁਰੂ ਹੋ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਪਿਛਲੀ ਸਰਕਾਰ ਦੀ ਕਾਰਗੁਜ਼ਾਰੀ ਵੀ ਦੱਸਣਾ ਚਾਹੁੰਦਾ ਹਾਂ। ਸਾਡੀ ਸਰਕਾਰ ਤਾਂ ਆਪਣੇ ਕੋਲੋਂ ਕਿਸਾਨਾਂ ਨੂੰ ਪੈਸਾ ਦੇ ਰਹੀ ਹੈ। ਮੈਨੂੰ ਯਾਦ ਹੈ ਕਿ ਡਾ. ਮਨਮੋਹਨ ਸਿੰਘ ਜੀ ਨੇ ਪਿਛਲੀ ਸਰਕਾਰ ਨੂੰ 800 ਕਰੋੜ ਰੁਪਏ ਕਿਸਾਨਾਂ ਲਈ ਦਿੱਤੇ ਸਨ ਪਰ ਉਸ ਸਰਕਾਰ ਨੇ ਉਹ ਪੈਸਾ ਕਿਸਾਨਾਂ ਨੂੰ ਨਹੀਂ ਦਿੱਤਾ। ਜਦੋਂ ਕਿਸਾਨ ਯੂਨੀਅਨ ਨੇ ਧਰਨਾ ਮਾਰਿਆ ਤਾਂ ਫਿਰ 300 ਕਰੋੜ ਰੁਪਇਆ ਜਾਰੀ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ 10 ਸਾਲਾਂ ਵਿਚ ਕੋਈ ਐਗਰੀਕਲਚਰ ਪਾਲਿਸੀ ਨਹੀਂ ਬਣਾਈ।ਹੁਣ ਸਾਡੀ ਸਰਕਾਰ ਬਣਾ ਰਹੀ ਹੈ।ਸਾਡੇ ਕੋਲ ਐਗਰੀਕਲਚਰ ਡਿਵੈਲਪਮੈਂਟ ਅਫਸਰ ਚਾਹੀਦੇ ਹਨ, ਸਾਡੀਆਂ ਪ੍ਰਯੋਗਸ਼ਾਲਾਵਾਂ ਚਾਹੀਦੀਆਂ ਹਨ। ਡਿਪਟੀ ਸਪੀਕਰ ਸਾਹਿਬ,

ਜੇਕਰ ਤੁਸੀਂ ਜ਼ਿਲਿਆਂ ਵਿਚ ਨਜ਼ਰ ਮਾਰੋਗੇ ਤਾਂ ਕਿਸੇ ਜ਼ਿਲ੍ਹੇ ਵਿਚ ਇਕ ਏ.ਡੀ.ਓ. ਹੈ ਅਤੇ ਕਿਸੇ ਜ਼ਿਲ੍ਹੇ ਵਿਚ ਕੋਈ ਵੀ ਨਹੀਂ ਹੈ।ਬੀਜ ਅਤੇ ਕੀਟਨਾਸ਼ਕ ਨਕਲੀ ਮਿਲਦੇ ਸਨ। ਇਹ ਇਨ੍ਹਾਂ ਦੀ ਖੇਤੀਬਾੜੀ ਨੀਤੀ ਸੀ। ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਸਭ ਤੋਂ ਵੱਡਾ ਕੰਮ ਕੀਤਾ ਹੈ ਕਿ ਇੰਡੀਅਨ ਆਇਲ ਕਾਰਪੋਰੇਸ਼ਨ ਨਾਲ ਮਿਲ ਕੇ 400 ਯੂਨਿਟ ਦੇ ਇਕ ਪ੍ਰਾਜੈਕਟ ਦਾ ਐਗਰੀਮੈਂਟ ਸਾਈਨ ਕੀਤਾ ਹੈ, ਜਿਸ ਵਿਚ ਪਰਾਲੀ ਦੇ ਵੇਸਟ ਨੂੰ ਯੂਜ਼ ਕੀਤਾ ਜਾਵੇਗਾ, ਜਿਸ ਨਾਲ ਕਿਸਾਨਾਂ ਨੂੰ ਲਾਭ ਮਿਲੇਗਾ। ਡਿਪਟੀ ਸਪੀਕਰ ਸਾਹਿਬ, ਸਿੱਖਿਆ ਦੇ ਖੇਤਰ ਵਿਚ ਬਹੁਤ ਵੱਡੇ ਕਦਮ ਚੁੱਕੇ ਜਾ ਰਹੇ ਹਨ। ਬੜੀ ਸ਼ਰਮ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੀ ਸਰਕਾਰ ਵੇਲੇ ਸਕੂਲਾਂ ਵਿੱਚ ਵਿਦਿਆਰਥੀ ਭੁੰਜੇ ਬੈਠਦੇ ਸਨ। ਉਹ ਵਿਦਿਆਰਥੀਆਂ ਨੂੰ ਬੈਂਚਾਂ ਤੇ ਨਹੀਂ ਬਿਠਾ ਸਕੇ। ਅੱਜ ਬਜਟ ਵਿਚ ਤੁਸੀਂ ਦੇਖਿਆ ਹੈ।

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ, ਹਰ ਹਾਲਤ ਵਿਚ ਦੋ ਮਿੰਟ ਵਿਚ ਕਨਕਲੂਡ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਡਿਪਟੀ ਸਪੀਕਰ ਸਾਹਿਬ, ਬੱਸ ਦੋ ਮਿੰਟ ਹੀ ਲਵਾਂਗਾ ਜੀ। ਡਿਪਟੀ ਸਪੀਕਰ ਸਾਹਿਬ, ਅੱਜ ਸਾਡੀ ਸਰਕਾਰ ਨੇ ਤਹੱਈਆ ਕੀਤਾ ਹੈ ਕਿ ਅਗਲੇ ਸਾਲ ਵਿਚ ਕੋਈ ਵੀ ਵਿਦਿਆਰਥੀ ਭੁੰਜੇ ਨਹੀਂ ਬੈਠੇਗਾ, ਸਾਰੇ ਬੈਂਚਾਂ ਤੇ ਬੈਠਣਗੇ। ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਲੋਕਾਂ ਨਾਲ ਸਭ ਤੋਂ ਵੱਡਾ ਧ੍ਰੋਹ ਕੀਤਾ ਹੈ ਕਿ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਆਮ ਲੋਕਾਂ ਨੂੰ ਲੁੱਟਣ ਲਈ ਖੁੱਲ ਦਿੱਤੀ। ਕੋਈ ਰੈਗੂਲੇਟਰੀ ਕਮਿਸ਼ਨ ਨਹੀਂ ਬਣਾਇਆ। ਹੁਣ ਸਾਡੀ ਸਰਕਾਰ ਇਹ ਰੈਗੂਲੇਟਰੀ ਕਮਿਸ਼ਨ ਬਣਾਉਣ ਜਾ ਰਹੀ ਹੈ। ਕਿਉਂਕਿ ਮਜ਼ਦੂਰ ਅਤੇ ਕਿਸਾਨ ਨੂੰ ਪਤਾ ਹੀ ਨਹੀਂ ਲਗਦਾ ਕਿ ਕਿਹੜੇ ਕਾਲਜ ਜਾਂ ਯੂਨੀਵਰਸਿਟੀ ਵਿਚ ਆਪਣਾ ਬੱਚਾ ਪੜ੍ਹਾਵੇ ਕਿਉਂਕਿ ਇਨ੍ਹਾਂ ਪ੍ਰਾਈਵੇਟ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਪੜ੍ਹਾਈ ਮੁਕੰਮਲ ਹੋਣ ਤੋਂ ਬਾਅਦ ਕੋਈ ਫਾਇਦਾ ਨਹੀਂ ਹੁੰਦਾ, ਕਿਉਂਕਿ ਐਜੂਕੇਸ਼ਨ ਮਾਫੀਆ ਨੇ ਜਨਮ ਲੈ ਲਿਆ ਹੈ। ਸਾਡੀ ਸਰਕਾਰ ਨੇ ਔਰਤਾਂ ਲਈ 50 ਫੀਸਦੀ ਰਿਜ਼ਰਵੇਸ਼ਨ ਦਿੱਤੀ। ਡਿਪਟੀ ਸਪੀਕਰ ਸਾਹਿਬ, ਕੁਰੱਪਸ਼ਨ ਨੂੰ ਦੂਰ ਕਰਨ ਲਈ ਸਾਡੀ ਸਰਕਾਰ ਸੰਜੀਦਾ ਹੈ।

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ, 4.50 ਤੇ ਆਪਣੀ ਸਪੀਚ ਖਤਮ ਕਰ ਦਿਓ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਡਿਪਟੀ ਸਪੀਕਰ ਸਾਹਿਬ, ਅਜੇ ਤਾਂ ਇਕ ਮਿੰਟ ਵੀ ਨਹੀਂ ਹੋਇਆ।

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ, ਮੇਰਾ ਧਿਆਨ ਘੜੀ ਵਿਚ ਹੀ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਡਿਪਟੀ ਸਪੀਕਰ ਸਾਹਿਬ, ਬੜੀ ਜ਼ਰੂਰੀ ਬੇਨਤੀ ਹੈ। ਮੈਂ ਆਪਣੇ ਸਾਥੀ ਤੋਂ ਦੋ ਮਿੰਟ ਉਧਾਰੇ ਲੈ ਲਵਾਂਗਾ। ਸਭ ਤੋਂ ਵੱਧ ਕੁਰੱਪਸ਼ਨ ਤਹਿਸੀਲਾਂ ਵਿਚ ਹੁੰਦੀ ਹੈ। ਸਾਡੀ ਸਰਕਾਰ ਨੇ ਰਜਿਸਟਰੀਆਂ ਨੂੰ ਆਨ ਲਾਈਨ ਕਰਨ ਦਾ ਪ੍ਰਾਸੈਸ ਸ਼ੁਰੂ ਕਰ ਦਿੱਤਾ ਹੈ। ਮੈਂ ਮੁੱਖ ਮੰਤਰੀ ਜੀ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਫਤਿਹਗੜ੍ਹ ਸਾਹਿਬ ਦੀ ਤਹਿਸੀਲ ਨੂੰ ਆਨਲਾਈਨ ਕਰ ਦਿੱਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੇ ਸਮੇਂ ਦੌਰਾਨ ਸਰਕਾਰੀ ਜ਼ਮੀਨਾਂ ਤੇ ਕਬਜ਼ੇ ਹੋਏ। ਮੈਂ ਆਪਣੇ ਹਲਕੇ ਵਿਚੋਂ 35 ਏਕੜ ਜ਼ਮੀਨ ਨਜਾਇਜ਼ ਕਬਜ਼ੇ ਹੇਠੋਂ ਛੁਡਵਾਈ ਹੈ। ਇਨ੍ਹਾਂ ਦੇ ਵੇਲੇ ਕਈ ਪੰਚਾਇਤੀ ਜ਼ਮੀਨਾਂ ਤੇ ਕਬਜ਼ੇ ਕੀਤੇ ਗਏ। ਟਰਾਂਸਪੋਰਟ ਬਾਰੇ ਮੈਂ ਬਹੁਤਾ ਨਹੀਂ ਦੱਸਣਾ ਚਾਹੁੰਦਾ। ਸਾਡੀ ਸਰਕਾਰ ਨੇ ਡੀ.ਟੀ.ਓ ਦਫਤਰ, ਜਿਹੜੇ ਕੁਰੱਪਸ਼ਨ ਦਾ ਅੱਡਾ

[ਸਰਦਾਰ ਕੁਲਜੀਤ ਸਿੰਘ ਨਾਗਰਾ]
ਸੀ, ਉਨ੍ਹਾਂ ਨੂੰ ਖਤਮ ਕੀਤਾ ਹੈ। ਟਰੱਕ ਯੂਨੀਅਨਾਂ ਖਤਮ ਕੀਤੀਆਂ ਹਨ।ਨਵੀਂ ਟਰਾਂਸਪੋਰਟ ਪਾਲਿਸੀ ਆ ਰਹੀ ਹੈ। ਇਸ ਦੇ ਨਾਲ ਨਾਲ ਸੂਬੇ ਦੀ ਇੰਡਸਟਰੀ ਦੇ ਵਿੱਚ ਵਾਧਾ ਹੋਇਆ।ਸਾਡੇ ਗੋਬਿੰਦਗੜ੍ਹ ਤੇ ਸਰਹੰਦ ਵਿਚ ਦੁਬਾਰਾ ਫਿਰ ਇੰਡਸਟਰੀ ਪੈਰਾਂ ਸਿਰ ਹੋਈ।

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ, ਨਾਗਰਾ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਮੈਂ ਕਨਕਲੂਡ ਕਰ ਰਿਹਾ ਹਾਂ, ਪਿਛਲੀ ਸਰਕਾਰ ਨੇ ਲੋਕਾਂ ਦਾ ਪੈਸਾ ਲੁੱਟਿਆ।

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ, ਨਾਗਰਾ ਜੀ, thank you.

**ਸਰਦਾਰ ਕੁਲਜੀਤ ਸਿੰਘ ਨਾਗਰਾ:** ਇੱਕ ਮਿੰਟ ਡਿਪਟੀ ਸਪੀਕਰ ਸਾਹਿਬ, ਸਿਰਫ ਇੱਕ ਮਿੰਟ, ਪਲੀਜ਼ (ਵਿਘਨ..ਸ਼ੋਰ) ਪਿਛਲੀ ਸਰਕਾਰ ਨੇ ਕੀ ਕੀਤਾ ਹੈ? ਉਹ ਤਾਂ ਇੱਕ ਪਰਿਵਾਰ ਦੀ ਹੀ ਸਰਕਾਰ ਸੀ। ਉਸ ਇਕ ਪਰਿਵਾਰ ਨੇ ਕੀ ਕੀਤਾ? ਜਿੰਨਾ ਸੂਬੇ ਦਾ ਬਿਜ਼ਨਸ ਸੀ, ਉਹ ਆਪਣੇ ਕੋਲ ਇੱਕਠਾ ਕਰ ਲਿਆ।

**ਸ਼੍ਰੀ ਐਨ.ਕੇ.ਸ਼ਰਮਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਮੈਨੂੰ ਪਤਾ ਹੈ, ਤੂੰ ਕਿਉਂ ਖੜ੍ਹਾ ਹੋਇਆ ਹੈਂ ਪਰ ਮੈਂ ਤੈਨੂੰ ਗੱਲ ਨਹੀਂ ਕਰਨ ਦਿਆਂਗਾ। ਮੈਂ ਹਾਲੇ ਕਿਸੇ ਨੂੰ ਨਹੀਂ ਬੋਲਣ ਦਿਆਂਗਾ। (ਵਿਘਨ..ਸ਼ੋਰ)

**Mr. Deputy Speaker:** Nagra ji, please address the Chair**.** ਸ਼ਰਮਾ ਜੀ, ਬੈਠ ਜਾਓ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਤਾਂ ਇੱਕ ਪਰਿਵਾਰ ਦੀ ਸਰਕਾਰ ਸੀ। ਇੱਕ ਪਰਿਵਾਰ ਨੇ ਕੀ ਕੀਤਾ? ਜਿਹੜੇ ਵੀ ਸਰਕਾਰ ਦੇ ਸੋਮੇ ਸਨ, ਉਨ੍ਹਾਂ ਦਾ ਮੂੰਹ ਆਪਣੇ ਵੱਲ ਨੂੰ ਮੋੜ ਲਿਆ। ਉਨ੍ਹਾਂ ਨੇ ਸੂਬੇ ਦੇ ਬਿਜ਼ਨਸ ਨੂੰ ਆਪਣੇ ਪਰਿਵਾਰ ਦਾ ਬਿਜ਼ਨਸ ਬਣਾ ਲਿਆ। ਹੋਟਲ ਇਨ੍ਹਾਂ ਦੇ ਹਨ।(ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਪਲੀਜ਼, ਵਾਈਂਡ-ਅੱਪ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਡਿਪਟੀ ਸਪੀਕਰ ਸਾਹਿਬ, ਇੱਕ ਮਿੰਟ ਜੀ, ਇੱਕ ਮਿੰਟ ਜੀ, ਪਲੀਜ਼, ਇਹ ਲੋਕਾਂ ਦੇ ਸੁਣਨ ਵਾਲੀ ਗੱਲ ਹੈ। ਜਿਨ੍ਹਾਂ ਸੋਮਿਆਂ ਤੋਂ ਸਰਕਾਰ ਨੂੰ ਪੈਸਾ ਮਿਲਣਾ ਸੀ। ਤੁਸੀਂ ਦੇਖੋ, ਹੋਟਲ ਇਨ੍ਹਾਂ ਦੇ, ਟਰਾਂਸਪੋਰਟ ਇਨ੍ਹਾਂ ਦੀ, ਮਾਈਨਿੰਗ ਇਨ੍ਹਾਂ ਦੀ, ਸ਼ੂਗਰ ਮਿੱਲਾਂ ਇਨ੍ਹਾਂ ਦੀਆਂ, ਡਿਸਟਿਲਰੀਆਂ ਇਨ੍ਹਾਂ ਦੀਆਂ, ਰੀਅਲ ਐਸਟੇਟ ਇਨ੍ਹਾਂ ਦੇ ਅਤੇ ਹੋਰ ਬਹੁਤ ਕੁਝ।

**ਮਾਨਯੋਗ ਡਿਪਟੀ ਸਪੀਕਰ:** ਪਲੀਜ਼ ਨਾਗਰਾ ਜੀ, ਤੁਹਾਡਾ ਟਾਈਮ ਹੋ ਗਿਆ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਡਿਪਟੀ ਸਪੀਕਰ ਸਾਹਿਬ, ਪੂਰਾ ਕਰਨ ਦਿਓ, ਪਲੀਜ਼। ** ** (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਜੋ ਸ਼ਬਦ ਚੇਅਰ ਦੀ ਆਗਿਆ ਤੋਂ ਬਿਨਾਂ ਬੋਲੇ ਗਏ ਹਨ, ਉਨ੍ਹਾਂ ਨੂੰ ਰਿਕਾਰਡ ਨਾ ਕੀਤਾ ਜਾਵੇ। ਹਾਂ ਜੀ, ਸੋਮ ਪ੍ਰਕਾਸ਼ ਜੀ, ਤੁਸੀਂ ਬੋਲੋ।(ਵਿਘਨ..ਸ਼ੋਰ)

**ਸ਼੍ਰੀ ਸੋਮ ਪ੍ਰਕਾਸ਼:** ਸਰ, ਪਹਿਲਾਂ ਇਨ੍ਹਾਂ ਨੂੰ (ਸਰਦਾਰ ਕੁਲਜੀਤ ਸਿੰਘ ਨਾਗਰਾ ਵੱਲ ਇਸ਼ਾਰਾ) ਬਿਠਾਓ ਜੀ।

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ, ਪਲੀਜ਼ ਬੈਠ ਜਾਓ। ਪਲੀਜ਼ ਬੈਠ ਜਾਓ, ਇਸ ਤਰ੍ਹਾਂ ਤਾਂ ਕੰਮ ਨਹੀਂ ਚੱਲੇਗਾ।ਪਲੀਜ਼ ਬੈਠ ਜਾਓ।

**ਸ਼੍ਰੀ ਸੋਮ ਪ੍ਰਕਾਸ਼:** ਹੁਣ ਤਾਂ ਬੈਠ ਜਾਓ, ਤੁਹਾਡਾ ਮਾਈਕ ਵੀ ਬੰਦ ਹੋ ਗਿਆ ਹੈ।

**ਮਾਨਯੋਗ ਡਿਪਟੀ ਸਪੀਕਰ:** ਮੈਨੂੰ ਬਾਰ ਬਾਰ ਮੈਂਬਰ ਸਾਹਿਬਾਨਾਂ ਨੂੰ ਨਾ ਕਹਿਣਾ ਪਵੇ, I feel otherwise. ਸੋਮ ਪ੍ਰਕਾਸ਼ ਜੀ, ਤੁਹਾਡਾ 14 ਮਿੰਟ ਦਾ ਟਾਈਮ ਹੈ। ਮੈਨੂੰ ਬਾਰ ਬਾਰ ਨਾ ਕਹਿਣਾ ਪਵੇ। ਪਲੀਜ਼।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਡਿਪਟੀ ਸਪੀਕਰ ਸਾਹਿਬ, ਮੈਨੂੰ ਕਨਕਲੂਡ ਤਾਂ ਕਰ ਲੈਣ ਦਿਓ ਜੀ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ।

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ ਜੀ। ਸੋਮ ਪ੍ਰਕਾਸ਼ ਜੀ, ਤੁਹਾਡਾ 14 ਮਿੰਟ ਦਾ ਟਾਈਮ ਹੈ।

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.)** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। 20 ਮਾਰਚ ਨੂੰ ਇੱਥੇ ਉਨ੍ਹਾਂ ਨੇ ਭਾਸ਼ਣ ਦਿੱਤਾ ਸੀ ਔਰ ਪਿਛਲੇ ਸਾਲ 28 ਮਾਰਚ ਨੂੰ ਇਸੇ ਤਰ੍ਹਾਂ ਦਾ ਇੱਕ ਭਾਸ਼ਣ ਇੱਥੇ ਦਿੱਤਾ ਸੀ। ਮੇਰੇ ਕੋਲ ਉਸ ਦੀ ਕਾਪੀ ਵੀ ਹੈ। ਉਸ ਵਿੱਚ ਸਰਕਾਰ ਨੇ ਬਹੁਤ ਵਧੀਆ ਗੱਲਾਂ ਲਿਖੀਆਂ ਸਨ ਕਿ ਅਸੀਂ ਬਹੁਤ ਕੁਝ ਕਰਨਾ ਚਾਹੁੰਦੇ ਹਾਂ। ਉਸ ਦੇ ਪਹਿਲੇ ਪੇਜ ਤੇ, ਪੈਰ੍ਹਾ ਨੰਬਰ ਤਿੰਨ ਵਿੱਚ ਕਿਹਾ ਸੀ ਕਿ ਪ੍ਰਬੰਧਕੀ ਨਿਘਾਰ ਬਹੁਤ ਜ਼ਿਆਦਾ ਆਇਆ ਹੈ। ਹਲਕਾ ਇੰਚਾਰਜਾਂ ਅਤੇ ਮਾਈਨਿੰਗ ਕਰਕੇ ਬਹੁਤ ਪ੍ਰਬੰਧਕੀ ਨਿਘਾਰ ਆਇਆ ਹੈ। ਇਸ ਨੂੰ ਅਸੀਂ ਇੰਪਰੂਵ ਕਰਨ ਦੀ ਕੋਸ਼ਿਸ਼ ਕਰਾਂਗੇ। ਮੈਂ ਉਠ ਕੇ ਕਿਹਾ ਸੀ ਕਿ ਮੁੱਖ ਮੰਤਰੀ ਜੀ ਤੁਸੀਂ ਬਹੁਤ ਵਧੀਆ ਗੱਲ ਕੀਤੀ ਹੈ। ਜੇ ਤੁਸੀਂ ਇਹ ਕਰ ਸਕੇ ਤਾਂ ਬਹੁਤ ਵਧੀਆ ਗੱਲ ਹੋਵੇਗੀ। (ਸਰਦਾਰ ਚਰਨਜੀਤ ਸਿੰਘ ਚੰਨੀ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਵੱਲ ਇਸ਼ਾਰਾ ਕਰਕੇ) ਮੰਤਰੀ ਜੀ, ਸੁਣਨ ਵਾਲੀ ਗੱਲ ਹੈ। ਜ਼ਰਾ ਸੁਣ ਲਉ। ਮੈਂ ਕਿਹਾ ਸੀ ਕਿ ਜੇ ਤੁਸੀਂ ਕਰ ਸਕੇ ਤਾਂ ਬਹੁਤ ਵਧੀਆ ਗੱਲ ਹੋਵੇਗੀ। ਹਲਕਾ ਇੰਚਾਰਜਾਂ ਦੀ ਹੁਣ ਸਥਿਤੀ ਕੀ ਹੈ? ਜਿਹੜਾ ਨਿਘਾਰ ਹੈ, ਉਹ ਪਹਿਲਾਂ ਨਾਲੋਂ ਵੀ ਜ਼ਿਆਦਾ ਹੋਇਆ ਹੈ। (ਵਿਘਨ..ਸ਼ੋਰ)

---

**Not recorded as ordered by the Chair.

**ਮਾਨਯੋਗ ਡਿਪਟੀ ਸਪੀਕਰ** : ਮੈਂ ਸਾਰੇ ਮਾਨਯੋਗ ਮੈਂਬਰ ਸਾਹਿਬ ਨੂੰ ਨਿਮਰਤਾ ਨਾਲ ਬੇਨਤੀ ਕਰਦਾ ਹਾਂ ਕਿ ਹਾਊਸ ਦਾ ਡੈਕੋਰਮ ਹੈ, ਉਸ ਨੂੰ ਮੇਨਟੇਨ ਰੱਖੋ।

**ਸ਼੍ਰੀ ਸੋਮ ਪ੍ਰਕਾਸ਼** : ਅੱਜ ਹਲਕਾ ਇੰਚਾਰਜਾਂ ਦੀ ਸਥਿਤੀ ਕੀ ਹੈ? ਹਰ ਇੱਕ ਦਾ ਆਪਣਾ ਆਪਣਾ ਤਜਰਬਾ ਹੈ, ਮੈਂ ਆਪਣੀ ਗੱਲ ਕਰਦਾ ਹਾਂ। ਹਲਕਾ ਇੰਚਾਰਜਾਂ ਵਲੋਂ ਪੁਲਿਸ ਅਫਸਰਾਂ ਦੀ ਮੀਟਿੰਗ ਬੁਲਾਈ ਜਾਂਦੀ ਹੈ, ਉਸ ਵਿਚ ਸਾਰੇ ਐਸ.ਐਚ.ਓ. ਹਾਜ਼ਰ ਹੁੰਦੇ ਹਨ। ਡਾਕਟਰਾਂ ਦੀ, ਸਿਵਲ ਸਰਜਨਾਂ ਦੀ ਮੀਟਿੰਗ ਬੁਲਾਈ ਜਾਂਦੀ ਹੈ, ਸਮਾਗਮਾਂ ਵਿਚ ਚੈੱਕ ਆਪ ਜਾ ਕੇ ਵੰਡੇ ਜਾਂਦੇ ਹਨ। ਮੈਂ ਉਸ ਦੀਆਂ ਫੋਟੋਆਂ ਮੁੱਖ ਮੰਤਰੀ ਜੀ ਨੂੰ ਭੇਜੀਆਂ ਹਨ। (ਵਿਘਨ...ਸ਼ੋਰ) ਇੱਕ ਮਿੰਟ ਮੇਰੀ ਗੱਲ ਸੁਣ ਲਉ ਜੀ। ਉਦਘਾਟਨ ਆਪ ਕਰਨੇ ਅਤੇ ਜਿੱਥੇ ਜਿੱਥੇ ਵੀ ਉਦਘਾਟਨ ਕੀਤੇ ਹਨ, ਜਿੱਥੇ ਵੀ ਅਫ਼ਸਰਾਂ ਦੀਆਂ ਮੀਟਿੰਗਾਂ ਕੀਤੀਆਂ ਹਨ, ਮੈਂ ਉਨ੍ਹਾਂ ਦੀਆਂ ਸਾਰੀਆਂ ਫੋਟੋਆਂ ਅਤੇ ਲਿਖ ਕੇ ਵੀ ਮੁੱਖ ਮੰਤਰੀ ਜੀ ਨੂੰ ਭੇਜਿਆ ਹੈ। ਡੀ.ਓ. ਲੈਟਰ ਵੀ ਲਿਖੇ ਹਨ। ਡਿਪਟੀ ਸਪੀਕਰ ਸਾਹਿਬ, ਹਦਾਇਤਾਂ ਜਾਰੀ ਹੋਈਆਂ ਹਨ ਕਿ ਜਿੱਥੇ ਹਲਕਾ ਇੰਚਾਰਜ ਨੇ ਦੌਰੇ ਤੇ ਜਾਣਾ ਹੈ, ਉਸ ਦੇ ਨਾਲ ਐਸ.ਡੀ.ਐਮ. ਵੀ ਜਾਵੇ, ਬੀ.ਡੀ.ਓ. ਵੀ ਜਾਵੇ, ਏ.ਡੀ.ਸੀ. ਵੀ ਜਾਵੇ ਅਤੇ ਕੋਸ਼ਿਸ਼ ਕਰਦੇ ਹਨ ਕਿ ਐਸ.ਐਸ.ਪੀ. ਵੀ ਜਾਵੇ। (ਵਿਘਨ...ਸ਼ੋਰ) ਇੱਕ ਮਿੰਟ ਮੇਰੀ ਗੱਲ ਸੁਣ ਲਉ। ਤੁਸੀਂ ਆਪਣੀ ਗੱਲ ਕਰ ਲਈ, ਮੇਰੀ ਵੀ ਸੁਣ ਲਉ। ਆਪਣੀ-ਆਪਣੀ ਗੱਲ ਕਰਨੀ ਚਾਹੀਦੀ ਹੈ। ਐਸ.ਡੀ.ਐਮ. ਦਾ ਰੋਲ ਇਹ ਹੈ ਕਿ ਰੋਜ਼ ਮੀਟਿੰਗਾਂ ਅਰੇਂਜ ਕਰਨੀਆਂ ਹਨ। ਉਹ (ਮਹਿਲਾ ਐਸ.ਡੀ.ਐਮ.) ਉਥੇ ਫੀਤਾ ਲੈ ਕੇ ਖੜ੍ਹਦੀ ਹੈ ਤੇ ਇਹ ਫੀਤਾ ਕੱਟਦੇ ਹਨ। ਜੇ ਇਸ ਤਰ੍ਹਾਂ ਦੀ ਹੀ ਸਥਿਤੀ ਪੈਦਾ ਕਰਨੀ ਹੈ ਤਾਂ ਅਸੀਂ ਕਿਹੜੇ ਸੁਧਾਰ ਦੀ ਗੱਲ ਕਰਦੇ ਹਾਂ। (ਵਿਘਨ...ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ** : ਪਲੀਜ਼ ਨਾਗਰਾ ਜੀ, ਬੈਠ ਜਾਉ। ਟਾਈਮ ਨਾ ਖਰਾਬ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ** : ਡਿਪਟੀ ਸਪੀਕਰ ਸਾਹਿਬ, ਇੱਕ ਤਾਂ ਕਿਸੇ ਔਰਤ ਲਈ ਇਸ ਤਰ੍ਹਾਂ ਨਹੀਂ ਬੋਲਣਾ ਚਾਹੀਦਾ। ਦੂਸਰਾ, ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਵੇਲੇ ਇਨ੍ਹਾਂ ਦੇ ਹਲਕਾ ਇੰਚਾਰਜਾਂ ਵਲੋਂ ਮੇਰੇ ਹਲਕੇ ਵਿੱਚ ਹੀ ਘੱਟੋ ਘੱਟ 150 ਉਦਘਾਟਨੀ ਪੱਥਰ ਲਗਾਏ ਗਏ ਸਨ। (ਵਿਘਨ...ਸ਼ੋਰ)

**Mr. Deputy Speaker** : Please address the Chair. Please address the Chair.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਅਮਨ ਅਰੋੜਾ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ** : ਬੈਠ ਜਾਉ, ਪਲੀਜ਼। ਤੁਸੀਂ ਟਾਈਮ ਕਿਉਂ ਖਰਾਬ ਕਰ ਰਹੇ ਹੋ। ਹਾਊਸ ਨੂੰ ਚੱਲਣ ਦਿਉ। **ਸ਼੍ਰੀ** ਸੋਮ ਪ੍ਰਕਾਸ਼ ਜੀ, ਤੁਸੀਂ ਬੋਲੋ।

**ਸ਼੍ਰੀ ਸੋਮ ਪ੍ਰਕਾਸ਼** : ਸਰ, ਪੁਜ਼ੀਸ਼ਨ ਇਹ ਹੈ ਕਿ ਥਾਣੇ ਵਿੱਚ ਕਿਸੇ ਨੇ ਲੱਗਣਾ ਹੋਵੇ, ਜਿਵੇਂ ਅਸੀਂ ਦੁਕਾਨ ਕਿਰਾਏ ਤੇ ਲੈਂਦੇ ਹਾਂ ਤਾਂ ਪਹਿਲਾਂ ਪਗੜੀ ਦੇਣੀ ਪੈਂਦੀ ਹੈ, ਬਾਅਦ ਵਿੱਚ ਹਰ ਮਹੀਨੇ

ਕਿਰਾਇਆ ਦੇਣਾ ਪੈਂਦਾ ਹੈ। ਉਸੇ ਤਰ੍ਹਾਂ ਐਸ.ਐਚ.ਓ. ਨੂੰ ਕਰਨਾ ਪੈਂਦਾ ਹੈ, ਪਹਿਲਾਂ ਲੱਗਣ ਲਈ ਫਿਰ ਉਸ ਨੂੰ ਹਰ ਮਹੀਨੇ ਉੱਥੇ ਰਹਿਣ ਲਈ ਪੈਸੇ ਦੇਣੇ ਪੈਂਦੇ ਹਨ। (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਪਲੀਜ਼ ਬੋਲਣ ਦਿਉ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਸੋਮ ਪ੍ਰਕਾਸ਼ ਜੀ carry on please, ਸੋਮ ਪ੍ਰਕਾਸ਼ ਜੀ ਨੂੰ ਬੋਲਣ ਦਿਓ। ਸ਼੍ਰੀ ਸੋਮ ਪ੍ਰਕਾਸ਼ ਜੀ, ਤੁਸੀਂ ਬੋਲੋ।

**ਸ਼੍ਰੀ ਸੋਮ ਪ੍ਰਕਾਸ਼ :** ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਥਾਣੇ ਵਾਲੇ ਤਹਿਸੀਲਦਾਰ, ਬੀ.ਡੀ.ਓ., XEN ਨੂੰ ਮੰਥਲੀ ਪੇਮੈਂਟ ਕਰਨੀ ਪੈ ਜਾਵੇ ਤਾਂ ਫਿਰ ਆਪਾਂ ਉਨ੍ਹਾਂ ਤੋਂ ਕੀ ਆਸ ਕਰ ਸਕਦੇ ਹਾਂ? ਅੱਜ ਮੈਂ ਆਪਣੀ ਗੱਲ ਕਰਦਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਪਲੀਜ਼ ਬੈਠ ਜਾਓ, ਰਾਜਾ ਜੀ, ਪਲੀਜ਼ ਬੈਠ ਜਾਓ। ਬੋਲ ਲੈਣ ਦਿਓ, ਪਲੀਜ਼ ਟਾਈਮ ਖਰਾਬ ਨਾ ਕਰੋ। ਤੁਹਾਨੂੰ ਬਾਅਦ ਵਿੱਚ ਟਾਈਮ ਦੇ ਦਿਆਂਗੇ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:**ਡਿਪਟੀ ਸਪੀਕਰ ਸਾਹਿਬ, ਪਲੀਜ਼ ਮੇਰੀ, ਬੇਨਤੀ ਹੈ।

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਬੋਲੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ** **

**ਮਾਨਯੋਗ ਡਿਪਟੀ ਸਪੀਕਰ:** ਨੋ ਪੁਆਇੰਟ ਆਫ ਆਰਡਰ। Sh. Som Parkash ji, please address the Chair.

**ਸ਼੍ਰੀ ਸੋਮ ਪ੍ਰਕਾਸ਼:** ਮੈਂ ਝੂਠੇ ਪਰਚਿਆਂ ਦੀ ਗੱਲ ਕਰਦਾ ਹਾਂ, ਮੈਂ ਬੇਸਲੈਸ ਗੱਲ ਨਹੀਂ ਕਰਦਾ। ਜਿੰਨੇ ਵੀ ਝੂਠੇ ਪਰਚੇ ਹੋਏ ਹਨ, ਮੈਂ ਉਨ੍ਹਾਂ ਬਾਰੇ ਲਿਖ ਕੇ , ਬਾਇ ਨੇਮ ਡੀ.ਓ. ਲੈਟਰ ਸੀ.ਐਮ. ਸਾਹਿਬ ਨੂੰ ਭੇਜਿਆ ਸੀ। ਉਨ੍ਹਾਂ ਦੇ ਦਫਤਰ ਵਿੱਚ ਵੀ ਲਿਖ ਕੇ ਭੇਜਿਆ ਅਤੇ ਮੈਂ ਸਬੰਧਿਤ ਅਫਸਰਾਂ ਨੂੰ ਵੀ ਦੱਸਿਆ ਕਿ ਇਹ ਝੂਠੇ ਪਰਚੇ ਹੋਏ ਹਨ। ਉਸ ਬਾਰੇ ਮੈਂ ਚਿੱਠੀਆਂ ਵੀ ਲਿਖੀਆਂ ਸਨ, ਜਿਨ੍ਹਾਂ ਦਾ ਨਾ ਤਾਂ ਕੋਈ ਜਵਾਬ ਆਇਆ ਹੈ ਤੇ ਨਾ ਹੀ ਕੋਈ ਕਾਰਵਾਈ ਹੋਈ ਹੈ। ਜਦ ਇਸ ਤਰ੍ਹਾਂ ਦਾ ਨਿਘਾਰ ਆ ਜਾਵੇ, ਫਿਰ ਆਪਾਂ ਇਹ ਕਹਿਣਾ ਕਿ ਅਸੀਂ ਆ ਕੇ ਇੰਪਰੂਵ ਕੀਤਾ ਹੈ, ਇਹ ਠੀਕ ਨਹੀਂ ਹੈਂ। ਇਹ ਕਹਿੰਦੇ ਹਨ ਕਿ ਸਾਡੇ ਵੇਲੇ ਬਹੁਤ ਮਾੜਾ ਹਾਲ ਸੀ ਪਰ ਮੈਂ ਕਹਿੰਦਾ ਹਾਂ ਕਿ ਹੁਣ ਤਾਂ ਉਸ ਤੋਂ ਵੀ ਮਾੜਾ ਹਾਲ ਹੋ ਗਿਆ ਹੈ।(ਵਿਘਨ...ਸ਼ੋਰ)

** Expunged as ordered by the Chair.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਡਿਪਟੀ ਸਪੀਕਰ:** ਸੋਮ ਪ੍ਰਕਾਸ਼ ਜੀ, ਤੁਸੀਂ ਤਾਂ ਬਹੁਤ ਤਜਰਬੇਕਾਰ ਹੋ, ਪਲੀਜ਼ ਚੇਅਰ ਨੂੰ ਅਡਰੈੱਸ ਕਰੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਨੋ ਪੁਆਇੰਟ ਆਫ ਆਰਡਰ। Sh.Som Parkash ji carry on.

**ਸ਼੍ਰੀ ਸੋਮ ਪ੍ਰਕਾਸ਼:** ਮੈਂ ਧੱਕੇਸ਼ਾਹੀ ਦੀ ਗੱਲ ਕਰਦਾ ਹਾਂ। ਸਾਡੇ ਹਲਕੇ ਵਿਚ ਦੋ ਪ੍ਰੋਜੈਕਟ ਬਣੇ ਹਨ। ਇੱਕ ਕਾਰ ਪਾਰਕਿੰਗ ਦਾ ਪ੍ਰੋਜੈਕਟ ਹੈ, ਜੋ ਕਿ ਦਸ ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਹੈ ਤੇ ਇੱਕ ਪੰਜ ਕਰੋੜ ਦੀ ਲਾਗਤ ਨਾਲ ਆਡੀਟੋਰੀਅਮ ਬਣਾਇਆ ਹੈ। ਛੇ ਮਹੀਨੇ ਹੋ ਗਏ ਹਨ, ਉਹ ਬਣ ਕੇ ਤਿਆਰ ਹੋ ਗਿਆ ਹੈ। ਅਸੀਂ ਲਗਭਗ ਪੰਜ ਸੌ ਲੋਕ, ਸਾਰੇ ਕੌਂਸਲਰ ਤੇ ਮੇਅਰ ਨੂੰ ਵੀ ਨਾਲ ਲੈ ਕੇ ਉਥੇ ਗਏ ਤੇ ਪਾਰਕਿੰਗ ਸ਼ੁਰੂ ਕਰਵਾ ਦਿੱਤੀ ਪਰ ਉੱਥੋਂ ਦੇ ਐਸ.ਡੀ.ਐਮ. ਨੇ ਕਿਹਾ ਕਿ ਇਹ ਗਲਤ ਜਗ੍ਹਾ ਗਏ ਹਨ ਤੇ ਉੱਥੇ ਗਲਤ ਐਂਟਰ ਕੀਤਾ ਹੈ, ਇਨ੍ਹਾਂ ਤੇ ਪਰਚੇ ਰਜਿਸਟਰ ਕਰੋ। ਮੈਂ ਕਹਿੰਦਾ ਹਾਂ ਕਿ ਜ਼ਮੀਨ ਕਾਰਪੋਰੇਸ਼ਨ ਦੀ ਹੈ, ਪੈਸਾ ਵੀ ਕਾਰਪੋਰੇਸ਼ਨ ਦਾ ਲੱਗਿਆ ਹੈ ਤੇ ਐਸ.ਡੀ.ਐਮ. ਨੇ ਲਿਖ ਕੇ ਦਿੱਤਾ ਹੈ ਕਿ ਪਰਚਾ ਐਮ.ਐਲ.ਏ. ਤੇ ਵੀ ਰਜਿਸਟਰ ਕਰੋ ਤੇ ਮੇਅਰ ਤੇ ਵੀ ਰਜਿਸਟਰ ਕਰੋ ਅਤੇ ਕੌਂਸਲਰਾਂ ਤੇ ਵੀ ਪਰਚਾ ਰਜਿਸਟਰ ਕਰੋ। ਉਥੇ ਛੇ ਮਹੀਨੇ ਤੋਂ ਸਾਰੀ ਪਾਰਕਿੰਗ ਬਣ ਕੇ ਤਿਆਰ ਪਈ ਹੈ, ਬਾਜ਼ਾਰ ਵਿੱਚੋਂ ਲੰਘਣਾ ਔਖਾ ਹੈ ਪਰ ਪਾਰਕਿੰਗ ਸ਼ੁਰੂ ਨਹੀਂ ਕੀਤੀ ਗਈ ਤੇ ਪਾਰਕਿੰਗ ਦੇ ਅੱਗੇ 'ਨੋ ਪਾਰਕਿੰਗ' ਦਾ ਬੋਰਡ ਲਗਾਇਆ ਗਿਆ ਹੈ। ਮੈਂ ਕਹਿੰਦਾ ਹਾਂ ਕਿ ਇਸ ਤੋਂ ** ** ਉਹ ਸਿਰਫ ਇਸ ਕਰਕੇ ਕਿ ਇੱਥੇ ਬੀ.ਜੇ.ਪੀ. ਔਰ ਅਕਾਲੀ ਦਲ ਦੀ ਕਾਰਪੋਰੇਸ਼ਨ ਹੈ। ਮੈਂ ਇਸ ਬਾਰੇ ਸਥਾਨਕ ਸਰਕਾਰ ਮੰਤਰੀ ਸਿੱਧੂ ਸਾਹਿਬ ਨੂੰ ਵੀ ਚਿੱਠੀ ਲਿਖੀ ਸੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਰਾਣਾ ਜੀ।

**ਰਾਣਾ ਗੁਰਜੀਤ ਸਿੰਘ :** ਅਸੀਂ ਤੁਹਾਡੀ ਗੱਲ ਮੰਨਦੇ ਹਾਂ, ਤੁਸੀਂ ਸਾਡੇ ਨਾਲ ਬੈਠ ਕੇ ਗੱਲ ਕਰ ਲਓ। ਜੋ ਕਹੋਗੇ ਕਰਵਾ ਦਿਆਂਗੇ। ਮੰਤਰੀ ਜੀ ਨੂੰ ਕਹਿਣ ਦੀ ਲੋੜ ਹੀ ਨਹੀਂ ਹੈ। (ਵਿਘਨ...ਸ਼ੋਰ)

**ਸ਼੍ਰੀ ਸੋਮ ਪ੍ਰਕਾਸ਼ :** ਸਰ, ਮੈਂ ਬੇਨਤੀ ਕਰਦਾ ਹਾਂ ਕਿ ਅਸੀਂ ਸਾਰੇ ਕਾਨੂੰਨ ਦੇ ਨਾਲ ਬੰਨੇ ਹੋਏ ਹਾਂ। ਸਾਰੇ ਕਮੇਟੀ ਦੇ ਐਕਟ ਦੇ ਮੁਤਾਬਿਕ ਕੰਮ ਕਰਦੇ ਹਾਂ। ਪੰਚਾਇਤੀ ਰਾਜ ਲਈ ਪੰਚਾਇਤੀ ਰਾਜ ਐਕਟ ਬਣਿਆ ਹੋਇਆ ਹੈ। ਪਿਛੇ ਜਿਹੇ ਉੱਥੇ ਸਾਡੇ ਮਾਨਯੋਗ ਮੰਤਰੀ ਜੀ ਗਏ ਸਨ ਤੇ ਅਨਾਊਂਸਮੈਂਟ ਕਰਕੇ ਆਏ ਕਿ ਅੱਜ ਤੋਂ ਬਾਅਦ 4 ਮੈਂਬਰੀ ਕਮੇਟੀ ਕਾਰਪੋਰੇਸ਼ਨ ਦਾ ਸਾਰਾ ਕੰਮ

---

** Expunged as ordered by the Chair.

ਦੇਖੇਗੀ। ਉਸ ਕਮੇਟੀ ਵਿੱਚ ਇੱਕ ਐੱਮ.ਐੱਲ.ਏ., ਇੱਕ ਕਾਂਗਰਸ ਦਾ ਪ੍ਰਧਾਨ ਅਤੇ ਦੋ ਹੋਰ ਮੈਂਬਰ ਸ਼ਾਮਲ ਸਨ। ਮੈਂ ਮਾਨਯੋਗ ਮੰਤਰੀ ਨੂੰ ਚਿੱਠੀ ਲਿਖੀ ਕਿ ਕਿਹੜੇ ਐਕਟ ਦੀ ਧਾਰਾ ਹੇਠ ਤੁਸੀਂ ਕਮੇਟੀ ਬਣਾ ਕੇ ਆਏ ਹੋ। ਕੀ ਅਜਿਹਾ ਕੋਈ ਕਾਨੂੰਨ ਹੈ? ਜਿਸ ਦੇ ਮੁਤਾਬਿਕ ਕਮੇਟੀ ਬਣ ਸਕਦੀ ਹੈ। ਮੈਂ ਸੈਕਟਰੀ, ਲੋਕਲ ਗੌਰਮਿੰਟ ਨੂੰ ਵੀ ਇਸ ਬਾਰੇ ਲਿਖਿਆ ਕਿ ਮੰਤਰੀ ਜੀ ਨੂੰ ਸਮਝਾ ਤਾਂ ਦਿਉ, ਜਿਹੜੇ ਬੋਲ ਕੇ ਆਏ ਹਨ। ਪਰ ਮੈਨੂੰ ਚਿੱਠੀ ਦਾ ਕੋਈ ਜਵਾਬ ਨਹੀਂ ਆਇਆ। ਹਾਊਸ ਨੇ ਉਹ ਕਮੇਟੀ ਰਿਜੈਕਟ ਵੀ ਕਰ ਦਿੱਤੀ ਅਤੇ ਹਾਊਸ ਨੇ ਕਿਹਾ ਕਿ ਅਸੀਂ ਇਸ ਕਮੇਟੀ ਨੂੰ ਨਹੀਂ ਮੰਨਦੇ ਔਰ ਨਾ ਹੀ ਕਮੇਟੀ ਦਾ ਫੈਸਲਾ ਮੰਨਦੇ ਹਾਂ। ਕਮੇਟੀ ਨੇ ਕੁਝ ਫੈਸਲੇ ਵੀ ਕੀਤੇ ਅਤੇ ਕਈ ਸਿਫਾਰਸ਼ਾਂ ਵੀ ਕੀਤੀਆਂ ਪਰ ਜਿਹੜੀ ਕਮੇਟੀ ਬਣੀ ਹੀ ਇਲਲੀਗਲ ਹੈ, ਉਸ ਦੀ ਸਿਫਾਰਸ਼ ਕਿਵੇਂ ਮੰਨੀ ਜਾ ਸਕਦੀ ਹੈ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ :** ਬੈਠ ਜਾਓ, ਨਾਗਰਾ ਜੀ।

**ਸ਼੍ਰੀ ਸੋਮ ਪ੍ਰਕਾਸ਼ :** ਸਰ, ਮੇਰੇ ਹਲਕੇ ਵਿੱਚ ਖੁਰਾਲਗੜ੍ਹ ਵਿਖੇ ਇੱਕ ਬਹੁਤ ਹੀ ਵੱਡਾ ਧਾਰਮਿਕ ਅਸਥਾਨ ਹੈ, ਜਿੱਥੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨ ਪਏ ਹਨ। ਉੱਥੇ ਉਨ੍ਹਾਂ ਦੀ ਯਾਦਗਾਰ ਬਣਨ ਲਈ 95 ਕਰੋੜ ਰੁਪਿਆ ਲੱਗਣਾ ਹੈ। ਮੈਂ ਪਿਛਲੀ ਵਾਰੀ ਸਵਾਲ ਵੀ ਲਗਾਇਆ ਸੀ, ਜਿਸ ਤੇ ਮੰਤਰੀ ਜੀ ਨੇ ਜਵਾਬ ਦਿੱਤਾ ਸੀ ਕਿ ਇਹ ਬਹੁਤ ਪਵਿੱਤਰ ਅਸਥਾਨ ਹੈ ਅਤੇ ਅਸੀਂ ਇਸ ਨੂੰ ਮੁਕੰਮਲ ਕਰਾਂਗੇ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਇਹ ਅਸਥਾਨ ਸਾਡਾ ਮਾਣ ਹੈ, ਸਾਡੀ ਪੱਗ ਦੀ ਸ਼ਾਨ ਹੈ। ਇਸ ਕਰਕੇ ਅਸੀਂ ਉਸ ਨੂੰ ਮੁਕੰਮਲ ਕਰਾਂਗੇ। ਫਿਰ ਸਪੀਕਰ ਸਾਹਿਬ ਨੇ ਕਿਹਾ ਸੀ ਕਿ ਸੋਮ ਪ੍ਰਕਾਸ਼ ਜੀ ਐਸ਼ੋਰੈਂਸ ਆ ਗਈ ਹੈ, ਤੁਸੀਂ ਬੈਠ ਜਾਓ। ਹੁਣ ਮੈਂ ਤੁਹਾਨੂੰ ਦੱਸਦਾ ਹਾਂ ਕਿ ਉੱਥੇ ਕੇਵਲ 25 ਕਰੋੜ ਰੁਪਿਆ ਖਰਚ ਹੋਇਆ ਹੈ ਜਦੋਂ ਕਿ ਉੱਥੇ 55 ਕਰੋੜ ਰੁਪਏ ਦਾ ਕੰਮ ਹੋ ਚੁੱਕਾ ਹੈ ਪਰ ਦਸੰਬਰ, 2016 ਤੋਂ ਬਾਅਦ ਉੱਥੇ ਕੰਮ ਬੰਦ ਪਿਆ ਹੈ। ਉੱਥੇ ਕੋਈ ਕੰਮ ਨਹੀਂ ਹੋ ਰਿਹਾ। 30 ਕਰੋੜ ਰੁਪਿਆ ਲੈਣ ਲਈ ਠੇਕੇਦਾਰ ਹਾਈ ਕੋਰਟ ਵਿੱਚ ਗਿਆ ਹੋਇਆ ਹੈ। ਹਾਈ ਕੋਰਟ ਨੇ ਡਾਇਰੈਕਸ਼ਨ ਦਿੱਤੀ, ਪਰ ਸਰਕਾਰ ਨੇ ਉਸ ਨੂੰ ਪੇਮੈਂਟ ਨਹੀਂ ਦਿੱਤੀ ਤੇ ਹਾਈ ਕੋਰਟ ਨੇ ਕੰਟੈਂਪਟ ਕਰ ਦਿੱਤੀ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਡਿਪਟੀ ਸਪੀਕਰ ਸਾਹਿਬ, ਕੀ ਇਹ ਗਵਰਨਰ ਐਡਰੈਸ ਤੇ ਬਹਿਸ ਹੋ ਰਹੀ ਹੈ?

**ਮਾਨਯੋਗ ਡਿਪਟੀ ਸਪੀਕਰ:** ਸੋਮ ਪ੍ਰਕਾਸ਼ ਜੀ, ਤੁਹਾਡੇ ਕੋਲ ਦੋ ਮਿੰਟ ਹਨ। ਕਨਕਲੂਡ ਕਰ ਦਿਓ।

**ਸ਼੍ਰੀ ਸੋਮ ਪ੍ਰਕਾਸ਼:** ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਖੁਰਾਲਗੜ੍ਹ ਬਾਰੇ ਐਸ਼ੋਰੈਂਸ ਦਿੱਤੀ ਸੀ ਕਿ ਸਾਡੀ ਪੱਗ ਦਾ ਲੜ ਹੈ ਪਰ ਇਸ ਵਾਸਤੇ ਇੱਕ ਵੀ ਪੈਸਾ ਨਹੀਂ ਰੱਖਿਆ ਗਿਆ। ਸੋ ਪੱਗ ਤਾਂ ਆਪੇ ਹੀ ਢਿੱਲੀ ਹੋ ਜਾਣੀ ਹੈ। ਪੱਗ ਕਿੱਥੇ ਟਿਕੀ ਰਹੇਗੀ। ਇਸ ਦਾ ਮਤਲਬ ਹੈ ਕਿ ਇਸ ਪਵਿੱਤਰ ਸਦਨ ਵਿੱਚ ਅਸੀਂ ਝੂਠ ਬੋਲਦੇ ਹਾਂ, ਇੱਥੇ ਬਹੁਤ ਵੱਡੀਆਂ ਵੱਡੀਆਂ ਫੋਕੀਆਂ ਗੱਲਾਂ ਕਰਦੇ ਹਾਂ। ਅਜੇ ਪਰਸੋਂ ਹੀ ਰਾਜਪਾਲ ਜੀ ਨੇ ਭਾਸ਼ਣ ਦਿੱਤਾ ਹੈ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਸਾਨੂੰ ਐਸ਼ੋਰੈਂਸ ਦੇਣ ਕਿ ਇਸ ਸਾਲ ਖੁਰਾਲਗੜ੍ਹ ਦੀ ਯਾਦਗਾਰ ਮੁਕੰਮਲ ਹੋ ਜਾਵੇਗੀ। ਅਸੀਂ

[ਸ਼੍ਰੀ ਸੋਮ ਪ੍ਰਕਾਸ਼]
ਇਨ੍ਹਾਂ ਦਾ ਧੰਨਵਾਦ ਕਰਾਂਗੇ। ਉਹ ਗੁਰੂ ਰਵਿਦਾਸ ਜੀ ਮਹਾਰਾਜ ਦਾ ਸਥਾਨ ਹੈ। ਇਨ੍ਹਾਂ ਨੂੰ ਤਕਲੀਫ ਕਿਉਂ ਹੈ? ਗੁਰੂ ਰਵਿਦਾਸ ਯੂਨੀਵਰਸਿਟੀ ਦੀ ਗੱਲ ਹੈ, ਉਸ ਲਈ ਕਿੰਨੇ ਪੈਸੇ ਦਿੱਤੇ ਹਨ? ਪਿਛਲੇ ਸਾਲ ਵੀ ਕੋਈ ਪੈਸਾ ਨਹੀਂ ਦਿੱਤਾ ਅਤੇ ਇਸ ਸਾਲ ਵੀ ਨਹੀਂ ਦਿੱਤਾ। ਗੋਲ ਮੋਲ ਲਿਖ ਦਿੱਤਾ ਗਿਆ ਕਿ ਪਿਛਲੇ ਸਾਲ ਨਾਲੋਂ 8 ਫੀਸਦੀ ਵੱਧ ਪੈਸਾ ਦਿਆਂਗੇ। ਪਿਛਲੇ ਸਾਲ ਤਾਂ ਜ਼ੀਰੋ ਫੰਡ ਸੀ। ਜ਼ੀਰੋ ਤੋਂ 8 ਫੀਸਦੀ ਕੀ ਵਧਾਉਣਗੇ।

**ਮਾਨਯੋਗ ਡਿਪਟੀ ਸਪੀਕਰ:** ਪਲੀਜ਼, ਵਾਈਂਡ ਅੱਪ ਕਰੋ।

**ਸ਼੍ਰੀ ਸੋਮ ਪ੍ਰਕਾਸ਼:** ਸੋ ਮੇਰੀ ਬੇਨਤੀ ਹੈ ਕਿ ਜਦੋਂ ਆਪਾਂ ਸਦਨ ਵਿੱਚ ਅਜਿਹੀਆਂ ਗੱਲਾਂ ਕਰਦੇ ਹਾਂ।

**ਮਾਨਯੋਗ ਡਿਪਟੀ ਸਪੀਕਰ:** ਜਿਹੜੀ ਕੋਈ ਜ਼ਰੂਰੀ ਗੱਲ ਕਰਨੀ ਹੈ ਉਹੀ ਕਰੋ, ਕਿਰਪਾ ਕਰਕੇ ਵਾਈਂਡ ਅੱਪ ਕਰੋ।

**ਸ਼੍ਰੀ ਸੋਮ ਪ੍ਰਕਾਸ਼:** ਮੇਰੇ 15 ਮਿੰਟ ਹਨ ਜੀ।

**ਮਾਨਯੋਗ ਡਿਪਟੀ ਸਪੀਕਰ:** 15 ਮਿੰਟ ਹੋ ਗਏ ਹਨ।

**ਸ਼੍ਰੀ ਸੋਮ ਪ੍ਰਕਾਸ਼:** 15 ਮਿੰਟ ਨਹੀਂ ਹੋਏ ਜੀ। ਡਿਪਟੀ ਸਪੀਕਰ ਸਾਹਿਬ, ਜਦੋਂ ਪਹਿਲਾਂ ਸੈਸ਼ਨ ਹੋਇਆ ਸੀ ਇੱਥੇ ਤਕਨੀਕੀ ਸਿੱਖਿਆ ਮੰਤਰੀ ਜੀ ਬੈਠੇ ਸਨ।

**ਮਾਨਯੋਗ ਡਿਪਟੀ ਸਪੀਕਰ:** ਪਲੀਜ਼ ਵਾਈਂਡ ਅੱਪ ਕਰੋ।

**ਸ਼੍ਰੀ ਸੋਮ ਪ੍ਰਕਾਸ਼:** ਸਰ, ਜਦੋਂ ਸ਼ਡਿਊਲਡ ਕਾਸਟ ਦੀ ਗੱਲ ਹੋਵੇ ਤਾਂ ਸਮਾਂ ਦੇ ਦਿਆ ਕਰੋ। ਸਰ, ਤਕਨੀਕੀ ਸਿੱਖਿਆ ਮੰਤਰੀ ਨਵੇਂ ਨਵੇਂ ਮੰਤਰੀ ਬਣੇ ਸੀ ਔਰ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ 4 ਦਲਿਤ ਮਨਿਸਟਰ ਬਣਾਏ ਸਨ। (ਵਿਘਨ..ਸ਼ੋਰ) ਇੱਕ ਮਿੰਟ ਪਲੀਜ਼ ਮੇਰੀ ਗੱਲ ਸੁਣ ਲਓ।

**ਮਾਨਯੋਗ ਡਿਪਟੀ ਸਪੀਕਰ:** ਰੰਧਾਵਾ ਜੀ, ਬੋਲ ਲੈਣ ਦਿਓ।ਵੇਰਕਾ ਜੀ, ਪਲੀਜ਼ ਕਨਕਲੂਡ ਕਰ ਲੈਣ ਦਿਓ ਜੀ।ਸਾਰੇ ਬੈਠ ਜਾਓ, ਪਲੀਜ਼।

**ਸ਼੍ਰੀ ਸੋਮ ਪ੍ਰਕਾਸ਼:** ਡਿਪਟੀ ਸਪੀਕਰ ਸਾਹਿਬ, ਸਾਡੇ ਮਾਨਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੇ ਬੜੇ ਵਿਸ਼ਾਲ ਹਿਰਦੇ ਨਾਲ ਫੈਸਲਾ ਕੀਤਾ ਹੈ ਕਿ ਜਿੰਨੇ ਬੋਰਡ ਤੇ ਕਾਰਪੋਰੇਸ਼ਨ ਜਾਂ ਹੋਰ ਅਦਾਰੇ ਹਨ, ਉਨ੍ਹਾਂ ਨੂੰ ਸੂਰਦਾਸ ਰਿਜ਼ਰਵੇਸ਼ਨ ਪਾਲਿਸੀ ਰਾਹੀਂ ਰਿਜ਼ਰਵੇਸ਼ਨ ਦਿੱਤੀ ਜਾਵੇਗੀ ਔਰ ਅਸੀਂ ਐਕਟ ਲੈ ਕੇ ਆਵਾਂਗੇ। (ਵਿਘਨ..ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਸਾਹਿਬ, ਇਨ੍ਹਾਂ ਨੂੰ ਬੋਲ ਲੈਣ ਦਿਓ।ਕਨਕਲੂਡ ਕਰ ਲੈਣ ਦਿਓ। ਸੋਮ ਪ੍ਰਕਾਸ਼ ਜੀ, Please address the Chair.

**ਸ਼੍ਰੀ ਸੋਮ ਪ੍ਰਕਾਸ਼:** ਸਰ, ਇਨ੍ਹਾਂ ਨੂੰ ਦਲਿਤਾਂ ਤੋਂ ਬੜੀ ਐਲਰਜੀ ਹੈ।ਇਨ੍ਹਾਂ ਦੇ ਚਾਰ ਮੰਤਰੀ ਹਨ ਅਤੇ ਪੰਜਵੇਂ ਸ੍ਰੀ ਰਾਜ ਕੁਮਾਰ ਵੇਰਕਾ ਜੀ ਹਨ।

**ਮਾਨਯੋਗ ਡਿਪਟੀ ਸਪੀਕਰ:**ਸੋਮ ਪ੍ਰਕਾਸ਼ ਜੀ, Please address the Chair. ਤੁਹਾਡਾ ਟਾਈਮ ਇੱਕ ਮਿੰਟ ਤੋਂ ਉੱਪਰ ਹੋ ਗਿਆ।

**ਸ਼੍ਰੀ ਸੋਮ ਪ੍ਰਕਾਸ਼:** ਮੇਰੀ ਗੱਲ ਪੂਰੀ ਹੋਣ ਦਿਓ ਜੀ।ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਇੱਥੇ ਬੈਠੇ ਹਨ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਪ੍ਰਾਈਵੇਟ ਅਦਾਰਿਆਂ ਅਤੇ ਕਾਰਪੋਰੇਸ਼ਨਾਂ, ਬੋਰਡਾਂ ਵਿੱਚ ਰਿਜ਼ਰਵੇਸ਼ਨ ਲਾਗੂ ਕਰਾਉਣਗੇ?

**ਮਾਨਯੋਗ ਡਿਪਟੀ ਸਪੀਕਰ:** ਤੁਸੀਂ ਕਨਕਲੂਡ ਕਰੋ ।

**ਸ਼੍ਰੀ ਸੋਮ ਪ੍ਰਕਾਸ਼:** ਇਹ ਸਾਰੇ ਚਾਰ-ਪੰਜ ਮੰਤਰੀ ਇਕੱਠੇ ਹੋ ਕੇ ਕਰ ਸਕਦੇ ਹਨ। ਅਸੀਂ ਇਕੱਲੇ ਹਾਂ, ਸਾਡੇ ਵੱਸ ਨਹੀਂ।** **

**ਮਾਨਯੋਗ ਡਿਪਟੀ ਸਪੀਕਰ:** ** ** ਸ਼ਬਦ ਐਕਸਪੰਜ ਕਰ ਦਿਓ।

**ਸ਼੍ਰੀ ਸੋਮ ਪ੍ਰਕਾਸ਼:** ਇਹ ਸਾਡੇ ਵੱਸ ਨਹੀਂ, ਅਸੀਂ ਕਰ ਕੁਝ ਨਹੀਂ ਸਕਦੇ।ਇਹ ਸਾਨੂੰ ਬੜੇ ਤਾਅਨੇ ਮਾਰਦੇ ਹੁੰਦੇ ਸਨ। ਜਦੋਂ ਅਸੀਂ ਉਥੇ (ਟਰੇਜ਼ਰੀ ਸੀਟਾਂ ਵੱਲ ਇਸ਼ਾਰਾ ਕਰਦੇ ਹੋਏ) ਬੈਠਦੇ ਹੁੰਦੇ ਸੀ।ਸਾਨੂੰ ਤਾਅਨੇ ਮਾਰਦੇ ਸੀ ਕਿ ਤੁਸੀਂ ਕੁਝ ਕਰਦੇ ਨਹੀਂ।ਹੁਣ ਤੁਸੀਂ ਕੁਝ ਕਰੋ, ਅਸੀਂ ਤੁਹਾਡਾ ਧੰਨਵਾਦ ਕਰਾਂਗੇ।ਇਸ ਤੋਂ ਇਲਾਵਾ ਮੈਂ ਤੁਹਾਡੇ ਧਿਆਨ ਵਿੱਚ ਇੱਕ ਜ਼ਰੂਰੀ ਮਸਲਾ ਲਿਆਉਣਾ ਚਾਹੁੰਦਾ ਹਾਂ ।

**ਮਾਨਯੋਗ ਡਿਪਟੀ ਸਪੀਕਰ:** ਸੋਮ ਪ੍ਰਕਾਸ਼ ਜੀ, ਕਨਕਲੂਡ ਕਰੋ ।

**ਸ਼੍ਰੀ ਸੋਮ ਪ੍ਰਕਾਸ਼:** ਮੈਂ ਕਨਕਲੂਡ ਕਰ ਰਿਹਾ ਹਾਂ ਜੀ।ਇੱਕ ਬਹੁਤ ਵੱਡਾ ਮਸਲਾ ਮੈਂ ਪਿਛਲੀ ਵਾਰੀ ਸਦਨ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਪੰਜਾਬ ਵਿੱਚ ਜਿਹੜੇ ਸ਼ਮਸ਼ਾਨਘਾਟ ਬਣ ਰਹੇ ਹਨ।ਉਨ੍ਹਾਂ ਨੂੰ ਇਕੱਠੇ ਕਰਨ ਲਈ ਸਕੀਮ ਬਣਾਉਣੀ ਚਾਹੀਦੀ ਹੈ।ਇਸ ਬਾਰੇ ਅਸੀਂ ਰੈਜ਼ੋਲਿਊਸ਼ਨ ਪਾਇਆ ਸੀ, ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ ਕਿ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਜਿਹੜੇ ਪਿੰਡ ਆਪਸੀ ਪਿਆਰ ਅਤੇ ਆਪਸੀ ਭਾਈਚਾਰੇ ਨੂੰ ਹੋਰ ਮਜ਼ਬੂਤ ਕਰਨ ਲਈ ਯੋਗ ਕਦਮ ਚੁੱਕਣ, ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦੇ ਵਿਕਾਸ ਦੇ ਕੰਮਾਂ ਲਈ, ਜਿਨ੍ਹਾਂ ਪਿੰਡਾਂ ਦੀ ਆਬਾਦੀ ਇੱਕ ਹਜ਼ਾਰ ਤੋਂ ਘੱਟ ਹੈ, ਉਨ੍ਹਾਂ ਲਈ ਦੋ ਲੱਖ ਰੁਪਏ ਅਤੇ ਉਸ ਤੋਂ ਉੱਪਰ ਵਾਲੀ ਆਬਾਦੀ ਲਈ ਪੰਜ ਲੱਖ ਰੁਪਏ ਦੀ ਰਾਜ ਸਰਕਾਰ ਵੱਲੋਂ ਵਿਸ਼ੇਸ਼ ਗ੍ਰਾਂਟ ਦਿੱਤੀ ਜਾਵੇ।ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਸੀ।ਇੱਥੇ ਮੰਤਰੀ ਜੀ ਬੈਠੇ ਸਨ, ਹੁਣ ਉੱਠ ਕੇ ਚਲੇ ਗਏ ਹਨ। ਚੰਨੀ ਜੀ, ਤੁਸੀਂ ਧਿਆਨ ਦਿਓ।ਤੁਸੀਂ ਵੀ ਸਾਡੇ ਨਾਲ ਸੀ।

---

**Expunged as ordered by the Chair.

**ਮਾਨਯੋਗ ਡਿਪਟੀ ਸਪੀਕਰ:** ਸੋਮ ਪ੍ਰਕਾਸ਼ ਜੀ, ਤੁਹਾਡਾ ਟਾਈਮ ਹੋ ਗਿਆ ਹੈ।

**ਸ਼੍ਰੀ ਸੋਮ ਪ੍ਰਕਾਸ਼:** ਡਿਪਟੀ ਸਪੀਕਰ ਸਾਹਿਬ, ਉਹ ਤਾਂ ਤੁਹਾਡੇ ਕੋਲੋਂ ਧੱਕੇ ਨਾਲ ਪੰਜ-ਪੰਜ ਮਿੰਟ ਲੈ ਗਏ।

**ਮਾਨਯੋਗ ਡਿਪਟੀ ਸਪੀਕਰ:** ਮੈਂ ਤਾਂ ਤਿੰਨ ਮਿੰਟ ਤੁਹਾਨੂੰ ਵੀ ਦੇ ਦਿੱਤੇ ਹਨ।

**ਸ਼੍ਰੀ ਸੋਮ ਪ੍ਰਕਾਸ਼:** ਕੀ ਇਸ ਤੇ ਤੁਸੀਂ ਕੁਝ ਕਰੋਗੇ? ਇਸ ਤੇ ਸਰਕਾਰ ਕੁਝ ਕਰੇਗੀ? ਇਹ ਬਹੁਤ ਵਧੀਆ ਰੈਜ਼ੋਲਿਊਸ਼ਨ ਸੀ, ਜੇ ਪਿੰਡਾਂ ਦਾ ਭਾਈਚਾਰਾ ਅਸੀਂ ਇਕੱਠਾ ਕਰਨਾ ਹੈ, ਫਾਈਨਾਂਸ ਮਨਿਸਟਰ ਸਾਹਿਬ ਤੇ ਬ੍ਰਹਮ ਮਹਿੰਦਰਾ ਜੀ ਵੀ ਬੈਠੇ ਹਨ। ਇਹ ਸਕੀਮਾਂ ਸਾਨੂੰ ਲਾਗੂ ਜ਼ਰੂਰ ਕਰਨੀਆਂ ਚਾਹੀਦੀਆਂ ਹਨ।ਇੱਕ ਬਹੁਤ ਵੱਡਾ ਫੈਸਲਾ ਅਸੀਂ ਹੋਰ ਕੀਤਾ ਸੀ, ਜਿਹੜੀ ਐਸ.ਸੀ. ਸਕਾਲਰਸ਼ਿਪ ਸਕੀਮ ਸੀ, ਉਸ ਦਾ ਪੈਸਾ ਸਮੇਂ ਸਿਰ ਨਹੀਂ ਜਾਂਦਾ ਸੀ।ਅਸੀਂ ਫੈਸਲਾ ਕੀਤਾ ਸੀ ਕਿ ਸੌ ਕਰੋੜ ਰੁਪਏ ਦਾ ਇਕ ਕੌਰਪਸ ਫੰਡ ਪੰਜਾਬ ਸਰਕਾਰ ਵੱਲੋਂ ਰੱਖਿਆ ਜਾਵੇ ਤਾਂ ਕਿ ਜਦੋਂ ਵੀ ਕੇਂਦਰ ਸਰਕਾਰ ਤੋਂ ਆਉਣ ਵਾਲੇ ਪੈਸੇ ਲੇਟ ਹੋ ਜਾਣ ਤਾਂ ਅਸੀਂ ਉਸ ਕੌਰਪਸ ਫੰਡ ਵਿਚੋਂ ਖਰਚ ਕਰ ਸਕੀਏ ਪਰ ਇਹ ਫੈਸਲਾ ਸਰਕਾਰ ਨੇ ਲਾਗੂ ਹੀ ਨਹੀਂ ਕੀਤਾ।

**ਮਾਨਯੋਗ ਡਿਪਟੀ ਸਪੀਕਰ:** ਸੋਮ ਪ੍ਰਕਾਸ਼ ਜੀ, ਤੁਹਾਡਾ ਟਾਈਮ ਹੋ ਗਿਆ ਹੈ, ਪਲੀਜ਼ ਵਾਈਂਡ ਅੱਪ ਕਰੋ ਜੀ।

**ਸ਼੍ਰੀ ਸੋਮ ਪ੍ਰਕਾਸ਼:** ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕੁੱਝ ਐਸ.ਸੀਜ਼ ਦੇ ਮਸਲੇ ਹਨ। ਮੈਂ ਬੜੀ ਸੰਜੀਦਾ ਗੱਲ ਕਰ ਰਿਹਾ ਹਾਂ ਕਿ ਇੱਕ ਤਾਂ ਸ਼ਮਸ਼ਾਨਘਾਟ ਦਾ ਮਸਲਾ ਹੈ, ਇੱਕ ਕੌਰਪਸ ਫੰਡ ਦਾ ਹੈ ਅਤੇ ਇੱਕ ਜਿਹੜਾ ਇਹ ਕਹਿੰਦੇ ਸੀ ਕਿ ਰਿਜ਼ਰਵੇਸ਼ਨ ਲਾਗੂ ਕਰਨੀ ਹੈ। ਕ੍ਰਿਪਾ ਕਰਕੇ ਇਹ ਲਾਗੂ ਕਰੋ।ਆਪਾਂ ਇਨ੍ਹਾਂ ਗੱਲਾਂ ਵਿਚ ਨਾ ਪਈਏ ਕਿ ਸੈਂਟਰ ਵਿੱਚ ਪੱਗ ਵਾਲੇ ਵਜ਼ੀਰ ਕਿੰਨੇ ਹਨ। ਇਹ ਘੱਟ ਹਨ ਜਾਂ ਵੱਧ, ਇਸ ਤੋਂ ਆਪਾਂ ਕੀ ਲੈਣਾ ਹੈ।

**Mr. Deputy Speaker:** Thank you, thank you.

**ਸ਼੍ਰੀ ਸੋਮ ਪ੍ਰਕਾਸ਼:** ਮੈਂ ਕਹਿਣਾ ਚਾਹੁੰਦਾ ਹਾਂ ਕਿ ਡਿਸਕਸ਼ਨ ਦਾ ਸਟੈਂਡਰਡ ਜ਼ਰੂਰ ਕਾਇਮ ਰੱਖਣਾ ਚਾਹੀਦਾ ਹੈ ਨਾ ਕਿ ਅਸੀਂ ਇਥੇ ਜਿਸ ਕਿਸਮ ਦੀਆਂ ਗੈਰ ਮਿਆਰੀ ਗੱਲਾਂ ਕਰਦੇ ਹਾਂ। ਸਾਨੂੰ ਸਟੈਂਡਰਡ ਆਫ ਡਿਸਕਸ਼ਨ ਮੇਨਟੇਨ ਰੱਖਣਾ ਚਾਹੀਦਾ ਹੈ।ਸਾਨੂੰ ਚੰਗੀਆਂ ਪਰੰਪਰਾਵਾਂ ਪਾਉਣੀਆਂ ਚਾਹੀਦੀਆਂ ਹਨ।

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ ਜੀ।ਹਾਂ ਜੀ, ਮਜੀਠੀਆ ਜੀ, ਤੁਹਾਡਾ 20 ਮਿੰਟ ਦਾ ਟਾਈਮ ਹੈ। ਨੋਟ ਕਰ ਲਵੋ, ਸਿਰਫ 20 ਮਿੰਟ।

(**ਇੱਕ ਅਵਾਜ਼:** ਅਕਾਲੀਆਂ ਦਾ ਟਾਈਮ ਜ਼ਿਆਦਾ ਹੈ।)

**ਮਾਨਯੋਗ ਡਿਪਟੀ ਸਪੀਕਰ:** ਜੇ ਤੁਹਾਨੂੰ ਇਕੱਲਿਆਂ ਨੂੰ ਹੀ ਸਮਾਂ ਦੇਣਾ ਹੈ ਤਾਂ ਇਕੱਲਿਆਂ ਨੂੰ 27 ਮਿੰਟ ਵੀ ਦੇ ਸਕਦੇ ਹਾਂ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ):** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਵੈਸੇ ਤਾਂ ਗਵਰਨਰ ਸਾਹਿਬ ਬਹੁਤ ਹੀ ਸਤਿਕਾਰਯੋਗ ਸ਼ਖਸੀਅਤ ਹਨ, ਸ਼੍ਰੀ ਵੀ.ਪੀ. ਸਿੰਘ ਜੀ ਬਦਨੌਰ ਮਗਰ ਅਫਸੋਸ ਦੀ ਗੱਲ ਇਹ ਹੈ ਕਿ ਇੰਨੀ ਸਤਿਕਾਰਯੋਗ ਸ਼ਖਸੀਅਤ ਕੋਲੋਂ ਵੀ ਮੌਜੂਦਾ ਕਾਂਗਰਸ ਦੀ ਸਰਕਾਰ ਨੇ ਇੰਨਾ ਕੁਝ ਝੂਠ ਬੁਲਵਾਇਆ, ਜਿਸ ਦਾ ਅੱਗੇ ਸਮਾਂ ਆਉਣ ਤੇ ਮੈਂ ਜ਼ਿਕਰ ਵੀ ਕਰਾਂਗਾ।ਸਰਕਾਰਾਂ ਤਾਂ ਬਦਲਦੀਆਂ ਰਹਿੰਦੀਆਂ ਹਨ। ਡੈਮੋਕ੍ਰੇਸੀ ਵਿਚ ਲੋਕਾਂ ਕੋਲ ਇਹ ਬਹੁਤ ਵੱਡਾ ਅਧਿਕਾਰ ਹੈ ਕਿ ਜਿਸ ਨੂੰ ਉਹ ਚਾਹੁੰਦੇ ਹਨ, ਉਸ ਦੀ ਸਰਕਾਰ ਬਣਾ ਦਿੰਦੇ ਹਨ ਪਰ ਮੈਂ ਸਮਝਦਾ ਹਾਂ ਕਿ ਸਰਕਾਰ ਬਦਲਣ ਨਾਲ ਪੰਜਾਬ ਦੇ ਕਈ ਇਹੋ ਜਿਹੇ ਵੀ ਮੁੱਦੇ ਹਨ, ਜਿਨ੍ਹਾਂ ਦੀ ਜਦੋਂ ਤੱਕ ਪੂਰਤੀ ਨਾ ਹੋ ਜਾਵੇ, ਉਦੋਂ ਤੱਕ ਉਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਪਾਸੇ ਰੱਖਿਆ ਜਾ ਸਕਦਾ ਹੈ। ਪਿਛਲਾ ਗਵਰਨਰ ਐਡਰੈਸ ਵੀ ਮੈਂ ਪੜ੍ਹਿਆ ਅਤੇ ਐਤਕੀਂ ਵਾਲਾ ਵੀ ਮੈਂ ਪੜ੍ਹਿਆ ਹੈ। ਜਾਂ ਤਾਂ ਇਨ੍ਹਾਂ ਤੋਂ ਕੋਈ ਗਲਤੀ ਹੋ ਗਈ ਜਾਂ ਫਿਰ ਜਾਣ ਬੁੱਝ ਕੇ ਕਰ ਗਏ। ਇਸ ਦਾ ਜਵਾਬ ਤਾਂ ਇਹ ਆਪ ਹੀ ਦੇ ਸਕਦੇ ਹਨ। ਮਗਰ ਜਿਹੜੀ ਪੰਜਾਬ ਦੀ ਵੱਡੀ ਮੰਗ ਹੈ ਕਿ ਚੰਡੀਗੜ੍ਹ ਪੰਜਾਬ ਦੇ ਹਿੱਸੇ ਵਿਚ ਆਉਣਾ ਚਾਹੀਦਾ ਹੈ, ਉਸ ਦਾ ਜ਼ਿਕਰ ਹੀ ਕੋਈ ਨਹੀਂ ਹੈ। ਪੰਜਾਬੀ ਸਪੀਕਿੰਗ ਏਰੀਅਜ਼ ਦਾ ਜ਼ਿਕਰ ਹੀ ਕੋਈ ਨਹੀਂ ਹੈ। '84 ਦੇ ਜਿਹੜੇ ਕਤਲੇਆਮ ਹੋਏ ਹਨ, ਉਸ ਵੇਲੇ ਇਨਸਾਨੀਅਤ ਦਾ ਜੋ ਘਾਣ ਹੋਇਆ, ਮਨੁੱਖੀ ਅਧਿਕਾਰਾਂ ਦਾ ਜੋ ਘਾਣ ਹੋਇਆ, ਉਨ੍ਹਾਂ ਪੀੜਤਾਂ ਨੂੰ ਇਨਸਾਫ ਦਿਵਾਉਣ ਬਾਰੇ ਵੀ ਕੋਈ ਜ਼ਿਕਰ ਨਹੀਂ ਹੈ। ਇਸੇ ਤਰ੍ਹਾਂ ਹੋਰ ਵੀ ਕਈ ਮੁੱਦੇ ਹਨ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਪੁਆਇੰਟ ਆਫ ਆਰਡਰ।

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਚੰਨੀ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਡਿਪਟੀ ਸਪੀਕਰ ਸਾਹਿਬ, ਮਜੀਠੀਆ ਸਾਹਿਬ ਨੇ ਹੁਣੇ ਬੋਲਣਾ ਸ਼ੁਰੂ ਕੀਤਾ ਹੈ। ਇਨ੍ਹਾਂ ਨੇ ਕਿਹਾ ਕਿ ਚੰਡੀਗੜ੍ਹ ਦਾ ਜ਼ਿਕਰ ਨਹੀਂ ਆਇਆ, '84 ਦੇ ਦੰਗਿਆਂ ਦਾ ਜ਼ਿਕਰ ਨਹੀਂ ਆਇਆ ਅਤੇ ਇੱਕ-ਦੋ ਹੋਰ ਜ਼ਿਕਰ ਕੀਤੇ ਹਨ। ਇਨ੍ਹਾਂ ਨੇ ਕਿਹਾ ਕਿ ਪੰਜਾਬੀ ਬੋਲਦੇ ਇਲਾਕੇ ਸਾਨੂੰ ਮਿਲਣੇ ਚਾਹੀਦੇ ਹਨ। ਅਸੀਂ ਪਿਛਲੇ 10 ਸਾਲਾਂ ਤੋਂ ਹਰ ਵਾਰ ਇਹੀ ਮੁੱਦੇ ਲੈ ਕੇ ਆਉਂਦੇ ਰਹੇ, ਪਰ ਕੀ ਪਿਛਲੇ 10 ਸਾਲ ਵਿਚ ਇਨ੍ਹਾਂ ਨੇ ਇਸ ਤੇ ਕੋਈ ਕਾਰਵਾਈ ਕੀਤੀ? ਅੱਜ ਕੇਂਦਰ ਵਿਚ ਅਕਾਲੀ ਦਲ-ਬੀ.ਜੇ.ਪੀ. ਦੀ ਭਾਈਵਾਲ ਸਰਕਾਰ ਹੈ।ਪੰਜਾਬ ਨੂੰ ਚੰਡੀਗੜ੍ਹ ਕੈਪਟਨ ਅਮਰਿੰਦਰ ਸਿੰਘ ਨੇ ਨਹੀਂ ਦੇਣਾ ਹੈ। ਕੇਂਦਰ ਵਿਚ ਤੁਹਾਡੀ ਸਰਕਾਰ ਨੇ ਦੇਣਾ ਹੈ। ਇੱਥੇ ਕਿਉਂ ਰੌਲਾ ਪਾਇਆ ਹੋਇਆ ਹੈ, ਉਥੇ ਜਾ ਕੇ ਪਾਓ। ਇਹ ਮੁੱਦਾ ਹੀ ਕਿਉਂ ਚੁੱਕਿਆ ਹੈ ਇਨ੍ਹਾਂ ਨੇ। ਇਨ੍ਹਾਂ ਨੂੰ ** ** ਇਨ੍ਹਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ।

**ਮਾਨਯੋਗ ਡਿਪਟੀ ਸਪੀਕਰ:** ਬੈਠੋ ਪਲੀਜ਼ ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਮੈਨੂੰ ਲੱਗਦਾ ਹੈ ਕਿ ਇਨ੍ਹਾਂ ਨੂੰ ਵੀ ਸਿੱਧੂ ਸਾਹਿਬ (ਸਥਾਨਕ ਸਰਕਾਰ ਮੰਤਰੀ ਵੱਲ ਇਸ਼ਾਰਾ) ਵਾਲਾ ਬੁਖਾਰ ਚੜ੍ਹ ਗਿਆ ਹੈ। ਮੈਂ ਤਾਂ ਚੰਨੀ ਜੀ ਤੁਹਾਨੂੰ ਕੁਝ ਨਹੀਂ ਆਖਿਆ। ਤੁਸੀਂ ਤਾਂ ਬਹੁਤ ਸਿਆਣੇ ਹੋ।

---

** Expunged as ordered by the Chair.

**ਮਾਨਯੋਗ ਡਿਪਟੀ ਸਪੀਕਰ:** ** ** ਸ਼ਬਦ ਐਕਸਪੰਜ ਕਰ ਦਿਓ। ਚੰਨੀ ਜੀ, ਪਲੀਜ਼ ਬੈਠ ਜਾਓ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ there is no blame game ਇਹ ਥੋੜ੍ਹੀ ਜਿਹੀ ਗੱਲ ਦਿਲ ਨੂੰ ਲਾ ਗਏ। ਮੈਂ ਇਨ੍ਹਾਂ ਨੂੰ ਕੋਈ ਬਲੇਮ ਨਹੀਂ ਕਰ ਰਿਹਾ। ਇਹ ਥੋੜ੍ਹਾ ਮਿਸਅੰਡਰਸਟੈਂਡ ਕਰ ਗਏ ਹਨ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਡਿਪਟੀ ਸਪੀਕਰ ਸਾਹਿਬ, ਮੇਰੀ ਗੱਲ ਆ ਲੈਣ ਦਿਓ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬੜੇ ਸਿਆਣੇ ਮੈਂਬਰ ਹਨ। ਇਨ੍ਹਾਂ ਦੇ ਸਿਸਟਰ ਅਕਾਲੀ ਦਲ ਵਲੋਂ ਕੇਂਦਰੀ ਮੰਤਰੀ ਹਨ। ਅਕਾਲੀ ਦਲ ਦੇ ਪ੍ਰਧਾਨ ਦੀ ਧਰਮ ਪਤਨੀ ਹਨ। ਇਹ ਉੱਥੇ ਜਾ ਕੇ ਗੱਲ ਕਿਉਂ ਨਹੀਂ ਰੱਖਦੇ? ਉਥੇ ਜਾ ਕੇ ਕਿਉਂ ਨਹੀਂ ਕਹਿੰਦੇ ਕਿ ਚੰਡੀਗੜ ਪੰਜਾਬ ਨੂੰ ਦਿਓ, ਪੰਜਾਬੀ ਬੋਲਦੇ ਇਲਾਕੇ ਦਿਓ, '84 ਦੇ ਦੰਗਿਆਂ ਦੇ ਪੀੜਤਾਂ ਨੂੰ ਇਨਸਾਫ ਦਿਓ, ਨਹੀਂ ਤਾਂ ਅਸੀਂ ਅਸਤੀਫਾ ਦਿਆਂਗੇ। ਮੈਂ ਇੱਕ ਹੋਰ ਬੇਨਤੀ ਕਰਦਾ ਹਾਂ ਕਿ 1984 ਕਤਲੇਆਮ ਤੇ ਇਨ੍ਹਾਂ ਨੇ ਸਾਰੀ ਉਮਰ ਸਿਆਸੀ ਰੋਟੀਆਂ ਸੇਕੀਆਂ ਹਨ ਅਤੇ ਅੱਗੇ ਨੂੰ ਵੀ ਸੇਕਦੇ ਰਹਿਣਗੇ। ਲੇਕਿਨ ਇਸ ਤੇ ਕੋਈ ਫੈਸਲਾ ਵੀ ਨਹੀਂ ਹੋਣ ਦੇਣਾ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਐਸ.ਆਈ.ਟੀ. ਬਣਾਈ ਹੈ, ਉਸ ਨੇ 271 ਕੇਸ ਖਤਮ ਕਰ ਦਿੱਤੇ ਹਨ ਬਜਾਏ ਇਸ ਦੇ ਕਿ ਉਨ੍ਹਾਂ ਨੂੰ ਅੱਗੇ ਲੈ ਕੇ ਜਾਂਦੇ। ਫੂਲਕਾ ਸਾਹਿਬ ਨੂੰ ਇਸ ਬਾਰੇ ਜ਼ਿਆਦਾ ਪਤਾ ਹੈ, ਫੂਲਕਾ ਸਾਹਿਬ ਤੋਂ ਪੁੱਛੋ। ਇਹ ਕੇਸ ਦੁਬਾਰਾ ਖੋਲ੍ਹਣ ਦੀ ਬਜਾਏ ਕੇਂਦਰ ਦੀ ਸਰਕਾਰ, ਅਕਾਲੀ ਦਲ-ਬੀ.ਜੇ.ਪੀ. ਦੀ ਸਰਕਾਰ, ਸਿੱਖਾਂ ਦੀ ਦੁਸ਼ਮਣ ਸਰਕਾਰ ਬਣ ਕੇ ਨਿੱਤਰੀ ਹੈ।(ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਚੰਨੀ ਜੀ, ਬੈਠੋ, ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ ਮੇਰੇ ਟਾਈਮ ਦਾ ਧਿਆਨ ਰੱਖਿਆ ਜਾਵੇ ।

**ਮਾਨਯੋਗ ਡਿਪਟੀ ਸਪੀਕਰ :** ਇਨ੍ਹਾਂ ਨੇ ਇੱਕ ਮਿੰਟ ਹੀ ਲਿਆ ਹੈ ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਇਹ ਮੇਰੇ ਦਸ ਮਿੰਟ ਖਾ ਗਏ ਹਨ । (ਵਿਘਨ...ਸ਼ੋਰ) ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਨੂੰ ਯਾਦ ਹੀ ਕਰਵਾਉਂਦਾ ਸੀ । ਦਰਅਸਲ ਇਹ ਭਾਵੁਕ ਹੋ ਜਾਂਦੇ ਹਨ (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਪਲੀਜ਼ ਚੰਨੀ ਜੀ, ਇਨ੍ਹਾਂ ਨੂੰ ਬੋਲ ਲੈਣ ਦਿਓ ।

---

** Expunged as ordered by the Chair.

**ਸਰਦਾਰ ਬਿਕਰਮ ਸਿੰਘ ਮਜੀਠੀਆ :** ਜਿਹੜੇ ਇਨ੍ਹਾਂ ਦੇ ਵਜ਼ੀਰ ਅੱਗੇ ਬੈਠੇ ਹਨ। ਜਿਹੜੇ ਫਰੀਕੁਐਂਟ ਫਲਾਇਰ ਹਨ । ਇਨ੍ਹਾਂ ਬਾਰੇ ਮੈਂ ਬਾਅਦ ਵਿੱਚ ਗੱਲ ਕਰਾਂਗਾ ਪਰ ਮੈਨੂੰ ਅਫਸੋਸ ਹੈ ਕਿ ਤੁਹਾਡੇ ਕੁਝ ਕਾਬਲ ਬੰਦੇ ਰਹਿ ਗਏ। ਜਿਹੜੇ ਪੱਕੇ ਕਾਂਗਰਸੀ ਸਨ, ਢਿੱਡੋਂ ਕਾਂਗਰਸੀ ਸਨ, ਮੈਨੂੰ ਉਨ੍ਹਾਂ ਤੇ ਤਰਸ ਆਉਂਦਾ ਹੈ ਕਿਉਂਕਿ ਵਾਰੀ ਉਨ੍ਹਾਂ ਦੀ ਮੰਤਰੀ ਬਣਨ ਦੀ ਸੀ ਪਰ ਚਲੋ, ਇਹ ਤੁਹਾਡੀ ਸਰਕਾਰ ਦਾ ਆਪਣਾ ਫੈਸਲਾ ਹੈ । (ਵਿਘਨ...ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਸਰਦਾਰ ਕੁਲਜੀਤ ਸਿੰਘ ਨਾਗਰਾ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**ਮਾਨਯੋਗ ਡਿਪਟੀ ਸਪੀਕਰ :** ਨਾਗਰਾ ਜੀ, ਇਨ੍ਹਾਂ ਨੂੰ ਬੋਲ ਲੈਣ ਦਿਓ ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਮੈਂ ਚੰਨੀ ਸਾਹਿਬ ਦਾ ਇਸ ਗੱਲ ਤੋਂ ਬੜਾ ਧੰਨਵਾਦੀ ਹਾਂ ਕਿ ਅੱਜ ਇਨ੍ਹਾਂ ਨੇ ਸਰਕਾਰ ਦੀ ਮਨਸ਼ਾ ਤੇ ਦਿਸ਼ਾ ਕਲੀਅਰ ਕਰ ਦਿੱਤੀ ਹੈ ਕਿ ਇਨ੍ਹਾਂ ਨੇ ਇਹ ਸਾਰੀਆਂ ਹੀ ਡਿਮਾਂਡਾਂ ਸਰੰਡਰ ਕਰ ਦਿੱਤੀਆਂ ਹਨ ਕਿ ਅਸੀਂ ਜਿਹੜੇ '84 ਦੇ ਦੰਗਿਆਂ ਵਿੱਚ ਸ਼ਾਮਲ ਹਨ, ਜਿਹੜਾ ਕਾਂਗਰਸ ਦਾ 84ਵਾਂ ਸੈਸ਼ਨ ਹੋਇਆ ਹੈ, ਉਥੇ ਜਾ ਕੇ ਉਨ੍ਹਾਂ ਨੂੰ ਨਿਵਾਜਾਂਗੇ ਵੀ। ਸੱਜਣ ਕੁਮਾਰ, ਜਗਦੀਸ਼ ਟਾਈਟਲਰ ਵਰਗੇ ਨੂੰ ਥਾਪੀ ਵੀ ਦਿਆਂਗੇ। (ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇੱਥੇ ਆ ਕੇ ਇਹ ਵੱਡੀਆਂ ਵੱਡੀਆਂ ਗੱਲਾਂ ਕਰਦੇ ਹਨ। ਇਹ ਬੜੀ ਅਫਸੋਸ ਦੀ ਗੱਲ ਹੈ । (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਨਾਗਰਾ ਜੀ, ਪਲੀਜ਼ ਬੈਠ ਜਾਓ, ਪਲੀਜ਼ ਬੈਠ ਜਾਓ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਮੈਂ ਕਹਿਣਾ ਚਾਹੁੰਦਾ ਹਾਂ ਕਿ Sir, I would just like to say that the Address is great in listing its achievements but false in claiming credit for them. ਅੱਗੇ ਜਾ ਕੇ ਸਪਸ਼ਟ ਕਰ ਦਿੰਦਾ ਹਾਂ ਕਿ ਕਈ ਤਾਂ ਗੌਰਮਿੰਟ ਆਫ ਇੰਡੀਆ ਦੀਆਂ ਸਕੀਮਾਂ ਹਨ।ਕਈ ਉਹ ਸਕੀਮਾਂ ਹਨ, ਜਿਹੜੀਆਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ.ਵੱਲੋਂ ਸ਼ੁਰੂ ਹੋਈਆਂ। ਤੁਸੀਂ ਉਨ੍ਹਾਂ ਸਕੀਮਾਂ ਵਾਸਤੇ ਇੱਕ ਦੁਆਨੀ ਵੀ ਨਹੀਂ ਦਿੱਤੀ । ਹਾਲਾਤ ਤਾਂ ਇਹ ਬਣ ਗਏ ਕਿ ਸ਼ੇਰਾਂ ਦੀਆਂ ਮਾਰਾਂ (ਵਿਘਨ..ਸ਼ੋਰ)

**ਸਰਦਾਰ ਬਲਬੀਰ ਸਿੰਘ ਸਿੱਧੂ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਾਡੀਆਂ ਜਿਹੜੀਆਂ ਸੈਂਟਰ ਦੀਆਂ ਸਕੀਮਾਂ ਹਨ। ਜਦੋਂ ਐਸ.ਸੀ. ਬੱਚਿਆਂ ਦਾ 200 ਕਰੋੜ ਰੁਪਿਆ ਆਇਆ ਸੀ, ਉਹ ਇਨ੍ਹਾਂ ਨੇ ਕਿਉਂ ਡਾਈਵਰਟ ਕੀਤਾ ਸੀ ? ਸਟਾਈਪਿੰਡ ਦਾ 200 ਕਰੋੜ ਰੁਪਿਆ ਇਨ੍ਹਾਂ ਨੇ ਡਾਈਵਰਟ ਕੀਤਾ ਸੀ । ਇੱਥੇ ਇਹ ਖੁਦ ਮੰਨੇ ਸਨ ਕਿ ਅਸੀਂ ਇਹ ਡਾਈਵਰਟ ਕੀਤੇ ਹਨ । (ਰੂਲਿੰਗ ਪਾਰਟੀ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਵੈਸੇ ਤਾਂ ਜਿੰਨੇ ਦਿਨ ਸੈਸ਼ਨ ਲਈ ਰੱਖੇ ਹਨ, ਇਸ ਤੋਂ ਛੋਟਾ ਸੈਸ਼ਨ ਹੋ ਨਹੀਂ ਸਕਦਾ ਸੀ । ਜੇਕਰ ਸਰਕਾਰ ਕੋਲ ਕੋਈ ਵੱਡੀ ਪ੍ਰਾਪਤੀ ਹੁੰਦੀ ਤਾਂ ਇਨ੍ਹਾਂ ਨੇ ਮਹੀਨਾ ਵੀ ਲਗਾ ਦੇਣਾ ਸੀ । ਇਹ ਆਪ ਇਸ ਗੱਲ ਨੂੰ ਮੰਨਦੇ ਹਨ, ਢਿੱਡੋਂ ਇਹ ਗੱਲ ਮੰਨਦੇ ਹਨ ਕਿ ਸਾਡੀ ਸਰਕਾਰ ਫੇਲ੍ਹ ਹੋ ਗਈ ਹੈ ਪਰ ਮੂੰਹੋਂ ਕਹਿਣਾ ਔਖਾ ਹੋ ਜਾਂਦਾ ਹੈ ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਜੇਕਰ ਮਜੀਠੀਆ ਸਾਹਿਬ, ਕਿਰਪਾ ਕਰਕੇ ਗਵਰਨਰ ਐਡਰੈਸ ਤੇ ਗੱਲ ਕਰਨ ਤਾਂ ਚੰਗੀ ਗੱਲ ਹੈ।ਜਿੱਥੋਂ ਤੱਕ ਸੈਂਟਰ ਗੌਰਮਿੰਟ ਦੀ ਗੱਲ ਹੈ, ਦਸ ਸਾਲ ਯੂ.ਪੀ.ਏ. ਦੀ ਸਰਕਾਰ ਰਹੀ। ਇੱਥੇ ਖੜ੍ਹੇ ਹੋ ਕੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਇਹ ਗੱਲ ਕਹੀ ਕਿ ਜੋ ਡਾਕਟਰ ਮਨਮੋਹਨ ਸਿੰਘ ਜੀ ਨੇ ਸਾਡਾ ਕਰ ਦਿੱਤਾ, ਮਗਰਲੇ ** ** ਦੇ ਵੀ ਸਾਲ ਦੇਖੇ, ਉਥੋਂ ਕਿਸਾਨਾਂ ਲਈ ਸੀ.ਸੀ.ਲਿਮਟ ਵੀ ਰਿਲੀਜ਼ ਨਹੀਂ ਹੋਈ ਸੀ । ਕਿਸਾਨ ਅਖੀਰਲੇ ਸਾਲ ਰੁਲ ਗਿਆ ਸੀ ਜਦੋਂ ** ** ਆਇਆ । ਕਿਰਪਾ ਕਰਕੇ ਉਹ ਦਸ ਸਾਲ ਵੀ ਦੱਸ ਦਿਓ । ਸ਼ੇਰਾਂ ਦੀਆਂ ਮਾਰਾਂ ਬਾਰੇ ਉਹ ਵੀ ਦੱਸ ਦਿਓ । ਇਹ ਹਰ ਰੋਜ਼ ਡਾਕਟਰ ਮਨਮੋਹਨ ਸਿੰਘ ਜੀ ਕੋਲ ਫੁੱਲ ਲੈ ਕੇ ਜਾਂਦੇ ਸਨ । ਹਰੇਕ ਮੰਤਰੀ ਕੋਲ ਗੁਲਦਸਤਾ ਲੈ ਕੇ ਜਾਂਦੇ ਸਨ । ਈਵਨ ਕਮਲ ਨਾਥ ਜੀ ਕੋਲ ਜਿਨ੍ਹਾਂ ਦਾ ਇਨ੍ਹਾਂ ਨੇ ਇੱਥੇ ਰੌਲਾ ਪਾਇਆ (ਵਿਘਨ...ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**ਮਾਨਯੋਗ ਡਿਪਟੀ ਸਪੀਕਰ :** ਢੀਂਡਸਾ ਜੀ, ਤੁਸੀਂ ਬੈਠੋ । ਰਾਜਾ ਜੀ, ਤੁਹਾਡਾ ਪੁਆਇੰਟ ਆ ਗਿਆ ਹੈ ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** : ** **

**ਮਾਨਯੋਗ ਡਿਪਟੀ ਸਪੀਕਰ** : ਜੋ ਸ਼ਬਦ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਬੋਲੇ ਹਨ, ਉਹ ਨਾ ਰਿਕਾਰਡ ਕੀਤੇ ਜਾਣ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਢੀਂਡਸਾ ਜੀ, ਪਲੀਜ਼ ਬੈਠੋ, ਪਲੀਜ਼ ਬੈਠੋ, ਪਲੀਜ਼, ਬੈਠ ਜਾਓ। ਤੁਹਾਡਾ ਹੀ ਨੇਤਾ ਬੋਲ ਰਿਹਾ ਹੈ। (ਵਿਘਨ...ਸ਼ੋਰ) ਚਲੋ ਦੱਸੋ ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਡਿਪਟੀ ਸਪੀਕਰ ਸਾਹਿਬ, ਹਰ ਮਿੰਟ ਬਾਅਦ ਆਪਾਂ ਪੁਆਇੰਟ ਆਫ ਆਰਡਰ ਦੇ ਰਹੇ ਹਾਂ। ਤੁਸੀਂ ਸਾਡੇ ਮੈਂਬਰ ਨੂੰ ਥੋੜ੍ਹਾ ਜਿਹਾ ਬੋਲਣ ਵੀ ਦਿਓ।

**ਮਾਨਯੋਗ ਡਿਪਟੀ ਸਪੀਕਰ** : ਮੈਂ ਤੁਹਾਡੇ ਮੈਂਬਰ ਨੂੰ ਪੂਰਾ ਟਾਈਮ ਦੇ ਰਿਹਾ ਹਾਂ, ਚਲੋ ਬੋਲੋ ਹੁਣ, ਟਾਈਮ ਨਾ ਬਰਬਾਦ ਕਰੋ। ਹਾਂ ਜੀ, ਮਜੀਠੀਆ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਡਿਪਟੀ ਸਪੀਕਰ ਸਾਹਿਬ, ਮੈਂ ਇਹੀ ਗੱਲ ਪਹਿਲਾਂ ਵੀ ਕਰਦਾ ਸੀ। ਕੁਝ ਹਸਤੀਆਂ ਇਥੇ ਹਾਜ਼ਰ ਨਹੀਂ, ਜਿਨ੍ਹਾਂ ਦਾ ਇਹ ਜ਼ਿਕਰ ਕਰਦੇ ਹਨ। ਮੈਂ ਉਨ੍ਹਾਂ ਦਾ ਅੱਜ ਵੀ ਧੰਨਵਾਦ ਕਰਦਾ ਹਾਂ। ਉਹ ਸਰਦਾਰ ਵੀ ਹਨ ਅਤੇ ਅਸਰਦਾਰ ਵੀ ਹਨ। ਉਹ ** ਨਹੀਂ

---

** Not recorded as ordered by the Chair.

ਹੈ। ਜਿਹੜਾ ਉਸ ਨੂੰ ** ਕਹਿੰਦਾ ਸੀ ਅਤੇ ** ਕਹਿੰਦਾ ਹੈ, ਉਸ ਦੇ ਨਾਲ ਗੱਲ ਕਰੋ। ਮੈਂ ਤਾਂ ਉਨ੍ਹਾਂ ਦੀ ਪੂਰੀ ਇਜ਼ਤ ਕਰਦਾ ਹਾਂ। ਵਿਧਾਨ ਸਭਾ ਦੇ ਰਿਕਾਰਡ ਵਿਚ ਹੈ ਜੀ। ਮੈਂ ਡਾਕਟਰ ਸਾਹਿਬ ਦੀ ਪੂਰੀ ਇੱਜ਼ਤ ਕਰਦਾ ਹਾਂ। ਨਾ ਮੈਂ ਉਨ੍ਹਾਂ ਨੂੰ ਇਨ੍ਹਾਂ ਵਾਂਗ ** ** ਸਮਝਦਾ ਹਾਂ। ਚਲੋ ਛੱਡੋ ਇਹ ਗੱਲਾਂ। ਤੁਸੀਂ ਇਸ ਨੂੰ ਦਿਲ ਤੇ ਨਾ ਲਾਵੋ। ਇਸ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲ ਇਸ਼ਾਰਾ) ਦਾ ਗੁੱਸਾ ਵੀ ਜਾਇਜ਼ ਹੈ। ਇਹ ਅੱਗੇ ਬੈਠਣੇ ਚਾਹੀਦੇ ਸੀ। ਇਹ ਲੜਦੇ ਰਹਿ ਗਏ ਮਗਰ ਫਰੀਕਵੈਂਟ ਫਲਾਇਰ ਆ ਕੇ ਕੁਰਸੀਆਂ ਮੱਲ ਕੇ ਬੈਠੇ ਹਨ। ਸੁਭਾਵਿਕ ਹੈ, ਢਿੱਡ ਵਿੱਚ ਅੱਗ ਤਾਂ ਲੱਗਣੀ ਹੈ। ਸੀਨੇ ਵਿੱਚ ਅੱਗ ਤਾਂ ਮਚਣੀ ਹੈ। ਇਸ ਗੱਲ ਨੂੰ ਕੌਣ ਰੋਕ ਸਕਦਾ ਹੈ। (ਵਿਘਨ..ਸ਼ੋਰ) ਡਿਪਟੀ ਸਪੀਕਰ ਸਾਹਿਬ, ਮੈਨੂੰ ਅੱਜ ਬੋਲ ਲੈਣ ਦਿਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਡਿਪਟੀ ਸਪੀਕਰ** : ਨਾਗਰਾ ਜੀ, ਬੈਠ ਜਾਓ ਪਲੀਜ਼।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਮੈਨੂੰ ਬੋਲ ਤਾਂ ਲੈਣ ਦਿਓ (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ** : ਬੋਲੋ ਮਜੀਠੀਆ ਜੀ। ਮਜੀਠੀਆ ਜੀ, carry on.

**ਸਰਦਾਰ ਬਿਕਰਮ ਸਿੰਘ ਮਜੀਠੀਆ** : ਮੈਂ ਆਪ ਇਹ ਗੱਲ ਚਾਹੁੰਦਾ ਹਾਂ ਕਿ ਰਾਜਾ ਅਮਰਿੰਦਰ ਦੀ ਸਰਕਾਰ ਵਿੱਚ ਰਾਜਾ ਵੜਿੰਗ ਵੀ ਵਜ਼ੀਰ ਹੋਵੇ। ਮੇਰੇ ਦਿਲ ਦੀ ਇਹ ਖਾਹਿਸ਼ ਹੈ, ਇਹ ਮੇਰਾ ਵੀਰ ਹੈ। ਮਗਰ ਫਰੀਕਵੈਂਟ ਫਲਾਇਰ ਵਿੱਚੋਂ ਬਾਹਰ ਕਰਨਾ ਪੈਣਾ। ਚਲੋ, ਇਹ ਗੱਲ ਛੱਡੋ। ਮੈਂ ਇਸ ਤੋਂ ਅੱਗੇ ਤੁਰਦਾ ਹਾਂ ਜੀ।

**ਮਾਨਯੋਗ ਡਿਪਟੀ ਸਪੀਕਰ** : ** ਔਰ ** ਲਫਜ਼ ਕੱਟ ਦਿੱਤੇ ਜਾਣ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਡਿਪਟੀ ਸਪੀਕਰ ਸਾਹਿਬ, ਆਹ ਗੁਲਾਬੀ ਪੱਗ ਵਾਲੇ ਨੂੰ ਵੀ (ਸਰਦਾਰ ਕੁਲਜੀਤ ਸਿੰਘ ਨਾਗਰਾ ਵੱਲ ਇਸ਼ਾਰਾ) ਵਜ਼ੀਰ ਬਣਾ ਦਿਓ। ਚਲੋ ਛੱਡੋ, ਬਹਿ ਜਾ ਮੇਰਾ ਵੀਰ।

**ਮਾਨਯੋਗ ਡਿਪਟੀ ਸਪੀਕਰ** : ਪਲੀਜ਼ ਮਜੀਠੀਆ ਜੀ, ਤੁਸੀਂ ਤਾਂ ਬੜੇ ਤਜਰਬੇਕਾਰ ਹੋ। ਤੁਸੀਂ ਤਾਂ ਸਿਆਣੇ ਹੋ, ਇਸ ਤਰ੍ਹਾਂ ਨਾ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਡਿਪਟੀ ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਚੁੱਪ ਤਾਂ ਕਰਵਾਉਂਦੇ ਨਹੀਂ। ਅਸਲ ਵਿੱਚ ਤੁਸੀਂ ਵੀ ਗੁੱਸਾ ਨਾ ਕਰ ਜਾਇਓ, ਤੁਸੀਂ ਵੀ ਉਨ੍ਹਾਂ ਦਾ ਬੜਾ ਧਿਆਨ ਰੱਖਦੇ ਹੋ, ਤੁਹਾਡੇ ਵੀ ਦਿਲ ਵਿੱਚ ਉਹੀ ਦਰਦ ਹੈ, ਜਿਹੜਾ ਇਹ ਲਈ ਫਿਰਦੇ ਹਨ।

**Mr. Deputy Speaker** : Please address the Chair.

** Expunged as ordered by the Chair.

**ਸਰਦਾਰ ਬਿਕਰਮ ਸਿੰਘ ਮਜੀਠੀਆ** : ਜਿਹੜੇ ਅੱਗੇ ਚਾਹੀਦੇ ਸੀ, ਉਹ ਮਗਰ ਬੈਠੇ ਹਨ। ਜਿਹੜੇ ਮਗਰ ਬੈਠੇ ਹਨ, ਉਹ ਅੱਗੇ ਚਾਹੀਦੇ ਸੀ। ਚਲੋ ਛੱਡੋ। ਅਗਲੀ ਗੱਲ, ਜਿਸ ਦੇ ਬਾਰੇ ਇਥੇ ਬਹੁਤ ਜ਼ਿਆਦਾ ਡਿਸਕਸ਼ਨ ਹੋਈ। ਚੰਗੀ ਗੱਲ ਹੈ, ਡਿਸਕਸ਼ਨ ਚਾਹੀਦੀ ਵੀ ਹੈ ਕਿਉਂਕਿ ਮੌਜੂਦਾ ਸਰਕਾਰ ਉਸੇ ਵਾਇਦੇ ਤੇ ਬਣ ਕੇ ਆਈ ਹੈ। ਡਿਪਟੀ ਸਪੀਕਰ ਸਾਹਿਬ, ਲੋਕਾਂ ਨੂੰ ਬਹੁਤ ਵੱਡੀਆਂ ਆਸਾਂ ਹਨ। ਇਨ੍ਹਾਂ ਨੂੰ ਵਧਾਈ ਹੈ ਕਿ ਜਿੱਤ ਕੇ ਆਏ ਹਨ। ਇਨ੍ਹਾਂ ਤੇ ਲੋਕਾਂ ਨੇ ਭਰੋਸਾ ਕੀਤਾ ਹੈ। ਸੁਭਾਵਿਕ ਹੈ ਜਿਥੇ ਭਰੋਸਾ ਹੈ, ਉਥੇ ਜ਼ਿੰਮੇਵਾਰੀਆਂ ਵੀ ਬਹੁਤ ਪੈ ਜਾਂਦੀਆਂ ਹਨ। ਮੈਂ ਸਮਝਦਾ ਹਾਂ ਕਿ ਇਹ ਵਧਾਈ ਦੇ ਪਾਤਰ ਤਾਂ ਹੀ ਬਣਨਗੇ ਜੇਕਰ ਇਹ ਜ਼ਿੰਮੇਵਾਰੀ ਨੂੰ ਸਮਝ ਕੇ ਉਸ ਨੂੰ ਨਿਭਾਉਣਗੇ। ਮਗਰ ਅਸਲੀਅਤ ਕੀ ਹੈ, ਡਿਪਟੀ ਸਪੀਕਰ ਸਾਹਿਬ, ਮੈਂ ਫਾਰਮ ਲਿਆਇਆ ਹਾਂ ਕਿਉਂਕਿ ਕਈ ਮੇਰੇ ਵੀਰ ਹੁਣ ਇਹ ਫਾਰਮ ਨੂੰ ਵੇਖ ਕੇ ਰਾਜ਼ੀ ਨਹੀਂ। (ਫਾਰਮ ਲਹਿਰਾ ਕੇ ਦਿਖਾਉਂਦੇ ਹੋਏ) ਆਹ ਇਨ੍ਹਾਂ ਨੇ ਘਰ ਘਰ ਜਾ ਕੇ ਫਾਰਮ ਭਰਵਾਇਆ ਸੀ।ਮੈਂ ਪੜ੍ਹ ਕੇ ਦੱਸ ਦਿੰਦਾ ਹਾਂ। ਉਸ ਵਿੱਚ ਲਿਖਿਆ ਕੀ ਹੈ ਕਿ ਕਰਜ਼ਾ ਕੁਰਕੀ ਖਤਮ, ਫਸਲ ਦੀ ਪੂਰੀ ਰਕਮ। (ਆਵਾਜ਼ਾਂ : ਮਿਲੀ ਹੈ।) ਅੱਗੇ ਫੁੱਲ ਨੇਮ, ਉਸ ਦਾ ਪਿੰਡ, ਜ਼ਿਲ੍ਹਾ, ਹਲਕਾ, ਕਰਜ਼ੇ ਦੀ ਰਕਮ, ਮੋਬਾਈਲ ਨੰਬਰ ਲਿਖਿਆ ਹੋਇਆ ਹੈ ਅਤੇ ਅੱਗੇ ਥੱਲੇ ਕਹਿੰਦੇ ਹਨ ਕਿ "Captain Amarinder Singh's commitment", when we form the government, all farm debt including that of agricultural labourers will be waived off. ਦੂਜਾ Form, land auctioning and subsequent disposession will be outlawed. ਡਿਪਟੀ ਸਪੀਕਰ ਸਾਹਿਬ, ਕਹਿਣ ਦਾ ਭਾਵ ਕਿ ਸਾਰਾ ਕਰਜ਼ਾ ਤੁਹਾਡਾ ਖਤਮ ਹੋ ਜਾਵੇਗਾ । ਡਿਪਟੀ ਸਪੀਕਰ ਸਾਹਿਬ, ਖੇਤ ਮਜ਼ਦੂਰਾਂ ਦਾ ਵੀ (ਵਿਘਨ...ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਪੁਆਇੰਟ ਆਫ ਆਰਡਰ।

**ਮਾਨਯੋਗ ਡਿਪਟੀ ਸਪੀਕਰ** : ਹਾਂ ਜੀ, ਰਾਜਾ ਵੜਿੰਗ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਡਿਪਟੀ ਸਪੀਕਰ ਸਾਹਿਬ, ਜੋ ਮਜੀਠੀਆ ਸਾਹਿਬ ਨੇ ਪੜ੍ਹਿਆ ਹੈ। (ਵਿਘਨ...ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ** ** ਚੇਅਰ ਖਿਲਾਫ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਨਯੋਗ ਡਿਪਟੀ ਸਪੀਕਰ :** ਮਜੀਠੀਆ ਜੀ, ਟੀਨੂ ਜੀ, ਬੈਠੋ। ਸਾਰੇ ਮੈਂਬਰ ਸਾਹਿਬਾਨ ਬੈਠ ਜਾਉ। ਪਲੀਜ਼ ਸਾਰੇ ਬੈਠ ਜਾਉ। ਢੀਂਡਸਾ ਜੀ, ਤੁਸੀਂ ਏਨੇ ਤਜਰਬੇਕਾਰ ਤੇ ਸਿਆਣੇ ਮੈਂਬਰ ਹੋ, ਤੁਸੀਂ ਤਾਂ ਬੈਠ ਜਾਉ।ਰਾਜਾ ਜੀ, ਪੁਆਇੰਟ ਆਫ ਆਰਡਰ ਤੇ ਖੜ੍ਹੇ ਹਨ।ਜੋ ਮੇਰੀ ਪਰਮਿਸ਼ਨ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** : ਡਿਪਟੀ ਸਪੀਕਰ ਸਾਹਿਬ, ਜੋ ਮਜੀਠੀਆ ਸਾਹਿਬ ਨੇ ਪੜ੍ਹਿਆ ਹੈ ਕਿ ਜੋ ਫਾਰਮ ਭਰਵਾਏ ਗਏ ਹਨ। ਇਹ ਫਾਰਮ ਬਿਲਕੁਲ ਅਸੀਂ ਭਰਵਾਏ ਹਨ। ਕੈਪਟਨ ਸਾਹਿਬ ਦੀ ਅਗਵਾਈ ਹੇਠ ਭਰਵਾਏ ਹਨ। (ਵਿਘਨ....ਸ਼ੋਰ)

---

** Not Recorded as ordered by the Chair.

**ਮਾਨਯੋਗ ਡਿਪਟੀ ਸਪੀਕਰ :** ਪਲੀਜ਼, ਰਾਜਾ ਜੀ ਨੂੰ ਸੁਣ ਲਵੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਪਲੀਜ਼, ਸੁਣ ਤਾਂ ਲਵੋ। ਟੀਨੂ ਜੀ, ਇਸ ਤਰ੍ਹਾਂ ਨਾ ਕਰੋ, ਟੀਨੂ ਜੀ, ਇਸ ਤਰ੍ਹਾਂ ਨਾ ਕਰੋ। ਜੋ ਉਸ ਫਾਰਮ ਤੇ ਲਿਖਿਆ ਕਿ ਕਰਜ਼ਾ ਕੁਰਕੀ ਖਤਮ। ਅਸੀਂ ਇਹ ਫਾਰਮ ਭਰਵਾਏ ਹਨ। ਅਸੀਂ ਘਰ ਘਰ ਜਾ ਕੇ ਫਾਰਮ ਭਰਵਾਏ ਹਨ (ਵਿਘਨ...ਸ਼ੋਰ)

ਮੇਰੇ ਹਲਕੇ ਵਿੱਚ ਲਗਭਗ 15000 ਲੋਕਾਂ ਨੇ ਇਹ ਫਾਰਮ ਭਰੇ, ਜਿਸ ਦੇ ਉੱਤੇ ਲਿਖਿਆ ਸੀ ਕਿ ਕਰਜ਼ਾ ਕੁਰਕੀ ਖਤਮ ਹੋਵੇਗੀ ਅਤੇ ਫਸਲ ਦੀ ਪੂਰੀ ਰਕਮ ਮਿਲੇਗੀ। ਸਰ, ਕੁਰਕੀ ਦਾ ਇਸੇ ਸਦਨ ਵਿਚ ਕਾਨੂੰਨ ਬਣਾ ਦਿੱਤਾ ਹੈ (ਵਿਘਨ...ਸ਼ੋਰ) ਇੱਕ ਮਿੰਟ ਜੀ, ਮੈਨੂੰ ਆਪਣੀ ਗੱਲ ਪੂਰੀ ਕਰਨ ਦਿਉ। ਸਰ, ਅੱਜ ਕਿਸੇ ਜੱਟ ਦੀ ਜ਼ਮੀਨ ਦੀ ਕੁਰਕੀ ਨਹੀਂ ਹੋ ਰਹੀ। ਸਰ, ਅੱਜ ਕਿਸਾਨਾਂ ਨੂੰ ਫਸਲ ਦੀ ਪੂਰੀ ਰਕਮ ਮਿਲ ਰਹੀ ਹੈ। ਅੱਜ ਬਾਸਮਤੀ, ਝੋਨੇ ਦਾ ਭਾਅ ਪਿਛਲੇ ਦਸ ਸਾਲਾਂ ਨਾਲੋਂ ਵੱਧ ਮਿਲ ਰਿਹਾ ਹੈ।ਆਲੂਆਂ ਦੀ ਫਸਲ ਦਾ ਭਾਅ, ਗੰਨੇ ਦੀ ਫਸਲ ਦਾ ਭਾਅ ਪਿਛਲੀ ਸਰਕਾਰ ਨਾਲੋਂ ਵੱਧ ਦਿੱਤਾ ਜਾ ਰਿਹਾ ਹੈ। ਕਿਸਾਨ ਮੰਡੀਆਂ ਵਿਚ ਰੁਲਿਆ ਨਹੀਂ, ਗਿੱਲਾ ਝੋਨਾ ਵੀ ਚੁੱਕਿਆ ਗਿਆ ਹੈ।

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਇੱਕ ਮਿੰਟ ਜੀ। ਸਰ, ਜ਼ਮੀਨਾਂ ਦਾ ਛੇ-ਛੇ ਹਜ਼ਾਰ ਰੁਪਿਆ ਠੇਕਾ ਵੱਧ ਗਿਆ ਹੈ ਤੇ ਸਾਢੇ ਦਸ ਲੱਖ ਦੇ ਕਰੀਬ ਕਿਸਾਨਾਂ ਦਾ ਕਰਜ਼ਾ ਮਾਫ ਕਰ ਦਿੱਤਾ ਗਿਆ ਹੈ।

**ਮਾਨਯੋਗ ਡਿਪਟੀ ਸਪੀਕਰ :** ਪਲੀਜ਼, ਤੁਸੀਂ ਹੁਣ ਬੈਠੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਲਗਭਗ ਸਾਢੇ ਦਸ ਲੱਖ ਮਾਰਜਨਲ ਕਿਸਾਨਾਂ ਦਾ ਕਰਜ਼ਾ ਮਾਫ ਕੀਤਾ ਹੈ। ਜੋ ਕੈਪਟਨ ਅਮਰਿੰਦਰ ਸਿੰਘ ਜੀ ਨੇ ਵਾਅਦਾ ਕੀਤਾ ਸੀ ਉਹ ਪੂਰਾ ਕੀਤਾ, ਉਹ ਪੂਰਾ ਕੀਤਾ ਹੈ।

**ਮਾਨਯੋਗ ਡਿਪਟੀ ਸਪੀਕਰ:** ਰਾਜਾ ਜੀ, ਪਲੀਜ਼ ਬੈਠੋ। ਹਾਂ ਜੀ, ਮਜੀਠੀਆ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਬਾਕੀ ਸਾਰੇ ਮੈਂਬਰ (ਸਰਦਾਰ ਬਿਕਰਮ ਸਿੰਘ ਮਜੀਠੀਆ ਤੇ ਸਰਦਾਰ ਲਖਬੀਰ ਸਿੰਘ ਲੋਧੀਨੰਗਲ ਨੂੰ ਛੱਡ ਕੇ) ਅਤੇ ਬੀ.ਜੇ.ਪੀ. ਦੇ ਸਦਨ ਵਿਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਆ ਕੇ ** ** ਚੇਅਰ ਦੇ ਖਿਲਾਫ ਨਾਅਰੇ ਲਗਾਉਣ ਲੱਗ ਪਏ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਡਿਪਟੀ ਸਪੀਕਰ:** ਤੁਸੀਂ ਆਪਣੀਆਂ ਆਪਣੀਆਂ ਸੀਟਾਂ ਤੇ ਵਾਪਸ ਜਾਉ। ਤੁਹਾਡੇ ਲੀਡਰ ਨੇ ਬੋਲਣਾ ਹੈ। ਪਲੀਜ਼, ਆਪਣੀਆਂ ਸੀਟਾਂ ਤੇ ਚਲੇ ਜਾਉ।ਕਿਉਂ ਟਾਈਮ ਖਰਾਬ ਕਰਦੇ ਹੋ।ਜੋ ਮੇਰੀ ਪਰਮਿਸ਼ਨ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

---

** ** Not recorded as ordered by the Chair.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਵੌਂਲ ਆਫ ਦਿ ਹਾਊਸ ਵਿਚੋਂ ਆਪਣੀਆਂ ਆਪਣੀਆਂ ਸੀਟਾਂ ਉੱਤੇ ਵਾਪਸ ਆ ਗਏ।)

**ਮਾਨਯੋਗ ਡਿਪਟੀ ਸਪੀਕਰ :** ਤੁਹਾਡੇ ਸੀਨੀਅਰ ਆਗੂ ਬੋਲ ਰਹੇ ਹਨ, ਤੁਸੀਂ ਉਨ੍ਹਾਂ ਨੂੰ ਬੋਲਣ ਦਿਉ। ਉਨ੍ਹਾਂ ਨੂੰ ਸੁਣ ਲਵੋ। ਪਲੀਜ਼ ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਡਿਪਟੀ ਸਪੀਕਰ ਸਾਹਿਬ।

**ਮਾਨਯੋਗ ਡਿਪਟੀ ਸਪੀਕਰ :** ਹਾਂ ਜੀ, ਸਰਦਾਰ ਸੁਖਪਾਲ ਸਿੰਘ ਜੀ। ਖਹਿਰਾ ਸਾਹਿਬ ਦਾ ਮਾਈਕ ਆਨ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਤੁਸੀਂ ਸਵਾ ਪੰਜ ਵਜੇ ਆਨਰੇਬਲ ਮੈਂਬਰ ਨੂੰ 27 ਮਿੰਟ ਦਾ ਟਾਈਮ ਦਿੱਤਾ ਹੈ। He has just not arrived anywhere ਔਰ ਇੰਨੇ ਜ਼ਿਆਦਾ ਪੁਆਇੰਟ ਆਫ ਆਰਡਰ ਹੋ ਗਏ। ਠੀਕ ਹੈ ਕਿ ਜੇਕਰ ਕੋਈ ਵਾਜਿਬ ਪੁਆਇੰਟ ਆਫ ਆਰਡਰ ਹੁੰਦਾ ਹੈ, that is acceptable ਇਹ ਤਾਂ ਸਰਾਸਰ ਟਾਈਮ ਖਰਾਬ ਕਰ ਰਹੇ ਹਨ। ਅੱਜ ਸਦਨ ਦਾ ਟਾਈਮ 6.30 ਤੱਕ ਦਾ ਹੀ ਹੈ।ਇਸ ਤਰ੍ਹਾਂ ਤਾਂ ਕੇਵਲ ਇਨ੍ਹਾਂ ਦੀ ਬਹਿਸ ਹੋ ਸਕੇਗੀ, ਬਾਕੀਆਂ ਦੀ ਕਿਸ ਤਰ੍ਹਾਂ ਹੋਵੇਗੀ? ਫੂਲਕਾ ਸਾਹਿਬ ਨੇ ਬੋਲਣਾ ਹੈ, ਸਾਡੇ ਹੋਰ ਮੈਂਬਰ ਸਾਹਿਬਾਨ ਨੇ ਵੀ ਬੋਲਣਾ ਹੈ।(ਵਿਘਨ....ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਸੁਖਪਾਲ ਜੀ, ਮੇਰੇ ਕੋਲ ਟਾਈਮ ਨੋਟ ਕੀਤਾ ਹੋਇਆ ਹੈ and I shall take care of this. ਤੁਸੀਂ ਬੈਠੋ ਪਲੀਜ਼। ਤੁਸੀਂ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਇੰਟਰੱਪਸ਼ਨ ਕਿਉਂ ਕਰ ਰਹੇ ਹੋ, ਬੈਠੋ ਪਲੀਜ਼। ਤੁਹਾਡੀ ਆਪਣੀ ਪਾਰਟੀ ਦੇ ਸੀਨੀਅਰ ਨੇਤਾ ਬੋਲ ਰਹੇ ਹਨ, ਉਨ੍ਹਾਂ ਨੂੰ ਬੋਲਣ ਦਿਉ। ਪਲੀਜ਼, ਮਜੀਠੀਆ ਜੀ, ਤੁਸੀਂ ਬੋਲੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਇਹ ਇਤਿਹਾਸ ਵਿਚ ਪਹਿਲੀ ਵਾਰੀ ਹੋਇਆ ਹੈ ਕਿ ਘਰ-ਘਰ ਜਾ ਕੇ ਇਹ ਫਾਰਮ ਭਰਵਾਏ ਗਏ ਤੇ ਘਰ-ਘਰ ਜਾ ਕੇ ਵਾਅਦੇ ਕੀਤੇ ਗਏ ਪਰ ਡਿਪਟੀ ਸਪੀਕਰ ਸਾਹਿਬ, ਅੱਜ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਤੁਸੀਂ ਵੀ ਦਲਿਤ ਵਰਗ ਦੇ ਬੜੇ ਹਮਦਰਦ ਹੋ। ਅੱਜ ਉਸ ਦਲਿਤ, ਖੇਤ ਮਜ਼ਦੂਰ ਦਾ ਜਿਸ ਦਾ ਇਸ ਫਾਰਮ ਵਿਚ ਜ਼ਿਕਰ ਹੈ, ਉਸ ਦੇ ਕਰਜ਼ੇ ਮੁਆਫੀ ਦੀ ਗੱਲ ਵੀ ਨਹੀਂ ਕਰਦੇ । ਮੈਨੂੰ ਦੁੱਖ ਇਸ ਗੱਲ ਦਾ ਹੈ। ਡਿਪਟੀ ਸਪੀਕਰ ਸਾਹਿਬ, ਵੱਡਾ ਧੋਖਾ, ਧੋਖਾ ਵੀ ਕਿਸਦੇ ਨਾਲ ? ਜਿਹੜਾ ਆਪਣਾ ਢਿੱਡ ਬੰਨ੍ਹ ਕੇ ਲੋਕਾਂ ਦਾ ਢਿੱਡ ਭਰਨ ਵਾਲੇ ਉਸ ਕਿਸਾਨ ਨਾਲ, ਉਸ ਖੇਤ ਮਜ਼ਦੂਰ ਨਾਲ ਧੋਖਾ ਕੀਤਾ ਹੈ। ਕਿਸੇ ਨੇ ਬੜੇ ਸੁੰਦਰ ਲਫਜ਼ ਲਿਖੇ ਹਨ। ਕਹਿੰਦਾ ਹੈ -

ਜੱਟਾ ਸੁੱਤੀ ਧਰਤ ਜਗਾਵੇ ਹਲ਼ ਤੇਰੇ ਦਾ ਫਾਲ਼ਾ
ਹਾੜ੍ਹ ਦੀ ਗਰਮੀ ਸਿਰ ਤੇ ਝੁੱਲੇ, ਪਿੰਡੇ ਤੇ ਪੋਹ ਦਾ ਪਾਲ਼ਾ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ (ਬੈਠੇ-ਬੈਠੇ)** : 10 ਸਾਲ ਯਾਦ ਨਹੀਂ ਆਇਆ।

**ਮਾਨਯੋਗ ਡਿਪਟੀ ਸਪੀਕਰ** : ਜਿਹੜੇ ਨਾਅਰੇ ਲਗਾਏ ਗਏ ਸਨ, ਉਹ ਰਿਕਾਰਡ ਨਾ ਕੀਤੇ ਜਾਣ। ਮੈਂ ਦੋਹਾਂ ਧਿਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੰਮ ਚੱਲਣ ਦਿਓ। ਇਨ੍ਹਾਂ ਨੂੰ ਕਨਕਲੂਡ ਕਰ ਲੈਣ ਦਿਓ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਇਨ੍ਹਾਂ ਨੂੰ ਚਾਹੀਦਾ ਸੀ ਕਿ ਨਾਅਰੇ ਲਗਾਉਂਦੇ, ''ਜੈ ਜਵਾਨ, ਜੈ ਕਿਸਾਨ।'' ਜਦੋਂ ਤੁਹਾਡੇ ਵਿੱਤ ਮੰਤਰੀ ਸਾਹਿਬ ਨੂੰ ਕਿਸੇ ਨੇ ਸਵਾਲ ਪੁੱਛ ਲਿਆ ਤਾਂ ਕਹਿਣ ਲੱਗੇ ਕਿ ** ** ਇਨ੍ਹਾਂ ਭਿਖਾਰੀਆਂ ਨੂੰ ** ** ਕਰੋ।

**ਮਾਨਯੋਗ ਡਿਪਟੀ ਸਪੀਕਰ** : ** ** ਸ਼ਬਦ ਐਕਸਪੰਜ ਕਰ ਦਿੱਤਾ ਜਾਵੇ।

**Sardar Bikram Singh Majithia :** Deputy Speaker Sahib, excuse me. I am repeating the words of the Hon'ble Finance Minister. ਇੱਕ ਲਫਜ਼ ਵੀ ਸੱਜਾ ਖੱਬਾ ਨਹੀਂ ਹੋਵੇਗਾ। ਇਸ ਦੀ ਮੈਂ ਤੁਹਾਨੂੰ ਵੀਡੀਓ ਰਿਕਾਰਡਿੰਗ ਭੇਜ ਦੇਵਾਂਗਾ। ਇਹ ਲਫਜ਼ ਵਰਤ ਕੇ ਡਿਪਟੀ ਸਪੀਕਰ ਸਾਹਿਬ, ਵਾਕਿਆ ਹੀ ** ** ਕਰਨ ਵਾਲੀ ਗੱਲ ਹੋ ਗਈ। ਕਰਜ਼ਾ ਮੁਆਫੀ ਨੂੰ ਬਦਲ ਕੇ ਕਰਜ਼ਾ ਰਾਹਤ ਕਰ ਦਿੱਤਾ। ਲੋਨ ਵੇਵ ਕਰ ਦਿੱਤਾ। ਜਿਹੜੇ ਵਾਅਦੇ ਕਰਕੇ ਆਏ ਸੀ ਕਿ 90 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਭਾਵੇਂ ਆੜ੍ਹਤੀਏ ਦਾ ਹੈ, ਪ੍ਰਾਈਵੇਟ ਬੈਂਕ ਦਾ ਹੈ, ਕੋਆਪ੍ਰੇਟਿਵ ਦਾ ਹੈ, ਭਾਵੇਂ ਖੇਤ ਮਜ਼ਦੂਰ ਦਾ ਹੈ, ਸਾਰਾ ਮੁਆਫ ਕਰਾਂਗੇ ਪਰ ਅੱਜ ਇਹ ਉਸ ਵਾਅਦੇ ਤੋਂ ਭੱਜ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਮੇਰੇ ਬੜੇ ਕਾਬਲ ਵੀਰ ਨੇ ਕਿਹਾ ਹੈ ਕਿ 329 ਕਰੋੜ ਦਾ ਲੋਨ ਮੁਆਫ ਕਰ ਦਿੱਤਾ ਹੈ। ਜਨਾਬ, ਤੁਸੀਂ ਇਹ ਵੀ ਤਾਂ ਬੜੇ ਧਿਆਨ ਨਾਲ ਦੇਖਣਾ ਸੀ ਕਿ ਤੁਸੀਂ ਵਾਅਦਾ 90 ਹਜ਼ਾਰ ਕਰੋੜ ਦਾ ਕੀਤਾ ਹੈ, ਉਸ ਦੀ ਕਿੰਨੀ ਪਰਸੈਂਟੇਜ਼ ਬਣਦੀ ਹੈ, 0.036% ਬਣਦੀ ਹੈ, ਮਤਲਬ 0.5% ਵੀ ਨਹੀਂ। ਜੋ ਕਿਸਾਨਾਂ ਨਾਲ, ਖੇਤ ਮਜ਼ਦੂਰਾਂ ਨਾਲ ਵਾਅਦਾ ਕਰਕੇ ਆਏ ਸੀ, ਉਸ ਨੂੰ ਜੈ ਜਵਾਨ, ਜੈ ਕਿਸਾਨ ਦੇ ਸੁਪਨੇ ਵਿਖਾ ਕੇ ਆਏ ਸੀ, ਹੁਣ ਕਹਿੰਦੇ ** ** ਇਹ ਤਾਂ ਭਿਖਾਰੀ ਹੈ। ਉਹੀ ਇਨ੍ਹਾਂ ਦੀ ਮਨਸ਼ਾ ਅੱਜ ਦੇਖਣ ਨੂੰ ਮਿਲ ਰਹੀ ਹੈ। ਫੇਰ ਇਹ ਕਹਿੰਦੇ ਹਨ ਕਿ ਅਸੀਂ ਕਿੰਨਾ ਕਰਜ਼ਾ ਮੁਆਫ ਕਰ ਦਿੱਤਾ। ਮੇਰਾ ਵੀਰ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਵੱਲ ਇਸ਼ਾਰਾ) ਬਹੁਤ ਸਤਿਕਾਰਯੋਗ ਹੈ। ਸਰਦਾਰ ਸਾਹਿਬ, ਇਹ ਜਿਹੜਾ ਬੁੱਧ ਸਿੰਘ ਕਿਸਾਨ ਹੈ, ਤੁਹਾਨੂੰ ਪਛਾਣ ਵਿੱਚ ਆ ਗਿਆ ਹੋਣਾ ਹੈ (ਅਖਬਾਰ ਦਿਖਾਉਂਦੇ ਹੋਏ)

**ਮਾਨਯੋਗ ਡਿਪਟੀ ਸਪੀਕਰ** : ਮਜੀਠੀਆ ਜੀ, ਪਲੀਜ਼ ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਜਨਾਬ ਤੁਹਾਡੇ ਵਾਲੇ ਪਾਸੇ ਹੋ ਜਾਂਦਾ ਹਾਂ, ਤੁਸੀਂ ਵੀ ਵੇਖ ਲਓ। ਤੁਹਾਨੂੰ ਵਿਖਾਉਣਾ ਬੜਾ ਜ਼ਰੂਰੀ ਹੈ ਪਰ ਤੁਸੀਂ ਗੱਲ ਦੋਹਾਂ ਦੀ ਕਰੋ। ਇਹ ਟ੍ਰਿਬਿਊਨ ਅਖਬਾਰ ਹੈ ਅਤੇ ਬੁੱਧ ਸਿੰਘ, ਕਿਸਾਨ ਦੀ ਫੋਟੋ ਲੱਗੀ ਹੈ – Face of farm loan waiver left high and dry. He was once the face of Captain Amarinder Singh's Loan Waiver Scheme. ਕਰਜ਼ਾ ਕੁਰਕੀ ਖਤਮ ਅਤੇ ਫਸਲ ਦੀ ਪੂਰੀ ਰਕਮ। ਹੁਣ ਉਹ ਬੁੱਧ ਸਿੰਘ ਜਿਹੜਾ 56 ਸਾਲ ਦਾ ਹੈ, ਜੇਕਰ ਕਹੋ ਤਾਂ ਮੈਂ ਸਾਰਾ ਕੁਝ word to word ਪੜ੍ਹ ਦੇਵਾਂਗਾ। ਤੁਸੀਂ ਅਤੇ ਇਹ ਸਦਨ ਆਪ ਹੀ ਹਿਸਾਬ ਲਗਾ ਲਵੇਗਾ ਕਿ 90 ਹਜ਼ਾਰ ਕਰੋੜ ਰੁਪਏ ਦੀ ਗੱਲ ਕਰਨ ਵਾਲੇ ਅੱਜ 300 ਕਰੋੜ ਤੇ ਆਪਣੀ ਪਿੱਠ ਥਪਥਪਾ ਰਹੇ ਹਨ। ਜਿਸ ਕਿਸਾਨ ਦੀ ਫੋਟੋ ਲਵਾ ਕੇ ਤੁਸੀਂ ਕਰਜ਼ਾ ਕੁਰਕੀ ਦਾ ਕੰਮ ਸ਼ੁਰੂ ਕੀਤਾ ਸੀ, ਉਹ ਬੁੱਧ ਸਿੰਘ ਅੱਜ ਤੁਹਾਨੂੰ ਉਡੀਕਦਾ ਹੈ ਅਤੇ ਮੇਰਾ ਵੀਰ ਉਸ ਨੂੰ ਕੀ ਕਹਿੰਦਾ ਹੈ ਕਿ ਜਦੋਂ ਝੰਡੀ ਲੱਗੇਗੀ ਤਾਂ ਫੇਰ ਤੇਰਾ ਕਰਜ਼ਾ ਮੁਆਫ ਹੋਵੇਗਾ। ਹੁਣ ਇਹ ਨਾ ਹੋਵੇ ਕਿ ਤੁਹਾਡੇ ਝੰਡੀ ਲੱਗੇ ਨਾ ਅਤੇ ਵਿਚਾਰੇ ਗਰੀਬ ਦਾ ਸਾਰਾ ਕੁਝ ਜਾਂਦਾ ਰਹੇ। ਅਖਬਾਰ ਲਿਖਦਾ ਹੈ ਕਿ – "Budh Singh's ramshackle tenement in this tiny hamlet of Dera

** ** Expunged as ordered by the Chair.

[ਸਰਦਾਰ ਬਿਕਰਮ ਸਿੰਘ ਮਜੀਠੀਆ]

Baba Nanak Assembly segment to launch his party's debt waiver scheme. He was accompanied by Senior Congress Leader S.S. Randhawa and B.S. Pahra." ਪਾਹੜਾ ਸਾਹਿਬ ਇਥੇ ਬੈਠੇ ਨਹੀਂ ਹਨ। ਚਲੋ ਕੋਈ ਨਹੀਂ, ਬਾਹਰ ਹੀ ਕਿਤੇ ਹੋਵੇਗਾ। Budh Singh was asked to sign a form. Having done so, he was handed over a receipt among the clicking of photo, ਫੋਟੋ ਖਿੱਚੀ ਗਈ, ਐਵੇਂ ਕੜਕੜ ਕੜਕੜ ਦੀ ਅਵਾਜ਼ ਆਉਂਦੀ ਹੈ, ਤੁਸੀਂ ਵੀ ਖਿਚਾਈਆਂ ਹੋਣਗੀਆਂ, ਵਾਹਵਾ ਅਵਾਜ਼ ਕਰ ਦਿੰਦੀ ਹੈ, 25-30 ਫੋਟੋਆਂ ਇਕੱਠੀਆਂ ਖਿੱਚ ਕੇ ਕੈਪਟਨ ਅਮਰਿੰਦਰ ਸਿੰਘ ਨਾਲ ਲਈਆਂ ਤੇ ਕਿਸਾਨ ਨੂੰ ਕਹਿ ਦਿੱਤਾ ਕਿ ਨਿਸ਼ਚਿੰਤ ਹੋ ਜਾ, ਅੱਜ ਤੇਰਾ ਫਾਰਮ ਭਰਿਆ ਗਿਆ। (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਵੱਲ ਇਸ਼ਾਰਾ) ਜੇ ਮੈਂ ਗਲਤ ਗੱਲ ਕਹਿ ਰਿਹਾ ਹਾਂ ਤਾਂ ਦੱਸ ਦੇਣਾ।

**ਮਾਨਯੋਗ ਡਿਪਟੀ ਸਪੀਕਰ** : ਮਜੀਠੀਆ ਜੀ, ਪਲੀਜ਼ ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਕੀ ਹੁਣ ਉਸ ਬੁੱਧ ਸਿੰਘ ਦਾ ਕਰਜ਼ਾ ਮੁਆਫ ਹੋਇਆ? ਫੇਰ ਡਿਪਟੀ ਸਪੀਕਰ ਸਾਹਿਬ, ਇਕੱਲੀ ਇਹੀ ਗੱਲ ਨਹੀਂ, ਇਕ ਹੋਰ ਕਿਸਾਨ ਦਾ 107 ਰੁਪਿਆ ਕਰਜ਼ਾ ਮੁਆਫ ਕੀਤਾ। ਜੇ ਚਾਹੁੰਦੇ ਹਨ ਤਾਂ ਮੈਂ ਉਸ ਦਾ ਵੀ ਨਾਮ ਦੱਸ ਦਿੰਦਾ ਹਾਂ। ਉਸ ਦਾ ਨਾਮ ਹਰਮਿੰਦਰ ਸਿੰਘ ਹੈ, ਉਹ ਪਪਰਾਲੀ ਪਿੰਡ ਦਾ ਹੈ। ਇਕ ਬਲਵਿੰਦਰ ਸਿੰਘ ਕਿਸਾਨ ਹੈ, ਉਸ ਦਾ ਛੇ ਰੁਪਏ ਕਰਜ਼ਾ ਮੁਆਫ ਕੀਤਾ ਹੈ। ਸੋ, ਇਹੋ ਜਿਹੀ ਕਰਜ਼ਾ ਮੁਆਫੀ ਹੋ ਰਹੀ ਹੈ। ਮੈਂ ਇਸ ਗੱਲ ਦਾ ਧੰਨਵਾਦੀ ਹਾਂ ਕਿ ਥੋੜ੍ਹਾ ਜਿਹਾ ਤੁਸੀਂ ਰੌਲਾ ਵੀ ਪਾਇਆ ਸੀ ਕਿ ਸਾਨੂੰ ਤਾਂ ਪੁੱਛਿਆ ਹੀ ਨਹੀਂ ਗਿਆ। ਹੁਣ ਮੇਰੇ ਹਲਕੇ ਵਿਚ ਵੀ ਫੋਨ ਜਾਂਦੇ ਹਨ ਅਤੇ ਸੱਜੇ-ਖੱਬੇ ਵੀ ਜਾਂਦੇ ਹਨ ਕਿ ਜੇ ਸਾਡਾ ਧਿਆਨ ਰੱਖੇਂਗਾ ਤਾਂ ਫਿਰ ਤੇਰਾ ਇਸ ਕਰਜ਼ਾ ਮੁਆਫੀ ਪ੍ਰੋਗਰਾਮ ਵਿਚ ਨਾਮ ਆਵੇਗਾ, ਨਹੀਂ ਤਾਂ ਤੇਰਾ ਨਾਮ ਨਹੀਂ ਆਵੇਗਾ। ਇਹ ਤੁਸੀਂ ਕਿਹੋ ਜਿਹਾ ਧਿਆਨ ਰਖਵਾਉਣਾ ਚਾਹੁੰਦੇ ਹੋ? ਕੀ ਗੱਲਾਂ ਕਰਦੇ ਹੋ? ਕਿਸਾਨਾਂ ਦੇ ਨਾਲ ਖਿਲਵਾੜ ਕਰਦੇ ਹੋ? (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਹਾਊਸ ਚੱਲਣ ਦਿਉ ਜੀ। ਵੜਿੰਗ ਜੀ, ਪਲੀਜ਼, ਬੈਠ ਜਾਉ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਮੈਂ ਬੜੇ ਅਫਸੋਸ ਨਾਲ ਕਹਿੰਦਾ ਹਾਂ ਕਿ ਇਹ ਟੈਂਪਰਿੰਗ ਆਫ ਲਿਸਟ ਹੈ, ਜਿਹੜਾ ਕੋਈ ਜੈਨੁਅਨ ਕਿਸਾਨ ਹੈ, ਉਸ ਦਾ ਕਰਜ਼ਾ ਮੁਆਫ ਹੋਵੇ। (ਵਿਘਨ...ਸ਼ੋਰ) ਰਾਜਾ ਜੀ, ਮੇਰੇ ਵੀਰ ਮੈਂ ਤਾਂ ਤੇਰੇ ਫਾਇਦੇ ਦੀ ਗੱਲ ਹੀ ਕਰੀ ਜਾਂਦਾ ਹਾਂ। (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਰਾਜਾ ਜੀ, ਪਲੀਜ਼, ਇਨ੍ਹਾਂ ਨੂੰ ਬੋਲਣ ਦਿਉ।

**ਸਰਦਾਰ ਬਿਕਰਮ ਸਿੰਘ ਮਜੀਠੀਆ:** (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸੰਬੋਧਨ ਕਰਦੇ ਹੋਏ।) ਮੈਂ ਤਾਂ ਤੈਨੂੰ ਵੀ ਵਜ਼ੀਰੀ ਵਿਚ ਵੇਖਣਾ ਚਾਹੁੰਦਾ ਹਾਂ। ਜੇਕਰ ਦੋ ਰਾਜੇ ਰਲ਼ ਜਾਣ ਤਾਂ ਹੋ ਸਕਦਾ ਹੈ ਕਿ ਕਿਤੇ ਜਨਤਾ ਦਾ ਭਲਾ ਹੋ ਜਾਵੇ (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਮਜੀਠੀਆ ਜੀ, Please, address the Chair. Please, address the Chair. ਆਪਾਂ ਆਪਣਾ ਟਾਈਮ ਖਰਾਬ ਨਾ ਕਰੀਏ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਬਿਨਾਂ ਆਗਿਆ ਤੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫ਼ੀ ਸ਼ੋਰ ਸੀ।)

**ਮਾਨਯੋਗ ਡਿਪਟੀ ਸਪੀਕਰ:** ਰਾਜਾ ਜੀ, ਪਲੀਜ਼, ਬੈਠ ਜਾਉ ਜੀ। ਪਲੀਜ਼, ਬੈਠੋ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਠੀਕ ਹੈ, ਥੋੜ੍ਹਾ ਜਿਹਾ ਬੰਦੇ ਨੂੰ ਉਤਾਵਲਾਪਨ ਹੋ ਜਾਂਦਾ ਹੈ ਕਿ ਛੇਤੀ ਛੇਤੀ ਵਜ਼ੀਰ ਬਣ ਜਾਈਏ, ਕਾਂਗਰਸ ਪਾਰਟੀ ਨੇ ਬੜੀ ਘਸਾਈ ਕੀਤੀ ਹੈ (ਵਿਘਨ) (ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਮਜੀਠੀਆ ਜੀ ਨੂੰ ਬੋਲ ਲੈਣ ਦਿਉ ਜੀ। (ਵਿਘਨ...ਸ਼ੋਰ)

**ਸਰਕਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਦੋਵਾਂ ਤੋਂ ਸਿਰਫ ਇੰਨੀ ਗੱਲ ਪੁੱਛਣਾ ਚਾਹੁੰਦਾ ਸੀ ਕਿ ਜਿਹੜੇ ਬੁੱਧ ਸਿੰਘ ਦੀ ਫੋਟੋ ਲਗਵਾਈ ਹੈ, ਕੀ ਉਸ ਦਾ ਕਰਜ਼ਾ ਮੁਆਫ ਕਰੋਗੇ ਕਿ ਨਹੀਂ?

(**ਟਰੇਜ਼ਰੀ ਬੈਂਚਿਜ਼ ਵਲੋਂ ਅਵਾਜ਼ਾਂ:** ਕਰਾਂਗੇ, ਕਰਾਂਗੇ।)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਪਰ ਤੁਹਾਡਾ ਅਫ਼ਸਰ ਤਾਂ ਕਹਿੰਦਾ ਹੈ ਕਿ ਉਸ ਦਾ ਕਰਜ਼ਾ ਗ੍ਰਾਮੀਣ ਬੈਂਕ ਦਾ ਹੈ, ਇਹ ਤਾਂ ਮੁਆਫ ਹੋ ਹੀ ਨਹੀਂ ਸਕਦਾ। (ਵਿਘਨ)(ਸ਼ੋਰ) ਕੀ ਤੁਸੀਂ ਆਪਣੇ ਕੋਲੋਂ ਉਸ ਦਾ ਕਰਜ਼ਾ ਮੁਆਫ ਕਰੋਗੇ?

**ਮਾਨਯੋਗ ਡਿਪਟੀ ਸਪੀਕਰ:** ਮਜੀਠੀਆ ਜੀ, ਤੁਸੀਂ ਇੰਨੇ ਸੀਨੀਅਰ ਹੋ। ਵਾਰ ਵਾਰ ਉਨ੍ਹਾਂ ਨੂੰ ਸਿੱਧਾ ਐਡਰੈੱਸ ਨਾ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਚਲੋ, ਡਿਪਟੀ ਸਪੀਕਰ ਸਾਹਿਬ, ਮੈਂ ਅੱਗੇ ਚਲਦਾ ਹਾਂ।

**ਮਾਨਯੋਗ ਡਿਪਟੀ ਸਪੀਕਰ:** ਦੇਖੋ, ਤੁਹਾਡੇ 42 ਮਿੰਟ ਹੋ ਗਏ ਹਨ ਅਤੇ ਤਿੰਨ ਮਿੰਟ ਜਿਹੜੇ ਤੁਹਾਡੇ ਖਰਾਬ ਹੋਏ ਹਨ । (ਵਿਘਨ..ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਕਈ ਮੈਂਬਰਜ਼ ਆਪਣੀਆਂ ਸੀਟਾਂ ਤੇ ਬੈਠੇ- ਬੈਠੇ ਸਮੇਂ ਦੀ ਵੰਡ ਨੂੰ ਲੈ ਕੇ ਬੋਲਣ ਲੱਗ ਪਏ।)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਡਿਪਟੀ ਸਪੀਕਰ ਸਾਹਿਬ, ਇਹ ਗਲਤ ਗੱਲ ਹੈ (ਵਿਘਨ...ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਤੁਸੀਂ ਆਪ ਹੀ ਆਪਣੇ ਮੈਂਬਰ ਨੂੰ ਇੰਟਰੱਪਟ ਕਰੀ ਜਾਂਦੇ ਹੋ। ਮਜੀਠੀਆ ਜੀ ਨੂੰ ਬੋਲਣ ਦਿਉ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਚਲੋ, ਛੱਡੋ ਜੀ। ਇਨ੍ਹਾਂ ਨੇ ਫਿਰ ਕੀ ਕੀਤਾ ਕਿ ਇਕ ਪਰਸੈਂਟ ਮਾਰਕੀਟ ਫੀਸ ਅਤੇ ਇਕ ਪਰਸੈਂਟ ਆਰ.ਡੀ.ਐਫ. ਲਗਾਇਆ। ਇਸ ਤਰ੍ਹਾਂ 900 ਕਰੋੜ ਰੁਪਿਆ ਕਿਸਾਨੀ ਦੇ ਸਿਰ ਤੇ ਇਕੱਠਾ ਕਰ ਲਿਆ ਪਰ ਕਿਸਾਨੀ ਨੂੰ ਦਿੱਤਾ ਕੀ? ਸਿਰਫ 329 ਕਰੋੜ ਰੁਪਿਆ ਦਿੱਤਾ? ਬਾਕੀ ਕਿੱਧਰ ਗਿਆ ਜੀ? (ਆਪੋਜ਼ੀਸ਼ਨ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਕਿਹੋ ਜਿਹੇ ਕੰਮ ਕਰੀ ਜਾ ਰਹੇ ਹਨ? ਜਿੰਨੀ ਕਿਸਾਨੀ ਦੇ ਸਿਰ ਤੇ ਤੁਸੀਂ ਕਮਾਈ ਕੀਤੀ ਹੈ, ਕਿਤੇ ਕਿਸਾਨੀ ਨੂੰ ਇੰਨਾ ਪੈਸਾ ਦੇ ਵੀ ਦਿੰਦੇ ਤਾਂ ਮੈਂ ਵੀ ਅੱਜ ਤੁਹਾਡੇ ਇਸ ਕਦਮ ਦੀ ਸ਼ਲਾਘਾ ਹੀ ਕਰਦਾ। ਠੀਕ ਹੈ, ਆਪਣੇ ਮੱਤਭੇਦ ਹਨ, ਪਰ ਤੁਹਾਡੇ ਚੰਗੇ ਕੰਮ ਨੂੰ ਚੰਗਾ ਕਹਿਣਾ ਪੈਣਾ ਹੈ ਅਤੇ ਮਾੜੇ ਨੂੰ ਮਾੜਾ ਕਹਿਣਾ ਪੈਣਾ ਹੈ। ਫਿਰ ਡਿਪਟੀ ਸਪੀਕਰ ਸਾਹਿਬ, ਜੇ ਇਨ੍ਹਾਂ ਦੀ ਸਕੀਮ ਇੰਨੀ ਚੰਗੀ ਸੀ ਤਾਂ 400 ਕਿਸਾਨ ਖੁਦਕੁਸ਼ੀ ਕਿਉਂ ਕਰ ਗਿਆ ਹੈ? ਹਾਲੇ ਤੁਹਾਡੀ ਸਰਕਾਰ ਦੇ 400 ਦਿਨ ਵੀ ਪੂਰੇ ਨਹੀਂ ਹੋਏ। ਕੀ ਤੁਹਾਡੇ ਦਰਦ ਨਹੀਂ ਹੁੰਦਾ? (ਆਪੋਜ਼ੀਸ਼ਨ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਲੱਛੇਦਾਰ ਅਲਫਾਜ਼ਾਂ ਦੀ ਤਾਂ ਬੜੀ ਗੱਲ ਕਰਦੇ ਹੋ, ਸ਼ਹੀਦ ਭਗਤ ਸਿੰਘ ਦੀ ਮਿੱਟੀ ਹੱਥ ਵਿੱਚ ਫੜ ਕੇ ਗੱਲ ਕਰਨ ਵਾਲੇ ਵਿਧਾਨ ਸਭਾ ਵਿਚ ਬੈਠੇ ਹਨ। ਚੋਣ ਮੈਨੀਫੈਸਟੋ ਨੂੰ ਤਿਆਰ ਕਰਵਾਉਣ ਵਾਲੇ ਇੱਥੇ ਬੈਠੇ ਹਨ। ਸਤਿਕਾਰਯੋਗ ਡਾਕਟਰ ਮਨਮੋਹਨ ਸਿੰਘ ਸਾਹਿਬ ਦੀ ਫੋਟੋ, ਸਤਿਕਾਰਯੋਗ ਸੋਨੀਆ ਗਾਂਧੀ ਜੀ ਦੀ ਫੋਟੋ, ਸਤਿਕਾਰਯੋਗ ਰਾਹੁਲ ਜੀ ਦੀ, ਸਤਿਕਾਰਯੋਗ ਕੈਪਟਨ ਜੀ ਦੀ ਫੋਟੋ ਮੈਨੀਫੈਸਟੋ ਤੇ ਹੈ। ਇਹ ਤਾਂ ਮਜੀਠੀਏ ਦੇ ਲਫਜ਼ ਹਨ। ਪਰ ਸਿੱਧੂ (ਸਥਾਨਕ ਸਰਕਾਰ ਮੰਤਰੀ ਵੱਲ ਇਸ਼ਾਰਾ) ਇਨ੍ਹਾਂ ਬਾਰੇ ਕੀ ਕਹਿੰਦਾ ਹੈ? ਉਹ ਕਹਿੰਦਾ ਹੈ, ** **, ** ** ਅਤੇ ** **, ਇਹ ਮੈਂ ਨਹੀਂ ਕਹਿੰਦਾ, ਤੁਹਾਡਾ ਵਜ਼ੀਰ ਕਹਿੰਦਾ ਹੈ ਅਤੇ ਤੁਸੀਂ ਚੁੱਪ ਕਰਕੇ ਬੈਠੇ ਰਹਿੰਦੇ ਹੋ।

**ਮਾਨਯੋਗ ਡਿਪਟੀ ਸਪੀਕਰ:** ** ** ਇਹ ਲਫਜ਼ ਕੱਟ ਦਿੱਤੇ ਜਾਣ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਚਲੋ, ਚੋਣ ਮੈਨੀਫੈਸਟੋ ਦੀ ਗੱਲ ਮੈਂ ਛੱਡ ਦਿੰਦਾ ਹਾਂ ਜੀ। ਮੈਂ ਅੱਗੇ ਗੱਲ ਕਰ ਲੈਂਦਾ ਹਾਂ।

**ਮਾਨਯੋਗ ਡਿਪਟੀ ਸਪੀਕਰ:** ਜੋ ਹਾਊਸ ਦੇ ਵਿਚ ਹਾਜ਼ਰ ਨਹੀਂ ਹਨ, ਉਨ੍ਹਾਂ ਦਾ ਜ਼ਿਕਰ ਨਾ ਕੀਤਾ ਜਾਵੇ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਇਹ ਗੱਲਾਂ ਮੈਂ ਨਹੀਂ ਕਹਿੰਦਾ। ਜੋ ਇਨ੍ਹਾਂ (ਟਰੈਜ਼ਰੀ ਬੈਂਚਿਜ ਵੱਲ ਇਸ਼ਾਰਾ) ਦਾ ਵਜ਼ੀਰ ਹੈ, ਉਹ ਇਹ ਗੱਲਾਂ ਕਹਿੰਦਾ ਹੈ। ਸਰ, ਤੁਸੀਂ ਸੁਣਦੇ ਨਹੀਂ ਹੋ, ਦਾਸ ਨਹੀਂ ਕਹਿੰਦਾ। ਜਿਹੜਾ ਅਜਿਹੇ ਲਫਜ਼ ਕਹਿਣ ਵਾਲਾ ਹੈ, ਜਿਹੜਾ ** ** ਹੈ, ਉਹ ਪਤਾ ਨਹੀਂ ਕਿੱਧਰ ਭੱਜਾ ਫਿਰਦਾ ਹੈ, ਮੈਂ ਉਸਦੇ ਲਫਜ਼ਾਂ ਦੀ ਗੱਲ ਕਰਦਾ ਹਾਂ। ਉਹ ਪਤਾ ਨਹੀਂ ਕਿੱਧਰ ਹੈ? *** ਚਲੋ, ਤੁਸੀਂ ਛੱਡੋ। *** ਹੈ, ਪਤਾ ਨਹੀਂ ਕਿਧਰ ਤੁਰ ਗਿਆ ਹੈ? ਚਲੋ, ਅੱਗੇ ਚਲਦਾ ਹਾਂ।

**ਮਾਨਯੋਗ ਡਿਪਟੀ ਸਪੀਕਰ:** ਮਜੀਠੀਆ ਜੀ, ਤੁਹਾਡੇ ਦੋ ਮਿੰਟ ਰਹਿ ਗਏ ਹਨ।

(**ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਮੈਂਬਰਜ਼ ਵਲੋਂ ਅਵਾਜ਼ਾਂ:** ਨਹੀਂ ਜੀ, ਨਹੀਂ ਜੀ।)

---

*** Expunged as ordered by the Chair.

*** *** Expunged as ordered by Hon'ble Speaker,

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਇਹ ਕਿਸਾਨਾਂ ਦੇ ਇੰਨ੍ਹੇ ਹਮਦਰਦ ਹਨ ਕਿ ਇਨ੍ਹਾਂ ਨੇ ਇਕ ਡੈੱਡ ਕਿਸਾਨ ਤੇ ਪਰਚਾ ਦਰਜ ਕਰ ਦਿੱਤਾ । ਮਾਨ ਸਿੰਘ, ਗਿੱਦੜਬਾਹੇ ਦਾ ਕਿਸਾਨ, ਮੇਰਾ ਵੀਰ ਸੀ। ਤੁਸੀਂ ਦੇਖੋ (ਟਰੈਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਮੇਰੇ ਨੌਜੁਆਨ ਵੀਰ ਹੋ, ਤੁਹਾਡੇ ਦਿਲ ਨੂੰ ਮਹਿਸੂਸ ਨਾ ਹੋਇਆ ਕਿ ਇਕ ਕਿਸਾਨ ਜਿਸ ਦੀ ਡੈੱਥ ਹੋ ਗਈ ਹੈ, ਉਸ ਦੀ ਕਰਜ਼ਾ ਮੁਆਫੀ ਤਾਂ ਕੀ ਕਰਨੀ ਉਸਤੇ ਪਰਚਾ ਦਰਜ ਕਰ ਰਹੇ ਹੋ। ਕੀ ਆਪਾਂ ਅਜਿਹੀ ਸਰਕਾਰ ਚਲਾ ਰਹੇ ਹਾਂ। ਡਿਪਟੀ ਸਪੀਕਰ ਸਾਹਿਬ, ਮੇਰੇ ਵੱਡੇ ਭਾਈ ਸਾਹਿਬਾਂ ਨੇ ਜਿਹੜੀਆਂ ਆਹ ਕਿਤਾਬਾਂ ਛਾਪੀਆਂ ਹਨ (ਚੋਣ ਮੈਨੀਫੈਸਟੋ) ਇਸ ਵਿਚ ਵਾਅਦਾ ਕਰਦੇ ਹਨ ਕਿ ਜਿਸ ਕਿਸਾਨ ਦੀ ਡੈੱਥ ਹੋ ਜਾਵੇਗੀ, ਉਸ ਨੂੰ ਨੌਕਰੀ ਦੇਣਗੇ। ਸਰਦਾਰ ਸਾਹਿਬ, ਜੇਕਰ ਨੌਕਰੀ ਇਕ ਕਿਸਾਨ ਨੂੰ ਵੀ ਦਿੱਤੀ ਹੈ ਤਾਂ ਮੈਂ ਆਪਣੇ ਸਾਰੇ ਲਫਜ਼ ਵਾਪਸ ਲੈ ਲਵਾਂਗਾ।ਹਾਂ, ਇਕ ਵੀਰ ਨੂੰ ਨੌਕਰੀ ਦਿੱਤੀ ਹੈ। ਤੁਹਾਨੂੰ ਪਤਾ ਹੀ ਹੈ, ਮੇਰਾ ਉਸ ਵੀਰ ਨਾਲ ਬੜਾ ਪਿਆਰ ਰਿਹਾ ਹੈ। ਸੋ, ਉਹ ਮੇਰੇ ਨਾਲ ਇਸ ਗੱਲ ਕਰਕੇ ਨਰਾਜ਼ ਹੈ, ਮਗਰ ਪਤਾ ਤੁਹਾਨੂੰ ਵੀ ਹੈ।

**ਮਾਨਯੋਗ ਡਿਪਟੀ ਸਪੀਕਰ:** ਮਜੀਠੀਆ ਜੀ, ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਇਹ ਵੀ ਆਪਣੇ ਹਨ, ਤੁਸੀਂ ਵੀ ਆਪਣੇ ਹੋ, ਮੈਂ ਇਧਰ ਵੇਖਾਂ ਚਾਹੇ ਉਧਰ ਵੇਖਾਂ ਗੱਲ ਤਾਂ ਤੁਹਾਡੇ ਨਾਲ ਹੀ ਕਰ ਰਿਹਾ ਹਾਂ।

**ਮਾਨਯੋਗ ਡਿਪਟੀ ਸਪੀਕਰ**: ਪਲੀਜ਼, ਮਜੀਠੀਆ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਚਲੋ, ਕਿਸਾਨਾਂ ਨੂੰ ਕੋਈ ਨੌਕਰੀ ਨਹੀਂ ਦਿੱਤੀ, ਕੋਈ ਲੋਨ ਮੁਆਫੀ ਨਹੀਂ, ਕੋਈ ਮੁਆਵਜ਼ਾ ਨਹੀਂ ਮਿਲਿਆ। ਹਾਂ ਇਹ ਜ਼ਰੂਰ ਹੈ ਕਿ ਤੁਹਾਡੇ ਵਿਚੋਂ ਕਈਂ ਉਸ ਇਲਾਕੇ ਵਿਚ ਗਏ ਸਨ, ਜਿਥੇ ਤੁਸੀਂ ਕਰਜ਼ਾ ਮੁਆਫੀ ਕਰਕੇ ਆਏ ਹੋ, ਉਥੇ 100 ਕਿਸਾਨਾਂ ਦੀ ਉਸ ਤੋਂ ਬਾਅਦ ਮੌਤ ਹੋ ਚੁੱਕੀ ਹੈ ਪਰ ਤੁਸੀਂ ਉਥੋਂ ਇਸ਼ਕ ਦਾ ਗਿੱਧਾ ਪਾ ਕੇ ਮੁੜ ਆਏ। ਉਹ ਵੀ ਲੋਕ ਵੇਖਦੇ ਸਨ ਕਿ ਕਿਸਾਨ ਦਾ ਸਿਵਾ ਹਾਲੇ ਠੰਡਾ ਨਹੀਂ ਹੋਇਆ, ਉਨ੍ਹਾਂ ਪਰਿਵਾਰਾਂ ਦੇ ਦੁੱਖ ਹਾਲੇ ਤੱਕ ਪੂਰੇ ਨਹੀਂ ਹੋਏ ਤੇ ਇਹ ਲੋਕ ਝੂਠੇ ਕਿਸਾਨ ਕਰਜ਼ਾ ਮੁਆਫੀ ਦਾ ਇਸ਼ਕ ਦਾ ਗਿੱਧਾ ਪਾਉਂਦੇ ਸਨ। ਉਸ ਦੇ ਤਾਂ ਬਿਲ ਦੇ ਦੇਣੇ ਸਨ, ਜੇਕਰ ਉਹ ਵੀ ਨਹੀਂ ਦਿੱਤੇ ਤਾਂ ਬੜੇ ਅਫਸੋਸ ਦੀ ਗੱਲ ਹੈ। ਚਲੋ, ਇਹ ਵੀ ਛੱਡੋ। (ਵਿਘਨ..ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਡਿਪਟੀ ਸਪੀਕਰ**: ਮਜੀਠੀਆ ਜੀ, ਪਲੀਜ਼, ਤੁਹਾਡਾ ਟਾਈਮ ਹੋ ਗਿਆ ਹੈ। ਪਲੀਜ਼ ਬੈਠੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਰਦਾਰ ਬਿਕਰਮ ਸਿੰਘ ਮਜੀਠੀਆ ਨੂੰ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ।)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ..

**ਮਾਨਯੋਗ ਡਿਪਟੀ ਸਪੀਕਰ:** ਨੋ ਨੋ, ਪਲੀਜ਼। ਜੋ ਤੁਹਾਡਾ ਡਿਸਾਈਡ ਕੀਤਾ ਹੈ, ਉਹੀ ਟਾਈਮ ਤੁਹਾਨੂੰ ਦਿੱਤਾ ਗਿਆ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਡਿਪਟੀ ਸਪੀਕਰ:** ਰਾਜਾ ਜੀ, ਪਲੀਜ਼ ਬੈਠੋ। ਰੰਧਾਵਾ ਜੀ, ਬੈਠੋ ਪਲੀਜ਼। ਢੀਂਡਸਾ ਜੀ, ਤੁਸੀਂ ਬਾਰ ਬਾਰ ਇੰਟਰੱਪਟ ਕਰਦੇ ਹੋ। (ਵਿਘਨ..ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ:** (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸੰਬੋਧਨ) ਰਾਜਾ ਜੀ, ਸਾਡਾ ਤਾਂ ਰਾਜਾ ਤੂੰ ਹੀ ਹੈ ਮੇਰਾ ਵੀਰ। ਤੁਸੀਂ ਇਸ਼ਕ ਦਾ ਗਿੱਧਾ ਪੁਆਇਆ। (ਵਿਘਨ..ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ** **

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਕੀ ਮੈਂ ਬੋਲ ਸਕਦਾ ਹਾਂ?

**ਮਾਨਯੋਗ ਡਿਪਟੀ ਸਪੀਕਰ :** ਮਜੀਠੀਆ ਜੀ, ਪਲੀਜ਼ ਇਕ ਮਿੰਟ ਵਿਚ ਕਨਕਲੂਡ ਕਰੋ, ਤੁਹਾਡਾ ਟਾਈਮ ਹੋ ਗਿਆ ਹੈ, ਤੁਸੀਂ ਪੰਜ ਮਿੰਟ ਉਪਰ ਲੈ ਲਏ ਹਨ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਮੇਰੇ ਵੀਰ ਨੇ ਕੁਰਕੀ ਦੀ ਗੱਲ ਕੀਤੀ ਹੈ। ਚੰਦੂਮਾਜਰਾ ਜੀ ਨੇ ਸਵਾਲ ਲਗਾਇਆ ਸੀ, ਸੀ.ਐਮ. ਸਾਹਿਬ ਨੂੰ, ਉਸ ਦਾ ਲਿਖਤੀ ਜਵਾਬ ਆਇਆ ਕਿ 1986 ਤੋਂ ਬਾਅਦ ਕੁਰਕੀ ਕੀਤੀ ਹੀ ਨਹੀਂ ਗਈ ਜਦ ਕੁਰਕੀ ਹੋਈ ਹੀ ਨਹੀਂ ਤਾਂ ਤੁਸੀਂ ਖਤਮ ਕੀ ਕੀਤਾ? ਤੁਸੀਂ ਹਾਈਕੋਰਟ ਦੇ ਵਿਚ ਐਫੀਡੈਵਿਟ ਦਿੱਤਾ ਹੈ, ਮੇਰੇ ਕੋਲ ਉਸ ਦੀ ਕਾਪੀ ਹੈ, ਤੁਸੀਂ ਕਿਹਾ ਕਿ ਬੈਂਕਾਂ ਦੀ ਕੁਰਕੀ ਵਿਚ, ਹੋਰ ਅਦਾਰਿਆਂ ਦੀ ਕੁਰਕੀ ਵਿਚ, ਪ੍ਰਾਈਵੇਟ ਮਨੀ ਲੈਂਡਰ ਦੀ ਕੁਰਕੀ ਵਿਚ ਅਸੀਂ ਕੁਝ ਨਹੀਂ ਕਰ ਸਕਦੇ, ਇਹ ਨੈਚੁਰਲ ਪ੍ਰਾਸੈੱਸ ਹੈ। ਜਿਸ ਦੀ ਕੁਰਕੀ ਹੋਣੀ ਹੈ, ਹੋ ਲੈਣ ਦਿਓ, ਅਸੀਂ ਕੁਝ ਨਹੀਂ ਕਰ ਸਕਦੇ। ਸੋ, ਇਹ ਇਨ੍ਹਾਂ ਦਾ ਜਵਾਬ ਸਾਰੇ ਕਿਸਾਨੀ ਮੁੱਦੇ ਤੇ ਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਦੂਜਾ ਜਿਹੜਾ ਸਭ ਤੋਂ ਅਹਿਮ ਮੁੱਦਾ ਹੈ, ਘਰ ਘਰ ਰੁਜ਼ਗਾਰ।

**ਮਾਨਯੋਗ ਡਿਪਟੀ ਸਪੀਕਰ:** ਮਜੀਠੀਆ ਜੀ, ਲਾਸਟ ਗੱਲ ਕਰ ਲਓ। ਤੁਹਾਡਾ ਟਾਈਮ ਉੱਪਰ ਹੋ ਗਿਆ ਹੈ।ਪਲੀਜ਼ ਇੰਜ ਨਾ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਡਿਪਟੀ ਸਪੀਕਰ ਸਾਹਿਬ, ਡਿਪਟੀ ਸਪੀਕਰ ਸਾਹਿਬ ਕਹੀ ਜਾਂਦਾ ਹਾਂ, ਮੈਂ ਤੁਹਾਡੀ ਖੈਰ ਮੰਗੀ ਜਾਂਦਾ ਹਾਂ ਤੇ ਤੁਸੀਂ ਦਾਸ ਦਾ ਟਾਈਮ ਕੱਟੀ ਜਾਂਦੇ ਹੋ, ਮੈਂ ਤੁਹਾਡਾ ਭਲਾ ਮੰਗਦਾ ਹਾਂ।

---

** ** Expunged as ordered by Hon'ble Speaker.

**ਮਾਨਯੋਗ ਡਿਪਟੀ ਸਪੀਕਰ:** ਮਜੀਠੀਆ ਜੀ, ਪਲੀਜ਼ ਬੈਠੋ, ਹਾਂ ਜੀ, ਫੂਲਕਾ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਮੇਰੀ ਗੱਲ ਮੁੱਕ ਲੈਣ ਦਿਓ।

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਫਿਰ ਜਲਦੀ ਆਪਣੀ ਗੱਲ ਪੂਰੀ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਘਰ-ਘਰ ਰੁਜ਼ਗਾਰ ਦਾ ਵਾਅਦਾ ਕੀਤਾ। ਕੈਪਟਨ ਸਾਹਿਬ ਨੇ ਸਹੁੰ ਚੁੱਕੀ ਕਿ ਹਰ ਘਰ ਨੌਕਰੀ ਪੱਕੀ।ਇਨ੍ਹਾਂ ਨੇ ਕਿਹਾ, "I Captain Amarinder Singh promise you that upon forming of the Government in Punjab, one job per family will be provided to the unemployed"….. (ਵਿਘਨ..ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਬੈਠੋ। ਤੁਹਾਡਾ ਟਾਈਮ ਹੋ ਗਿਆ। ਬੈਠ ਜਾਓ, ਪਲੀਜ਼। ਐਗਜ਼ੈਕਟਲੀ ਸੱਤ ਮਿੰਟ ਉੱਪਰ ਹੋ ਗਏ ਹਨ। ** ** ਆਦਿ ਲਫਜ਼ ਕੱਟ ਦਿੱਤੇ ਜਾਣ। ** ** ਸ਼ਬਦ ਵੀ ਕੱਟ ਦਿੱਤਾ ਜਾਵੇ। ਫੂਲਕਾ ਜੀ, ਤੁਸੀਂ ਬੋਲੋ । ਤੁਹਾਡਾ 12 ਮਿੰਟ ਦਾ ਟਾਈਮ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਇਹ ਤਾਂ ਬੜਾ ਝਟਕਾ ਹੈ। (ਵਿਘਨ..ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੋਂ ਉੱਠ ਕੇ ਚੇਅਰ ਵਿਰੁੱਧ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਡਿਪਟੀ ਸਪੀਕਰ : **** ਨਾਅਰੇ ਰਿਕਾਰਡ ਨਾ ਕੀਤੇ ਜਾਣ।(ਵਿਘਨ) (ਸ਼ੋਰ)

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ):** ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਸ ਵਿਘਨ ਦਾ ਟਾਈਮ ਮੇਰੇ ਟਾਈਮ ਵਿੱਚੋਂ ਆਊਟ ਕੀਤਾ ਜਾਵੇ ਜੀ। ਇਹ ਜਿਹੜਾ ਗਵਰਨਰ ਸਾਹਿਬ ਦਾ ਐਡਰੈੱਸ ਹੈ ਜੀ, ਇਸ ਵਿਚ ਬੜੀਆਂ ਵੱਡੀਆਂ-ਵੱਡੀਆਂ ਅਨਾਊਂਸਮੈਂਟਸ ਕੀਤੀਆਂ ਗਈਆਂ ਹਨ, ਜਿਹੜੀਆਂ ਕਿ ਸੱਚਾਈ ਤੋਂ ਕੋਸਾਂ ਦੂਰ ਹਨ। ਮੈਂ ਦੋ ਮੁੱਦਿਆਂ ਤੇ ਗੱਲ ਕਰਾਂਗਾ, ਹੈਲਥ ਤੇ ਐਜੂਕੇਸ਼ਨ ਤੇ। ਮੇਰੇ ਅਕਾਲੀ ਵੀਰਾਂ ਨੂੰ ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਇੱਕ ਗੱਲ ਸੁਣ ਲਓ, ਜੋ ਅੱਜ ਹੁਣੇ ਸਰਦਾਰ ਚਰਨਜੀਤ ਸਿੰਘ ਚੰਨੀ ਜੀ ਨੇ 84 ਦੇ ਕਤਲੇਆਮ ਦੀ ਗੱਲ ਕੀਤੀ ਹੈ, ਇਸ ਕਤਲੇਆਮ ਦੇ ਉੱਤੇ ਇੱਕ ਗੱਲ ਮੈਂ ਕਰਨੀ ਚਾਹੁੰਦਾ ਹਾਂ ਕਿ ਉਸ ਸਮੇਂ ਦੇ ਕਈ ਮੁੱਖ ਗਵਾਹ ਪੰਜਾਬ ਦੇ ਵਿੱਚ ਰਹਿੰਦੇ ਹਨ ਤੇ ਉਨ੍ਹਾਂ ਵਿੱਚੋਂ ਕਈਆਂ ਦੀ ਸਿਕਿਓਰਿਟੀ ਵਾਪਸ ਲੈ ਲਈ ਗਈ ਹੈ।ਇਹ ਬਹੁਤ ਹੀ ਜ਼ਿਆਦਾ ਅਫਸੋਸ ਦੀ ਗੱਲ ਹੈ ਕਿ ਜਿਹੜੇ ਪੀੜਤ ** ਅਤੇ ** ਖਿਲਾਫ ਗਵਾਹੀ ਦਿੰਦੇ ਹਨ। ਉਨ੍ਹਾਂ ਦੇ ਪੰਜਾਬ ਵਿੱਚ ਰਹਿੰਦਿਆਂ ਦੀ ਸਕਿਉਰਿਟੀ ਵਾਪਸ ਲਈ ਗਈ ਹੈ। ਮੈਂ ਗੁਜ਼ਾਰਿਸ਼ ਕਰਾਂਗਾ, ਇਥੇ ਮੁੱਖ ਮੰਤਰੀ ਜੀ ਤਾਂ ਬੈਠੇ ਨਹੀਂ ਹਨ। ਉਨ੍ਹਾਂ ਵੱਲੋਂ ਕੋਈ ਵੀ ਮਨਿਸਟਰ ਇਸ ਸਦਨ ਨੂੰ

---

** ** Expunged/Not recorded as ordered by the Chair.

[ਸਰਦਾਰ ਹਰਵਿੰਦਰ ਸਿੰਘ ਫੂਲਕਾ]
ਆਸ਼ਵਾਸਨ ਦਿਵਾਏ ਕਿ ਜਿਹੜੇ 1984 ਕਤਲੇਆਮ ਦੇ ਗਵਾਹ ਹਨ, ਉਨ੍ਹਾਂ ਦੀ ਸਕਿਓਰਿਟੀ ਵਾਪਸ ਦਿੱਤੀ ਜਾਵੇਗੀ। ਉਨ੍ਹਾਂ ਵਿੱਚੋਂ ਕਿਸੇ ਦੀ ਸਕਿਓਰਿਟੀ ਵਾਪਸ ਨਹੀਂ ਲਈ ਜਾਵੇਗੀ। ਦੂਸਰਾ, ਹੈਲਥ ਅਤੇ ਐਜੂਕੇਸ਼ਨ ਬਾਰੇ ਮੈਂ ਗੱਲ ਕਰਾਂਗਾ ਕਿਉਂਕਿ ਹਰ ਸਰਕਾਰ ਦਾ ਪਹਿਲਾ ਫਰਜ਼ ਹੈਲਥ ਅਤੇ ਐਜੂਕੇਸ਼ਨ ਹੁੰਦਾ ਹੈ। ਜਨਤਾ ਦੀ ਸਿਹਤ ਅਤੇ ਉਨ੍ਹਾਂ ਦੀ ਵਿੱਦਿਆ ਉੱਤੇ ਹੱਕ ਕਮੇਟੀ ਨੇ ਲਿਖਿਆ ਹੈ....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਚੇਅਰ ਦੇ ਵਿਰੁੱਧ ** ** ਨਾਅਰੇ ਲਗਾ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ: ** **** ਸ਼ਬਦ ਐਕਸਪੰਜ ਕਰ ਦਿੱਤੇ ਜਾਣ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਡਿਪਟੀ ਸਪੀਕਰ ਸਾਹਿਬ, ਮੈਂ ਇਸ ਲਈ ਕਿਹਾ ਸੀ ਕਿ ਇਹ ਗਵਾਹ ਦਾ ਨਾਮ ਹੈ। ਮੈਂ ਗਵਾਹ ਦਾ ਨਾਂ ਲੈ ਲੈਂਦਾ ਹਾਂ ਜੀ। ** ** ਦੀ ਸਕਿਓਰਿਟੀ ਵਾਪਸ ਲਈ ਹੈ, ਉਸ ਨੂੰ ਵਾਪਸ ਦਿਓ। ਦੂਜਿਆਂ ਦੇ ਨਾਮ ਮੈਂ ਇਨ੍ਹਾਂ ਨੂੰ ਦੇ ਦਿਆਂਗਾ।

**ਮਾਨਯੋਗ ਡਿਪਟੀ ਸਪੀਕਰ:** ਜਿਹੜੇ ਮੈਂਬਰ ਹਾਊਸ ਦੇ ਵਿੱਚ ਨਹੀਂ ਹਨ ਅਤੇ ਉਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ, ਉਹ ਐਕਸਪੰਜ ਕਰ ਦਿੱਤੇ ਜਾਣ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਡਿਪਟੀ ਸਪੀਕਰ ਸਾਹਿਬ, ਜਿਸ ਦੀ ਸਿਕਿਓਰਿਟੀ ਵਾਪਸ ਲਈ ਹੈ, ਮੈਂ ਉਸ ਦਾ ਨਾਂ ਤਾਂ ਹਾਊਸ ਨੂੰ ਦੱਸਾਂਗਾ ਜੀ। ਹੱਕ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਕਿਸਾਨਾਂ ਦੇ ਕਰਜ਼ੇ ਦਾ ਇੱਕ ਵੱਡਾ ਕਾਰਨ ਪੜ੍ਹਾਈ ਦੇ ਉੱਤੇ ਖਰਚਾ ਅਤੇ ਮੈਡੀਕਲ ਟਰੀਟਮੈਂਟ ਤੇ ਖਰਚਾ ਹੈ। ਇਸ ਕਰਕੇ ਇਹ ਦੋਨੋਂ ਹੀ ਮੁੱਦੇ ਬਹੁਤ ਇੰਪਾਰਟੈਂਟ ਹਨ। ਸਰਕਾਰ ਦਾ ਫਰਜ਼ ਬਣਦਾ ਹੈ ਕਿ ਫਰੀ ਐਜੂਕੇਸ਼ਨ ਤੇ ਫਰੀ ਮੈਡੀਕਲ ਟਰੀਟਮੈਂਟ ਦਿੱਤਾ ਜਾਵੇ। ਮੈਂ ਅੱਜ ਇਸ ਮੁੱਦੇ ਤੇ ਗੱਲ ਕਰਾਂਗਾ।

## WALK-OUT

(ਇਸ ਸਮੇਂ ਸਦਨ ਵਿੱਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਨੂੰ ਰਾਜਪਾਲ ਜੀ ਦੇ ਭਾਸ਼ਣ ਦੇ ਧੰਨਵਾਦੀ ਮਤੇ ਤੇ ਬੋਲਣ ਲਈ ਵਾਧੂ ਸਮਾਂ ਨਾ ਦਿੱਤੇ ਜਾਣ ਦੇ ਰੋਸ ਵੱਜੋਂ ਚੇਅਰ ਵਿਰੁੱਧ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ। )

---------

** ** Expunged/Not recorded as ordered by the Chair.

## DISCUSSION ON GOVERNOR'S ADDRESS AND VOTE ON THE MOTION OF THANKS *(Resumption)*

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਇਨ੍ਹਾਂ ਦੋਨਾਂ ਮੁੱਦਿਆਂ ਤੇ ਕਾਫੀ ਇਲੈਬੋਰੇਟ ਕੀਤਾ ਹੈ। ਜੇ ਅਸੀਂ ਐਜੂਕੇਸ਼ਨ ਦਾ ਮੁੱਦਾ ਲਈਏ ਤਾਂ ਇਸ ਮੁੱਦੇ ਤੇ ਜੋ ਉਨ੍ਹਾਂ ਨੇ ਕਿਹਾ ਹੈ ਕਿ ਲੇਟੈਸਟ ਤਕਨੀਕੀ ਯੂਜ਼ ਕੀਤੀ ਜਾਵੇਗੀ। ਇਸ ਸਮੇਂ ਸਾਡੇ ਸਕੂਲਾਂ ਦਾ ਬੜਾ ਬੁਰਾ ਹਾਲ ਹੈ। ਇੱਥੋਂ ਤੱਕ ਕਿ ਕਈ ਪ੍ਰਾਇਮਰੀ ਸਕੂਲਾਂ ਨੂੰ ਬੰਦ ਕਰਨ ਦਾ ਵੀ ਆਰਡਰ ਕਰ ਦਿੱਤਾ ਗਿਆ ਸੀ, ਜਿਹੜਾ ਕਿ ਬਾਅਦ ਵਿੱਚ ਦਬਾਅ ਵਿੱਚ ਆ ਕੇ ਵਾਪਸ ਲੈਣਾ ਪਿਆ। ਸਰਕਾਰੀ ਸਕੂਲਾਂ ਵਿਚ ਬੱਚੇ ਇਸ ਕਰਕੇ ਨਹੀਂ ਜਾ ਰਹੇ ਕਿਉਂਕਿ ਸਰਕਾਰੀ ਐਜੂਕੇਸ਼ਨ ਸਿਸਟਮ ਦਾ ਬਹੁਤ ਬੁਰਾ ਹਾਲ ਹੈ। ਇਸ ਸਿਸਟਮ ਨੂੰ ਇੰਪਰੂਵ ਕਰਨ ਦੇ ਵਾਸਤੇ ਮੈਂ ਕੁਝ ਸੁਝਾਅ ਦੇਵਾਂਗਾ।

ਗਵਰਨਰ ਐਡਰੈੱਸ ਦੇ ਪੈਰ੍ਹਾ ਨੰਬਰ 40 ਵਿੱਚ ਸਕੂਲਾਂ ਬਾਰੇ ਅਤੇ ਪੈਰ੍ਹਾ ਨੰਬਰ 43 ਵਿੱਚ ਗਵਰਨਰ ਸਾਹਿਬ ਨੇ ਸਮਾਰਟ ਕਲਾਸ ਰੂਮ ਬਣਾਉਣ ਦੀ ਗੱਲ ਕੀਤੀ ਹੈ। ਪ੍ਰਾਇਮਰੀ ਸਕੂਲਾਂ ਵਿੱਚ ਸਮਾਰਟ ਕਲਾਸ ਰੂਮ ਬਣਾਉਣ ਦੀ ਗੱਲ ਕੀਤੀ ਹੈ ਤਾਂ ਕਿ ਬੱਚਿਆਂ ਨੂੰ ਵਧੀਆ ਤਰੀਕੇ ਨਾਲ ਪੜ੍ਹਾਇਆ ਜਾ ਸਕੇ ਅਤੇ ਅਸੀਂ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਦੀ ਐਜੂਕੇਸ਼ਨ ਪ੍ਰੋਵਾਈਡ ਕਰ ਸਕੀਏ ਅਤੇ ਉਹ ਵੀ ਮੁਫਤ ਵਿੱਚ। ਇੱਥੇ ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹਨ, ਵਿੱਤ ਮੰਤਰੀ ਜੀ ਵੀ ਬੈਠੇ ਹਨ। ਮੈਂ ਇੱਕ ਗੱਲ ਕਹਾਂਗਾ ਕਿ ਜਦੋਂ ਸਾਡੇ ਕੋਲ ਰਿਸੋਰਸਿਜ਼ ਦਾ ਕਰੰਚ ਹੋਵੇ, ਜਦੋਂ ਸਾਡੇ ਕੋਲ ਘੱਟ ਖਜ਼ਾਨਾ ਹੋਵੇ, ਜਿਵੇਂ ਤੁਸੀਂ ਕਹਿੰਦੇ ਹੋ ਕਿ ਖਜ਼ਾਨਾ ਖਾਲੀ ਹੈ ਤਾਂ ਉਦੋਂ ਮੌਡਿਊਲ ਐਸੇ ਐਸੇ ਬਣਾਉਣੇ ਚਾਹੀਦੇ ਹਨ ਜਿਸ ਨਾਲ ਕਿ ਅਸੀਂ ਘੱਟ ਤੋਂ ਘੱਟ ਪੈਸੇ ਵਿੱਚ ਵੱਧ ਤੋਂ ਵੱਧ ਫਾਇਦਾ ਲਈਏ। ਮੈਨੂੰ ਇੱਕ ਮੌਡਿਊਲ ਤੇ ਕੰਮ ਕਰਦੇ ਨੂੰ ਤਕਰੀਬਨ 6 ਮਹੀਨੇ ਹੋ ਗਏ ਹਨ।ਇਹ ਹੈ ਸਮਾਰਟ ਕਲਾਸ ਰੂਮ ਦਾ ਮੌਡਿਊਲ। ਪਿਛਲੀ ਸਰਕਾਰ ਦੇ ਵਿੱਚ ਇਹ ਤਕਰੀਬਨ 100 ਦੇ ਕਰੀਬ ਸਮਾਰਟ ਕਲਾਸ ਰੂਮ ਬਣਾਏ ਸੀ। ਮੇਰੀ ਜਾਣਕਾਰੀ ਦੇ ਮੁਤਾਬਕ ਉਨ੍ਹਾਂ ਵਿੱਚ ਤਕਰੀਬਨ ਢਾਈ ਤੋਂ ਤਿੰਨ ਲੱਖ ਰੁਪਿਆ ਪ੍ਰਤੀ ਕਲਾਸ ਰੂਮ ਲੱਗਾ ਹੈ। ਅਸੀਂ ਅੱਜ ਇਸ ਮੌਡਿਊਲ ਤੇ ਵਰਕ ਆਊਟ ਕੀਤਾ ਹੈ, ਇਹ ਸਾਡੀ 6 ਮਹੀਨੇ ਦੀ ਮਿਹਨਤ ਹੈ।

*5.57 ਵਜੇ ਸ਼ਾਮ) (ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ )

**ਸਰਦਾਰ ਹਰਵਿੰਦਰ ਸਿੰਘ ਫੂਲਕਾ**: ਵਿੱਤ ਮੰਤਰੀ ਸਾਹਿਬ, ਇਹ ਮੇਰੀ 6 ਮਹੀਨੇ ਦੀ ਮਿਹਨਤ ਹੈ। (ਵਿਘਨ...ਸ਼ੋਰ) ਮੈਂ ਟਰੈਜ਼ਰੀ ਬੈਂਚਾਂ ਦੇ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਥੋੜ੍ਹਾ ਜਿਹਾ ਧਿਆਨ ਦੇਣ। 7 ਸਕੂਲਾਂ ਵਿੱਚ ਅਸੀਂ ਦੋ ਮਹੀਨੇ ਤੋਂ ਸਮਾਰਟ ਕਲਾਸ ਰੂਮ ਚਲਾ ਰਹੇ ਹਾਂ। ਮੈਂ 7 ਸਕੂਲਾਂ ਦੀ ਰਿਪੋਰਟ ਲੈ ਕੇ ਆਇਆ ਹਾਂ ਅਤੇ ਅੱਠਵਾਂ ਸਕੂਲ ਅਸੀਂ ਅੱਜ ਖੋਲ੍ਹਿਆ ਹੈ। ਉਸ ਦੀ ਇਫੈਕਟਿਵਨੈੱਸ ਅਸੀਂ ਦੇਖ ਰਹੇ ਹਾਂ। ਇਸ ਤੇ ਤਿੰਨ-ਤਿੰਨ ਲੱਖ ਰੁਪਿਆ ਲਗਾਇਆ ਗਿਆ ਹੈ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਆ ਕੇ ਸਾਡਾ ਇਹ ਮਾਡਲ ਸਟੱਡੀ ਕਰੋ। ਮੇਰੇ ਹਲਕੇ ਵਿੱਚ 112 ਪ੍ਰਾਇਮਰੀ ਸਕੂਲ ਪੈਂਦੇ ਹਨ ਅਤੇ ਅਗਲੇ ਤਿੰਨ ਮਹੀਨੇ ਵਿੱਚ ਅਸੀਂ ਆਪਣੇ ਰਿਸੋਰਸਿਜ਼ ਤੋਂ ਅਤੇ ਇੱਕ ਐਨ.ਆਰ.ਆਈ. ਦੀ ਮਦਦ ਨਾਲ ਜਿਹੜਾ ਕਿ ਪੰਜਾਬ ਦਾ ਬੜਾ ਸ਼ੁਭਚਿੰਤਕ ਹੈ, ਉਸ ਦੀ ਮਦਦ ਨਾਲ ਅਸੀਂ 100 ਸਮਾਰਟ ਕਲਾਸ ਰੂਮ ਅਗਲੇ ਤਿੰਨ ਮਹੀਨਿਆਂ ਵਿੱਚ ਬਣਾ ਰਹੇ ਹਾਂ। ਉਹ ਮਾਡਲ ਤੁਸੀਂ ਆ ਕੇ ਸਟੱਡੀ ਕਰੋ। (ਆਮ ਆਦਮੀ ਪਾਰਟੀ ਵੱਲੋਂ ਥੰਪਿੰਗ) ਉਸ ਦੀ ਇਫੈਕਟਿਵਨੈੱਸ ਢਾਈ ਲੱਖ ਤੁਹਾਡੇ ਸਮਾਰਟ ਕਲਾਸ ਰੂਮ ਨਾਲੋਂ ਜੇਕਰ 100% ਨਹੀਂ ਤਾਂ ਘੱਟੋ ਘੱਟ 80% ਜ਼ਰੂਰ ਹੋਵੇਗੀ ਅਤੇ ਇਸ ਦਾ ਖਰਚਾ ਸਿਰਫ 20 ਤੋਂ 25

[ਸਰਦਾਰ ਹਰਵਿੰਦਰ ਸਿੰਘ ਫੂਲਕਾ]
ਹਜ਼ਾਰ ਹੈ। (ਆਮ ਆਦਮੀ ਪਾਰਟੀ ਵੱਲੋਂ ਥੰਪਿੰਗ) ਇਸ ਮੌਡਿਊਲ ਨੂੰ ਲੈ ਕੇ 30 ਕਰੋੜ ਰੁਪਏ ਨਾਲ ਅਸੀਂ ਸਾਰੇ ਸਕੂਲਾਂ ਵਿੱਚ ਸਮਾਰਟ ਕਲਾਸ ਰੂਮ ਬਣਾ ਸਕਦੇ ਹਾਂ ਅਤੇ ਉਨ੍ਹਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਕਰ ਸਕਦੇ ਹਾਂ। ਇੱਥੋਂ ਤੱਕ ਕਿ ਜਿਹੜਾ ਤੁਸੀਂ, 'ਪੜ੍ਹੋ ਪੰਜਾਬ ਪ੍ਰੋਜੈਕਟ' ਬਣਾਇਆ ਹੈ, ਜਦੋਂ ਉਸ ਦਾ ਸਾਰਾ ਮੈਟੀਰੀਅਲ, ਸਾਰਾ ਕੰਟੈਂਟ ਟੀਚਰਜ਼ ਨੂੰ ਭੇਜਦੇ ਹੋ ਤਾਂ ਉਹ ਟੀਚਰਜ਼ ਪ੍ਰਾਜੈਕਟਰਜ਼ ਨਾਲ ਹਾਟ ਸਪਾਟ ਲਗਾ ਕੇ ਬੋਰਡ ਤੇ ਲਿਖਣ ਦੀ ਬਜਾਏ ਸਕਰੀਨ ਤੇ ਦਿਖਾਉਂਦੇ ਹਨ, ਇਸ ਤਰ੍ਹਾਂ ਦਾ ਸਿਸਟਮ ਅਸੀਂ ਬਣਾਇਆ ਹੈ। ਇਸ ਤੇ ਅਸੀਂ 6 ਮਹੀਨੇ ਦੀ ਮਿਹਨਤ ਕੀਤੀ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਤੁਸੀਂ ਆ ਕੇ ਉਸ ਦੀ ਇਫੈਕਟਿਵਨੈੱਸ ਦੇਖੋ। ਜਿਵੇਂ ਪਿਛਲੀ ਸਰਕਾਰ ਨੇ ਕੀਤਾ, ਹੁਣ ਤੁਸੀਂ ਵੀ ਉਸੇ ਤਰ੍ਹਾਂ ਹੀ ਲੱਖਾਂ ਰੁਪਏ ਦੇ ਕਲਾਸ ਰੂਮ ਨਾ ਬਣਾ ਦਿਉ। ਸਾਨੂੰ ਹਾਈ-ਫਾਈ ਨਹੀਂ ਚਾਹੀਦੇ, ਸਾਨੂੰ ਉਹ ਚਾਹੀਦੇ ਹਨ ਜਿਹੜੇ ਸਾਡੇ ਕੰਮ ਆਉਣ ਅਤੇ ਜਿਸ ਦੀ ਇਫੈਕਟਿਵਨੈੱਸ ਵੀ ਹੋਵੇ ਅਤੇ ਨਾਲ ਦੀ ਨਾਲ ਲੋਅ ਕੋਸਟ ਵੀ ਹੋਵੇ। ਇੱਕ ਬੇਨਤੀ ਤਾਂ ਮੈਂ ਤੁਹਾਨੂੰ ਇਹ ਕਰਨੀ ਸੀ।

ਪੈਰ੍ਹਾ ਨੰਬਰ 32 ਵਿੱਚ ਹੈਲਥ ਬਾਰੇ ਬਹੁਤ ਗੱਲ ਕੀਤੀ ਗਈ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਇਹ ਸਕੂਲ ਕਿੱਥੇ ਹੈ?

**ਸਰਦਾਰ ਹਰਵਿੰਦਰ ਸਿੰਘ ਫੂਲਕਾ** : ਇਹ ਦਾਖਾ ਹਲਕੇ ਵਿੱਚ ਹੈ। 8ਵਾਂ ਸਕੂਲ ਅੱਜ ਚਲਾਇਆ ਹੈ। ਮੈਂ ਤੁਹਾਨੂੰ ਇਹ ਲਿਸਟ ਦੇ ਦੇਵਾਂਗਾ। ਤੁਸੀਂ ਆ ਕੇ ਉਸ ਦੀ ਇਫੈਕਟਿਵਨੈੱਸ ਦੇਖੋ। ਅੱਜ ਹੀ ਮੈਂ ਸਾਰੇ ਸਕੂਲਾਂ ਵਿੱਚ ਗੱਲ ਕਰਕੇ ਆਇਆ ਹਾਂ, ਉਹ ਟੀਚਰ ਵੀ ਬੜੇ ਖੁਸ਼ ਹਨ। ਦੂਜਿਆਂ ਤੋਂ ਵੀ ਬੜੀ ਡਿਮਾਂਡ ਆ ਰਹੀ ਹੈ। ਅਸੀਂ ਅਪ੍ਰੈਲ ਮਹੀਨੇ ਵਿੱਚ ਇਸ ਪ੍ਰਾਜੈਕਟ ਤਹਿਤ 20 ਸਕੂਲ ਹੋਰ ਐਡ ਕਰ ਰਹੇ ਹਾਂ। ਅੱਗੇ ਹੋਰ ਵੀ ਕਰਾਂਗੇ। ਸਪੀਕਰ ਸਾਹਿਬ, ਤੁਹਾਨੂੰ ਵੀ ਯਾਦ ਹੋਵੇਗਾ, ਪਿਛਲੇ ਸੈਸ਼ਨ ਵਿੱਚ ਮੈਂ ਤੁਹਾਨੂੰ ਬਜਟ ਸੈਸ਼ਨ ਵਿੱਚ ਇੱਕ ਚਿੱਠੀ ਲਿਖੀ ਸੀ। ਮੈਂ ਤੁਹਾਨੂੰ ਕਿਹਾ ਸੀ ਕਿ ਸਰਕਾਰ ਕੋਲ ਪੈਸੇ ਦੀ ਕਮੀ ਹੈ। ਅਸੀਂ ਇੱਕ ਕਮੇਟੀ ਬਣਾ ਦੇਈਏ ਜੋ other than Government resources ਅਸੀਂ ਉਹ ਰਿਸੋਰਸਿਜ਼ ਜਨਰੇਟ ਕਰੀਏ। ਕਿਉਂਕਿ ਪੰਜਾਬੀਆਂ ਦਾ ਦਿਲ ਬੜਾ ਵੱਡਾ ਹੈ। ਪੰਜਾਬੀ ਦਸਵੰਧ ਦੇਣ ਲਈ ਹਮੇਸ਼ਾਂ ਤਿਆਰ ਹਨ। ਉਨ੍ਹਾਂ ਨੂੰ ਐਜੂਕੇਸ਼ਨ ਤੇ ਹੈਲਥ ਵਾਲੇ ਪਾਸੇ ਤੇ ਲਗਾਉਣਾ ਚਾਹੀਦਾ ਹੈ। ਅੱਜ ਉਸੇ ਦਾ ਹੀ ਨਤੀਜਾ ਹੈ ਕਿ ਇੱਕ ਐਨ.ਆਰ.ਆਈ. ਸ਼੍ਰੀ ਸੁਨੀਲ ਸਿੰਘ ਤੁਰੀ ਨੇ ਮੇਰੇ ਹਲਕੇ ਵਾਸਤੇ ਸੌ ਕਲਾਸ ਰੂਮ ਡੋਨੇਟ ਕੀਤੇ ਹਨ। (ਆਮ ਆਦਮੀ ਪਾਰਟੀ ਦੇ ਮੈਂਬਰਾਂ ਵਲੋਂ ਥੰਪਿੰਗ) ਸੋ, ਇਸ ਤਰ੍ਹਾਂ ਸਪੀਕਰ ਸਾਹਿਬ, ਅਜੇ ਵੀ ਉਹ ਇੱਕ ਕਮੇਟੀ ਬਣਾ ਦਿਓ ਤਾਂ ਜੋ ਇਹ ਰੌਲਾ ਹੀ ਖਤਮ ਹੋ ਜਾਵੇ। ਅਸੀਂ ਜਾ ਕੇ resources ਚੈੱਕ ਕਰੀਏ other than the Government ਔਰ ਉਨ੍ਹਾਂ ਨੂੰ ਐਜੂਕੇਸ਼ਨ ਤੇ ਹੈਲਥ ਦੇ ਖੇਤਰਾਂ ਵਿੱਚ ਯੂਜ਼ ਕੀਤਾ ਜਾਵੇ ਔਰ ਦੂਜੀ ਮੈਂ ਹੈਲਥ ਦੀ ਗੱਲ ਕਰ ਰਿਹਾ ਸੀ। ਹੈਲਥ ਮਨਿਸਟਰ ਸਾਹਿਬ ਇੱਥੇ ਬੈਠੇ ਹਨ ਤੇ ਹੈਲਥ ਮਨਿਸਟਰ ਸਾਹਿਬ ਨੂੰ ਮੈਂ ਪਹਿਲਾਂ ਵੀ ਦੱਸ ਚੁੱਕਿਆ ਹਾਂ। ਇਸ ਵਿੱਚ ਲਿਖਿਆ ਹੈ ਕਿ ਅਸੀਂ ਤਿੰਨ ਹਜ਼ਾਰ ਸਬਸੀਡੀਅਰੀ ਹੈਲਥ ਸੈਂਟਰ ਹੋਰ ਬਣਾਉਣੇ ਹਨ। ਇਸ ਦੇ ਸ਼ੁਰੂਆਤੀ ਪੜਾਅ ਵਿਚ 240 ਹੈਲਥ ਸੈਂਟਰ ਬਣਾਏ ਜਾਣਗੇ। ਪੰਜਾਬ ਵਿੱਚ ਤਕਰੀਬਨ 8000 ਪਿੰਡ ਹਨ, ਜਿਹੜੇ ਪਿੰਡਾਂ ਵਿੱਚ ਸਰਕਾਰੀ ਡਾਕਟਰ ਨਹੀਂ ਹਨ , ਉਥੇ ਮਰੀਜ਼ਾਂ ਨੂੰ ਜੋ ਦੇਖਦੇ ਹਨ, ਉਨ੍ਹਾਂ ਨੂੰ ਪਿੰਡਾਂ ਵਿੱਚ ਪਹਿਲਾਂ RMP ਕਹਿੰਦੇ ਹੁੰਦੇ ਸਨ ਅੱਜ ਕੱਲ੍ਹ ਤਾਂ quacks ਕਹਿੰਦੇ ਹਨ। ਜਦੋਂ ਪਿੰਡਾਂ ਦੇ ਲੋਕ ਉਨ੍ਹਾਂ ਕੋਲ ਜਾਂਦੇ ਹਨ ਤੇ ਉਹ ਘੱਟੋ-ਘੱਟ 150/- ਰੁਪਏ ਜਾਂ 200/- ਰੁਪਏ ਲੈ ਲੈਂਦੇ ਹਨ ਤੇ ਉਹ ਗਰੀਬ ਵਿਚਾਰੇ ਇਸ ਨੂੰ afford ਵੀ ਨਹੀਂ ਕਰ ਸਕਦੇ। ਜੇ ਹੈਲਥ ਮਨਿਸਟਰ ਸਾਹਿਬ ਮੈਨੂੰ ਦੋ ਮਿੰਟ ਟਾਈਮ ਦੇ ਦੇਣ ਤਾਂ ਮੈਂ ਇਨ੍ਹਾਂ ਨੂੰ ਦੱਸਾਂ। ਇੱਕ ਮੌਡਿਊਲ ਤੇ ਅਸੀਂ ਇੱਕ ਸਾਲ ਤੱਕ ਕੰਮ ਕੀਤਾ ਹੈ

ਤੇ ਛੇ ਮਹੀਨੇ ਤੱਕ ਅਸੀਂ ਉਸ ਦਾ 18 ਪਿੰਡਾਂ ਵਿੱਚ experiment ਵੀ ਕੀਤਾ ਹੈ। 18 ਪਿੰਡਾਂ ਵਿੱਚ ਉਹ ਛੇ ਮਹੀਨੇ ਤੋਂ ਚੱਲ ਰਿਹਾ ਹੈ ਔਰ ਸਪੀਕਰ ਸਾਹਿਬ, ਉਨ੍ਹਾਂ 18 ਪਿੰਡਾਂ ਵਿੱਚ ਇੱਕ ਪਿੰਡ ਦੀ ਇੱਕ ਸਾਲ ਦੀ ਪ੍ਰਾਇਮਰੀ ਹੈਲਥ ਦੀ ਕਾਸਟ ਦੋ ਲੱਖ ਰੁਪਏ ਹੈ। ਇੱਕ ਮੋਬਾਇਲ ਵੈਨ ਬਾਰੇ ਵੀ ਮੈਂ ਦੱਸਾਂਗਾ। ਇਸ ਮੌਡਿਊਲ ਨਾਲ ਸਾਰੇ ਪਿੰਡ ਦੀ ਇੱਕ ਸਾਲ ਦੀ ਪ੍ਰਾਇਮਰੀ ਹੈਲਥ ਤੇ ਦੋ ਲੱਖ ਰੁਪਏ ਦੀ ਕਾਸਟ ਆਉਂਦੀ ਹੈ। ਪੰਜਾਬ ਦੇ ਕਈਂ ਪਿੰਡਾਂ ਵਿਚ ਸਰਕਾਰੀ ਡਾਕਟਰ ਨਹੀਂ ਹਨ। ਜੇ ਅਸੀਂ ਇਸ ਮੌਡਿਊਲ ਨੂੰ ਲਈਏ ਤਾਂ 150 ਕਰੋੜ ਰੁਪਏ ਵਿੱਚ ਪੂਰੇ ਪੰਜਾਬ ਦੀ ਪ੍ਰਾਇਮਰੀ ਹੈਲਥ ਕਵਰ ਹੋ ਸਕਦੀ ਹੈ। ਪ੍ਰਾਇਮਰੀ ਹੈਲਥ ਦਾ ਮਤਲਬ ਇਹ ਹੈ ਕਿ ਬਿਮਾਰੀਆਂ chronic ਨਾ ਹੋਣ। ਪ੍ਰਾਇਮਰੀ ਹੈਲਥ ਹੁੰਦੀ ਹੈ ਕਿ ਉਨ੍ਹਾਂ ਨੂੰ ਉੱਥੇ ਹੀ ਟ੍ਰੀਟ ਕਰ ਦਿਓ ਤਾਂ ਕਿ ਉਹ ਅਸਾਨੀ ਨਾਲ ਠੀਕ ਹੋ ਸਕਣ ਪਰ ਜਦੋਂ ਉਹ chronic ਹੋ ਜਾਂਦੀਆਂ ਹਨ ਤਾਂ ਪ੍ਰਾਈਵੇਟ ਹਸਪਤਾਲਾਂ ਵਿੱਚ ਜਾ ਕੇ ਇਲਾਜ ਕਰਵਾਉਣਾ ਪੈਂਦਾ ਹੈ। ਇਸ ਬਾਰੇ ਸਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਪੰਜਾਬ ਵਿੱਚ ਮੈਡੀਕਲ ਟ੍ਰੀਟਮੈਂਟ ਸਾਰੇ ਦੇਸ਼ ਤੋਂ ਮਹਿੰਗਾ ਹੈ ਅਤੇ ਇਹੀ ਕਰਜ਼ੇ ਦਾ ਸਭ ਤੋਂ ਵੱਡਾ ਕਾਰਨ ਵੀ ਹੈ। ਸੋ, ਇਸ ਮੌਡਿਊਲ ਬਾਰੇ ਮੈਂ ਹੈਲਥ ਮਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਤੁਸੀਂ ਆ ਕੇ 18 ਪਿੰਡਾਂ ਵਿੱਚ ਸਾਡੀ ਮੋਬਾਇਲ ਡਿਸਪੈਂਸਰੀ ਦੇਖ ਕੇ ਜਾਓ। ਸਾਡੇ ਮੋਡਿਊਲ ਵਿੱਚ ਦੋ ਡਾਕਟਰ ਹਨ। ਇੱਕ ਜੈਂਟਸ ਡਾਕਟਰ ਜੋ ਕਿ ਐਮ.ਬੀ.ਬੀ.ਐਸ ਹੈ ਤੇ ਦੂਜੀ ਲੇਡੀ ਡਾਕਟਰ ਹੈ ਅਤੇ ਉੱਥੇ ਨਾਲ ਦੀ ਨਾਲ ਟੈਸਟ ਹੁੰਦੇ ਹਨ। ਟੈਕਨੀਸ਼ੀਅਨ ਨਾਲ ਹੀ ਰਹਿੰਦਾ ਹੈ, ਆਨ ਸਪਾਟ ਤੇ ਟੈਸਟ ਹੁੰਦੇ ਹਨ ਤੇ ਸਟਾਫ ਨਰਸ ਵੀ ਨਾਲ ਹੈ ਤੇ ਇੱਕ ਕੰਪਾਊਂਡਰ ਹੈਲਪਰ ਵੀ ਨਾਲ ਹੀ ਹੁੰਦਾ ਹੈ। ਉਹ ਮੋਬਾਇਲ ਵੈਨ ਸਾਡੀ 18 ਪਿੰਡਾਂ ਵਿੱਚ ਜਾਂਦੀ ਹੈ ਤੇ ਅਸੀਂ ਰੋਜ਼ ਤਿੰਨ ਪਿੰਡ ਕਵਰ ਕਰਦੇ ਹਾਂ ਅਤੇ ਹਫਤੇ ਵਿੱਚ ਇੱਕ ਚੱਕਰ ਲਗਾਉਂਦੇ ਹਾਂ। ਇਨਫਰਾਸਟ੍ਰਕਚਰ ਕਾਸਟ ਵੀ ਕੋਈ ਨਹੀਂ ਹੈ ਤੇ ਅਸੀਂ ਗੁਰਦੁਆਰੇ ਵਿੱਚ ਜਾ ਕੇ ਇੱਕ ਕਮਰਾ ਲੈਂਦੇ ਹਾਂ ਤੇ ਉੱਥੇ ਬੈਠ ਕੇ ਦਵਾਈ ਦਿੰਦੇ ਹਾਂ (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲੋਂ ਥੰਪਿੰਗ) ਅਤੇ ਤਕਰੀਬਨ 125-150 ਮਰੀਜ਼ ਰੋਜ਼ ਆਉਂਦੇ ਹਨ। ਫਾਈਨਾਂਸ ਮਨਿਸਟਰ ਸਾਹਿਬ ਇੱਥੇ ਬੈਠੇ ਹਨ, ਜੇ ਆਪਾਂ ਇਸ ਮੌਡਿਊਲ ਨੂੰ ਅਡਾਪਟ ਕਰੀਏ ਤਾਂ ਇਸ ਮੌਡਿਊਲ ਦੇ ਨਾਲ ਅਸੀਂ 150 ਕਰੋੜ ਰੁਪਏ ਵਿੱਚ ਸਾਰੇ ਪੰਜਾਬ ਦੀ ਪ੍ਰਾਇਮਰੀ ਹੈਲਥ ਨੂੰ ਕਵਰ ਕਰ ਸਕਦੇ ਹਾਂ। ਜੇਕਰ ਸਪੀਕਰ ਸਾਹਿਬ ਕਮੇਟੀ ਬਣਾ ਦੇਣ ਤਾਂ ਇਸ ਪ੍ਰਜੈਕਟ ਵਿਚ ਹੋਰ ਵੀ ਬਥੇਰੇ ਦਾਨੀ ਸੱਜਣ ਆ ਜਾਣਗੇ। ਇਸ ਕੰਮ ਵਾਸਤੇ ਬਹੁਤ ਦਾਨੀ ਪੰਜਾਬੀ ਸਾਹਮਣੇ ਆ ਜਾਣਗੇ। ਸਪੀਕਰ ਸਾਹਿਬ, ਗਵਰਨਰ ਐਡਰੈੱਸ ਵਿੱਚ ਹੋਰ ਵੀ ਬੜੇ ਮੁੱਦਿਆਂ ਤੇ ਗੱਲ ਕੀਤੀ ਗਈ ਹੈ ਪਰ ਮੈਂ ਸਿਰਫ ਦੋ-ਤਿੰਨ ਮੁੱਦਿਆਂ ਤੇ ਹੀ ਗੱਲ ਕਰਾਂਗਾ। ਗੱਲ ਕੀਤੀ ਗਈ ਹੈ diversification ਦੀ।

**ਮਾਨਯੋਗ ਸਪੀਕਰ:** ਪਲੀਜ਼ ਵਾਈਂਡ ਅੱਪ ਕਰ ਦਿਓ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਮੈਂ ਵਾਈਂਡ ਅੱਪ ਹੀ ਕਰ ਰਿਹਾ ਹਾਂ ਜੀ। Diversification ਦੀ ਗੱਲ ਕੀਤੀ ਗਈ ਹੈ। ਇਨ੍ਹਾਂ ਨੇ ਕਿਹਾ ਕਿ ਅਸੀਂ 10,000 ਏਕੜ diversify ਕਰਦੇ ਹਾਂ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਕ ਸਕੀਮ ਬਣਾ ਰਹੇ ਹਾਂ, ਇਸ ਵਿਚ ਮੇਰੇ ਹਲਕੇ ਦਾ ਹੀ ਇੱਕ ਐਨ.ਆਰ.ਆਈ. ਸ਼ਾਮਲ ਹੈ। ਉਹ ਸਕੀਮ ਬਣਾ ਰਹੇ ਹਨ ਕਿ ਪੰਜਾਬ ਦੇ ਐਨ.ਆਰ.ਆਈਜ਼ ਨੂੰ ਜਾ ਕੇ ਸਕੀਮ ਦਿਓ ਕਿ ਤੁਸੀਂ orchard ਬਣਾਓ, ਆਪਣੀਆਂ ਜ਼ਮੀਨਾਂ ਵਿੱਚ ਬਾਗ ਲਗਾਓ। ਜੇਕਰ ਅਸੀਂ ਉਸ ਸਕੀਮ ਤੇ ਕੰਮ ਕਰ ਲਈਏ ਅਤੇ ਅਸੀਂ ਪੀ.ਏ.ਯੂ. ਦੇ ਨਾਲ ਮਿਲ ਕੇ ਸਕੀਮ ਬਣਾ ਕੇ ਕਿਸਾਨਾਂ ਨੂੰ ਦੇ ਦੇਈਏ ਤਾਂ 10,000 ਤਾਂ ਕੀ ਅਸੀਂ ਇੱਕ ਲੱਖ ਏਕੜ diversification ਵਿੱਚ achieve ਕਰ ਲਵਾਂਗੇ। ਸਪੀਕਰ ਸਾਹਿਬ, ਮੈਂ ਤੁਹਾਨੂੰ ਫਿਰ ਬੇਨਤੀ ਕਰਦਾ ਹਾਂ ਕਿ ਮੈਂ ਜਿਹੜੀ ਤੁਹਾਨੂੰ ਕਮੇਟੀ ਬਣਾਉਣ ਬਾਰੇ ਗੱਲ ਕਹੀ ਸੀ, ਉਸ ਪਾਸੇ ਵੱਲ ਧਿਆਨ ਦਿਓ ਤੇ ਉਸ ਕਮੇਟੀ ਨੂੰ ਬਣਾਓ ਤਾਂ ਕਿ ਅਸੀਂ ਪੰਜਾਬ ਵਿੱਚ ਐਜੂਕੇਸ਼ਨ ਤੇ ਹੈਲਥ ਵਾਲੇ

ਪਾਸੇ ਸਹੀ ਕੰਮ ਕਰ ਸਕੀਏ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਅੱਜ ਬੋਲਣ ਦਾ ਟਾਈਮ ਦਿੱਤਾ ਹੈ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਕਾਸ਼ ਪੰਜਾਬ ਅਸੈਂਬਲੀ ਦੇ ਵਿੱਚ ਡਿਬੇਟ ਦਾ ਇਹ ਮਿਆਰ ਹੁੰਦਾ।(ਥੰਪਿੰਗ) ਬੜੇ ਸਾਲਾਂ ਬਾਅਦ ਅਜਿਹੀ ਕਿਸਮ ਦੀ ਤਾਮੀਰੀ (ਕੰਸਟਰਕਟਿਵ) ਡਿਬੇਟ ਹੋਈ ਹੈ। I congratulate you, Sir. (ਥੰਪਿੰਗ)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਸਰ, ਮੈਂ ਵੀ ਇਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਰਾਜਨੀਤੀ ਤੋਂ ਉੱਪਰ ਉੱਠ ਕੇ ਬੜੇ ਅੱਛੇ ਸੁਝਾਅ ਦਿੱਤੇ ਹਨ।

**ਮਾਨਯੋਗ ਸਪੀਕਰ:** ਥੈਂਕ ਯੂ ਜੀ। ਹਾਂ ਜੀ, ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ (ਜਲੰਧਰ ਕੈਂਟ):** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਕਿਸੇ ਵੀ ਦੇਸ਼ ਦਾ ਜਿਹੜਾ ਸਿਸਟਮ ਹੈ, ਉਹ ਲੋਕਾਂ ਦੇ ਕਿਰਦਾਰ ਦਾ ਸ਼ੀਸ਼ਾ ਹੁੰਦਾ ਹੈ। ਸਾਨੂੰ ਪਤਾ ਹੈ ਕਿ ਡੈਮੋਕਰੇਸੀ ਦੇ ਚਾਰ ਥੰਮ੍ਹ ਹਨ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਚਾਰੇ ਤਾਂ ਨਹੀਂ ਪਰ ਤਿੰਨ ਥੰਮ੍ਹ ਇੱਥੇ ਬੈਠੇ ਹਨ ਔਰ ਮੈਨੂੰ ਇਹ ਕਹਿਣ ਵਿੱਚ ਗੁਰੇਜ਼ ਨਹੀਂ ਹੈ ਕਿ ਸਾਡੇ ਕਿਰਦਾਰ ਦੇ ਵਿੱਚ ਕਮੀ ਆ ਗਈ ਹੈ, ਕਿਉਂਕਿ ਮੈਂ ਹਮੇਸ਼ਾ ਵਰਤਮਾਨ ਸਮੇਂ ਦੀ ਗੱਲ ਕਰਦਾ ਹਾਂ ਕਿਉਂਕਿ ਜਿਹੜਾ ਵਰਤਮਾਨ ਸਮਾਂ ਹੈ ਉਹ ਚੇਂਜਿਜ਼ ਲਿਆ ਸਕਦਾ ਹੈ। ਬੀਤੇ ਹੋਏ ਸਮੇਂ ਤੋਂ ਤੁਸੀਂ ਸਿੱਖ ਸਕਦੇ ਹੋ ਤੇ ਆਉਣ ਵਾਲੇ ਸਮੇਂ ਤੋਂ ਤੁਸੀਂ ਵਿਜ਼ੁਅਲਾਈਜ਼ੇਸ਼ਨ ਕਰ ਸਕਦੇ ਹੋ, ਉਸ ਦੀ ਕਾਮਨਾ ਕਰ ਸਕਦੇ ਹੋ। ਸਪੀਕਰ ਸਾਹਿਬ, ਅਸਲੀ ਗੱਲ ਹੈ ਕਿ ਪਿਛਲੇ 10 ਸਾਲਾਂ ਵਿੱਚ ਪੰਜਾਬ ਨਾਲ ਹੋਇਆ ਕੀ ਹੈ? ਆਪਾਂ ਵੀ ਦੁਨੀਆਂ ਦੇ ਉਹ vicious circle ਦੇ ਵਿੱਚ ਫਸ ਗਏ ਕਿਉਂਕਿ ਸਾਨੂੰ ਵਿਰਾਸਤ ਵਿੱਚ ਮਿਲਿਆ ਸੀ ਸਾਫ ਸੁਥਰਾ ਪਾਣੀ ਤੇ ਵਧੀਆ ਮਿੱਟੀ, ਧਰਤੀ ਅਤੇ ਵਧੀਆ ਸਾਫ ਆਬੋ-ਹਵਾ। ਅਸੀਂ ਪੈਸਟੀਸਾਈਡ ਯੂਜ਼ ਕਰਕੇ, ਖਾਦਾਂ ਯੂਜ਼ ਕਰਕੇ ਸਭ ਤੋਂ ਪਹਿਲਾਂ ਉਹ ਗੰਦਾ ਕੀਤਾ। ਉਸ ਤੋਂ ਬਾਅਦ ਉਹੀ ਕੰਪਨੀਆਂ ਸਾਨੂੰ ਕਹਿਣ ਲੱਗ ਪਈਆਂ ਕਿ ਹੁਣ ਇਹ ਪਾਣੀ ਪੀਣ ਵਾਲਾ ਨਹੀਂ ਹੈ। ਹੁਣ ਆਰ.ਓ. ਸਿਸਟਮ ਲਗਾਵੋ। ਜਿਹੜੀਆਂ ਕੰਪਨੀਆਂ ਨੇ ਸਾਨੂੰ ਖਾਦਾਂ ਵੇਚੀਆਂ ਸਨ, ਲਗਭਗ ਉਹੀ ਸਾਨੂੰ ਕੈਂਸਰ ਦੀਆਂ ਦਵਾਈਆਂ ਵੇਚ ਰਹੀਆਂ ਹਨ। ਇਹ ਸਾਡਾ vicious circle ਸੀ, ਅਸੀਂ ਉਸ ਦੇ ਵਿੱਚ ਫਸ ਗਏ। ਇਹ ਤਾਂ ਸਾਡਾ ਪਿਛੋਕੜ ਸੀ। ਪੰਜਾਬ ਪਹਿਲੀ ਵਾਰੀ 1981 ਵਿੱਚ 10 ਕਰੋੜ ਰੁਪਏ ਦੇ ਡੈੱਟ ਵਿੱਚ ਆਇਆ ਸੀ ਲੇਕਿਨ 2007 ਤੱਕ ਉਹ ਡੈੱਟ ਵੱਧ ਕੇ ਲਗਭਗ 52 ਹਜ਼ਾਰ ਕਰੋੜ ਰੁਪਏ ਹੋ ਗਿਆ। ਉਦੋਂ ਤੱਕ ਵੀ ਮੈਨੇਜੇਬਲ ਸੀ ਪਰ ਪਿਛਲੇ 10 ਸਾਲਾਂ ਦੇ ਵਿੱਚ ਇੱਕ ਲੱਖ ਤੇ 54 ਹਜ਼ਾਰ ਕਰੋੜ ਰੁਪਏ ਦਾ ਅਸੀਂ ਕਰਜ਼ਾ ਲੈ ਲਿਆ। ਕੋਈ ਘਰ ਚਲਾਉਣਾ ਹੋਵੇ, ਕੋਈ ਪਿੰਡ ਚਲਾਉਣਾ ਹੋਵੇ, ਕੋਈ ਸਮਾਜ ਚਲਾਉਣਾ ਹੋਵੇ ਤੇ ਕੋਈ ਸੂਬਾ ਚਲਾਉਣਾ ਹੋਵੇ ਤਾਂ 80% ਸਾਡੀਆਂ ਸਮੱਸਿਆਵਾਂ ਫਾਈਨਾਂਸ ਨਾਲ ਰਿਲੇਟਿਡ ਹਨ। ਜਦੋਂ ਫਾਈਨਾਂਸ ਠੀਕ ਹੁੰਦਾ ਹੈ ਤਾਂ ਉਸ ਘਰ ਦੇ ਵਿੱਚ ਬੱਚਿਆਂ ਦੀ ਪੜ੍ਹਾਈ ਠੀਕ ਹੋ ਜਾਂਦੀ ਹੈ, ਜਿਸ ਨਾਲ 80% ਸਮੱਸਿਆਵਾਂ ਸੈਟਲ ਹੋ ਜਾਂਦੀਆਂ ਹਨ। ਹੁਣ ਸਵਾਲ ਇਹ ਹੈ ਕਿ ਇਸ ਹਾਲਾਤ ਵਿੱਚ ਕਿਸ ਦਾ ਕੀ ਰੋਲ ਰਿਹਾ। ਮੈਨੂੰ ਯਾਦ ਹੈ, ਸਰਦਾਰ ਸੁਖਬੀਰ ਸਿੰਘ ਬਾਦਲ ਨੇ ਇੱਕ ਪਾਵਰ ਪੁਆਇੰਟ ਪ੍ਰੈਜ਼ੈਂਟੇਸ਼ਨ ਬਣਾਈ ਸੀ ਕਿ ਜਿਹੜਾ ਗੁੱਡ ਡੈੱਟ ਹੁੰਦਾ ਹੈ, ਉਹ ਹਮੇਸ਼ਾ ਸਾਡੇ ਦੇਸ਼ ਨੂੰ ਜਾਂ ਸੂਬੇ ਨੂੰ ਅੱਗੇ ਲੈ ਕੇ ਜਾਂਦਾ ਹੈ। ਮੈਂ ਉਦੋਂ ਉਨ੍ਹਾਂ ਦੇ ਨਾਲ ਸੀ ਅਤੇ ਮੈਂ ਉਨ੍ਹਾਂ ਨੂੰ ਗੁੱਡ ਡੈੱਟ ਦੀ ਪਰਿਭਾਸ਼ਾ ਪੁੱਛੀ। ਉਹ ਕਹਿੰਦੇ ਤੂੰ ਫਿਰ ਖਿਡਾਰੀਆਂ ਵਾਲੀ ਗੱਲ ਕਰ ਦਿੱਤੀ, ਤੈਨੂੰ ਇਕਨਾਮਿਕਸ ਦਾ ਕੀ ਪਤਾ ਹੈ? ਮੈਂ ਕਿਹਾ ਮੈਨੂੰ ਨਹੀਂ ਪਤਾ, ਇਸ ਦੇ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ।ਉਹ ਕਹਿੰਦੇ

ਇੰਡਸਟਰੀਲਾਈਜ਼ੇਸ਼ਨ ਕਰਾਂਗੇ, ਇਨਫਰਾਸਟਰਕਚਰ ਕਰੀਏਟ ਕਰਾਂਗਾ। ਮੈਂ ਕਿਹਾ ਕਿ ਕੀ ਇਹੀ ਆਪਣੀ ਮਨਸ਼ਾ ਹੈ? ਮਨਸ਼ਾ ਤਾਂ ਇਹ ਸੀ ਕਿ ਪੁਲੀਟੀਕਲ ਹਿੱਤਾਂ ਦੀ ਪੂਰਤੀ ਹੋਣੀ ਚਾਹੀਦੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਇਕੱਲੀਆਂ ਇਕੱਲੀਆਂ ਪੰਚਾਇਤਾਂ ਨੂੰ, ਇਕੱਲੇ ਇਕੱਲੇ ਸਰਪੰਚਾਂ ਨੂੰ ਡਿਵੈਲਪੈਂਟ ਲਈਂ ਪੈਸੇ ਨਹੀਂ ਦੇਣੇ ਚਾਹੀਦੇ। 1.5 ਕਰੋੜ ਰੁਪਿਆ ਅਸੀਂ ਇਸ ਤੇ ਖਰਚ ਕਰ ਦਿੱਤਾ ਤੇ ਇੰਡਸਟਰੀਲਾਈਜ਼ੇਸ਼ਨ ਤਾਂ ਸਾਡੇ ਸਾਹਮਣੇ ਹੀ ਹੈ।ਖੰਨਾ ਵੀ ਖਾਲੀ ਹੋ ਗਿਆ, ਗੋਬਿੰਦਗੜ੍ਹ ਵੀ ਖਾਲੀ ਹੋ ਗਿਆ, ਅੱਧਾ ਕੁ ਲੁਧਿਆਣਾ ਵੀ ਖਾਲੀ ਹੋ ਗਿਆ ਪਰ ਉਸ ਦੇ ਨਾਲ ਕੀ ਹੋਇਆ ਹੈ। ਉਸ ਦੇ ਨਾਲ ਸਾਡੀ ਡੀਕਰੈਕਟਰਾਈਜ਼ੇਸ਼ਨ ਹੋਈ ਹੈ ਕਿਉਂਕਿ ਜਦੋਂ ਸਮਾਜ ਦੇ ਵਿੱਚ ਇਹ ਸਾਰੀਆਂ ਸਮੱਸਿਆਵਾਂ ਆਉਂਦੀਆਂ ਹਨ ਤਾਂ ਕਿਰਦਾਰ ਹੌਲੀ-ਹੌਲੀ ਡਿੱਗਣ ਲੱਗ ਪੈਂਦਾ ਹੈ। ਸਪੀਕਰ ਸਾਹਿਬ, ਮੈਨੂੰ ਖੇਡਾਂ ਕਰਕੇ ਰਸ਼ੀਆ ਜਾਣ ਦਾ ਮੌਕਾ ਮਿਲਿਆ।ਰਸ਼ੀਆ ਦੇ ਵਿੱਚ ਉਨ੍ਹਾਂ ਦਾ ਸਿਸਟਮ ਬੜਾ ਸਟਰਾਂਗ ਸੀ।ਜਦੋਂ ਹਰ ਸਾਲ ਜਾਣਾ ਤਾਂ ਉਥੇ ਚੇਂਜਿਜ਼ ਦਿਸਦੀਆਂ ਸਨ।ਉੱਥੇ ਛੋਟਾ ਕਰਾਈਮ ਤਾਂ ਹੁੰਦਾ ਹੈ ਅਤੇ ਕਿਤੇ ਨਾ ਕਿਤੇ ਲੇਡੀਜ਼ ਵੀ ਹੌਲੀ-ਹੌਲੀ ਪ੍ਰਾਸੀਕਿਊਸ਼ਨ ਦੇ ਵਿੱਚ ਪੈਣਾ ਸ਼ੁਰੂ ਹੋ ਗਈਆਂ ਕਿਉਂਕਿ ਸਮਾਜ ਦੇ ਇਹ ਦੋ ਆਧਾਰ ਹਨ। ਜਿਹੜਾ ਇਨਸਾਨ ਪੈਦਾ ਹੋਇਆ ਤਾਂ ਉਸ ਨੇ ਕਿਤੇ ਨਾ ਕਿਤੇ ਤਾਂ ਖਾਣਾ ਹੈ।ਹੌਲੀ-ਹੌਲੀ ਸਾਡੀਆਂ ਸਮਾਜਿਕ ਕਦਰਾਂ-ਕੀਮਤਾਂ ਡਾਊਨ ਟਰੇਂਡ ਵੱਲ ਨੂੰ ਚੱਲ ਪਈਆਂ।ਔਰ ਇਹ ਇਕੱਲੀ ਸਮਾਜਿਕ ਕਮਜ਼ੋਰੀ ਨਹੀਂ ਹੋਈ, ਧਰਮ ਦੇ ਵਿੱਚ ਵੀ ਇਹ ਸਮੱਸਿਆ ਆਈ ਹੈ।ਪਿਛਲੀ ਸਰਕਾਰ ਨੇ ਪਾਪੂਲਰ ਸਕੀਮਾਂ ਵੀ ਬਹੁਤ ਲਿਆਂਦੀਆਂ ਪਰ ਹੁਣ ਸਿਰਫ 14 ਰਹਿ ਗਈਆਂ ਹਨ।ਮੈਂ ਤਾਂ ਫਾਈਨਾਂਸ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਸਾਨੂੰ ਵਿਰਾਸਤ ਵਿੱਚ ਲਗਭਗ ਦੋ ਲੱਖ ਅੱਠ ਹਜ਼ਾਰ ਕਰੋੜ ਦਾ ਕਰਜ਼ਾ ਮਿਲਣ ਦੇ ਬਾਵਜੂਦ ਇਨ੍ਹਾਂ ਇਹ ਬਜਟ ਲਿਆਂਦਾ ਹੈ।ਮੈਂ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਕਮ-ਅਜ਼-ਕਮ ਵਿਜ਼ੂਲਾਈਜੇਸ਼ਨ ਤਾਂ ਲਿਆਂਦੀ ਹੈ।ਅੱਜ ਅਸੀਂ ਸੋਚਦੇ ਕੀ ਹਾਂ? ਇੱਥੇ ਸਾਰੇ ਜਣੇ ਬੈਠੇ ਹਨ।ਮੈਂ ਕਿਸੇ ਵੀ ਪਾਰਟੀ ਦੀ ਗੱਲ ਨਹੀਂ ਕਰਦਾ, ਸਗੋਂ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਗੱਲ ਕਰ ਰਿਹਾ ਹਾਂ।ਅਸੀਂ ਸਾਰੇ ਜਣੇ ਬਹੁਤ ਰੌਲਾ ਪਾਉਂਦੇ ਹਾਂ।ਅਸੀਂ ਇਕ ਦੂਜੇ ਨੂੰ ਹੀ ਕਹਿੰਦੇ ਹਾਂ ਕਿ ਉਸ ਨੇ ਇਸ ਤਰ੍ਹਾਂ ਕਰ ਦਿੱਤਾ, ਇਸ ਨੇ ਉਸ ਤਰ੍ਹਾਂ ਕਰ ਦਿੱਤਾ। ਮੇਰਾ ਖਿਆਲ ਹੈ ਕਿ ਜਿਹੜੇ ਲੋਕ ਹਨ, ਉਹ ਸਾਡੇ ਤੋਂ ਬਹੁਤ ਜ਼ਿਆਦਾ ਸਿਆਣੇ ਹਨ।ਲੋਕੀਂ ਹਰ ਚੀਜ਼ ਨੂੰ ਜਾਣਦੇ ਹਨ ਕਿ ਹੋਇਆ ਕੀ ਹੈ? ਜੇ ਪਿਛਲੇ ਸੱਠਾਂ ਸਾਲਾਂ ਦੇ ਵਿੱਚ 52 ਹਜ਼ਾਰ ਕਰੋੜ ਦਾ ਕਰਜ਼ਾ ਤੇ ਸਿਰਫ ਦਸਾਂ ਸਾਲਾਂ ਦੇ ਵਿੱਚ ਇੱਕ ਲੱਖ 54 ਹਜ਼ਾਰ ਕਰੋੜ ਦਾ ਕਰਜ਼ਾ ਤਾਂ ਫਿਰ ਕਾਰਗੁਜ਼ਾਰੀ ਦੱਸਣ ਦੀ ਜ਼ਰੂਰਤ ਨਹੀਂ ਹੋਵੇਗੀ ਕਿ ਕਿਸ ਨੇ ਕੀ ਕੀਤਾ ਅਤੇ ਕਿਸ ਨੇ ਕੀ ਨਹੀਂ ਕੀਤਾ।ਜਿਹੜੇ ਸਾਡੇ ਲੋਕਤੰਤਰ ਦੇ ਚਾਰ ਥੰਮ੍ਹ ਸੀ, ਉਸ ਦੇ ਵਿੱਚੋਂ ਪਬਲਿਕ ਦੇ ਚੁਣੇ ਹੋਏ ਨੁਮਾਇੰਦੇ ਇੱਥੇ ਬੈਠੇ ਹਨ, ਅਫਸਰਸ਼ਾਹੀ ਇੱਥੇ ਬੈਠੀ ਹੈ ਤੇ ਸਾਡੇ ਚੀਫ ਸੈਕਟਰੀ ਸਾਹਿਬ ਵੀ ਬੈਠੇ ਹਨ।ਜਿਹੜਾ ਪਾਲਿਸੀ ਲੈਵਲ ਹੈ ਔਰ ਜਿਹੜੀ ਉਸਦੀ ਇੰਪਲੀਮੈਂਟੇਸ਼ਨ ਹੈ, ਉਸ ਦੇ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ।ਮੈਂ ਤੁਹਾਨੂੰ ਇੱਥੇ ਇੱਕ ਐਗਜ਼ਾਂਪਲ ਦੇਣਾ ਚਾਹੁੰਦਾ ਹਾਂ ਕਿ ਮੈਂ ਪਿਛਲੀ ਵਾਰੀ ਜਦੋਂ ਵੇਸਟ ਮੈਨੇਜਮੈਂਟ ਲਈ ਲੜਿਆ, ਉਸ ਮੁੱਦੇ ਨੇ ਮੈਨੂੰ ਪੜ੍ਹਨ ਲਗਾ ਦਿੱਤਾ ਤੇ ਮੈਂ ਉਸ ਦੇ ਵਿੱਚ ਦੇਖਿਆ ਕਿ ਕਿਹੜੇ ਕਿਹੜੇ ਲੈਵਲ ਤੋਂ ਉਹ ਫਾਈਲ ਨਹੀਂ ਲੰਘੀ। ਉਸ ਦੀ ਡੀ.ਪੀ.ਆਰ ਵੀ ਜਿੰਦਲ ਕੰਪਨੀ ਨੇ ਤਿਆਰ ਕੀਤੀ।ਜਦੋਂ ਉਸ ਦਾ ਟੈਂਡਰ ਡਾਕੂਮੈਂਟ ਬਣਾਇਆ ਤਾਂ ਉਹ ਵੀ ਜਿੰਦਲ ਕੰਪਨੀ ਨੇ ਬਣਾਇਆ।ਜਦੋਂ ਟੈਂਡਰ ਡਾਕੂਮੈਂਟ ਦੀ ਅਲਾਟਮੈਂਟ ਹੋਈ ਤਾਂ ਉਹ ਵੀ ਜਿੰਦਲ ਕੰਪਨੀ ਨੂੰ ਹੋਈ।ਔਰ ਉਸ ਦੇ ਵਿੱਚ ਸਾਡਾ Pollution Board, ਸਾਡੀ ਸਟੇਟ ਦੀ ਇੰਪੈਕਟ ਕਮੇਟੀ, ਅਸੈਸਮੈਂਟ ਕਮੇਟੀ ਔਰ ਉਸ ਤੋਂ ਬਾਅਦ ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਸਪੀਕਰ ਸਾਹਿਬ sorry to say ਮੈਂ ਜਦੋਂ ਉਥੇ ਐਪਲੀਕੇਸ਼ਨ ਦੇ ਕੇ ਪਾਰਟੀ ਬਣਿਆ ਤਾਂ ਮੈਂ ਦੇਖਿਆ ਕਿ ਜਿਹੜੇ ਉਥੋਂ ਦੇ ਚੇਅਰਮੈਨ ਸੀ, ਉਨ੍ਹਾਂ ਦੀ ਬੇਟੀ ਵਕੀਲ ਸੀ।ਜੋ ਜਿੰਦਲਾਂ ਲਈ as a ਵਕੀਲ ਪੇਸ਼ ਹੋਈ ਤਾਂ ਮੈਂ ਕਿਹਾ ਕਿ ਇਹ ਤਾਂ ਸਾਰੀ ਦਾਲ ਹੀ ਗੰਧਲੀ ਹੋਈ ਪਈ ਹੈ।ਸਪੀਕਰ ਸਾਹਿਬ, ਇਹ ਰਿਐਲਟੀ ਹੈ ਕਿ ਸਾਡੇ ਸਮਾਜ ਦਾ ਤਾਣਾ-ਬਾਣਾ

ਹੀ ਹਿੱਲਿਆ ਹੋਇਆ ਹੈ। ਮੈਂ ਤੁਹਾਨੂੰ ਇੱਕ ਗੱਲ ਹੋਰ ਸਾਡੇ ਸਿਸਟਮ ਦੀ ਦੱਸਣਾ ਚਾਹੁੰਦਾ ਹਾਂ। ਮੈਂ ਅੱਜ ਤੋਂ ਗਿਆਰਾਂ ਮਹੀਨੇ ਪਹਿਲਾਂ ਵਿਜੀਲੈਂਸ ਚੀਫ ਨੂੰ ਇੱਕ ਕੇਸ ਦਿੱਤਾ ਸੀ। ਉਸ ਦੇ ਵਿੱਚ

[ਸਰਦਾਰ ਪਰਗਟ ਸਿੰਘ]

ਲਗਭਗ ਦਸ ਕਰੋੜ ਦਾ ਘਪਲਾ ਸੀ, ਮੈਂ ਕਿਹਾ ਦੇਖਾਂ ਤਾਂ ਸਹੀ ਇਹ ਕਰਦੇ ਕੀ ਹਨ? ਜਿਹੜਾ ਐਸ.ਐਸ.ਪੀ. ਵਿਜੀਲੈਂਸ ਹੈ, ਉਸ ਨੇ ਇਨਕੁਆਇਰੀਆਂ ਪੂਰੀਆਂ ਨਹੀਂ ਕੀਤੀਆਂ, ਭਾਵੇਂ ਥੋੜ੍ਹੀਆਂ ਬਹੁਤ ਰਹਿੰਦੀਆਂ ਹੋਣ।ਲੇਕਿਨ ਅੱਜ ਤੱਕ ਉਸ ਦੀ ਫਾਈਂਡਿੰਗ ਨਹੀਂ ਆਈ। ਜੇਕਰ ਅਸੀਂ ਹੇਠਲੇ ਸਿਸਟਮ ਤੇ ਨੀਤੀਆਂ ਇੰਪਲੀਮੈਂਟ ਨਹੀਂ ਕਰਾਂਗੇ ਤਾਂ ਫਿਰ ਅਜਿਹੇ ਹੀ ਹਾਲਾਤ ਬਣਨਗੇ।ਇਕ ਵਾਰ ਮੇਰੇ ਬਾਪੂ ਜੀ ਨੇ ਕਿਹਾ ਸੀ ਕਿ ਵਿਆਹ ਅਤੇ ਘਰ ਤੇ ਲਿਆ ਕਰਜ਼ਾ ਕਦੇ ਲਹਿੰਦਾ ਨਹੀਂ ਹੁੰਦਾ, ਅਸੀਂ ਸਵਾ ਦੋ ਲੱਖ ਕਰੋੜ ਦਾ ਕਰਜ਼ਾ ਪੰਜਾਬ ਦੇ ਉੱਤੇ ਚੜ੍ਹਾ ਲਿਆ ਅਤੇ ਅਸੀਂ ਕਰਜ਼ੇ ਵਿਚ ਨੱਕੋ-ਨੱਕ ਭਰੇ ਹੋਏ ਹਾਂ।ਸਾਨੂੰ ਆਰ-ਐਂਡ-ਡੀ ਤੇ ਕੰਮ ਕਰਨ ਲਈ ਜੋਸ਼ ਤੇ ਹੋਸ਼ ਦੀ ਜ਼ਰੂਰਤ ਹੈ।ਕਿਉਂਕਿ ਇਕੱਲੇ ਜੋਸ਼ ਨਾਲ ਵੀ ਕੰਮ ਨਹੀਂ ਚੱਲਣਾ ਅਤੇ ਨਾ ਇਕੱਲੇ ਹੋਸ਼ ਨਾਲ ਚੱਲਣਾ ਹੈ। ਦੁਨੀਆਂ ਦੇ ਉੱਤੇ ਜਿੱਥੇ ਵੀ ਲੋਕਾਂ ਨੇ ਵਧੀਆ ਤਰੱਕੀ ਕੀਤੀ ਹੈ, ਜਿਵੇਂ ਇਜ਼ਰਾਈਲ ਦੇਖ ਲਓ।ਮੇਰਾ ਖਿਆਲ ਹੈ ਕਿ ਆਰ ਐਂਡ ਡੀ ਖੇਤਰ ਵਿਚ ਉਹ ਕਿਹੜੀ ਚੀਜ਼ ਹੈ ਜਿਹੜੀ ਉਨ੍ਹਾਂ ਨੇ ਨਹੀਂ ਕੀਤੀ। ਸਪੀਕਰ ਸਾਹਿਬ, ਜਦੋਂ ਵੀ 6 ਮਹੀਨਿਆਂ ਵਿਚ ਸੈਸ਼ਨ ਆਉਂਦਾ ਹੈ ਤਾਂ ਆਪਾਂ ਇੱਕ ਯੂਨੀਵਰਸਿਟੀ ਬਣਾ ਦਿੰਦੇ ਹਾਂ। ਸਰਵੇ ਤਾਂ ਕਦੇ ਕੀਤਾ ਹੀ ਨਹੀਂ। 40 ਹਜ਼ਾਰ ਬੱਚੇ ਹਰ ਸਾਲ ਇੰਜੀਨੀਅਰਿੰਗ ਦੀਆਂ ਡਿਗਰੀਆਂ ਲੈ ਕੇ ਪਾਸ ਆਊਟ ਹੁੰਦੇ ਹਨ।ਉਸ ਦਾ ਨੈੱਟ ਰਿਜ਼ਲਟ ਕੀ ਹੈ? ਉਸ ਦਾ ਨੈੱਟ ਰਿਜ਼ਲਟ ਇਹ ਹੈ ਕਿ 500 ਤੋਂ ਵੱਧ ਵਿਦਿਆਰਥੀਆਂ ਦੀ ਪਲੇਸਮੈਂਟ ਨਹੀਂ ਹੈ ਕਿਉਂਕਿ ਉਸ ਨੂੰ ਅਸੀਂ ਸਮੇਂ ਦਾ ਹਾਣੀ ਨਹੀਂ ਬਣਾਇਆ। ਜੇਕਰ ਉਸ ਨੇ ਕਿਸੇ ਦੂਸਰੇ ਸੂਬੇ ਵਿਚ ਜਾ ਕੇ ਜੌਬ ਕਰਨੀ ਹੋਵੇ, ਕਿਸੇ ਦੂਸਰੇ ਦੇਸ਼ ਵਿਚ ਜਾ ਕੇ ਜੌਬ ਕਰਨੀ ਹੋਵੇ ਤਾਂ ਅਸੀਂ ਉਹ ਪੈਰਾਮੀਟਰਜ਼ ਹੀ ਨਹੀਂ ਲਏ।ਇਸ ਦਾ ਬਹੁਤ ਨੁਕਸਾਨ ਹੋਣਾ ਹੈ।ਅੱਜ ਅਸੀਂ ਇੰਜੀਨੀਅਰ ਬਣਾਈ ਜਾਂਦੇ ਹਾਂ ਪਰ ਅਸੀਂ ਕਦੇ ਸਰਵੇ ਨਹੀਂ ਕੀਤਾ ਕਿਉਂਕਿ ਉਸ ਨੂੰ ਸਮੇਂ ਦਾ ਹਾਣੀ ਨਾ ਬਣਾਉਣ ਕਰਕੇ ਉਸ ਨੂੰ ਰੋਜ਼ੀ ਰੋਟੀ ਜੋਗਾ ਹੀ ਨਹੀਂ ਬਣਾਇਆ। ਅਸਲੀ ਗੱਲ ਤਾਂ ਇਹ ਕਿ ਟੈਕਨੀਕਲ ਬੰਦਾ ਹੌਲੀ ਹੌਲੀ ਇਸ ਵਿਚੋਂ ਬਾਹਰ ਨਿਕਲ ਗਿਆ। ਅਸੀਂ ਸਿੱਖਣਾ ਹੀ ਨਹੀਂ ਚਾਹੁੰਦੇ। ਸਾਨੂੰ ਸਭ ਨੂੰ ਆਪਣਾ attitude ਬਦਲਣਾ ਪੈਣਾ ਹੈ। ਪਿੱਛੇ ਜਿਹੇ ਮੇਰੇ ਕੋਲ ਇੱਕ ਬਾਬਾ ਅਤੇ ਇੱਕ ਪੋਤਾ ਆਏ। ਮੈਨੂੰ ਕਹਿੰਦੇ ਐਮ.ਐਲ.ਏ. ਸਾਹਿਬ ਮੇਰੇ ਕੋਲ ਦੋ-ਢਾਈ ਏਕੜ ਜ਼ਮੀਨ ਹੈ, ਉਹ ਚਾਹੇ ਵਿਕ ਜਾਏ ਪਰ ਮੈਂ ਆਪਣੇ ਪੋਤੇ ਨੂੰ ਇੰਜੀਨੀਅਰ ਜ਼ਰੂਰ ਬਣਾਉਣਾ ਹੈ। ਮੈਂ ਉਸ ਦੇ ਪੋਤੇ ਨੂੰ ਪੁੱਛਿਆ ਕਿ ਬੇਟਾ ਤੈਨੂੰ ਇੰਜੀਨੀਅਰਿੰਗ ਬਾਰੇ ਕੁਝ ਪਤਾ ਹੈ। ਉਹ ਕਹਿੰਦਾ ਨਹੀਂ ਜੀ, ਮੈਨੂੰ ਤਾਂ ਨਹੀਂ ਪਤਾ। ਮੈਂ ਉਸ ਨੂੰ ਥੋੜ੍ਹਾ ਬਹੁਤ ਸਮਝਾਇਆ ਕਿਉਂਕਿ ਇਹ ਸਿਸਟਮ ਫੇਲ੍ਹ ਹੋ ਗਿਆ ਹੈ। ਬੱਚਿਆਂ ਨੂੰ ਅਸੀਂ ਗਾਈਡ ਹੀ ਨਹੀਂ ਕਰ ਸਕੇ ਕਿ ਅਸਲੀ ਗੱਲ ਕੀ ਹੈ, ਇਸ ਦਾ ਅੱਗੇ ਹੋਣਾ ਕੀ ਹੈ। ਇਸ ਦਾ ਰਿਜ਼ਲਟ ਕੀ ਨਿਕਲਣਾ ਹੈ। ਜਿੰਨਾ ਚਿਰ money ਦੀ circulation ਨਹੀਂ ਹੁੰਦੀ ਉਨਾ ਚਿਰ ਸਾਡਾ ਸਿਸਟਮ ਸਹੀ ਨਹੀਂ ਹੋ ਸਕਦਾ।ਸਪੀਕਰ ਸਾਹਿਬ, ਜਿਹੜੀਆਂ 7300 illegal colonies ਹਨ, ਉਨ੍ਹਾਂ ਨੇ ਲਾਇਸੈਂਸ ਲੈਣ ਲਈ ਅਪਲਾਈ ਕੀਤਾ ਹੈ ਕਿ ਉਹ ਲਾਇਸੈਂਸ ਲੈਣ ਲਈ ਤਿਆਰ ਹਨ। ਪਿਛਲੇ ਸਮੇਂ ਵਿਚ ਲਗਭਗ 1 ਲੱਖ 35 ਹਜ਼ਾਰ ਏਕੜ ਦੀ illegal colonization ਹੋ ਗਈ। ਉਸ ਵਿਚ ਕੌਣ ਬੰਦੇ ਇਨਵਾਲਵ ਹਨ? ਇੱਕ ਪਾਲੀਟੀਸ਼ਨ, ਇੱਕ bureaucrat ,ਇੱਕ ਪੁਲਿਸ ਵਾਲਾ ਅਤੇ ਇੱਕ financer ਉਸ ਵਿਚ ਇਨਵਾਲਵ ਹਨ। ਡੀਮਾਂਡ ਤਾਂ ਸੀ ਲੇਕਿਨ ਅਸੀਂ ਸਪਲਾਈ ਨਹੀਂ ਕਰ ਸਕੇ। ਸਪਲਾਈ ਇਸ ਕਰਕੇ ਨਹੀਂ ਕਰ ਸਕੇ ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਜੇਕਰ ਇਸ ਨੂੰ ਅਸੀਂ 12 ਲੱਖ ਪ੍ਰਤੀ 1 ਏਕੜ ਦੀ ਡਿਵੈਲਪਮੈਂਟ ਚਾਰਜਿਜ਼ ਵੀ ਲਗਾਈਏ ਤਾਂ ਇੱਕ ਲੱਖ 62 ਹਜ਼ਾਰ ਕਰੋੜ ਰੁਪਇਆ ਇਸ ਵਿਚੋਂ ਜੈਨਰੇਟ ਹੋ ਸਕਦਾ ਹੈ। ਇਹ ਤਾਂ ਸਾਡੇ ਸਿਸਟਮ ਦੇ ਹਾਲਾਤ ਹਨ।ਮੈਨੂੰ ਥੋੜ੍ਹਾ ਬਹੁਤਾ ਬਿਊਰੋਕ੍ਰੇਸੀ ਵਿਚ ਵੀ ਕੰਮ ਕਰਨ ਦਾ ਮੌਕਾ ਮਿਲਿਆ।ਜਿੰਨਾ ਚਿਰ ਅਸੀਂ implementation ਤੇ ਨਹੀਂ ਪਹੁੰਚਦੇ, ਓਨਾ ਚਿਰ ਅਸੀਂ

ਇੱਥੇ ਭਾਵੇਂ ਜੋ ਮਰਜ਼ੀ ਕਰ ਲਈਏ, ਕੁੱਝ ਨਹੀਂ ਹੋਣਾ ਕਿਉਂਕਿ ਨਾ ਸਾਡਾ ਪਟਵਾਰੀ ਪੈਸੇ ਲੈਣ ਤੋਂ ਹਟੇਗਾ ਅਤੇ ਨਾ ਸਾਡਾ ਥਾਣੇਦਾਰ ਪੈਸੇ ਲੈਣ ਤੋਂ ਹਟੇਗਾ।ਪਿਛਲੇ ਸਮੇਂ ਦੇ ਵਿਚ ਇਰੀਗੇਸ਼ਨ ਦਾ ਘਪਲਾ ਹੋਇਆ। ਸਾਡੀ ਵਿਜੀਲੈਂਸ ਨੇ ਇੱਕ ਐਕਸੀਅਨ ਤੇ 1200 ਕਰੋੜ ਰੁਪਏ ਦੇ ਘਪਲੇ ਦਾ ਪਰਚਾ ਦਰਜ ਕੀਤਾ। ਕੀ ਉਹ ਇਕੱਲਾ ਹੀ ਇਸ ਵਿਚ ਇਨਵਾਲਵਡ ਸੀ? ਇਸ ਦਾ ਮਤਲਬ ਹੈ ਸਾਰਾ ਸਿਸਟਮ ਕੋਲੈਪਸ ਕਰ ਗਿਆ ਹੈ। ਜੇ ਇੱਕ ਐਕਸੀਅਨ 1200 ਕਰੋੜ ਰੁਪਏ ਦੀ ਪ੍ਰਾਪਰਟੀ ਬਣਾ ਸਕਦਾ ਹੈ ਤਾਂ ਕੀ ਉਹ ਐਕਸੀਅਨ ਇਸ ਸਿਸਟਮ ਦੇ ਵਿਚ ਇਕੱਲਾ ਹੀ ਸੀ? ਅੱਜ ਸਾਨੂੰ ਆਪਣਾ ਕਿਰਦਾਰ ਉੱਚਾ ਚੁੱਕਣ ਦੀ ਲੋੜ ਹੈ ਕਿਉਂਕਿ ਪੰਜਾਬੀਆਂ ਦਾ ਕਿਰਦਾਰ ਇਹੋ ਜਿਹਾ ਨਹੀਂ ਸੀ। ਦੁਨੀਆਂ ਦੇ ਉੱਤੇ ਪੰਜਾਬੀਆਂ ਨੇ ਤਰੱਕੀ ਕੀਤੀ ਹੈ ਪਰ ਇਸ ਸਿਸਟਮ ਨੇ ਸਾਡੇ ਕਿਰਦਾਰ ਨੂੰ ਵੀ ਹੌਲੀ-ਹੌਲੀ ਖੋਰ ਦਿੱਤਾ। ਜੇ ਧਾਰਮਿਕ ਸੰਸਥਾਵਾਂ ਵੱਲ ਹੀ ਵੇਖ ਲਈਏ, ਐਸ.ਜੀ.ਪੀ.ਸੀ. ਦਾ ਕੀ ਹਾਲ ਹੋਇਆ ਹੈ? ਸਿਸਟਮ ਦੇ ਵਿਚ ਜਦੋਂ ਕੋਈ ਸ਼ਰੀਫ ਬੰਦਾ ਆ ਜਾਂਦਾ ਹੈ, ਜਦੋਂ ਕੋਈ ਕੰਮ ਦੀ ਗੱਲ ਕਰਨ ਵਾਲਾ ਆ ਜਾਂਦਾ ਹੈ ਤਾਂ ਉਸ ਨੂੰ ਹੌਲੀ-ਹੌਲੀ ਸਾਰੇ ਟੁੱਟ ਕੇ ਪੈ ਜਾਂਦੇ ਹਨ ਕਿ ਤੂੰ ਬੋਲ ਕੇ ਦੇਖ ਜ਼ਰਾ। ਮੈਂ ਹਾਊਸ ਨੂੰ ਇੱਕ ਗੁਜ਼ਾਰਿਸ਼ ਹੋਰ ਕਰਨੀ ਚਾਹੁੰਦਾ ਹਾਂ ਕਿ ਜ਼ਰੂਰੀ ਨਹੀਂ ਜਿਹੜਾ ਪੜ੍ਹਿਆ ਲਿਖਿਆ ਹੋਵੇ ਉਹ ਸਿਆਣਾ ਵੀ ਹੋਵੇ।ਸਾਨੂੰ ਸਾਰਿਆਂ ਨੂੰ ਓਵਰ ਟਾਈਮ ਕੰਮ ਕਰਨਾ ਪਵੇਗਾ। 18 ਤੋਂ 20 ਘੰਟੇ ਕੰਮ ਕਰਨਾ ਪਵੇਗਾ। ਅਸੀਂ ਇੱਕ ਦੂਜੇ ਤੇ ਚਿੱਕੜ ਸੁੱਟਦੇ ਹਾਂ। ਪਤਾ ਨਹੀਂ ਕੀ ਸ਼ੋਅ ਕਰਨਾ ਚਾਹੁੰਦੇ ਹਾਂ ਕਿ ਕਿਹੜੇ ਕੱਦੂ ਵਿਚ ਤੀਰ ਮਾਰ ਲਿਆ। ਅਸਲੀਅਤ ਤਾਂ ਇਹ ਹੈ ਕਿ ਅਸੀਂ ਸਵਾ ਦੋ ਲੱਖ ਕਰੋੜ ਰੁਪਏ ਦੇ debt ਵਿਚ ਹਾਂ। ਮੈਂ ਸੀ.ਐਮ. ਸਾਹਿਬ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਹੁੱਕਾ ਬਾਰ ਤੇ ਪਾਬੰਦੀ ਲਗਾਈ ਹੈ ਕਿਉਂਕਿ ਪੰਜਾਬ ਦਾ ਇਹ ਕਰੈਕਟਰ ਨਹੀਂ ਸੀ, ਇਹ ਸੋਚ ਨਹੀਂ ਸੀ, ਪਤਾ ਨਹੀਂ ਇਹ ਕਮਰਸ਼ੀਅਲ ਸੋਚ ਕਿੱਥੋਂ ਆ ਗਈ ਕਿ ਅਸੀਂ ਹੁੱਕਾ ਬਾਰ ਚਲਾਉਣ ਲੱਗ ਪਏ। ਇਹ ਹੁੱਕਾ ਬਾਰ ਬੰਦ ਕਰਨ ਲਈ ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ।ਸਪੀਕਰ ਸਾਹਿਬ, ਅਖੀਰ ਵਿੱਚ ਮੈਂ ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਇੱਥੇ ਕਈ ਵਾਰ ਸ਼ੁਗਲ ਮੇਲਾ ਵੀ ਲਗਾ ਲੈਂਦੇ ਹਾਂ, ਤੇ ਕਈ ਵਾਰ ਕੁਝ ਕਰ ਲੈਂਦੇ ਹਾਂ ਪਰ ਤਿੰਨ ਕਰੋੜ ਲੋਕ ਆਪਣੇ ਤੇ ਤਵੱਕੋ ਰੱਖਦੇ ਹਨ, ਆਪਣੇ ਵੱਲ ਦੇਖਦੇ ਹਨ ਕਿ ਇਹ ਕੀ ਕਰ ਰਹੇ ਹਨ ? ਇਥੇ ਤਾਂ ਅਸੀਂ ਇਸ ਪਵਿੱਤਰ ਸਦਨ ਦੀ ਗੱਲ ਕਰਦੇ ਹਾਂ, ਅਜ਼ੀਮ ਸਦਨ ਦੀ ਗੱਲ ਕਰਦੇ ਹਾਂ ਪਰ ਜਦੋਂ ਬਾਹਰ ਜਾ ਕੇ ਲੋਕਾਂ ਵਿੱਚ ਵਿਚਰਦੇ ਹਾਂ ਤਾਂ ਕੋਈ ਸਾਨੂੰ ਮੂੰਹ ਤੇ ਕਹਿ ਦਿੰਦਾ ਹੈ ਤੇ ਕੋਈ ਨਹੀਂ ਕਹਿੰਦਾ ਪਰ ਉਹ ਕਹਿੰਦੇ ਹਨ ਕਿ ਇਹ ** ** । ਕੋਈ ਕਹਿੰਦਾ ਹੈ, ** ** ਕੋਈ ਕਹਿੰਦਾ ਹੈ, ਕੁਝ ਆ ਗਏ । ** ** ਇਸ ਸਮੇਂ ਡੈਮੋਕਰੇਸੀ ਦੇ ਚਾਰੇ ਥੰਮ੍ਹਾਂ ਨੂੰ ਮੁੜ ਖੜ੍ਹੇ ਕਰਨ ਦੀ ਜ਼ਰੂਰਤ ਹੈ । ਜਿੰਨੇ ਮਰਜ਼ੀ ਕਾਨੂੰਨ ਅਸੀਂ ਬਦਲ ਲਈਏ, ਜਿੰਨੇ ਮਰਜ਼ੀ ਅਸੀਂ ਕਾਨੂੰਨ ਬਣਾ ਲਈਏ ਪਰ ਐਂਡ ਆਫ ਦਿ ਡੇਅ, ਜਿਹੜੀ ਉਸ ਦੀ ਐਗਜ਼ੀਕਿਊਸ਼ਨ ਹੈ, ਉਹ ਤਾਂ ਇਨਸਾਨ ਨੇ ਕਰਨੀ ਹੈ । ਲਾਅ ਮਾੜਾ ਨਹੀਂ ਸੀ, ਕੁਝ ਨਹੀਂ ਸੀ ਉਸ ਵਿੱਚ ਪਰ ਉਸ ਦੀ ਇੰਪਲੀਮੈਨਟੇਸ਼ਨ ਵਿੱਚ ਕਿਰਦਾਰ ਸੀ ਤੇ ਅੱਜ ਉਸ ਕਿਰਦਾਰ ਵਿੱਚ ਕਮੀ ਆ ਗਈ ਹੈ । ਅੱਜ ਸਾਹਮਣੇ ਖੜ੍ਹਾ ਬੰਦਾ ਸੱਚ ਨੂੰ ਸੱਚ ਕਹਿਣ ਦੀ ਜੁਰੱਅਤ ਨਹੀਂ ਰੱਖਦਾ ਤੇ ਸੁਣਨ ਵਾਲਾ ਸੁਣਨ ਦੀ ਜੁਅੱਰਤ ਨਹੀਂ ਰੱਖਦਾ। ਫਿਰ ਉਸ ਵਿੱਚ ਜਿੰਨੀਆਂ ਮਰਜ਼ੀ ਅਮੈਂਡਮੈਂਟਸ ਲੈ ਆਓ, ਉਸ ਵਿੱਚ ਚੇਂਜ਼ਿਜ ਵਿਜ਼ੀਬਲ ਨਹੀਂ ਹੋਣੀਆਂ ਕਿਉਂਕਿ ਸਾਡੇ ਕਿਰਦਾਰ ਵਿਚ ਕਮੀ ਹੈ । ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਅੱਜ ਪੰਜਾਬ ਦੇ ਨਾਲ, ਪੰਜਾਬੀਆਂ ਦੇ ਨਾਲ ਖੜ੍ਹੇ ਹੋਣ ਦੀ ਲੋੜ ਹੈ । ਪੰਜਾਬ ਇੰਨਾ ਕਮਜ਼ੋਰ ਨਹੀਂ ਸੀ ਜਿੰਨਾ ਕਿ ਅਸੀਂ ਬਣਾ ਦਿੱਤਾ । ਇਸ ਸਮੇਂ ਪਿਛਲੀ ਵਾਰ ਦੇ 50/60 ਫੀਸਦੀ ਪੁਰਾਣੇ ਮੈਂਬਰ ਨਹੀਂ ਹਨ । ਆਉਣ ਵਾਲੇ ਸਮੇਂ ਵਿੱਚ ਅਸੀਂ ਵੀ ਸਾਰਿਆਂ ਨੇ ਇੱਥੇ ਨਹੀਂ ਬੈਠੇ ਰਹਿਣਾ ਪਰ ਜਿਹੜੀ ਹਿਸਟਰੀ ਲਿਖ ਕੇ ਜਾਣੀ ਹੈ।ਅਸੀਂ ਆਉਣ ਵਾਲੀ ਜੈਨਰੇਸ਼ਨ

---

** ** Expunged as ordered by the Chair.

ਨੂੰ ਕੀ ਬੈਟਨ ਫੜਾ ਕੇ ਜਾਣਾ ਹੈ, ਉਸ ਬਾਰੇ ਸੋਚਣ ਦੀ ਲੋੜ ਹੈ ਕਿ ਅਸੀਂ ਆਉਣ ਵਾਲਿਆਂ ਨੂੰ ਦੇ ਕੇ ਕੀ ਜਾਣਾ ਹੈ। ਸਪੀਕਰ ਸਾਹਿਬ, ਮੈਂ ਅਖੀਰ ਵਿਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਥੇ 40 ਤੋਂ

[ਸਰਦਾਰ ਪਰਗਟ ਸਿੰਘ]

45 ਐਮ.ਐਲ.ਏ. ਨਵੇਂ ਹਨ । ਸਪੀਕਰ ਸਾਹਿਬ, ਸੈਸ਼ਨ ਦਾ ਸਮਾਂ ਥੋੜ੍ਹਾ ਜਿਹਾ ਵਧਾ ਦਿਓ । ਮੈਂ ਪਿੱਛੇ ਜਿਹੇ ਕੈਨੇਡਾ ਗਿਆ ਤਾਂ ਉੱਥੇ ਦੇਖਿਆ ਕਿ ਤਿੰਨ ਮਹੀਨਿਆਂ ਦਾ ਸੈਸ਼ਨ ਸੀ । ਉਹ ਬੰਦੇ ਕੋਲੋਂ ਬੁਲਾਉਂਦੇ ਹਨ ਕਿ ਤੂੰ ਬੋਲ ਤਾਂ ਸਹੀ, ਤੇਰੇ ਕੋਲ ਕੀ ਹੈ । (ਥੰਪਿੰਗ) ਤੁਸੀਂ ਇਥੇ ਸਾਰਿਆਂ ਨੂੰ ਇੱਕ ਇੱਕ ਟਾੱਪਿਕ ਦੇ ਦਿਓ ਕਿ ਤੁਸੀਂ ਦਸ ਮਿੰਟ ਬੋਲਣਾ ਹੈ, ਤੁਸੀਂ ਪੰਦਰਾਂ ਮਿੰਟ ਬੋਲਣਾ ਹੈ।ਉਸ ਨੂੰ ਬੋਲਣ ਦਿਓ ਕਿਉਂਕਿ ਕੱਲ੍ਹ ਇਨ੍ਹਾਂ ਨੇ ਸਰਕਾਰ ਦਾ ਕੰਮ ਚਲਾਉਣਾ ਹੈ।ਪਰ ਸਪੀਕਰ ਸਾਹਿਬ, ਅੱਜ ਦੀ ਤਾਰੀਖ ਵਿੱਚ ਬਹੁਤੇ ਮੈਂਬਰ ਤਾਂ ਉਸ ਟਾੱਪਿਕ ਤੇ ਬੋਲ ਹੀ ਨਹੀਂ ਸਕਦੇ, ਭਾਵੇਂ ਇੱਕ ਦੂਸਰੇ ਨੂੰ ਗਾਲ੍ਹਾਂ ਤਾਂ ਕੱਢ ਸਕਦੇ ਹਨ। ਜਦੋਂ ਲੀਅ ਕਾਰਬੂਜ਼ੀਅਰ ਨੇ ਇਸ ਹਾਊਸ ਨੂੰ ਡਿਜ਼ਾਈਨ ਕੀਤਾ ਸੀ, ਸਾਡੀ ਵਿਧਾਨ ਸਭਾ ਨੂੰ ਡਿਜ਼ਾਈਨ ਕੀਤਾ ਸੀ, ਉਸ ਦੇ ਦਿਮਾਗ ਵਿੱਚ ਕੀ ਸੀ ? ਮੈਨੂੰ ਪਿੱਛੇ ਜਿਹੇ ਇਸ ਦੀ ਗਹਿਰਾਈ ਨੂੰ ਜਾਣਨ ਦਾ ਮੌਕਾ ਮਿਲਿਆ। ਉਸਦੀ ਸੋਚ ਕੀ ਸੀ ? ਉਨ੍ਹਾਂ ਦੀ ਸੋਚ ਇਹ ਸੀ ਕਿ ਇਸ ਹਾਲ ਵਿੱਚ ਇੰਨਾ ਠਹਿਰਾਅ ਹੋਵੇ, ਅਜਿਹਾ ਇਨਵਾਇਰਨਮੈਂਟ ਹੋਵੇ ਕਿ ਇੱਥੇ ਲੋਕਾਂ ਸੰਬੰਧੀ ਫੈਸਲੇ ਲਏ ਜਾਣੇ ਹਨ। ਸ਼ਾਇਦ ਉਸ ਨੂੰ ਇਹ ਪਤਾ ਨਹੀਂ ਸੀ ਕਿ ਇੱਥੇ ਲੋਕਾਂ ਦੀਆਂ ਪੱਗਾਂ ਵੀ ਉਤਰਨੀਆਂ ਹਨ । ਇਹ ਸਾਡੇ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਅਸੀਂ ਸਾਰੇ ਰੌਲਾ ਪਾ ਕੇ ਬੈਠ ਜਾਂਦੇ ਹਾਂ। ਇਸ ਲਈ ਸੁਣ ਲਓ, ਕੋਈ ਕੀ ਕਹਿੰਦਾ ਹੈ । ਕਿਸੇ ਸੁਣਨ ਵਾਲੇ ਨੂੰ ਤਿੰਨ ਕਰੋੜ ਲੋਕ ਦੇਖ ਰਹੇ ਹਨ ਕਿਉਂਕਿ ਅੱਜ ਸੋਸ਼ਲ ਮੀਡੀਆ ਹੈ, ਕਮਿਊਨੀਕੇਸ਼ਨ ਇੰਨੀ ਹੈ ਕਿ ਕੁਝ ਵੀ ਲੁਕੋਇਆ ਨਹੀਂ ਜਾ ਸਕਦਾ । ਮਜੀਠੀਆ ਸਾਹਿਬ ਬਹੁਤ ਕੁਝ ਕਹਿ ਕੇ ਗਏ ਹਨ ਕਿ ਇਸ ਤਰ੍ਹਾਂ ਹੋਇਆ, ਉਸ ਤਰ੍ਹਾਂ ਹੋਇਆ । ਕਿਸੇ ਦੇ ਕਿਰਦਾਰ ਬਾਰੇ ਕਹਿਣ ਦੀ ਜ਼ਰੂਰਤ ਨਹੀਂ ਹੈ। ਇਹ ਤਾਂ ਅਸੀਂ ਆਪੇ ਹੀ ਸੱਚੇ ਹੋਈ ਜਾਂਦੇ ਹਾਂ ਕਿ ਤੂੰ ਮੈਨੂੰ ਕਹਿ ਤੇ ਮੈਂ ਤੈਨੂੰ ਕਹਿ ਦਿੱਤਾ। ਮੇਰਾ ਖਿਆਲ ਹੈ ਕਿ ਆਪਾਂ ਇਸ ਨੂੰ ਬੰਦ ਕਰ ਲਈਏ । ਸਪੀਕਰ ਸਾਹਿਬ, ਅਖੀਰ ਵਿਚ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ, ਧੰਨਵਾਦ ।

---

## EXTENSION OF TIME OF THE SITTING OF THE HOUSE

**ਮਾਨਯੋਗ ਸਪੀਕਰ** : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦਾ ਸਮਾਂ ਅੱਧਾ ਘੰਟਾ ਹੋਰ ਵਧਾ ਲਿਆ ਜਾਵੇ ਤਾਂ ਜੋ ਹੋਰ ਮਾਨਯੋਗ ਮੈਂਬਰ ਬਹਿਸ ਵਿੱਚ ਹਿੱਸਾ ਲੈ ਸਕਣ ?

(**ਅਵਾਜ਼ਾਂ** : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ**: ਸਦਨ ਦੀ ਸਹਿਮਤੀ ਨਾਲ ਹਾਊਸ ਦਾ ਸਮਾਂ ਅੱਧਾ ਘੰਟਾ ਹੋਰ ਵਧਾਇਆ ਜਾਂਦਾ ਹੈ।ਹਾਂ ਜੀ, ਸਰਦਾਰ ਜਗਦੇਵ ਸਿੰਘ ਜੀ।

---

## DISCUSSION ON GOVERNOR'S ADDRESS AND VOTE ON THE MOTION OF THANKS *(Resumption)*

**ਸਰਦਾਰ ਜਗਦੇਵ ਸਿੰਘ (ਮੌੜ)** : ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ । ਮੈਂ ਸਿਰਫ ਲਾਅ ਐਂਡ ਆਰਡਰ ਤੇ ਹੀ ਬੋਲਾਂਗਾ । ਪੰਜਾਬ ਵਿੱਚ ਪਿਛਲੇ ਕਾਫੀ ਸਮੇਂ ਤੋਂ ਲਾਅ ਐਂਡ ਆਰਡਰ ਦਾ ਹਾਲ ਇੰਨਾ ਮਾੜਾ ਹੋ ਗਿਆ ਹੈ ਕਿ ਹੌਲੀ-ਹੌਲੀ ਸਾਡੇ ਸਮਾਜ ਦੇ ਲੋਕਾਂ ਦਾ, ਸਾਡੇ

ਬੁੱਧੀਜੀਵੀ ਲੋਕਾਂ ਦਾ, ਸਾਡੀ ਇਸ ਵਿਧਾਨ ਸਭਾ ਦੇ ਮੈਂਬਰਾਂ ਤੋਂ, ਸਰਕਾਰ ਤੋਂ ਹੌਲੀ-ਹੌਲੀ ਵਿਸ਼ਵਾਸ ਉੱਠਦਾ ਜਾ ਰਿਹਾ ਹੈ ਤੇ ਇਸ ਵਿੱਚ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 28 ਫਰਵਰੀ, 2017 ਨੂੰ ਮੇਰੇ ਹਲਕੇ ਮੌੜ ਮੰਡੀ ਵਿੱਚ ਇੱਕ ਬੰਬ ਬਲਾਸਟ ਹੋਇਆ ਸੀ। ਉਸ ਦੇ ਵਿੱਚ ਉਹ ਬੇਦੋਸ਼ ਲੋਕ, ਜਿਨ੍ਹਾਂ ਨੂੰ ਕੁਝ ਪਤਾ ਹੀ ਨਹੀਂ ਸਿਆਸਤ ਬਾਰੇ, ਕੋਈ ਰਾਜਨੀਤੀ ਬਾਰੇ, ਉਹ ਬੱਚੇ ਜਿਹੜੇ ਮੌਜ ਮਸਤੀ ਵਿੱਚ ਖੇਡ ਰਹੇ ਸੀ, ਉਹ ਸੱਤ ਲੋਕ ਮਾਰੇ ਗਏ ਸੀ। ਉਹ ਜਿਹੜਾ ਬੰਬ ਬਲਾਸਟ ਹੈ, ਜਿਵੇਂ ਸਰਦਾਰ ਪਰਗਟ ਸਿੰਘ ਹੁਰਾਂ ਨੇ ਕਿਹਾ ਹੈ, ਸਾਰੇ ਲੋਕਾਂ ਨੂੰ ਭਲੀ ਪ੍ਰਕਾਰ ਪਤਾ ਸੀ ਕਿ ਇਹ ਕਿਉਂ ਹੋਇਆ ਹੈ। ਕਿਉਂ ਇਨ੍ਹਾਂ ਬੇਦੋਸ਼ੇ ਲੋਕਾਂ ਦੀਆਂ ਜਾਨਾਂ ਲਈਆਂ ਗਈਆਂ ਕਿਉਂਕਿ ਉਹ ਜਿਹੜਾ ਬੰਬ ਬਲਾਸਟ ਹੋਇਆ ਸੀ, ਉਹ ਸਿਰਫ ਤੇ ਸਿਰਫ ਰਾਜਨੀਤੀ ਤੋਂ ਪ੍ਰੇਰਿਤ ਸੀ ਕਿਉਂਕਿ ਉਹ ਚੋਣਾਂ ਦੇ ਦੌਰਾਨ ਹੋਇਆ ਸੀ। 4 ਮਾਰਚ ਨੂੰ ਚੋਣਾਂ ਹੋਣੀਆਂ ਸਨ ਅਤੇ 28 ਫਰਵਰੀ ਨੂੰ ਉਹ ਬੰਬ ਬਲਾਸਟ ਹੋਇਆ।ਜਿਸ ਵਿੱਚ ਆਮ ਤੁਰਨ ਵਾਲੇ ਲੋਕ ਸੀ ਜਾਂ ਛੋਟੇ ਛੋਟੇ ਲੋਕ ਗਲੀਆਂ ਦੇ ਵਿੱਚ ਖੇਡਦੇ ਸੀ, ਉਨ੍ਹਾਂ ਦੀਆਂ ਜਾਨਾਂ ਚਲੀਆਂ ਗਈਆਂ ਅਤੇ ਕਈ ਘਰ ਉਨ੍ਹਾਂ ਵਿੱਚ ਬਰਬਾਦ ਹੋ ਗਏ, ਜਿਨ੍ਹਾਂ ਦੇ ਇਕੱਲੇ-ਇਕੱਲੇ ਬੱਚੇ ਸੀ। ਉਸ ਬੰਬ ਬਲਾਸਟ ਵਿੱਚ 32-33 ਬੰਦੇ, ਜਿਹੜੇ ਰਾਹਗੀਰ ਸੀ, ਉਹ ਵੀ ਜ਼ਖਮੀ ਹੋ ਗਏ। ਉਸ ਤੋਂ ਬਾਅਦ ਸਰਕਾਰ ਨੇ ਵਾਇਦਾ ਕੀਤਾ ਸੀ ਕਿ ਅਸੀਂ, ਚਲੋ ਕੁਝ ਹੋਰ ਤਾਂ ਨਹੀਂ ਕਰ ਸਕਦੇ, ਅਸੀਂ ਇਸ ਦੀ ਉੱਚ ਪੱਧਰੀ ਜਾਂਚ ਕਰਾਵਾਂਗੇ। ਜਿਹੜੇ ਇਹ ਮ੍ਰਿਤਕ ਲੋਕ ਹਨ, ਜਿਹੜੇ ਲੋਕ ਮਾਰੇ ਗਏ ਹਨ, ਉਨ੍ਹਾਂ ਦੇ ਵਾਰਸਾਂ ਨੂੰ ਨੌਕਰੀਆਂ ਦੇਵਾਂਗੇ। ਜਿਹੜੇ ਭਰਾ ਜ਼ਖਮੀ ਹੋਏ ਹਨ, ਉਨ੍ਹਾਂ ਦਾ ਇਲਾਜ ਕਰਾਵਾਂਗੇ। ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਇੱਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਨਾ ਤਾਂ ਕਿਸੇ ਪਰਿਵਾਰ ਨੂੰ ਨੌਕਰੀ ਦਿੱਤੀ ਗਈ ਅਤੇ ਨਾ ਜ਼ਖਮੀਆਂ ਦਾ ਅਜੇ ਤੱਕ ਪੂਰਾ ਇਲਾਜ ਹੋ ਸਕਿਆ ਹੈ। ਜਿਹੜੇ ਲੋਕ ਆਪਣੇ ਕੰਮ ਧੰਦੇ ਲਈ, ਬਿਨਾਂ ਸਿਆਸੀ ਕਿਰਦਾਰ ਤੋਂ, ਬਿਨਾਂ ਵੋਟਾਂ ਦੇ ਮਨੋਰਥ ਤੋਂ ਉੱਥੋਂ ਲੰਘ ਰਹੇ ਸੀ, ਉਹ ਜ਼ਖਮੀ ਹੋ ਗਏ। ਉਨ੍ਹਾਂ ਦਾ ਦੋ-ਦੋ, ਢਾਈ-ਢਾਈ ਲੱਖ ਰੁਪਿਆ ਠੀਕ ਹੋਣ ਤੇ ਖਰਚ ਹੋਇਆ ਹੈ ਅਤੇ ਸਰਕਾਰ ਨੇ ਸ਼ਾਇਦ ਉਨ੍ਹਾਂ ਨੂੰ ਪੰਜਾਹ-ਪੰਜਾਹ ਹਜ਼ਾਰ ਰੁਪਿਆ ਦਿੱਤਾ ਹੈ। ਅੱਜ ਤੱਕ ਉਹ ਲੋਕ ਵਿਲਕ ਰਹੇ ਹਨ ਕਿ ਸਾਨੂੰ ਬਾਕੀ ਪੈਸੇ ਤਾਂ ਦਿਓ ਪਰ ਕਿਸੇ ਨੇ ਉਨ੍ਹਾਂ ਦੀ ਗੱਲ ਤੱਕ ਨਾ ਸੁਣੀ। ਮੈਂ ਹਲਕੇ ਦਾ ਨੁਮਾਇੰਦਾ ਹੋਣ ਦੇ ਨਾਤੇ, ਕਈ ਵਾਰੀ ਇਹ ਗੱਲ ਇੱਥੇ ਸੈਸ਼ਨ ਵਿੱਚ ਵੀ, ਮਾਨਯੋਗ ਮੁੱਖ ਮੰਤਰੀ ਜੀ ਨੂੰ ਅਤੇ ਸਿਹਤ ਮੰਤਰੀ ਜੀ ਨੂੰ ਵੀ ਦੱਸ ਚੁੱਕਿਆ ਹਾਂ ਕਿ ਆਪਾਂ ਉਨ੍ਹਾਂ ਦੀ ਜਿਹੜੀ ਘੱਟੋ-ਘੱਟ ਬਣਦੀ ਸਹਾਇਤਾ ਹੈ, ਜਿਹੜੇ ਉਨ੍ਹਾਂ ਦੇ ਪੈਸੇ ਲੱਗੇ ਹਨ, ਉਹ ਤਾਂ ਦਿਵਾ ਸਕੀਏ। ਮੈਂ ਉਸ ਤੋਂ ਅੱਗੇ ਜਾਣਾ ਚਾਹੁੰਦਾ ਹਾਂ। ਇਸ ਤੋਂ ਵੀ ਵੱਡੇ ਦੁੱਖ ਦੀ ਗੱਲ ਹੈ ਕਿ ਅੱਜ ਤਕਰੀਬਨ ਬਾਰਾਂ ਸਾਢੇ ਬਾਰਾਂ ਮਹੀਨੇ ਇਸ ਵਾਰਦਾਤ ਹੋਈ ਨੂੰ ਹੋ ਗਏ ਹਨ, ਉਸ ਦੀ ਜਾਂਚ ਅਜੇ ਤੱਕ ਨੇੜੇ-ਤੇੜੇ ਵੀ ਨਹੀਂ ਲੱਗੀ। ਠੀਕ ਹੈ ਹੁਣ ਜਾਂਚ ਕਰ ਰਹੀ ਏਜੰਸੀ ਨੇ ਇੱਕ-ਦੋ ਨਾਮ ਵੀ ਨਸ਼ਰ ਕੀਤੇ, ਅਖਬਾਰਾਂ ਵਿੱਚ ਆਉਂਦਾ ਹੈ ਕਿ............

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਰ, ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਨੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਅਤੇ ਹੈਲਥ ਮਨਿਸਟਰ ਸਾਹਿਬ ਨੂੰ, ਮੇਰੇ ਬਾਰੇ ਵੀ ਕਿਹਾ ਹੈ ਕਿ ਮੈਨੂੰ ਦੱਸਿਆ ਹੈ। ਇਹ ਮੇਰੇ ਕੋਲ ਇੱਕ-ਦੋ ਵਾਰ ਆਏ ਹਨ। ਮੇਰੇ ਕੋਲ ਟਰਾਂਸਫਰ ਕੇਸਿਜ਼ ਲਈ ਆਏ ਹਨ, ਇੱਕ-ਦੋ ਹੋਰ ਕੰਮਾਂ ਲਈ ਆਏ ਹਨ ਪਰ ਮੌੜ ਮੰਡੀ ਦੇ ਜਿਹੜੇ ਫੱਟੜ ਲੋਕ ਹਨ, ਉਨ੍ਹਾਂ ਦੇ ਇਲਾਜ ਬਾਰੇ ਇਨ੍ਹਾਂ ਨੇ ਮੇਰੇ ਨਾਲੇ ਕੋਈ ਗੱਲ ਨਹੀਂ ਕੀਤੀ।

**ਮਾਨਯੋਗ ਸਪੀਕਰ** : ਸਰਦਾਰ ਜਗਦੇਵ ਸਿੰਘ ਜੀ, ਤੁਸੀਂ ਮੰਤਰੀ ਜੀ ਨਾਲ ਕਦੇ ਗੱਲ ਨਹੀਂ ਕੀਤੀ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ** : ਅੱਜ ਇਨ੍ਹਾਂ ਨੇ ਗੱਲ ਮੇਰੇ ਨੋਟਿਸ ਵਿੱਚ ਲਿਆਂਦੀ ਹੈ, ਅਸੀਂ ਉਨ੍ਹਾਂ ਦੀ ਪਰਾਪਰ ਕੇਅਰ ਕਰਾਂਗੇ। ਜਿਥੇ ਵੀ ਕੋਈ ਕਮੀ ਮਹਿਸੂਸ ਕੀਤੀ ਜਾ ਰਹੀ ਹੈ, ਉਹ ਪੂਰੀ ਕਰਾਂਗੇ।

**Mr. Speaker** : Thank you.

**ਸਰਦਾਰ ਜਗਦੇਵ ਸਿੰਘ** : ਧੰਨਵਾਦ ਜੀ, ਮੈਂ ਤਾਂ ਵੈਸੇ ਕਿਹਾ ਸੀ ਕਿ ਸਾਡੇ ਹਸਪਤਾਲ ਵਿੱਚ ਕੋਈ ਡਾਕਟਰ ਨਹੀਂ ਸੀ, ਉਨ੍ਹਾਂ ਜ਼ਖਮੀਆਂ ਨੂੰ ਜਦੋਂ ਲੈ ਕੇ ਗਏ ਸੀ ਤਾਂ ਉਨ੍ਹਾਂ ਨੂੰ ਫਸਟ ਏਡ ਵੀ ਨਹੀਂ ਮਿਲੀ ਸੀ। ਮੈਂ ਇਸ ਵਾਸਤੇ ਕਿਹਾ ਸੀ। ਚਲੋ, ਠੀਕ ਹੈ, ਤੁਹਾਡਾ ਧੰਨਵਾਦ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ** : ਉਸ ਵੇਲੇ ਤਾਂ ਸਾਡੀ ਸਰਕਾਰ ਨਹੀਂ ਸੀ। ਆਪਾਂ ਰਿਕਾਰਡ ਨੂੰ ਸਟਰੇਟ ਰੱਖੀਏ।

**ਸਰਦਾਰ ਜਗਦੇਵ ਸਿੰਘ** : ਤਕਰੀਬਨ 5-6 ਮਹੀਨੇ ਬਾਅਦ ਜਾਂਚ ਏਜੰਸੀ ਨੇ ਜਦੋਂ ਉਹ ਜਾਂਚ ਨੇੜੇ ਲਗਾਈ ਤਾਂ ਉਸ ਤੋਂ ਬਾਅਦ ਫਿਰ ਪਤਾ ਨਹੀਂ ਕੀ ਉਨ੍ਹਾਂ ਤੇ ਕੀ ਪ੍ਰੈਸ਼ਰ ਪਿਆ ਜਾਂ ਕੀ ਹੋਇਆ ਕਿ ਉਸ ਜਾਂਚ ਨੂੰ ਠੰਡੇ ਬਸਤੇ ਵਿੱਚ ਫਿਰ ਪਾ ਦਿੱਤਾ ਗਿਆ। ਹੁਣ ਮੈਨੂੰ ਪਤਾ ਲੱਗਿਆ ਹੈ ਕਿ ਪਿਛਲੇ ਪੰਜ-ਸੱਤ ਦਿਨਾਂ ਤੋਂ, ਜਿਹੜਾ ਜਾਂਚ ਅਧਿਕਾਰੀ ਸੀ, ਉਨ੍ਹਾਂ ਦਾ ਵੀ ਤਬਾਦਲਾ ਕਰ ਦਿੱਤਾ ਗਿਆ ਹੈ। ਬੜੇ ਦੁੱਖ ਦੀ ਗੱਲ ਹੈ। ਜਦੋਂ ਜਾਂਚ ਨੇੜੇ ਲੱਗਦੀ ਹੈ, ਲੋਕਾਂ ਨੂੰ ਆਸ ਬੱਝਦੀ ਹੈ ਕਿ ਘੱਟੋ ਘੱਟ ਇਹ ਤਾਂ ਪਤਾ ਲਗ ਜਾਵੇ ਕਿ ਸਾਡੇ ਬੱਚਿਆਂ ਨੂੰ ਮਾਰਨ ਵਾਲੇ ਕੌਣ ਹਨ, ਸਾਡੇ ਹਲਕੇ ਦੇ ਲੋਕਾਂ ਨੂੰ, ਸਾਡੇ ਜ਼ਿਲ੍ਹੇ ਦੇ ਲੋਕਾਂ ਨੂੰ, ਈਵਨ ਪੰਜਾਬ ਦੇ ਲੋਕਾਂ ਨੂੰ ਇਹ ਸ਼ੱਕ ਹੋਈ ਜਾਂਦਾ ਹੈ ਕਿ ਇਸ ਵਿੱਚ ਕੋਈ ਨਾ ਕੋਈ ** ** ਜਾਂ ਤਕੜੀ ਰਾਜਨੀਤਿਕ ਪਾਰਟੀ ਦਾ ਹੱਥ ਹੈ, ਜਿਹੜੀ ਇਸ ਜਾਂਚ ਨੂੰ ਸਿਰੇ ਨਹੀਂ ਲੱਗਣ ਦਿੰਦੀ। ਇਸ ਲਈ ਮੈਂ ਇਹ ਮੰਗ ਕਰਦਾ ਹਾਂ ਕਿ ਇਹ ਜਿਹੜੀ ਜਾਂਚ ਹੈ, ਇਹ ਸਿਰੇ ਚੜ੍ਹੇ। ਜਿਵੇਂ ਪਿਛਲੀਆਂ ਸਰਕਾਰਾਂ, ਬਰਗਾੜੀ ਕਾਂਡ ਹੋਇਆ ਹੈ...

**Mr. Speaker** : Thank you, Sardar Jagdev Singh, thank you, thank you.

**ਸਿਹਤ ਤੇ ਪਰਿਵਾਰ ਭਲਾਈ ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਗੱਲ ਤੇ ਬਹੁਤ ਆਬਜੈਕਟ ਕਰਦਾ ਹਾਂ ਕਿ ਜਿਹੜੀ ਇਹ ਗੱਲ ਕਹਿ ਰਹੇ ਹਨ ਕਿ ** ** ਕਿਸੇ ਪਾਸਿਓਂ ਹੱਥ ਹੈ। ਉਸ ਵੇਲੇ ਤਾਂ ਅਜੇ ਇਲੈਕਸ਼ਨ ਹੋਈ ਨਹੀਂ ਸੀ। ਉਹ ਕਿਹੜੇ ਲੋਕ ਸੀ, ਕਿਹੜੀ ਗੱਲ ਸੀ, ਜਿਹੜੀ ਉਸ ਵੇਲੇ ਸਰਕਾਰ ਸੀ ਉਸ ਤੋਂ ਤਾਂ ਸਾਰੀ ਕਾਂਗਰਸ ਪਾਰਟੀ ਹੀ ਵਿਕਟਮ ਸੀ। ਆਮ ਲੋਕ ਵੀ ਇਸ ਗੱਲ ਦੇ ਵਿਕਟਮ ਸਨ। ਮੇਰੀ ਮੰਗ ਹੈ ਕਿ ਇਨ੍ਹਾਂ ਨੂੰ ਇਹ ਸ਼ਬਦ ਵਾਪਸ ਲੈਣੇ ਚਾਹੀਦੇ ਹਨ ਜਾਂ ਇਹ ਇਥੋਂ ਪ੍ਰੋਸੀਡਿੰਗਜ਼ ਵਿਚੋਂ ਡਿਲੀਟ ਕਰਵਾਉ।

---

** ** Expunged as ordered by the Chair.

**ਸਰਦਾਰ ਜਗਦੇਵ ਸਿੰਘ:** ਮੰਤਰੀ ਜੀ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਜਾਂਚ ਨੇੜੇ ਲੱਗਦੀ ਹੈ।

**ਮਾਨਯੋਗ ਸਪੀਕਰ:**** ** ਇਹ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਜਗਦੇਵ ਸਿੰਘ** : ਮੇ~~ਰੀ ਬੇਨਤੀ ਸੁਣੋ ਕਿ ਹੁਣ ** ** ਕਰ ਦਿੰਦੀ ਹੈ। ਜੇ ਸਰਕਾਰ~~ ਜਾਂਚ ਕਰਾਵੇ, ਸਿਰੇ ਲਗਾਵੇ ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਜਗਦੇਵ ਸਿੰਘ:** ਮੁਜਰਮਾਂ ਖਿਲਾਫ ਕਾਰਵਾਈ ਕਰ ਸਕਦੀ ਹੈ, ਅਦਾਲਤ ਵਿਚ ਪੇਸ਼ ਹੋਣ ਤੋਂ ਬਾਅਦ ਸਰਕਾਰ ਠੰਢੀ ਹੋ ਗਈ। ਅਫਸਰਾਂ ਦੇ ਫਿਰ ਤਬਾਦਲੇ ਹੋ ਗਏ, ਸ਼ੱਕ ਤਾਂ ਕੀਤਾ ਜਾਂਦਾ ਹੈ ਕਿ ਕਿਤੇ ਨਾ ਕਿਤੇ ** ਇਸ ਨੂੰ ਹੋਣ ਨਹੀਂ ਦਿੰਦੀ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਧੰਨਵਾਦ ਤੁਹਾਡਾ।

**ਸਰਦਾਰ ਜਗਦੇਵ ਸਿੰਘ: ** ****

**ਮਾਨਯੋਗ ਸਪੀਕਰ:** ਧੰਨਵਾਦ ਜੀ । ਹਾਂ ਜੀ, ਸ਼੍ਰੀ ਤਰਸੇਮ ਸਿੰਘ ਡੀ.ਸੀ.ਸਾਹਿਬ ਜੀ।

**SARDAR TARSEM SINGH D.C (Attari, S.C.):** Speaker Sahib, I am really grateful to you, Sir, for giving me time to speak before this august House. This is my first speech, I am privileged on this account.

The Governor's Address as well as the Finance Minister's speech was very much innovative, pragmatic and visionary. I am grateful to the Hon'ble Chief Minister Sahib and Finance Minister, who have, with great care and labour, prepared such a Budget and such Special Speech which is very very balanced.

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਕਈ ਮੈਂਬਰ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਦੀ ਸਪੀਚ ਸਮਝ ਨਹੀਂ ਆਉਣੀ।

**ਮਾਨਯੋਗ ਸਪੀਕਰ:** ਉਹ ਅੰਗਰੇਜ਼ੀ ਵਿਚ ਬੋਲ ਸਕਦੇ ਹਨ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਬੋਲ ਤਾਂ ਸਕਦੇ ਹਨ। ਚਲੋ, ਬੋਲ ਲੈਣ ਲੇਕਿਨ ਨਾਲ ਸਾਨੂੰ ਟਰਾਂਸਲੇਸ਼ਨ ਜ਼ਰੂਰ ਕਰਵਾ ਦਿਉ।

**ਸ਼੍ਰੀ ਤਰਸੇਮ ਸਿੰਘ ਡੀ.ਸੀ.:** ਮੈਂ ਪੰਜਾਬੀ ਵਿੱਚ ਬੋਲ ਲੈਂਦਾ ਹਾਂ। ਮੈਨੂੰ ਪੰਜਾਬੀ ਵੀ ਬੋਲਣੀ ਆਉਂਦੀ ਹੈ। ਮੈਂ ਪੰਜਾਬੀ ਵਿਚ ਬੋਲ ਲੈਂਦਾ ਹਾਂ।

**ਮਾਨਯੋਗ ਸਪੀਕਰ:** ਉਹ ਜਿਹੜੀ ਵੀ ਜ਼ਬਾਨ ਵਿਚ ਚਾਹੁਣ, ਬੋਲ ਸਕਦੇ ਹਨ।

** Expunged as ordered by the Chair.

**ਸਰਦਾਰ ਤਰਸੇਮ ਸਿੰਘ ਡੀ.ਸੀ :** ਫਾਈਨਾਂਸ ਮਨਿਸਟਰ ਸਾਹਿਬ ਨੇ ਜੋ ਬਜਟ ਪੇਸ਼ ਕੀਤਾ ਹੈ, ਉਸ ਵਿੱਚ ਵੱਖ ਵੱਖ ਸਰੋਤਾਂ ਤੋਂ ਬੜੀ ਮਿਹਨਤ ਨਾਲ ਪੈਸਾ ਇਕੱਠਾ ਕਰਕੇ ਵੱਖ ਵੱਖ ਮੱਦਾਂ ਦੇ ਹੇਠ ਵੱਖ ਵੱਖ ਮਹਿਕਮਿਆਂ ਨੂੰ ਦੇਣਾ ਹੈ। ਲੇਕਿਨ ਜੋ ਮੈਂ ਪਿਛਲੇ ਦਸਾਂ ਸਾਲਾਂ ਤੋਂ ਵੇਖ ਰਿਹਾ ਹਾਂ ਕਿ ਉਹ ਪੈਸਾ ਜਾਂਦਾ ਕਿਥੇ ਹੈ? ਸਰਕਾਰ ਨੇ ਕੋਈ ਇਹੋ ਜਿਹਾ ਮੈਕੇਨਿਜ਼ਮ ਨਹੀਂ ਬਣਾਇਆ। ਇਹ ਸਿਸਟਮ ਕੋਲੈਪਸ ਹੋ ਚੁੱਕਿਆ ਹੈ । ਪੈਸੇ ਮੰਤਰੀ ਨੂੰ ਜਾਂ ਐਮ.ਐਲ.ਏ. ਨੂੰ ਜਾਂਦੇ ਹਨ, ਸਰਪੰਚਾਂ ਨੂੰ ਸੱਦ ਕੇ ਅੰਦਰ ਵੜ੍ਹ ਕੇ ਇਹ ਪਤਾ ਲੱਗਾ ਸੀ ਕਿ ਕੋਈ 15 ਪ੍ਰਤੀਸ਼ਤ ਲੈਂਦਾ ਹੈ, ਕੋਈ 20 ਪ੍ਰਤੀਸ਼ਤ ਲੈਂਦਾ ਹੈ ਤੇ ਬਾਕੀ ਫਿਰ ਚੈੱਕ ਦੇ ਦਿੰਦੇ ਹਨ ਉਹ ਰੱਖ ਲੈਂਦੇ ਹਨ। ਲੇਕਿਨ ਗੱਲ ਇੱਥੇ ਮੁੱਕੀ ਨਹੀਂ, ਮੈਂ ਉਸ ਮੰਤਰੀ ਦੀ ਗੱਲ ਕਰਦਾ ਹਾਂ ਕਿ ਜਿਹੜਾ ਪਸ਼ੂ ਪਾਲਣ ਵਿਭਾਗ ਦਾ ਮੰਤਰੀ ਵੀ ਸੀ ਤੇ ਮੇਰੇ ਹਲਕੇ ਤੋਂ ਮੇਰਾ ਪ੍ਰੈਡੀਸੈਸਰ ਹੈ । ਉਹ ਅਟਾਰੀ ਤੋਂ ਜਿੱਤਦਾ ਸੀ ਤੇ ਉਹ 15 ਸਾਲ ਮੰਤਰੀ ਰਿਹਾ । ਉਥੇ ਜਦੋਂ 10-15 ਪ੍ਰਤੀਸ਼ਤ ਨਾਲ ਗੱਲ ਨਹੀਂ ਬਣੀ, ਮੈਂ ਤੁਹਾਨੂੰ ਅੱਗੇ ਦੱਸਦਾ ਹਾਂ ਕਿ ਅੱਗੇ ਜਾ ਕੇ ਸਾਰੇ ਦਾ ਸਾਰਾ ਹੀ ਹਜ਼ਮ ਹੋ ਗਿਆ, and I have got a proof also. ਮੈਂ ਸਟਾਰਟ ਕਰਦਾ ਹਾਂ ਕਿ ਕੱਲ੍ਹ ਪਰਸੋਂ ਦੋ ਦਿਨ ਪਹਿਲਾਂ ਬੜੀ ਹੀਟ ਹੱਪ ਡਿਸਕਸ਼ਨ ਇਸ ਸਦਨ ਵਿੱਚ ਹੋਈ ਸੀ ਕਿ ਸ਼ਗਨ ਸਕੀਮ ਕਿੱਧਰ ਗਈ, ਕਿਥੇ ਕੀ ਹੋ ਗਿਆ? ਇਹ ਇੱਕ ਬਹੁਤ ਹੀ ਅਹਿਮ ਮੁੱਦਾ ਹੈ। ਢਿੱਲੋਂ ਸਾਹਿਬ ਦੇ ਹਲਕੇ ਵਿੱਚ ਮਿਤੀ 14.2.2010 ਨੂੰ 43 ਨੰਬਰ ਇੱਕ ਐਫ.ਆਈ.ਆਰ. ਦਰਜ ਹੋਈ ਸੀ। ਪੁਲਿਸ ਸਟੇਸ਼ਨ ਕੋਤਵਾਲੀ, ਫਰੀਦਕੋਟ ਵਿੱਚ ਐਫ.ਆਈ.ਆਰ.ਦਰਜ ਹੋਈ ਸੀ ਤਾਂ ਉਦੋਂ ਉਸ ਵੇਲੇ ਦੇ ਲੋਕਾਂ ਨੇ ਰੌਲਾ ਪਾਇਆ। ਸੀ.ਐਮ.ਸਾਹਿਬ ਅੱਜ ਬੈਠੇ ਨਹੀਂ ਹਨ ਜੇਕਰ ਹੁਣ ਸਦਨ ਵਿੱਚ ਹੁੰਦੇ ਤਾਂ ਉਨ੍ਹਾਂ ਦੇ ਸਾਹਮਣੇ ਗੱਲ ਹੁੰਦੀ ।ਪਿਛਲੀ ਸਰਕਾਰ ਦੇ ਸੀ.ਐਮ. ਸਾਹਿਬ ਨੇ ਪੰਜ ਜ਼ਿਲ੍ਹਿਆਂ ਵਿਚ ਇਨਕੁਆਰੀ ਮਾਰਕ ਕਰ ਦਿੱਤੀ । ਅੰਮ੍ਰਿਤਸਰ ਸ਼ਗਨ ਸਕੀਮ ਦਾ 31 ਕਰੋੜ ਰੁਪਿਆ ਗਿਆ ਸੀ, ਤਰਨਤਾਰਨ 15 ਕਰੋੜ ਰੁਪਿਆ ਗਿਆ ਸੀ, ਫਿਰੋਜ਼ਪੁਰ 20 ਕਰੋੜ ਗਿਆ ਸੀ, ਮੁਕਤਸਰ 14 ਕਰੋੜ ਗਿਆ ਸੀ ਔਰ ਫਰੀਦਕੋਟ 10 ਕਰੋੜ ਗਿਆ ਸੀ for the reasons best known to the C.M. ਮੈਨੂੰ ਨਹੀਂ ਪਤਾ ਕਿ ਕੀ ਵਜ੍ਹਾ ਕਰਕੇ ਸਿਰਫ ਪੰਜ ਜ਼ਿਲ੍ਹੇ ਹੀ ਕਿਉਂ ਚੁਣੇ ਗਏ। ਉਨ੍ਹਾਂ ਪੰਜ ਜ਼ਿਲ੍ਹਿਆਂ ਵਿੱਚ ਜਦੋਂ ਇਨਕੁਆਰੀ ਸਟਾਰਟ ਹੋਈ ਤਾਂ ਸਭ ਤੋਂ ਪਹਿਲਾਂ ਫਰੀਦਕੋਟ ਦੀ ਇਨਕੁਆਰੀ ਸ਼ੁਰੂ ਹੋਈ। ਉਥੇ ਇਕ ਬੀਬੀ ਇਨਕੁਆਰੀ ਅਫਸਰ ਜੋ ਕਿ ਬਹੁਤ ਹੀ ਆਨੈਸਟ ਹੋਵੇਗੀ, ਉਸ ਨੇ ਰਿਪੋਰਟ ਦਿੱਤੀ ਕਿ ਜਿਹੜਾ 10 ਕਰੋੜ ਰੁਪਿਆ ਆਇਆ ਸੀ, ਉਸ ਵਿਚੋਂ ਸਿਰਫ 30 ਪ੍ਰਤੀਸ਼ਤ ਪੈਸਾ ਹੀ ਲਾਭਪਾਤਰੀਆਂ ਕੋਲ ਪਹੁੰਚਿਆ ਤੇ 70 ਪ੍ਰਤੀਸ਼ਤ ਦਾ ਗਬਨ ਹੋ ਗਿਆ ਹੈ। ਉਹ ਰਿਪੋਰਟ ਜਦੋਂ ਸੀ.ਐਮ ਸਾਹਿਬ ਨੂੰ ਦੱਸੀ ਗਈ ਤਾਂ ਉਸ ਰਿਪੋਰਟ ਦੇ ਬੇਸ ਉਤੇ ਇੱਕ ਜ਼ਿਲ੍ਹਾ ਭਲਾਈ ਅਫਸਰ ਤੇ ਕੁਝ ਕਲਰਕ ਆਦਿ ਇਧਰੋਂ ਉਧਰੋਂ ਸਸਪੈਂਡ ਕੀਤੇ ਗਏ। ਇਸ ਇਨਕੁਆਰੀ ਦਾ ਨੈੱਟ ਰਿਜ਼ਲਟ ਇਹ ਸੀ ਕਿ ਬਾਕੀ ਦੇ ਚਾਰ ਜ਼ਿਲ੍ਹਿਆਂ ਦੀ ਇਨਕੁਆਇਰੀ ਤੇ ਬਾਦਲ ਸਾਹਿਬ ਨੇ ਕੁੱਝ ਕਾਰਨਾਂ ਕਰਕੇ ਰੋਕ ਲਗਾ ਦਿੱਤੀ। ਪਹਿਲਾਂ ਤਾਂ ਸਾਰੇ ਪੰਜਾਬ ਵਿੱਚ ਹੀ ਇਨਕੁਆਰੀ ਹੋਣੀ ਚਾਹੀਦੀ ਸੀ ਪਰ ਫਿਰ ਵੀ ਜਿਹੜੇ ਚਾਰ ਜ਼ਿਲ੍ਹਿਆਂ ਵਿੱਚ ਇਨਕੁਆਰੀ ਮਾਰਕ ਕੀਤੀ ਸੀ, ਉਸ ਤੇ ਵੀ ਰੋਕ ਲਗਾ ਦਿੱਤੀ ਅਤੇ ਅੱਜ ਤੱਕ ਉਸੇ ਤਰ੍ਹਾਂ ਹੀ ਪਈ ਹੈ, ਉਸ ਤੇ ਕੋਈ ਕਾਰਵਾਈ ਨਹੀਂ ਹੋਈ। ਕੀ ਉਸ ਘਪਲੇ ਵਿਚ ਕਿਸੇ ਐਮ.ਐਲ.ਏ. ਦਾ ਹੱਥ ਸੀ, ਕਿਸੇ ਲੀਡਰ ਦਾ ਹੱਥ ਸੀ? ਮੈਂ ਚਾਹਾਂਗਾ ਕਿ ਇਹ ਸਦਨ ਉਹ ਇਨਕੁਆਰੀ ਦੁਬਾਰਾ ਖੁਲਵਾਏ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸ਼ਗਨ ਸਕੀਮ ਤਹਿਤ ਉਨ੍ਹਾਂ ਚਹੁੰ ਜਾਂ ਪੰਜ ਜ਼ਿਲ੍ਹਿਆਂ ਵਿਚ ਗਏ 90 ਕਰੋੜ ਵਿਚੋਂ 63 ਕਰੋੜ ਰੁਪਏ ਦਾ ਗਬਨ ਹੋਇਆ ਹੈ,

ਇਸ ਦੀ ਇਨਕੁਆਰੀ ਕਰਵਾਈ ਜਾਵੇ।ਜੇਕਰ ਸਾਰੇ ਪੰਜਾਬ ਵਿਚ ਇਹ ਇਨਕੁਆਰੀ ਕਰਵਾਈ ਜਾਵੇ ਤਾਂ it will run into hundreds of crores.

**ਮਾਨਯੋਗ ਸਪੀਕਰ** : ਚਲੋ, ਵਾਈਂਡ ਅੱਪ ਕਰ ਦਿਓ।

**ਸਰਦਾਰ ਤਰਸੇਮ ਸਿੰਘ ਡੀ.ਸੀ.** : ਸਰ, ਮੈਂ ਜਿਸ ਪਰਪਜ਼ ਵਾਸਤੇ ਖੜ੍ਹਾ ਹੋਇਆ ਸੀ, ਉਹ ਹਾਲੇ ਬਾਕੀ ਹੈ ਅਤੇ ਤੁਸੀਂ ਹੀ ਤਾਂ ਕਿਹਾ ਸੀ ਕਿ maiden speech ਹੈ। It should be completed, let me complete. It is a very big issue. ਮੈਂ ਜਿਹੜੀ ਗੱਲ ਕਰ ਰਿਹਾ ਸੀ, ਚਾਰ ਪਿੰਡਾਂ ਵਿੱਚ ਗਰੀਬ ਲੋਕਾਂ ਦਾ 40 ਲੱਖ ਰੁਪਿਆ Border Area Development Fund ਦਾ ਗਿਆ ਸੀ। ਉਥੇ ਜਿਹੜੀ ਕੁਰੱਪਸ਼ਨ ਹੋਈ ਹੈ, ਜਿਹੜੇ ਚਾਰ ਪਿੰਡਾਂ ਦੇ ਸਰਪੰਚ ਸਨ, ਉਨ੍ਹਾਂ ਨੂੰ ਪਤਾ ਹੀ ਨਹੀਂ ਸੀ।ਸਾਬਕਾ ਮੰਤਰੀ ਨੇ ਕਿਰਾਏ ਤੇ ਚਾਰ ਸਰਪੰਚ ਲਿਆਂਦੇ ਅਤੇ ਉਨ੍ਹਾਂ ਨੂੰ 10,000-10,000 ਰੁਪਿਆ ਦਿੱਤਾ। ਸਾਰੇ ਚੈੱਕ ਉਨ੍ਹਾਂ ਦੇ ਨਾਂ ਕੱਟੇ ਗਏ, ਵੀਡੀਓ forge ਕੀਤੀ, ਸਾਈਨ forge ਕੀਤੇ, ਨਕਲੀ ਸਰਪੰਚਾਂ ਦੇ ਖਾਤੇ ਖੁਲਵਾ ਕੇ 40 ਲੱਖ ਰੁਪਿਆ ਪਾਇਆ ਅਤੇ ਅਗਲੇ ਦਿਨ ਕਢਵਾ ਲਿਆ। ਇਸ ਤੇ ਕੋਈ ਇਨਕੁਆਇਰੀ ਨਹੀਂ ਹੋਈ। ਇਸ ਦੇ ਨਾਲ ਹੀ ਇਕ ਹੋਰ 1 ਕਰੋੜ 99 ਲੱਖ ਦਾ ਅਖਤਿਆਰੀ ਗ੍ਰਾਂਟ ਦੀ ਇਨਕੁਆਇਰੀ ਚੱਲੀ। ਉਥੇ ਵੀ ਉਹੀ ਸਿਸਟਮ ਅਡਾਪਟ ਕੀਤਾ ਗਿਆ ਹੈ। ਜਦੋਂ ਇਨਕੁਆਇਰੀ ਚੱਲੀ ਤਾਂ ਬਾਦਲ ਸਾਹਿਬ ਨੇ ਇਸ ਨੂੰ ਘੋਖਣ ਵਾਸਤੇ ਤਿੰਨ ਮੈਂਬਰੀ ਕਮੇਟੀ ਬਣਾਈ। ਜਦੋਂ ਇਸ ਕਮੇਟੀ ਦਾ ਰੌਲਾ ਪਿਆ ਤਾਂ ਇਸ ਨੂੰ ਹਟਾ ਦਿੱਤਾ ਗਿਆ ਅਤੇ ਡੀ.ਜੀ.ਪੀ. ਵਿਜੀਲੈਂਸ ਨੂੰ ਇਨਕੁਆਇਰੀ ਵਾਸਤੇ ਕਿਹਾ ਗਿਆ। ਹਾਈ ਲੈਵਲ ਇਨਕੁਆਇਰੀ ਹੋਈ। ਮੇਰੇ ਕੋਲ ਸਾਰਿਆਂ ਦੇ ਬਿਆਨ ਹਨ, ਬਾਦਲ ਸਾਹਿਬ ਦੇ ਹਨ ਅਤੇ ਹੋਰ ਸਾਰਿਆਂ ਦੇ ਹਨ। ਇਹ ਹਾਈ ਲੈਵਲ ਇਨਕੁਆਇਰੀ ਵਿਜੀਲੈਂਸ ਨੂੰ ਦਿੱਤੀ ਗਈ। ਉਸ ਤੋਂ ਬਾਅਦ ਜਿਹੜਾ ਸਾਬਕਾ ਮੰਤਰੀ ਦਾ ਪੀ.ਏ.ਸੀ, ਉਸ ਦੀ ਦਰਖਾਸਤ ਤੇ ਐਸ.ਐਸ.ਪੀ. ਦਿਹਾਤੀ ਅੰਮ੍ਰਿਤਸਰ ਨੂੰ ਇਨਕੁਆਇਰੀ ਦਿੱਤੀ ਗਈ। ਜਦੋਂ ਉਸ ਅਫਸਰ ਨੂੰ ਅਖਬਾਰ ਵਾਲਿਆਂ ਨੇ ਸਕੈਮ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗਾ ਕਿ ਮੈਂ ਤਾਂ ਹਾਲੇ ਇਸ ਦੀ ਇਨਕੁਆਇਰੀ ਕਰਨੀ ਹੈ। ਫਿਰ ਉਸ ਅਫਸਰ ਨੂੰ ਛੱਡ ਕੇ ਮੁੜ ਇਨਕੁਆਇਰੀ ਡੀ.ਐਸ.ਪੀ. ਅਟਾਰੀ ਨੂੰ ਦਿੱਤੀ ਗਈ, ਜਿਹੜਾ ਕਿ ਉਸ ਸਾਬਕਾ ਮੰਤਰੀ ਨੇ ਹੀ ਲਾਇਆ ਸੀ। ਇਸ ਇਨਕੁਆਇਰੀ ਵਿੱਚ ਉਸ ਨੇ ਕਲੀਨ ਚਿੱਟ ਦੇ ਦਿੱਤੀ ਅਤੇ 26 ਬੰਦੇ ਸਣੇ ਸਰਪੰਚ, ਸਣੇ ਬੈਂਕਾਂ ਵਾਲੇ, ਸਣੇ ਅਕਾਊਂਟ ਖੋਲ੍ਹਣ ਵਾਲੇ 6-6 ਮਹੀਨੇ ਵਾਸਤੇ ਜੇਲ੍ਹ ਵਿੱਚ ਰਹੇ। ਲੇਕਿਨ ਸਾਬਕਾ ਮੰਤਰੀ ਅਤੇ ਉਸ ਦੇ ਮੁੰਡੇ ਨੂੰ ਕਿਸੇ ਨੇ ਕੁਐਸਚਨ ਨਹੀਂ ਕੀਤਾ ਕਿ ਤੂੰ ਇੱਥੇ ਬੈਠਾ ਕੀ ਕਰਦਾ ਰਿਹਾ ਹੈ? ਇਸ ਤੋਂ ਬਾਅਦ ਮੇਰੇ ਹਲਕੇ ਵਿੱਚ ਹੀ ਜਦੋਂ ਮੈਂ ਐਮ.ਐਲ.ਏ. ਬਣਿਆ ਹਾਂ, ਮੈਂ ਸਹੁੰ ਚੁੱਕ ਕੇ ਇਸ ਪਵਿੱਤਰ ਸਦਨ ਵਿੱਚ 24 ਤਰੀਕ ਨੂੰ ਆਇਆ ਸੀ। ਮੈਂ ਇਸ ਘਪਲੇ ਵਿਚ 16 ਮਾਰਚ ਨੂੰ ਪਹਿਲੀ ਐਫ.ਆਈ.ਆਰ. ਦਰਜ ਕਰਵਾਈ। ਜਿਸ ਵਿੱਚ ਇਕ ਬੀ.ਡੀ.ਓ. ਭਗੌੜਾ ਅਤੇ ਇੱਕ ਜੇਲ੍ਹ ਵਿੱਚ ਹੈ ਅਤੇ ਤਿੰਨ ਸੈਕਟਰੀ, ਜਿਨ੍ਹਾਂ ਵਿਚੋਂ ਦੋ ਜੇਲ੍ਹ ਵਿੱਚ ਹਨ ਅਤੇ ਇੱਕ ਭਗੌੜਾ ਹੈ, ਪੰਜ ਸਰਪੰਚ ਜਿਨ੍ਹਾਂ ਵਿਚੋਂ ਤਿੰਨ ਜੇਲ੍ਹ ਵਿੱਚ ਹਨ ਅਤੇ ਦੋ ਭਗੌੜੇ ਹਨ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਬਕਾ ਮੰਤਰੀ ਨੇ ਇਹ ਸਾਰਾ ਕੁਝ ਕੀਤਾ ਹੈ ਜੇਕਰ ਉਹ ਚਾਹੁੰਦਾ ਤਾਂ ਇਹ ਸਾਰਾ ਪੈਸਾ ਬਚ ਸਕਦਾ ਸੀ। ਮੇਰਾ ਕਹਿਣ ਤੋਂ ਭਾਵ ਇਹ ਹੈ ਕਿ ਮੰਤਰੀ ਸਾਹਿਬ, ਫਾਈਨਾਂਸ ਮਨਿਸਟਰ ਅਤੇ ਚੀਫ ਮਨਿਸਟਰ ਇਸ ਸਬੰਧੀ ਸ਼ਿੱਦਤ ਨਾਲ ਐਕਟ ਬਣਾ ਕੇ ਲੋਕਾਂ ਨੂੰ ਪੈਸੇ ਦਿੰਦੇ ਹਨ ਪਰ ਉਹ ਪੈਸਾ ਲੋਕਾਂ ਤੱਕ ਨਹੀਂ ਪਹੁੰਚਦਾ। ਜੇਕਰ ਇਸੇ ਤਰ੍ਹਾਂ ਖੱਜਲ ਖੁਆਰੀ ਹੀ ਕਰਨੀ ਹੈ ਤਾਂ ਫੇਰ ਇਹ ਪੈਸਾ ਦੇਣ ਦਾ ਕੀ ਫਾਇਦਾ? ਇਸ ਦਾ ਕੋਈ ਮੈਕੇਨਿਜ਼ਮ ਬਣਾਇਆ ਜਾਵੇ ਕਿ ਕੁਰੱਪਸ਼ਨ ਜਿਹੜੀ ਸਾਡੀਆਂ ਜੜ੍ਹਾਂ ਵਿੱਚ ਵੜੀ ਹੋਈ ਹੈ ਅਤੇ ਘੁਣ ਵਾਂਗ ਖਾ ਰਹੀ ਹੈ, ਇਸ ਨੂੰ ਠੱਲ੍ਹ ਪਾਈ ਜਾ ਸਕੇ। ਜਿੰਨੀਆਂ ਵੀ ਲੋਕ ਭਲਾਈ ਦੀਆਂ ਸਕੀਮਾਂ ਹਨ, ਇਨ੍ਹਾਂ ਦਾ ਕਿੰਨਾ ਰੁਪਿਆ ਜਾਂਦਾ ਹੈ ਅਤੇ ਕਿੰਨਾ ਲਗਦਾ ਹੈ, ਇਹ ਕਿਸੇ ਨੂੰ ਨਹੀਂ ਪਤਾ ਲਗਦਾ।

**Mr. Speaker :** Thank you.

**ਸਰਦਾਰ ਤਰਸੇਮ ਸਿੰਘ ਡੀ.ਸੀ.** : ਘਰ ਵਿੱਚ ਸਰਵੈਂਟ ਨੂੰ ਜਾਂ ਬੱਚੇ ਨੂੰ ਜੇਕਰ 500 ਜਾਂ 600 ਰੁਪਿਆ ਦੇਈਏ ਕਿ ਜਾਹ ਸਬਜ਼ੀ ਲੈ ਆ ਤਾਂ ਆਏ ਨੂੰ ਹਿਸਾਬ ਪੁੱਛਦੇ ਹਾਂ ਪਰ ਅੱਜ ਤੱਕ ਆਪਾਂ ਕਿਸੇ ਨੂੰ ਹਿਸਾਬ ਹੀ ਨਹੀਂ ਪੁੱਛਿਆ ਕਿ ਇੰਨਾ ਰੁਪਿਆ ਦਿੱਤਾ ਸੀ, ਕਿੱਧਰ ਚਲਾ ਗਿਆ।

**ਮਾਨਯੋਗ ਸਪੀਕਰ** : ਤੁਹਾਡੀ ਪਾਰਟੀ ਦੇ 21 ਮਿੰਟ ਬਚੇ ਹਨ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ ਦੇ 20 ਮਿੰਟ ਹਨ।

**ਸਰਦਾਰ ਤਰਸੇਮ ਸਿੰਘ ਡੀ.ਸੀ.** : ਸੋ, ਮੇਰੀ ਗੁਜ਼ਾਰਿਸ਼ ਇਹੋ ਹੈ ਕਿ ਸਦਨ ਵਿੱਚ ਸੱਚ ਦਾ ਸੱਚ ਅਤੇ ਝੂਠ ਦਾ ਝੂਠ ਨਿੱਤਰ ਕੇ ਆਵੇ। ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ** : ਸੁਖਪਾਲ ਸਿੰਘ ਖਹਿਰਾ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ)** : ਸਪੀਕਰ ਸਾਹਿਬ, ਮੈਂ ਇਸ ਗਵਰਨਰ ਐਡਰੈਸ ਤੇ ਸਭ ਤੋਂ ਅਖੀਰ ਵਿੱਚ ਬੋਲਣਾ ਹੈ, I will be grateful ਜੇ ਮੈਨੂੰ ਥੋੜ੍ਹਾ ਜਿਹਾ ਟਾਈਮ ਵੱਧ ਦੇ ਦਿਓ। ਇਹ ਮੇਰੀ ਸਬਮਿਸ਼ਨ ਹੈ, ਮੈਂ meaningful ਗੱਲ ਕਰਾਂਗਾ।

**ਮਾਨਯੋਗ ਸਪੀਕਰ** : ਤੁਹਾਡੀ ਗੱਲ ਪੂਰੀ ਕਰਾਵਾਂਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸ਼ੁਕਰੀਆ ਸਪੀਕਰ ਸਾਹਿਬ, ਮੈਂ ਫੂਲਕਾ ਸਾਹਿਬ ਦੀਆਂ meaningful positive ਗੱਲਾਂ ਅਤੇ ਪਰਗਟ ਸਿੰਘ ਦੀਆਂ ਸੱਚੀਆਂ-ਪੱਕੀਆਂ ਗੱਲਾਂ ਆਪ ਦੇ ਅੱਗੇ ਰਿਪੀਟ ਕਰਨੀਆਂ ਚਾਹੁੰਦਾ ਹਾਂ। ਪੰਜਾਬ ਇਸ ਦੇਸ਼ ਦਾ ਸੁਪਰੀਮ ਸੂਬਾ ਸੀ, ਨੰਬਰ ਵਨ ਸੂਬਾ ਸੀ। ਕਿਸੇ ਵੀ ਗੱਲ ਵਿੱਚ ਇਸ ਦਾ ਕੋਈ ਮੁਕਾਬਲਾ ਹੀ ਨਹੀਂ ਸੀ। There was no second, it was a far distant second if there was any- whether it was sports, whether it was defence, whether it was green revolution– ਜਿਸ ਨੇ ਸਾਰੇ ਦੇਸ਼ ਦਾ ਢਿੱਡ ਭਰਿਆ ਸੀ। ਇਹ ਉਹ ਸੂਬਾ ਸੀ, ਜਿਸ ਨੂੰ ਦੁਨੀਆ ਭਰ ਵਿਚ, ਸਾਊਥ ਈਸਟ ਏਸ਼ੀਆ ਵਿਚ, ਪੁਲੀਟੀਕਲ ਤੌਰ ਤੇ ਦੇਸ਼ਾਂ ਵਿੱਚ ਅਗਰ ਕੋਈ ਕੋਈ ਸੂਬਾ ਅੱਛਾ ਸਮਝਿਆ ਜਾਂਦਾ ਸੀ ਤਾਂ ਪੰਜਾਬ ਨੂੰ ਸਮਝਿਆ ਜਾਂਦਾ ਸੀ। ਅਫਸੋਸ ਹੈ ਅਤੇ ਦੁਖ ਨਾਲ ਮੈਨੂੰ ਕਹਿਣਾ ਪੈਂਦਾ ਹੈ ਕਿ ਅੱਜ ਉਹੀ ਪੰਜਾਬ ਜਿਹੜੀਆਂ ਸਾਡੀਆਂ ਡਿਵੈਲਪਪਿੰਗ ਸਟੇਟਸ ਹਨ, ਜਿਹੜੀਆਂ ਸਾਡੇ ਤੋਂ ਬਹੁਤ ਦੇਰ ਬਾਅਦ ਬਣੀਆਂ ਹਨ, ਜਿਵੇਂ ਕਿ ਛੱਤੀਸਗੜ੍ਹ, ਝਾਰਖੰਡ ਅਤੇ ਤੇਲੰਗਾਨਾ ਆਦਿ, ਇਹ ਸਟੇਟਾਂ ਬਹੁਤ ਬਾਅਦ ਵਿਚ ਬਣੀਆਂ ਹਨ, ਇਹ ਸਟੇਟਾਂ ਸਾਡੇ ਨਾਲੋਂ, ਜੇਕਰ ਅਸੀਂ ਇੰਡੀਕੇਟਰਜ਼ ਦੇਖਾਂਗੇ, whether it is education, health care, employment, cooperation, agriculture production, ਇਨ੍ਹਾਂ ਗੱਲਾਂ ਵਿਚ ਉਹ ਸਟੇਟਾਂ ਸਾਡੇ ਤੋਂ ਬਹੁਤ ਅੱਗੇ ਵੱਧ ਚੁੱਕੀਆਂ ਹਨ। ਇਹ ਮੇਰਾ ਮੰਨਣਾ ਹੈ। ਜੇ ਮੈਂ ਅੱਜ ਪੰਜਾਬ ਬਾਰੇ ਦੱਸਣਾ ਹੋਵੇ, ਮੈਂ ਕੋਈ ਇਕਨਾਮਿਸਟ ਨਹੀਂ ਹਾਂ ਜੀ। ਮੈਂ ਤਾਂ ਸਿੱਧੀਆਂ-ਸਾਧੀਆਂ ਗੱਲਾਂ ਵਿਚ ਦੱਸਣਾ ਚਾਹੁੰਦਾ ਹਾਂ, ਜੇਕਰ ਜੱਟਕਾ ਤਰੀਕੇ ਨਾਲ ਇਸ ਦਾ ਪੈਮਾਨਾ ਨਾਪਣਾ ਹੋਵੇ ਅਤੇ ਗੱਲ ਕਹਿਣੀ ਹੋਵੇ ਕਿ ਪੰਜਾਬ ਅੱਜ ਕਿੱਥੇ ਖੜ੍ਹਾ ਹੈ। ਮੈਂ ਇਸ ਬਾਰੇ ਤਿੰਨ ਗੱਲਾਂ ਸੋਚੀਆਂ ਹਨ। ਫਾਈਨਾਂਸ ਮਨਿਸਟਰ ਸਾਹਿਬ ਨੇ ਬਜਟ ਵਿਚ ਬਹੁਤ ਸਾਰੇ ਫਿਸਕਲ

ਇੰਡੀਕੇਟਰਜ਼ ਦਿੱਤੇ ਹਨ। ਜ਼ਿਆਦਾ ਸਪੈਸੇਫਿਕਲੀ ਤਾਂ ਉਹ ਦੱਸ ਸਕਦੇ ਹਨ ਪਰ ਮੇਰੇ ਅਨੁਸਾਰ ਪੰਜਾਬ ਅੱਜ ਬਹੁਤ ਨਾਜ਼ੁਕ ਮੋੜ ਤੇ ਖੜ੍ਹਾ ਹੈ ਅਤੇ ਬੜੇ ਖਤਰਨਾਕ ਪਾਸੇ ਵੱਲ ਨੂੰ ਜਾ ਰਿਹਾ ਹੈ ਜੀ।

ਸਪੀਕਰ ਸਾਹਿਬ, ਜਿਹੜੇ ਤਿੰਨੇ ਪੈਮਾਨੇ ਤੇ ਪੈਰਾਮੀਟਰਜ਼ ਮੈਂ ਦੇਖੇ ਹਨ, ਉਸ ਵਿਚ ਅਕਸਰ ਜਿਹੜੀ ਗੱਲ ਹੋ ਰਹੀ ਹੈ, ਉਹ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਹੋ ਰਹੀ ਹੈ ਜੀ। ਦੇਖੋ, ਪੰਜਾਬ ਇਕ ਐਗਰੇਰੀਅਨ ਸਟੇਟ ਹੋਵੇ, 70% ਲੋਕ ਖੇਤੀ ਤੇ ਨਿਰਭਰ ਹੋਣ ਅਤੇ ਪਿੰਡਾਂ ਵਿਚ ਵਸਦੇ ਹੋਣ ਔਰ ਉਹ ਕਿਸਾਨ ਜਿਹੜਾ ਪਹਿਲਾਂ ਬੜੇ ਫਖ਼ਰ ਨਾਲ ਹਰ ਚੀਜ਼ ਵਿਚ ਸਿਰ ਉਚਾ ਕਰਕੇ ਆਪਣਾ ਯੋਗਦਾਨ ਪਾਉਂਦਾ ਸੀ, ਚਾਹੇ ਐਮਰਜੰਸੀ ਦੀ ਮੁਖਾਲਫ਼ਤ ਸੀ। ਜੇਕਰ ਕਦੇ ਅਨਿਆਂ ਦੀ ਗੱਲ ਹੋਵੇ, ਅਨਿਆਂ ਵਿਰੁੱਧ ਸਭ ਤੋਂ ਪਹਿਲਾਂ ਪੰਜਾਬ ਦੇ ਕਿਸਾਨ ਨੇ ਦਿੱਲੀ ਵਿਚ ਜਾ ਕੇ ਧਰਨਾ ਮਾਰਿਆ। ਅੱਜ ਵੀ ਉਹ ਧਰਨੇ ਮਾਰ ਰਹੇ ਹਨ ਪਰ ਅੱਜ ਉਹ ਮਰ ਰਹੇ ਹਨ। ਖੇਤ ਮਜ਼ਦੂਰ, ਗਰੀਬ ਆਦਮੀ, ਲੈਂਡਲੈੱਸ ਲੇਬਰਰ ਅੱਜ ਮਰ ਰਹੇ ਹਨ, ਇਸ ਤੋਂ ਸਾਨੂੰ ਕੀ ਅੰਦਾਜ਼ਾ ਲਗਦਾ ਹੈ ਕਿ ਅੱਜ ਪੰਜਾਬ ਵਿਚ ਕੋਈ ਇੰਡਸਟਰੀ ਜਾਂ ਕੋਈ ਬਹੁਤ ਜ਼ਿਆਦਾ ਵੱਡੇ ਰਿਸੋਰਸਿਜ਼ ਨਹੀਂ ਹਨ? ਤੁਸੀਂ ਮੈਨੂੰ ਦੱਸ ਦੇਵੋ ਕਿ ਜੇਕਰ ਕੋਈ ਬਹੁਤ ਵੱਡੇ ਰਿਸੋਰਸਿਜ਼ ਪੰਜਾਬ ਕੋਲ ਹਨ? ਸਾਡੇ ਕੋਲ ਸਿਰਫ ਐਗਰੀਕਲਚਰ ਰਿਸੋਰਸ ਸੀ। ਉਹ ਸਾਡਾ ਬਹੁਤ ਵੱਡੇ ਪੈਮਾਨੇ ਤੇ ਡਿਪਲੀਟ ਹੋਇਆ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ। ਮੈਂ ਹੁਣ ਕਾਰਨਾਂ ਵਿਚ ਨਹੀਂ ਜਾਣਾ ਚਾਹੁੰਦਾ। ਉਸ ਦੀ ਆਮਦਨ ਘੱਟ ਗਈ, ਫਸਲਾਂ ਦੇ ਭਾਅ ਠੀਕ ਨਾ ਮਿਲਣੇ ਵੀ ਇਸ ਵਿਚੋਂ ਇਕ ਕਾਰਨ ਹੈ। ਲੇਕਿਨ ਜਿਹੜੀਆਂ ਸੂਬਿਆਂ ਦੀਆਂ ਜ਼ਿੰਮੇਵਾਰੀਆਂ ਸਨ, ਚਾਹੇ ਕੈਸ਼ ਕਰਾੱਪਸ ਸੀ ਜਾਂ ਅਸੀਂ ਉਨ੍ਹਾਂ ਨੂੰ ਦੱਸ ਨਹੀਂ ਸਕੇ, ਅਸੀਂ ਉਸ ਦੇ ਵਿਚ ਉਨ੍ਹਾਂ ਦੀ ਮਦਦ ਨਹੀਂ ਕਰ ਸਕੇ। ਸਭ ਤੋਂ ਵੱਡਾ ਬੈਰੋਮੀਟਰ ਪੰਜਾਬ ਦਾ ਜਿਹੜਾ ਖੇਤੀ ਨਾਲ ਕੁਨੈਕਟਿਡ ਸਟੇਟ ਸੀ, ਉਸ ਵਿੱਚ ਆਤਮ ਹੱਤਿਆਵਾਂ ਹੋਣਾ ਹੈ ਔਰ ਕਿਸਾਨਾਂ ਉੱਤੇ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇੱਧਰਲੇ ਪਾਸੇ ਦੇ ਕੁਝ ਲੋਕਾਂ ਨੇ 90,000 ਕਰੋੜ ਰੁਪਿਆ ਕਿਹਾ ਹੈ ਲੇਕਿਨ ਸਾਡੀ ਪਾਰਟੀ ਨੇ, ਸ਼੍ਰੀ ਕੰਵਰ ਸੰਧੂ ਹੁਰਾਂ ਨੇ ਮੈਨੀਫੈਸਟੋ ਬਣਾਇਆ ਸੀ, including the commission of debt agents, nationalized banks and the cooperative banks, ਇਹ ਇਕ ਲੱਖ ਕਰੋੜ ਰੁਪਿਆ ਬਣ ਜਾਂਦਾ ਹੈ। ਇਕ ਤਾਂ ਇਹ ਪੈਮਾਨਾ ਹੈ, ਜਿਹੜਾ ਦੱਸਦਾ ਹੈ ਕਿ ਪੰਜਾਬ ਡਾਊਨ ਜਾ ਰਿਹਾ ਹੈ। ਆਪਾਂ ਜਿੰਨਾ ਮਰਜ਼ੀ ਕਹੀ ਜਾਈਏ, (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਜਦੋਂ ਇੱਧਰ (ਆਪੋਜ਼ੀਸ਼ਨ ਵਿੱਚ) ਸੀ ਤਾਂ ਤੁਸੀਂ ਉਨ੍ਹਾਂ ਨੂੰ ਕੋਸਦੇ ਸੀ, ਹੁਣ ਉਹ ਉੱਧਰ ਹਨ ਤਾਂ ਉਹ ਤੁਹਾਨੂੰ ਕੋਸਦੇ ਹਨ। ਲੇਕਿਨ ਅਸਲੀਅਤ ਇਹ ਹੈ ਕਿ ਸਾਡਾ ਪੰਜਾਬ ਥੱਲੇ ਜਾ ਰਿਹਾ ਹੈ। ਪੰਜਾਬ ਦੀ ਪੌਣੇ ਤਿੰਨ ਕਰੋੜ ਅਬਾਦੀ ਹੈ।

ਦੂਸਰਾ ਪੈਮਾਨਾ ਹੈ ਜੀ, ਸਾਡਾ ਸਭ ਤੋਂ ਬੇਹਤਰੀਨ ਹਿਊਮਨ ਰਿਸੋਰਸ, ਜਿਹੜਾ ਕਿ ਇਸ ਪੰਜਾਬ ਨੂੰ ਅੱਗੇ ਲਿਜਾ ਸਕਦਾ ਸੀ ਅਤੇ ਦੇਸ਼ ਦੇ ਵਿਚ ਯੋਗਦਾਨ ਪਾ ਸਕਦਾ ਸੀ। ਪੜ੍ਹਿਆ ਲਿਖਿਆ ਹਿਊਮਨ ਰਿਸੋਰਸ, ਜਿਵੇਂ ਕਿ ਡਾਕਟਰਜ਼, ਟੀਚਰਜ਼, ਇੰਜੀਨੀਅਰਜ਼, lot of skilled labourers, lot of unskilled labourers, ਮੇਰਾ ਖਿਆਲ ਹੈ ਕਿ ਜੇ ਮੈਂ ਗਲਤ ਨਾ ਹੋਵਾਂ ਤਾਂ ਪੌਣੇ ਤਿੰਨ ਕਰੋੜ ਅਬਾਦੀ ਵਿਚੋਂ 50 ਲੱਖ ਪੰਜਾਬੀ ਤਾਂ ਅੱਜ ਪੰਜਾਬ ਵਿਚੋਂ ਬਾਹਰ ਜਾ ਚੁੱਕੇ ਹਨ। ਇਹ ਕਿਉਂ ਗਏ ਹਨ? ਜੇਕਰ ਇਥੇ ਰੁਜ਼ਗਾਰ ਮਿਲਦਾ ਹੁੰਦਾ ਤਾਂ ਕੀ ਇਰਾਕ ਵਿਚ ਕਿਸੇ ਨੇ ਜਾਣਾ ਸੀ? ਕੀ ਫਿਰ ਮੌਸੂਲ ਵਿਚ 27 ਪੰਜਾਬੀਆਂ ਨੇ ਮਰਨਾ ਸੀ? ਜੇ ਇਥੇ ਵਾਤਾਵਰਨ ਠੀਕ ਹੁੰਦਾ, ਉਨ੍ਹਾਂ ਨੂੰ ਇਥੇ ਨੌਕਰੀਆਂ ਮਿਲਦੀਆਂ, ਜੇ ਉਨ੍ਹਾਂ ਨੂੰ ਬਾਇੱਜ਼ਤ ਰੋਟੀ ਇਥੇ ਮਿਲਦੀ ਤਾਂ ਉਹ ਹੋਰ ਕਿਤੇ ਨਾ ਜਾਂਦੇ। ਸਪੀਕਰ ਸਾਹਿਬ, ਪੰਜਾਬੀ ਪਹਿਲਾਂ ਗੈਰਤ ਅਤੇ ਅਣਖ ਨੂੰ ਮੂਹਰੇ ਰੱਖਦੇ ਹਨ। ਬਾਕੀ ਪੈਸਾ-ਧੇਲਾ ਉਨ੍ਹਾਂ ਲਈ ਬਾਅਦ ਦੀਆਂ ਗੱਲਾਂ ਹਨ। ਮੈਂ ਇਹ ਦੂਜਾ ਪੈਮਾਨਾ ਦੱਸ ਰਿਹਾ ਹਾਂ ਜਿਸ ਨਾਲ ਪੰਜਾਬ ਇੰਨਾ ਥੱਲੇ ਨਜ਼ਰ ਆ ਰਿਹਾ ਹੈ ਜੀ। ਜਿਹੜੇ ਇਥੋਂ ਜਾ ਰਹੇ ਹਨ, ਉਨ੍ਹਾਂ ਦੀ ਜਗ੍ਹਾ ਦੂਜਿਆਂ ਸੂਬਿਆਂ ਦੇ ਲੋਕ ਇਥੇ ਆ ਕੇ ਲੈ ਰਹੇ ਹਨ, ਚਾਹੇ ਉਹ ਛੋਟੇ ਕੰਮ ਸੀ, ਜਿਥੋਂ ਕਿ ਆਮਦਨ ਹੋ ਸਕਦੀ ਸੀ,

ਉਨ੍ਹਾਂ ਸਾਰੇ ਕੰਮਾਂ ਤੇ ਬਾਹਰਲੇ ਸੂਬਿਆਂ ਦੇ ਲੋਕ ਆ ਗਏ ਹਨ। ਉਹ ਦਿਹਾੜੀ ਕਮਾਉਂਦੇ ਹਨ। ਉਹ ਵੀ ਇਸ ਦੇਸ਼ ਦੇ ਗਰੀਬ ਆਦਮੀ ਹਨ। ਲੇਕਿਨ ਪੰਜਾਬ ਦਾ ਹਿਊਮਨ ਰਿਸੋਰਸ ਇਥੋਂ ਜਾਣਾ, ਇੰਨੀ

[ਸਰਦਾਰ ਸੁਖਪਾਲ ਸਿੰਘ ਖਹਿਰਾ]

ਵੱਡੀ ਗਿਣਤੀ ਵਿਚ ਜਾਣਾ ਔਰ ਲਗਾਤਾਰ ਜਾਈ ਜਾਣਾ, ਇਹ ਸਹੀ ਸੰਦੇਸ਼ ਨਹੀਂ ਹੈ। ਸਪੀਕਰ ਸਾਹਿਬ, 35-35 ਲੱਖ ਰੁਪਿਆ ਟਰੈਵਲ ਏਜੰਟਾਂ ਨੂੰ ਦਿੱਤਾ ਜਾਂਦਾ ਹੈ। ਜੰਗਲਾਂ ਵਿਚੋਂ, ਸਮੁੰਦਰਾਂ ਵਿਚੋਂ, ਨਦੀਆਂ ਵਿਚੋਂ ਫਰਜ਼ੀ ਬੋਟਸ ਬਣਾ ਕੇ ਨੌਜਵਾਨ ਜਾਂਦੇ ਹਨ ਔਰ ਬਹੁਤ ਸਾਰੇ ਮਾਰੇ ਜਾਂਦੇ ਹਨ। ਹੁਣੇ ਹੀ 27 ਵਿਅਕਤੀ ਇਰਾਕ ਵਿਚ ਮਰੇ ਹਨ। ਇਥੋਂ ਮੈਂ ਤੁਹਾਨੂੰ ਦੂਜਾ ਪੈਮਾਨਾ ਦੱਸਣਾ ਚਾਹੁੰਦਾ ਹਾਂ। ਮੈਂ ਕਿਸੇ ਤੇ ਇਲਜ਼ਾਮ ਨਹੀਂ ਲਗਾ ਰਿਹਾ। ਪਲੀਜ਼, please do not think that I am blaming any of you people over here.

ਤੀਸਰਾ ਪੈਮਾਨਾ ਜਿਹੜਾ ਮੈਂ ਸਮਝਦਾ ਹਾਂ ਕਿ ਨੈੱਟ ਐਸੇਟਸ ਵੈਲਿਊ ਪੰਜਾਬ ਦੀ ਘੱਟ ਗਈ ਹੈ। ਪੰਜਾਬ ਦੀ ਐਸੇਟਸ ਵੈਲਿਊ ਬਹੁਤ ਹੀ ਥੋੜ੍ਹੀ ਰਹਿ ਗਈ ਹੈ। ਆਪਾਂ ਹਰ ਚੀਜ਼ ਨੂੰ ਜਦੋਂ ਦੇਖਦੇ ਹਾਂ, ਉਸ ਚੀਜ਼ ਦੀ, ਉਸ ਬਰੈਂਡ ਦੀ, ਉਸ ਐਸੇਟਸ ਦੀ ਆਪਾਂ ਵੈਲਿਊ ਦੇਖਦੇ ਹਾਂ। ਹਰ ਚੀਜ਼ ਦੀ ਕੋਈ ਵੈਲਿਊ ਹੁੰਦੀ ਹੈ। ਸਪੀਕਰ ਸਾਹਿਬ, ਅੱਜ ਤੋਂ ਪੰਜ-ਸੱਤ ਸਾਲ ਪਹਿਲਾਂ ਦੁਆਬੇ ਦੇ ਵਿਚ ਜੋ ਸਧਾਰਨ ਐਗਰੀਕਲਚਰ ਲੈਂਡ ਸੀ, ਉਸ ਦੀ ਕੀਮਤ ਤਕਰੀਬਨ 40 ਤੋਂ 50 ਲੱਖ ਰੁਪਿਆ ਪ੍ਰਤੀ ਏਕੜ ਨੂੰ ਟੱਚ ਕਰਦੀ ਸੀ, ਜਿਹੜੀ ਸੜਕਾਂ ਤੋਂ ਪਰੇ ਸੀ। ਜਿਹੜੀ ਸੜਕਾਂ ਦੇ ਉੱਤੇ ਸੀ, ਜਿਹੜੀ ਫਗਵਾੜਾ ਤੇ ਜਲੰਧਰ ਵਿਚ ਜ਼ਮੀਨ ਸੜਕਾਂ ਤੇ ਸੀ ਉਹ ਤਾਂ 5-5 ਅਤੇ 7-7 ਕਰੋੜ ਪ੍ਰਤੀ ਏਕੜ ਦੀ ਹੋ ਗਈ ਸੀ।ਲੇਕਿਨ ਇਹ ਜਿਹੜੀ 40 ਤੋਂ 50 ਲੱਖ ਰੁਪਏ ਪ੍ਰਤੀ ਏਕੜ ਸੀ, ਅੱਜ ਉਸ ਦਾ 15-20 ਲੱਖ ਰੁਪਏ ਵਿਚ ਵੀ ਕੋਈ ਗਾਹਕ ਨਹੀਂ ਹੈ। ਇਹੀ ਗੱਲ ਅਰਬਨ ਏਰੀਆਜ਼ ਵਿਚ, ਪਲਾਟ, ਕਮਰਸ਼ੀਅਲ ਜਾਇਦਾਦਾਂ ਤੇ ਲਾਗੂ ਹੁੰਦੀ ਹੈ। ਕਿਉਂਕਿ ਸਾਡੀ ਪੰਜਾਬ ਦੀ ਨੈੱਟ ਐਸਿਟ ਵੈਲਿਊ ਘੱਟ ਗਈ ਹੈ। Punjab has depreciated by 50 per cent, maybe even more. ਇਹ ਬਹੁਤ ਵੱਡਾ ਇੰਡੀਕੇਟਰ ਹੈ। ਦੁਬਈ ਵਿਕਸਤ ਮੁਲਕ ਹੈ। ਉਥੇ ਕੋਈ ਜਮਹੂਰੀਅਤ ਨਹੀਂ ਹੈ। ਇਕ ਸ਼ੇਖ ਉਸ ਮੁਲਕ ਨੂੰ ਚਲਾਉਂਦਾ ਹੈ। ਸਾਡੇ ਤੋਂ ਬਹੁਤ ਬਾਅਦ ਵਿਚ ਉਨ੍ਹਾਂ ਨੂੰ ਸੁਰਤ ਆਈ ਪਰ ਪਿਛਲੇ 20-25 ਸਾਲਾਂ ਵਿਚ ਉਹ ਦੁਨੀਆਂ ਦੀ ਬਿਜ਼ਨਸ ਕੈਪੀਟਲ ਬਣ ਗਿਆ ਹੈ। Everybody and anybody on this earth who wants to be safe and wants to invest money goes to Dubai. ਔਰ ਦੁਬਈ ਨੇ ਅਮਰੀਕਾ ਨੂੰ ਮਾਤ ਪਾ ਦਿੱਤੀ ਹੈ। ਦੁਬਈ ਵਿਚ ਮੈਟਰੋ ਡਰਾਈਵਰ ਤੋਂ ਬਗੈਰ ਹੀ ਚੱਲ ਰਹੀ ਹੈ। ਉਥੇ ਦੇ ਲਾਅ ਐਂਡ ਆਰਡਰ ਤੇ ਆਪਾਂ ਕੀ ਗੱਲ ਕਰਦੇ ਹਾਂ। ਉਥੇ ਇਕ ਗੋਲਡ ਸੂਕ ਸਟਰੀਟ ਹੈ। ਉਥੇ ਰਾਤ ਨੂੰ ਸ਼ੀਸ਼ੀਆਂ ਵਿਚ ਸੋਨਾ ਜੜ੍ਹ ਕੇ ਜਾਂਦੇ ਹਨ ਅਤੇ ਲਾਈਟਾਂ ਜਗਾ ਕੇ ਜਾਂਦੇ ਹਨ। ਜੇ ਕਿਸੇ ਵਿਚ ਹਿੰਮਤ ਹੈ ਤਾਂ ਹੱਥ ਲਗਾ ਕੇ ਦਿਖਾ ਦਿਓ। ਔਰਤਾਂ ਰਾਤ ਨੂੰ ਇਕ-ਦੋ ਵਜੇ ਕਿਤੇ ਵੀ ਚਲੇ ਜਾਣ, ਉਨ੍ਹਾਂ ਨੂੰ ਹੱਥ ਤਾਂ ਕੀ ਲਗਾਉਣਾ ਹੈ, ਉਨ੍ਹਾਂ ਵੱਲ ਕੋਈ ਭੈੜੀ ਨਿਗਾਹ ਨਾਲ ਦੇਖ ਵੀ ਨਹੀਂ ਸਕਦਾ। ਜਦੋਂ ਇਹ ਸੈਂਸ ਆਫ ਸਕਿਉਰਿਟੀ ਆਈ ਤਾਂ ਦੁਨੀਆਂ ਭਰ ਦੇ ਲੋਕਾਂ ਨੇ ਉਥੇ ਇਨਵੈਸਟ ਕੀਤਾ। ਸਾਡੇ ਤੋਂ ਬਾਅਦ ਯੂਰਪ ਦਾ ਇਕ ਹੋਰ ਦੇਸ਼ ਇਟਲੀ ਅਜ਼ਾਦ ਹੋਇਆ। ਚਲੋ, ਉਹ ਤਾਂ ਵਿਕਸਤ ਮੁਲਕਾਂ ਵਿਚ ਹੀ ਆ ਜਾਂਦਾ ਹੈ। ਉਥੋਂ ਦੀਆਂ ਸੜਕਾਂ, ਸਕੂਲ, ਹਸਪਤਾਲ, ਬਿਲਡਿੰਗਾਂ ਕਿਆ ਬਿਹਤਰੀਨ ਸਿਸਟਮ ਹੈ। ਉਹ ਸਭ ਤੋਂ ਜ਼ਿਆਦਾ ਲਾਅ ਐਂਡ ਆਰਡਰ ਤੇ ਇੰਫੇਸਾਈਜ਼ ਕਰਦਾ ਹੈ। ਜਾਨ ਮਾਲ ਦੀ ਮਹਿਫੂਜ਼ੀਅਤ ਤੋਂ ਬਗੈਰ ਕੋਈ ਸੂਬਾ, ਦੇਸ਼, ਕੌਮ ਤਰੱਕੀ ਨਹੀਂ ਕਰ ਸਕਦੀ। ਇਹ ਜਿਹੜੇ ਮੁਲਕਾਂ ਨੇ ਤਰੱਕੀ ਕੀਤੀ ਹੈ, ਉਨ੍ਹਾਂ ਨੇ ਲੋਕਾਂ ਨੂੰ ਸੈਂਸ ਆਫ ਸਕਿਉਰਿਟੀ ਟੂ ਲਾਈਫ, ਪ੍ਰਾਪਰਟੀ ਐਂਡ ਲਿਬਰਟੀ ਦਿੱਤੀ ਹੈ। ਵਾਈਟ ਹਾਊਸ ਦੇ ਸਾਹਮਣੇ ਇਕ ਜਗ੍ਹਾ ਹੈ, ਜਿਥੇ ਜਿਸਦਾ ਦਿਲ ਕਰਦਾ ਹੈ, ਉਹ ਜਿੰਨੀ ਭੜਾਸ ਕੱਢਣੀ ਚਾਹੇ ਕੱਢ ਸਕਦਾ ਹੈ ਪਰ ਉਹ ਡੰਡੇ ਨਹੀਂ ਮਾਰਦੇ। ਇਸ ਤਰ੍ਹਾਂ ਨਾਲ ਲੋਕਾਂ ਨੇ ਤਰੱਕੀ ਕੀਤੀ। ਇਹ ਤਰੱਕੀ ਦੇ ਤਿੰਨ ਪੈਮਾਨੇ ਹਨ। ਜਿਹੜੇ ਸਾਡੇ ਪੁਰਖੇ ਪਿਓ ਦਾਦੇ ਸਨ, ਉਨ੍ਹਾਂ ਨੇ ਗੁਰਦੁਆਰੇ ਅਜ਼ਾਦ ਕਰਵਾਏ, ਜੇਲ੍ਹਾਂ ਕੱਟੀਆਂ, ਕੁਰਬਾਨੀਆਂ ਦਿੱਤੀਆਂ। ਜੁਆਇੰਟ ਪੰਜਾਬ ਤੋਂ ਬਾਅਦ 80 ਦੇ ਦਹਾਕੇ ਤੱਕ ਬਹੁਤ

ਅੱਛੀ ਲੀਡਰਸ਼ਿਪ ਸੀ। ਚਾਹੇ ਉਹ ਬਾਬਾ ਖੜਕ ਸਿੰਘ, ਬਾਬਾ ਊਧਮ ਸਿੰਘ ਨਾਗੋਕੇ ਜੋ ਬਤੌਰ ਐਸ.ਜੀ.ਪੀ.ਸੀ. ਪ੍ਰਧਾਨ ਘਰੋਂ ਖਾਣਾ ਬਣਾ ਕੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਕਰਦਾ ਸੀ, ਉਹ ਲੰਗਰ ਵਿਚੋਂ ਖਾਣਾ ਨਹੀਂ ਸੀ ਖਾਂਦੇ। ਮਾਸਟਰ ਤਾਰਾ ਸਿੰਘ, a Hindu convert into a Sikh, died penniless, these were the best of the leaders that Punjab could have had. ਸੰਤ ਫਤਿਹ ਸਿੰਘ, ਸੰਤ ਚੰਨਣ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ, ਸਰਦਾਰ ਗੁਰਚਰਨ ਸਿੰਘ ਟੌਹੜਾ ਤੱਕ ਵੀ ਇਹ ਇਮਾਨਦਾਰੀ ਬਰਕਰਾਰ ਸੀ। ਉਹ 7 ਏਕੜ ਵਿਚ ਪੈਦਾ ਹੋਏ ਅਤੇ 7 ਏਕੜ ਵਿਚ ਹੀ ਮੌਤ ਹੋਈ। ਠੀਕ ਹੈ, ਉਨ੍ਹਾਂ ਤੇ ਐਸ.ਜੀ.ਪੀ.ਸੀ. ਨੂੰ ਮੈਨੂਪੁਲੇਟ ਕਰਨ ਦੇ ਇਲਜ਼ਾਮ ਲੱਗੇ ਸਨ, ਉਹ ਵੱਖਰੀ ਗੱਲ ਹੈ। ਪਰ 80 ਦੇ ਦਹਾਕੇ ਤੱਕ ਸਾਡੇ ਕੋਲ ਇਮਾਨਦਾਰ ਲੀਡਰਸ਼ਿਪ ਸੀ, ਜਿਸ ਕਰਕੇ ਪੰਜਾਬ ਤੇ ਕੋਈ ਕਰਜ਼ਾ ਨਹੀਂ ਸੀ। ਠੀਕ ਤਿੰਨ ਦਹਾਕਿਆਂ ਵਿਚ ਐਸੀ ਸਮੇਂ ਨੇ ਕਰਵਟ ਲਈ ਕਿ ਸਾਡਾ ਸਿਧਾਂਤ ਹੀ ਬਦਲ ਗਿਆ। ਇਹ ਲੋਕ ਜਿਨ੍ਹਾਂ ਦੇ ਮੈਂ ਨਾਮ ਗਿਣਾਏ ਹਨ, ਉਨ੍ਹਾਂ ਵਿਚੋਂ ਗਿਆਨੀ ਕਰਤਾਰ ਸਿੰਘ ਖਹਿਰਾ ਵੀ ਸੀ, ਉਹ ਚਾਹੇ ਕਿਤੇ ਵੀ ਰਹਿੰਦਾ ਸੀ ਪਰ ਗੱਲ ਪੰਜਾਬ ਦੀ ਕਰਦਾ ਸੀ। ਉਹ ਕਛਹਿਰਾ ਪਾ ਕੇ, ਪਜਾਮਾ ਮੋਢੇ ਤੇ ਟੰਗ ਕੇ ਸਕੱਤਰੇਤ ਚਲਾ ਜਾਂਦਾ ਸੀ ਪਰ ਉਸਦੀ ਇੰਟੀਗਰੇਟੀ ਤੇ ਕੋਈ ਡਾਊਟ ਨਹੀਂ ਸੀ ਕਰਦਾ। ਇਹ ਲੀਡਰ ਸੈਲਫ-ਲੈਸ ਲੀਡਰ ਸਨ। ਉਹ ਸਟੇਟਸਮੈਨ ਸਨ। Their aim was the state, the country, the community, ਸਪੀਕਰ ਸਾਹਿਬ, ਉਸ ਸਮੇਂ ਤੋਂ ਬਾਅਦ ਇਕ ਬੜੀ ਵੱਡੀ ਸਿਧਾਂਤਕ ਸ਼ਿਫਟ ਆਈ। ਇਹ ਮੈਂ ਸੋਚਦਾ ਹਾਂ। ਹੋ ਸਕਦਾ ਹੈ ਕਿ ਮੈਂ ਗਲਤ ਹੋਵਾਂ। ਜਦੋਂ ਦੇਸ਼ ਅਜ਼ਾਦ ਹੋਇਆ ਜਿਹੜੀ ਰਾਜਨੀਤੀ ਸੀ, ਜਿਹੜੇ ਲੀਡਰ ਸਨ, ਉਹ ਸੇਵਾ ਭਾਵਨਾ ਨਾਲ ਜੁੜੇ ਸਨ। ਸਾਰਿਆਂ ਨੇ ਸੇਵਾ ਭਾਵਨਾ ਨਾਲ ਰਾਜਨੀਤੀ ਕੀਤੀ ਤਾਂਹੀ ਸਾਡੇ ਸਿਰ ਤੇ ਕੋਈ ਕਰਜ਼ਾ ਨਹੀਂ ਸੀ। ਕਿਉਂਕਿ ਇਮਾਨਦਾਰੀ ਨਾਲ ਚੱਲਦੇ ਸੀ, ਬੇਈਮਾਨੀ ਨਹੀਂ ਸੀ, ਨੀਅਤ ਸਾਫ ਸੀ। ਜਿਹੜਾ ਪੈਸਾ ਦਿੱਲੀਓਂ ਤੁਰਦਾ ਸੀ, ਜੇਕਰ 100 ਰੁਪਇਆ ਆਉਂਦਾ ਸੀ ਤਾਂ 100 ਲਗਦਾ ਸੀ, 99 ਤਾਂ ਜ਼ਰੂਰ ਲਗਦੇ ਹੋਣਗੇ, 95 ਤਾਂ ਜ਼ਰੂਰ ਲਗਦੇ ਹੋਣਗੇ। ਲੇਕਿਨ ਇਕ ਸਿਧਾਂਤਕ ਸ਼ਿਫਟ ਆਈ ਜਦੋਂ ਪੰਜਾਬ ਦਾ ਵਾਤਾਵਰਣ ਖਰਾਬ ਹੋਇਆ। ਐਮਰਜੈਂਸੀ ਤੋਂ ਬਾਅਦ, ਮੈਂ ਉਸ ਵੇਲੇ 1975 ਵਿਚ ਕੇਵਲ 10 ਸਾਲ ਦਾ ਸੀ। ਅੱਜ ਤੱਕ ਉਹ ਤਸਵੀਰਾਂ ਮੇਰੀਆਂ ਅੱਖਾਂ ਸਾਹਮਣੇ ਘੁੰਮਦੀਆਂ ਹਨ। ਕਈ ਵਾਰ ਲੋਕ ਕਹਿੰਦੇ ਹਨ ਕਿ ਇਹ ਬੇਤੁਕਾ ਕ੍ਰਿਟੀਸਾਈਜ਼ ਹੀ ਕਰੀ ਜਾਂਦਾ ਹੈ ਪਰ ਨਹੀਂ। ਜਦੋਂ ਉਹ ਹਾਲਾਤ ਮੇਰੀਆਂ ਅੱਖਾਂ ਸਾਹਮਣੇ ਘੁੰਮਦੇ ਹਨ ਕਿਉਂਕਿ ਸਪੀਕਰ ਸਾਹਿਬ, ਇਹ ਸਾਡਾ ਸੂਬਾ ਹੈ, ਅਸੀਂ ਰਹਿਣਾ ਤਾਂ ਇਥੇ ਹੀ ਹੈ। ਸਪੀਕਰ ਸਾਹਿਬ, ਜਦੋਂ ਮੈਂ ਉਨ੍ਹਾਂ ਲੋਕਾਂ ਵੱਲ ਦੇਖਦਾ ਹਾਂ ਤਾਂ।

**ਮਾਨਯੋਗ ਸਪੀਕਰ:** ਤੁਸੀਂ ਕਿੰਨਾ ਕੁ ਸਮਾਂ ਹੋਰ ਬੋਲਣਾ ਹੈ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਰ, ਲਗਭੱਗ 30-35 ਮਿੰਟ ਹੋਰ ਦੇ ਦਿਓ।

---

## EXTENSION OF TIME OF THE SITTING OF THE HOUSE AGAIN

**ਮਾਨਯੋਗ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਮਾਨਯੋਗ ਵਿਰੋਧੀ ਧਿਰ ਦੇ ਨੇਤਾ ਦੇ ਬੋਲਣ ਤੱਕ ਸਦਨ ਦਾ ਸਮਾਂ ਵਧਾ ਲਿਆ ਜਾਵੇ?

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਦੇਖੋ ਗੱਲ ਇਹ ਹੈ ਕਿ ਸਮੇਂ ਦੀ ਐਲੋਕੇਸ਼ਨ ਪਾਰਟੀ ਦੇ ਸਮੇਂ ਮੁਤਾਬਿਕ ਹੋਈ ਹੈ। ਇਨ੍ਹਾਂ ਨੇ 6.33 ਵਜੇ ਤੇ ਬੋਲਣਾ ਸ਼ੁਰੂ ਕੀਤਾ ਸੀ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਰ, ਬੋਲ ਲੈਣ ਦਿਓ ਜੀ।

**ਸੰਸਦੀ ਮਾਮਲੇ ਮੰਤਰੀ:** ਤੁਸੀਂ ਬਹੁਤ ਸੋਹਣਾ ਤੇ ਅੱਛਾ ਬੋਲ ਰਹੇ ਹੋ? I appreciate. But party time ਦਾ ਵੀ ਅਸੀਂ ਡੈਕੋਰਮ ਮੇਨਟੇਨ ਕਰਨਾ ਹੈ।

**Mr. Speaker:** We should be generous on the count.

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, 10 ਮਿੰਟ ਹੋਰ ਦੇ ਦਿਓ ਜੀ, 7.10 ਵਜੇ ਤੱਕ ਕਰ ਲਓ ਜੀ।

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਚਲੋ , ਠੀਕ ਹੈ, ਅੱਜ ਦੀ ਬੈਠਕ ਦਾ ਸਮਾਂ 7.10 ਵਜੇ ਤੱਕ ਹੋਰ ਵਧਾਇਆ ਜਾਂਦਾ ਹੈ।

---

## DISCUSSION ON GOVERNOR'S ADDRESS AND VOTE ON THE MOTION OF THANKS *(Resumption)*

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੈਂ ਗੱਲ ਕਰ ਰਿਹਾ ਸੀ ਕਿ ਸਾਰੇ ਦੇਸ਼ ਨੇ ਇੱਕ ਸਿਧਾਂਤਕ ਮੋੜ ਕੱਟਿਆ ਹੈ। ਇਹ ਜਿਹੜੀ ਸੇਵਾ ਭਾਵਨਾ ਸੀ, ਇਹ ਬਣ ਗਈ ਤਿਜਾਰਤ। Don't take offence anybody. ਪਰ ਅੱਜ ਬਹੁ ਗਿਣਤੀ ਲੋਕਾਂ ਨੇ, ਸਾਰੇ ਨਹੀਂ, ਪਾਲਿਟਿਕਸ ਨੂੰ ਆਪਣਾ ਵਪਾਰ, ਆਮਦਨ ਦਾ ਜ਼ਰੀਆ ਬਣਾ ਚੁੱਕੇ ਹਨ। ਜਦ ਇਹ ਹੋਇਆ, ਉਦੋਂ ਪੰਜਾਬ ਦਾ ਬੇੜਾ ਗਰਕ ਹੋਣ ਲੱਗ ਪਿਆ। ਪੰਜਾਬ ਡਾਊਨ ਜਾਣ ਲੱਗ ਗਿਆ। ਇਹ ਸਾਰੀ ਸਿਧਾਂਤਕ ਸ਼ਿਫਟ ਦੇ ਵਿੱਚੋਂ ਇੱਕ ਬਹੁਤ ਵੱਡਾ ਇਸ਼ੂ ਨਿਕਲਿਆ ਹੈ, ਉਹ ਹੈ ਭ੍ਰਿਸ਼ਟਾਚਾਰ, ਜਿਹੜਾ ਅੱਜ ਵੀ ਇਸ ਦੇਸ਼ ਨੂੰ ਟਿਕਣ ਨਹੀਂ ਦੇ ਰਿਹਾ ਹੈ। ਜੇਕਰ ਕਿਹਾ ਜਾਏ ਕਿ ਜਿਸ ਕੋਹੜ ਨੇ ਸਮਾਜ ਨੂੰ, ਦੇਸ਼ ਨੂੰ ਬਿਮਾਰ ਕਰ ਦਿੱਤਾ, ਉਹ ਹੈ ਭ੍ਰਿਸ਼ਟਾਚਾਰ। ਹੁਣ ਆਪਾਂ ਅੱਜ ਦੀ ਗੱਲ ਕਰਦੇ ਹਾਂ। ਫਾਈਨਾਂਸ ਮਨਿਸਟਰ ਸਾਹਿਬ ਨੇ 2 ਲੱਖ 11 ਹਜ਼ਾਰ ਕਰੋੜ ਰੁਪਿਆ ਸਰਕਾਰ ਉੱਤੇ ਤੇ 20,000 ਕਰੋੜ ਰੁਪਏ ਕਰਜ਼ਾ ਪੀ.ਐਸ.ਯੂਜ਼ ਦਾ ਲਗਭਗ ਹੈ ਅਤੇ ਇਹ ਢਾਈ ਲੱਖ ਕਰੋੜ ਰੁਪਏ ਦਾ ਕਰਜ਼ਾ, ਦੋ ਲੱਖ ਤੀਹ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦੀ ਡੈੱਟ ਸਰਵਿਸਿੰਗ ਲਈ, ਸਿਰਫ ਉਸ ਕਰਜ਼ੇ ਦੀ ਸਰਵਿਸਿੰਗ ਕਰਨ ਵਾਸਤੇ ਇੰਟਰਸਟ ਦੇਣ ਵਾਸਤੇ ਹੈ।If I am not wrong 25000 ਕਰੋੜ ਰੁਪਿਆ ਸਾਲ ਦਾ ਹੈ। ਡਿਵੈਲਪਮੈਂਟ ਵਾਸਤੇ, as far as I could see, a very good story run by "The Tribune" today, ਉਸ ਦੇ ਵਿੱਚ ਵਿਕਾਸ ਵਾਸਤੇ 8500 ਕਰੋੜ ਰੁਪਿਆ ਬਚ ਜਾਂਦਾ ਹੈ। ਬਾਕੀ ਸੈਲਰੀਜ਼ ਦੇਣੀਆਂ, ਪੈਨਸ਼ਨਾਂ ਦੇਣੀਆਂ, ਡੈੱਟ ਸਰਵਿਸਿੰਗ ਕਰਨੀ ਹੈ, ਬਹੁਤ ਸਾਰੇ ਸਬਸਿਡੀ ਦੇ ਬਿਲ ਦੇਣੇ ਹਨ। ਹੁਣ ਤੁਸੀਂ ਦੱਸੋ ਕਿ ਸਾਢੇ ਅੱਠ ਹਜ਼ਾਰ ਕਰੋੜ ਰੁਪਏ ਵਿੱਚ 13 ਹਜ਼ਾਰ ਪਿੰਡ ਤੇ ਬਾਕੀ ਸ਼ਹਿਰ ਤੇ ਪੌਣੇ ਤਿੰਨ ਕਰੋੜ ਆਬਾਦੀ ਤੇ 22 ਲੱਖ ਦੇ ਕਰੀਬ ਬੇਰੁਜ਼ਗਾਰ ਲੋਕ ਉਹ ਕੀ ਕਰਨਗੇ ਤੇ ਕੀ ਨਹੀਂ ਕਰਨਗੇ? ਸਭ ਤੋਂ ਜ਼ਿਆਦਾ ਜੇ ਕਿਸੇ ਨੂੰ ਰਾਜ ਕਰਨ ਦਾ ਟਾਈਮ ਮਿਲਿਆ ਤਾਂ ਉਹ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੂੰ ਮਿਲਿਆ ਹੈ। ਇਨ੍ਹਾਂ ਨੂੰ ਪੰਜ ਵਾਰ ਰਾਜ ਕਰਨ ਦਾ ਸਮਾਂ ਮਿਲਿਆ ਹੈ। ਇੱਕ ਵੀ ਉਨ੍ਹਾਂ ਦੀ ਕੋਈ ਲੈਂਡਮਾਰਕ ਅਚੀਵਮੈਂਟ ਹੋਵੇ ਤਾਂ ਦੱਸ ਦਿਓ। ਧਰਨੇ, ਮੁਜ਼ਾਹਰੇ, ਮਰਜੀਵੜੇ, ਮੋਰਚੇ, ਧਰਮਯੁੱਧ। ਸਪੀਕਰ ਸਾਹਿਬ, ਦੂਜੇ ਪਾਸੇ ਅਚੀਵਮੈਂਟ ਕੀ ਹੈ? ਉਨ੍ਹਾਂ ਦੇ ਸਪੁੱਤਰ ਸਰਦਾਰ ਸੁਖਬੀਰ ਸਿੰਘ ਬਾਦਲ, ਉਹ ਵੀ ਇਸ ਵੇਲੇ ਮੌਜੂਦ ਨਹੀਂ ਹਨ। ਇਹ ਉਨ੍ਹਾਂ ਦੀ ਤੁਲਨਾ ਨੈਲਸਨ ਮੰਡੇਲਾ ਨਾਲ ਕਰਦੇ ਹਨ। ਨੈਲਸਨ ਮੰਡੇਲਾ ਤਾਂ ਦੁਨੀਆ ਦੇ ਲੇਜੈਂਡਰੀ ਲੀਡਰ ਸਨ।

ਉਨ੍ਹਾਂ ਨੇ 27 ਸਾਲ ਸਹੀ ਮਾਅਨਿਆਂ ਵਿੱਚ ਰੈਸਟ ਹਾਊਸਿਜ਼ ਵਿੱਚ ਨਹੀਂ ਗੁਜ਼ਾਰੇ ਸਨ, ਸਗੋਂ ਕੈਦ ਵਿੱਚ ਗੁਜ਼ਾਰੇ ਸਨ। ਉਸ ਇਕੱਲੇ ਆਦਮੀ ਨੇ ਰੰਗ ਭੇਦ ਦੇ ਖਿਲਾਫ ਲੜਾਈ ਲੜੀ ਸੀ। ਇਸ ਨੂੰ ਲੀਡਰ ਕਹਿੰਦੇ ਹਨ। ਲੀਡਰ ਉਹ ਨਹੀਂ ਹੁੰਦਾ ਕਿ ਮੁੱਦਾ ਖੜ੍ਹਾ ਕਰ ਦਿੱਤਾ ਤੇ ਆਪ ਭੱਜ ਗਏ । ਲੀਡਰ ਉਸ ਨੂੰ ਕਹਿੰਦੇ ਹਨ ਜਿਹੜਾ ਉਸ ਦਾ ਹੱਲ ਕੱਢਦਾ ਹੈ। ਉਸ ਨੇ ਆਪਣੇ ਲੋਕਾਂ ਨੂੰ ਸਾਊਥ ਅਫਰੀਕਾ ਤੋਂ ਇੱਕ ਆਜ਼ਾਦ ਮੁਲਕ ਲੈ ਕੇ ਦਿੱਤਾ ਹੈ। ਪੰਜ ਸਾਲ ਉਹ ਆਪਣੇ ਦੇਸ਼ ਦਾ ਪ੍ਰੈਜ਼ੀਡੈਂਟ ਰਿਹਾ ਹੈ। ਪੰਜ ਸਾਲ ਬਾਅਦ ਉਸ ਨੇ ਕਿਹਾ ਕਿ ਹੁਣ ਮੈਂ ਬਜ਼ੁਰਗ ਹੋ ਗਿਆ ਹਾਂ। ਮਿਸਟਰ ਮਬੇਕੀ, ਜਿਹੜੇ 50 ਸਾਲ ਦੀ ਉਮਰ ਵਾਲੇ ਲੀਡਰ ਸਨ, ਉਨ੍ਹਾਂ ਨੂੰ ਲੀਡਰ ਐਸਟੈਬਲਿਸ਼ ਕਰਕੇ ਆਪ ਰਿਟਾਇਰ ਹੋ ਗਏ। ਉਨ੍ਹਾਂ ਨੇ ਨਾ ਬੱਸਾਂ ਬਣਾਈਆਂ, ਨਾ ਉਨ੍ਹਾਂ ਨੇ ਹੋਟਲ ਬਣਾਏ, ਨਾ ਉਨ੍ਹਾਂ ਨੇ ਕੋਈ ਕੇਬਲ ਮਾਫੀਆ ਬਣਾਇਆ, ਨਾ ਉਨ੍ਹਾਂ ਨੇ ਕੋਈ ਟੈਲੀਵਿਜ਼ਨ ਬਣਾਇਆ ਸੀ। ਕੀ ਇਨ੍ਹਾਂ ਦੀ ਉਨ੍ਹਾਂ ਦੇ ਨਾਲ ਤੁਲਨਾ ਕਰਨੀ ਬਣਦੀ ਹੈ? ਜਿਹੜੀ ਮੈਂ ਕੁਰੱਪਸ਼ਨ ਦੀ ਗੱਲ ਕਰਦਾ ਹਾਂ, ਇੰਨੇ ਸਾਲਾਂ ਵਿੱਚ ਕਰਜ਼ੇ ਲਈ ਕੌਣ ਅਕਾਊਂਟੇਬਲ ਹੈ। Somebody has to be held accountable. ਇਸ ਤਰ੍ਹਾਂ ਨਹੀਂ ਕਿ ਜਿਹੜਾ ਆਇਆ ਸੂਬੇ ਨੂੰ ਲੁੱਟ ਗਿਆ ਤੇ ਅਗਲੇ ਤੇ ਇਲਜ਼ਾਮ ਲਗਾ ਗਿਆ। ਜਿਹੜਾ ਆਇਆ ਸੂਬੇ ਨੂੰ ਲੁੱਟ ਗਿਆ ਤੇ ਪਿਛਲਿਆਂ ਤੇ ਇਲਜ਼ਾਮ ਲਗਾ ਗਿਆ। ਇਸ ਇਲਜ਼ਾਮਬਾਜ਼ੀ ਨਾਲ ਅਸੀਂ ਪੰਜਾਬ ਨੂੰ ਕਿੱਥੇ ਤੱਕ ਲੈ ਕੇ ਜਾਵਾਂਗੇ? ਕਿਤੇ ਤਾਂ ਕੋਈ ਅਕਾਊਂਟੇਬਿਲਟੀ ਹੋਣੀ ਚਾਹੀਦੀ ਸੀ। ਮੈਨੂੰ ਬੜੀ ਖੁਸ਼ੀ ਹੋਈ ਸੀ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਸਾਲ 2002 ਤੋਂ ਲੈ ਕੇ 2007 ਦੇ ਵਿੱਚ ਕੁਰੱਪਸ਼ਨ ਦੇ ਕੇਸ ਰਜਿਸਟਰ ਕੀਤੇ ਸਨ। ਕੋਈ ਵੈਨਡੇਟਾ ਨਹੀਂ ਸੀ। There were people who were saying that Finance Minister belongs to the same family but his buses and his wealth are totally disproportionate to the wealth of his cousins and the Hon'ble former Chief Minister's family. ਹੋਟਲ, ਬੱਸਾਂ ਆਦਿ ਸਾਰਾ ਵਿਵਾਦ ਉੱਠਿਆ। ਜਾਂਚ ਅਧੂਰੀ ਰਹਿ ਗਈ। ਅਗਲੀ ਸਰਕਾਰ ਇਨ੍ਹਾਂ ਦੀ ਆਈ ਤਾਂ ਇਨ੍ਹਾਂ ਨੇ ਉਸ ਵਿਜੀਲੈਂਸ ਅਫਸਰ, ਐਸ.ਪੀ.ਐਸ. ਵਿਰਕ ਜਿਹੜਾ ਉਸ ਕੇਸ ਦੇ ਵਿੱਚ ਇਨਕੁਆਰੀ ਅਫਸਰ ਸੀ। ਇਹ ਬੜਾ ਵੱਡਾ ਮਾਮਲਾ ਸੀ ਜਾਂ ਤਾਂ ਉਸ ਦੀਆਂ ਬਾਹਾਂ ਮਰੋੜ ਦਿੱਤੀਆਂ ਜਾਂ ਉਸ ਨੂੰ ਪਤਿਆ ਲਿਆ।ਉਸੇ ਅਫਸਰ ਕੋਲੋਂ ਸਾਰਾ ਕੇਸ ਡੈਮੋਲਿਸ਼ ਕਰਵਾਇਆ ਗਿਆ। ਉਸ ਦਾ ਖਮਿਆਜ਼ਾ ਪੰਜਾਬ ਨੂੰ ਭੁਗਤਣਾ ਪੈ ਰਿਹਾ ਹੈ। ਜੇ ਜ਼ਿਆਦਾ ਨਹੀਂ ਤਾਂ ਕਰੋੜਾਂ ਰੁਪਏ ਤਾਂ ਲੱਗੇ ਹੋਣਗੇ।ਅਫਸਰ ਬਾਹਰ ਵੀ ਗਏ, ਦਿੱਲੀ ਗਏ, ਗੁੜਗਾਉਂ ਗਏ। Net result, nobody was held accountable. ਜਿਹੜਾ ਉਹ ਅਫ਼ਸਰ ਸੀ, ਉਸ ਨੂੰ ਐਕਸਟੈਂਸ਼ਨ ਤੇ ਐਕਸਟੈਂਸ਼ਨ, ਉਸ ਨੂੰ ਫਾਈਨਲੀ ਆਈ.ਪੀ.ਐਸ. ਬਣਾ ਦਿੱਤਾ। ਇਹ ਸਾਡੇ ਪੰਜਾਬ ਦਾ ਕੁਰੱਪਸ਼ਨ ਨਾਲ ਲੜਨ ਦਾ ਮਾਦਾ ਸੀ। ਬਾਦਲ ਪਰਿਵਾਰ ਨੇ ਉਲਟੇ ਉਨ੍ਹਾਂ ਤੇ ਹੀ ਕੇਸ ਬਣਾ ਦਿੱਤੇ, ਕਹਿੰਦੇ ਕਿ ਅਮਰਿੰਦਰ ਨੇ ਇਹ ਝੂਠੇ ਕੇਸ ਬਣਾਏ ਸੀ, ਹੁਣ ਅਸੀਂ ਦੱਸਾਂਗੇ ਕਿ ਵੈਨਡੈਂਟਾ ਕਿਵੇਂ ਹੁੰਦਾ ਹੈ? ਇੱਥੇ ਤਾਂ ਸਪੀਕਰ ਸਾਹਿਬ, ਇਹ ਸਾਰੀ ਪ੍ਰਣਾਲੀ, ਇਹ ਸਾਰੀ ਸਟੇਟ ਦੀ ਮਸ਼ੀਨਰੀ, ਪੁਲਿਸ, ਇੱਕ ਦੂਜੇ ਨੂੰ ਤੁੰਨਣ ਤੇ ਲੱਗੀ ਹੋਈ ਸੀ ਕਿ ਇਸ ਨੇ ਮੇਰੇ ਖਿਲਾਫ ਕੇਸ ਬਣਾਇਆ, ਹੁਣ ਮੈਂ ਇਸ ਨੂੰ ਅੰਦਰ ਕਰਵਾ ਕੇ ਜਾਵਾਂਗਾ। ਉਨ੍ਹਾਂ ਨੇ ਕੈਪਟਨ ਸਾਹਿਬ ਤੇ ਦੋ ਮੁਕੱਦਮੇ ਬਣਾ ਦਿੱਤੇ। ਲੁਧਿਆਣਾ ਸਿਟੀ ਸੈਂਟਰ ਦਾ 1100 ਕਰੋੜ ਰੁਪਏ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ also running into hundreds of crores rupees. ਦਸ ਸਾਲ ਰਾਜ ਕਰਨ ਤੋਂ ਬਾਅਦ ਜਦੋਂ ਦੇਖਿਆ ਕਿ ਫਿਰ ਸਾਨੂੰ ਉਹੀ 3500 ਕਰੋੜ ਦਾ ਹਿਸਾਬ ਦੇਣਾ ਪਵੇਗਾ, ਜਾਣ ਤੋਂ ਪਹਿਲਾਂ ਦੋਨਾਂ ਮੁਕੱਦਮਿਆਂ ਵਿੱਚ ਉਨ੍ਹਾਂ ਹੀ ਵਿਜੀਲੈਂਸ ਅਫਸਰਾਂ ਤੋਂ ਕੈਂਸਲੇਸ਼ਨ ਰਿਪੋਰਟ ਫਾਈਲ ਕਰਵਾ ਕੇ ਗਏ ਹਨ। ਲੁਧਿਆਣਾ ਸਿਟੀ ਸੈਂਟਰ ਦੇ ਕੇਸ ਵਿੱਚ 10 ਹਜ਼ਾਰ ਕਾਗਜ਼ ਲੱਗਾ ਹੋਇਆ ਹੈ। ਸੁਪਰੀਮ ਕੋਰਟ ਆਫ ਇੰਡੀਆ ਨੇ ਟੁਡੇ ਹੋਮ ਵਾਸਤੇ ਇੱਕ ਆਰਬੀਟਰੇਟਰ, ਜਸਟਿਸ ਐਸ.ਸੀ. ਲਹੋਟੀ ਬਿਠਾਇਆ ਹੋਇਆ ਹੈ।

[ਸਰਦਾਰ ਸੁਖਪਾਲ ਸਿੰਘ ਖਹਿਰਾ]
ਉਸ ਨੇ 450 ਜਾਂ 500 ਕਰੋੜ ਰੁਪਏ ਦਾ ਉਨ੍ਹਾਂ ਨੂੰ ਅਵਾਰਡ ਦਿੱਤਾ ਹੈ। ਜਿਸ ਦਿਨ ਲੁਧਿਆਣਾ ਸਿਟੀ ਸੈਂਟਰ ਦਾ ਕੇਸ ਡੈਮੋਲਿਸ਼ ਹੋਵੇਗਾ, ਪੰਜਾਬ ਦੇ ਖਜ਼ਾਨੇ ਵਿੱਚੋਂ 500-700 ਕਰੋੜ ਰੁਪਿਆ ਟੂਡੇ ਹੋਮ ਨੂੰ ਕੰਪਨਸੇਸ਼ਨ ਦੇਣੀ ਪਵੇਗੀ। ਮੈਂ ਕੁਰੱਪਸ਼ਨ ਦੀ ਗੱਲ ਕਰ ਰਿਹਾ ਹਾਂ। ਇਹ ਹੁਣ ਦੀ ਸਰਕਾਰ Don't mind it please. ਦੋ ਵੱਡੇ ਕੁਰੱਪਸ਼ਨ ਦੇ ਸਕੈਂਡਲ ਫੜੇ ਗਏ। ਇੱਕ ਪਹਿਲਵਾਨ, ਇਹ ਪਹਿਲਵਾਨ ਕੌਣ ਸੀ? If I am not wrong, subject to correction, bureaucracy is here, ਮੇਰਾ ਖਿਆਲ ਉਸ ਨੂੰ ਐਸ.ਡੀ.ਓ. ਜਾਂ ਜੇ.ਈ. ਤੋਂ ਚੀਫ ਇੰਜੀਨੀਅਰ ਬਣਾਇਆ ਗਿਆ ਹੈ। ਕਿੰਨੇ ਕਰੋੜ ਦਾ ਸਕੈਂਡਲ, 1200 ਕਰੋੜ ਰੁਪਏ ਦਾ ਸਕੈਂਡਲ ! Do you think ਕਿ 1200 ਕਰੋੜ ਰੁਪਿਆ ਕੋਈ ਲੁੱਟ ਕੇ ਚਲਿਆ ਜਾਵੇ ਅਤੇ ਪੰਜਾਬ ਸਰਕਾਰ ਨੂੰ ਪਤਾ ਵੀ ਨਾ ਹੋਵੇ। ਕੋਈ ਕਲਰਕ ਫੜ ਲਏ, ਐਸ.ਡੀ.ਓ. ਫੜ ਲਏ, ਐਸ.ਈ. ਫੜ ਲਏ, the matter ends there. Do you think that ਜਿਹੜੀ 1200 ਕਰੋੜ ਰੁਪਏ ਦੀ ਕੁਰੱਪਸ਼ਨ ਹੋਈ ਹੈ ਉਹ top bosses ਦੀ ਮਰਜ਼ੀ ਤੋਂ ਬਗੈਰ ਹੋ ਗਈ? ਜਿਹੜੇ ਉਸ ਨੂੰ ਸਾਰੇ ਰੂਲਜ਼ ਤੋੜ ਕੇ ਪੋਸਟਿੰਗ ਤੇ ਲਗਾਉਂਦੇ ਸਨ। ਕਿਸੇ ਨੇ ਹਿਸਾਬ ਨਹੀਂ ਪੁੱਛਿਆ, ਤੁਸੀਂ ਵੀ ਨਹੀਂ ਪੁੱਛਦੇ।

ਅਗਲਾ ਇਸ਼ੂ 1000 ਕਰੋੜ ਰੁਪਏ ਦਾ ਆਇਆ, ਗੁਰਿੰਦਰ ਸਿੰਘ ਠੇਕੇਦਾਰ, ਇਰੀਗੇਸ਼ਨ ਵਿਭਾਗ ਵਿੱਚ ਸੀ। ਉਹ ਕੱਖ ਵੀ ਨਹੀਂ ਸੀ। ਉਸ ਦੀ ਮਰਜ਼ੀ ਦੇ ਨਾਲ ਟੈਂਡਰ ਕੇਟਰ ਕੀਤੇ ਜਾਂਦੇ ਸਨ, ਆਲਟਰ ਕੀਤੇ ਜਾਂਦੇ ਸਨ। ਸ਼ਰਤਾਂ ਇਸ ਤਰ੍ਹਾਂ ਦੀਆਂ ਲਗਾਈਆਂ ਜਾਂਦੀਆਂ ਸਨ ਕਿ ਬਾਕੀਆਂ ਸਾਰਿਆਂ ਨੂੰ ਮੈਦਾਨ ਵਿੱਚੋਂ ਬਾਹਰ ਕੱਢ ਦਿੰਦੇ ਸੀ। ਇਸ ਤਰ੍ਹਾਂ ਤਾਂ ਸਰਕਾਰ ਜਿਸ ਨੂੰ ਮਰਜ਼ੀ ਚੁੱਕ ਕੇ ਫਰਸ਼ ਤੋਂ ਅਰਸ਼ ਤੇ ਪਹੁੰਚਾ ਦੇਵੇ। 1000 ਕਰੋੜ ਰੁਪਏ ਦੇ ਸਕੈਂਡਲ ਵਿੱਚ ਗੁਰਿੰਦਰ ਸਿੰਘ ਠੇਕੇਦਾਰ ਫੜਿਆ ਗਿਆ। ਕੀ ਤੁਸੀਂ ਸੋਚਦੇ ਹੋ ਕਿ ਇੱਕ ਕੰਟਰੈਕਟਰ ਪੰਜਾਬ ਦਾ 1000 ਕਰੋੜ ਰੁਪਿਆ ਲੁੱਟ ਕੇ ਲੈ ਗਿਆ ਸੀ। No further investigation, nobody is to be touched. ਜੇ ਪੰਜਾਬ ਨੇ ਭ੍ਰਿਸ਼ਟਾਚਾਰ ਨਾਲ ਇਸ ਤਰ੍ਹਾਂ ਟੈਕਲ ਕਰਨਾ ਹੈ ਤਾਂ ਯਕੀਨ ਮੰਨੋ ਤੁਹਾਨੂੰ ਵੀ ਆਪਣੇ ਬੱਚੇ ਬਾਹਰ ਵਿਦੇਸ਼ਾਂ ਵਿੱਚ ਭੇਜਣੇ ਪੈਣਗੇ, ਬਹੁਤ ਸਾਰਿਆਂ ਨੇ ਤਾਂ ਭੇਜ ਵੀ ਦਿੱਤੇ ਹੋਣੇ ਹਨ। ਤੁਹਾਨੂੰ ਵੀ ਜਾਣਾ ਪਵੇਗਾ ਕਿਉਂਕਿ ਇੱਥੇ ਸਾਡੇ ਵਾਸਤੇ ਕੁਝ ਨਹੀਂ ਬਚੇਗਾ। ਇੱਥੇ ਕੋਈ ਅਕਾਊਂਟੇਬਿਲਿਟੀ ਨਹੀਂ ਹੈ। ਲੋਕੀਂ ਅਬਦਾਲੀ ਦੇ ਵੇਲੇ ਕਹਿੰਦੇ ਹੁੰਦੇ ਸੀ ਕਿ ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ। ਇਸ ਤਰ੍ਹਾਂ ਕਿੰਨੀ ਦੇਰ ਅਸੀਂ ਸਟੇਟ ਚਲਾ ਲਵਾਂਗੇ?

ਡਰੱਗਜ਼ ਦੀ ਗੱਲ ਹੋਈ ਹੈ। ਅੱਜ ਸਰਦਾਰ ਬਿਕਰਮ ਸਿੰਘ ਹੈ ਨਹੀਂ। Don't think that I am personally against him. ਸਰਦਾਰ ਬਿਕਰਮ ਸਿੰਘ ਅੱਛੀ ਫੈਮਿਲੀ ਨੂੰ belong ਕਰਦਾ ਹੈ। I cannot understand ਕਿ ਬਿਕਰਮ ਮਜੀਠੀਆ ਘਰ ਬੈਠ ਕੇ ਨਸ਼ੇ ਬਣਾ ਰਿਹਾ ਹੈ, ਫੈਕਟਰੀਆਂ ਵਿੱਚ ਹਿੱਸਾ ਲੈ ਰਿਹਾ ਹੈ, ਪਾਰਟੀਸ਼ਨ ਕਰ ਰਿਹਾ ਹੈ, ਪਰ ਉਸ ਤੇ ਇਲਜ਼ਾਮ ਲੱਗੇ ਹਨ। ਇਹ ਇਲਜ਼ਾਮ ਮੈਂ ਨਹੀਂ ਲਗਾਏ, ਤੁਸੀਂ ਨਹੀਂ ਲਗਾਏ, ਜਗਦੀਸ਼ ਭੋਲੇ ਨੇ ਲਗਾਏ ਹਨ, ਜਿਹੜਾ 6000 ਕਰੋੜ ਰੁਪਏ ਦਾ ਡਰੱਗ ਤਸਕਰ ਸੀ। ਮੈਂ ਅਕਾਊਂਟੇਬਿਲਿਟੀ ਦੀ ਗੱਲ ਕਰ ਰਿਹਾ ਹਾਂ। 6000 ਕਰੋੜ ਰੁਪਏ ਦੀ ਡਰੱਗ ਤਸਕਰੀ ਕਰਨ ਵਾਲਾ ਆਦਮੀ ਕਹਿੰਦਾ ਹੈ ਕਿ ਬਿਕਰਮ ਦਾ ਵੀ ਨਾਮ ਹੈ, ਉਸ ਨੂੰ reiterate, reinforce ਕਰਦੇ ਹਨ ਜਗਜੀਤ ਚਾਹਲ ਕਿ 35 ਲੱਖ ਤਾਂ ਮੈਂ ਵੀ ਗਰੀਨ ਐਵੇਨਿਊ ਵਿੱਚ ਉਸ ਦੇ ਘਰ ਦੇ ਕੇ ਆਇਆ ਹਾਂ। ਉਸ ਨੂੰ reinforce ਕਰਦੇ ਹਨ ਬਿੱਟੂ ਔਲਖ। ਉਸ ਨੂੰ ਐਸ.ਟੀ.ਐਫ. ਦੇ ਐਫੀਡੈਵਿਟ ਵਿੱਚ ਜਾਂ ਨਾਰਮਲ ਕੋਰਸ ਵਿੱਚ ਹਾਈ ਕੋਰਟ ਦੀ ਇਨਵੈਸਟੀਗੇਸ਼ਨ ਵਿੱਚ ਰੀਇਟਰੇਟ ਕਰਦੇ ਹਨ ਸੱਤਾ ਤੇ ਪਿੰਦਾ ਦੀਆਂ ਵਿਜ਼ਿਟਸ, ਜਿਹੜੇ ਕੈਨੇਡਾ ਵਿੱਚ ਇੰਟਰਨੈਸ਼ਨਲ ਡਰੱਗ ਕਾਰਟਲ ਦੇ ਮੈਂਬਰ ਸਨ। ਉਹ ਇੱਥੇ ਆਉਂਦੇ ਹਨ, ਇਨ੍ਹਾਂ ਦੀ ਗੱਡੀ ਵਿੱਚ ਚੜ੍ਹਦੇ ਹਨ, ਇਨ੍ਹਾਂ ਦੀ ਸ਼ਾਦੀ ਅਟੈਂਡ ਕਰਦੇ ਹਨ।ਇਨ੍ਹਾਂ ਦੇ ਗੰਨਮੈਨਾਂ ਨੂੰ ਨਾਲ ਲੈ ਕੇ ਘੁੰਮਦੇ

ਹਨ। Does that not call for any inquiry. ਮੈਂ ਨਹੀਂ ਕਹਿ ਰਿਹਾ ਕਿ ਉਹ ਗੁਨਾਹਗਾਰ ਹੈ। ਹੋ ਸਕਦਾ ਹੈ ਕਿ ਉਹ ਬਿਲਕੁਲ ਬੇਗੁਨਾਹ ਹੋ ਕੇ ਨਿਕਲੇ ਪਰ ਜਦੋਂ ਮੈਂ ਇਹ ਗੱਲ ਉਠਾਉਂਦਾ ਹਾਂ ਤਾਂ ਉਹ ਕਹਿੰਦੇ ਹਨ ਕਿ ਤੂੰ ਹੀ ਡਰੱਗ ਦਾ ਤਸਕਰ ਹੈ। ਤੇਰੇ ਖਿਲਾਫ ਤਾਂ ਇੰਨੇ ਬਿਆਨ ਆ ਗਏ ਹਨ। ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬਹੁਤ ਕਹਿ ਚੁੱਕਾ ਹਾਂ, ਮੈਂ ਅਕਾਊਂਟੇਬਿਲਿਟੀ ਦੀ ਗੱਲ ਕਰ ਰਿਹਾ ਹਾਂ। Please hold me also accountable. ਮੇਰੀ ਤੁਹਾਡੇ ਜ਼ਰੀਏ ਸਾਰੀ ਸਰਕਾਰ ਨੂੰ ਬੇਨਤੀ ਹੈ ਕਿ ਜੇ ਤੁਸੀਂ ਸਮਝਦੇ ਹੋ ਕਿ ਮੈਂ ਨਸ਼ੇ ਦਾ ਤਸਕਰ ਹਾਂ please have me investigated ਔਰ ਇਹ ਜਾਂਚ ਸੀ.ਬੀ.ਆਈ. ਤੋਂ ਘੱਟ ਨਹੀਂ ਹੋਣੀ ਚਾਹੀਦੀ। ਮੈਨੂੰ ਕੋਈ ਇਤਰਾਜ਼ ਨਹੀਂ ਹੈ, ਉਸ ਵਿੱਚ ਉਨ੍ਹਾਂ ਦਾ ਨਾਮ ਪਾਉਣਾ ਹੈ ਕਿ ਨਹੀਂ ਪਾਉਣਾ ਹੈ, ਉਹ ਮੰਨਦੇ ਹਨ ਜਾਂ ਨਹੀਂ ਮੰਨਦੇ ਹਨ ਪਰ ਮੇਰਾ ਨਾਮ ਜ਼ਰੂਰ ਪਾ ਦਿਓ, instead of hounding people just for whistle blowing. ਜਿਹੜੇ ਲੋਕ ਉਠ ਗਏ ਹਨ, ਭਾਵੇਂ ਅੱਜ ਸਰਦਾਰ ਸਿਮਰਜੀਤ ਬੈਂਸ ਇਥੇ ਬੈਠੇ ਨਹੀਂ ਹਨ। ਉਹ ਜਿਹੜੇ ਬੰਦੇ ਕੁਰੱਪਟ ਲੋਕਾਂ ਨੂੰ ਫੜ ਰਹੇ ਹਨ, ਉਨ੍ਹਾਂ ਦੇ ਸਟਿੰਗ ਕਰਕੇ ਆਮ ਲੋਕਾਂ ਦੇ ਸਾਹਮਣੇ ਲਿਆ ਰਹੇ ਹਨ। ਇਹ ਆਪਾਂ ਕੀ ਕਰਨ ਜਾ ਰਹੇ ਹਾਂ? ਪੰਜਾਬ ਵਿੱਚ accountability ਕਿਵੇਂ ਹੋਵੇਗੀ ਅਤੇ ਨਸ਼ੇ ਕਿਵੇਂ ਬੰਦ ਹੋਣਗੇ? ਅੱਜ ਆਪਾਂ ਭ੍ਰਿਸ਼ਟਾਚਾਰ ਤੇ, ਕਿਸਾਨਾਂ ਤੇ, ਸਭ ਤੇ ਫੋਕਸ ਕਰ ਸਕਦੇ ਹਾਂ, why the State has gone down like a rot? ਮੈਂ ਪਿਛਲੇ 20 ਸਾਲਾਂ ਤੋਂ ਦੇਖ ਰਿਹਾ ਹਾਂ ਸਿਰਫ ਇੱਕ ਕੈਪਟਨ ਅਮਰਿੰਦਰ ਸਿੰਘ ਨੇ ਅੱਛਾ ਕਦਮ ਚੁੱਕਿਆ ਸੀ। ਉਨ੍ਹਾਂ ਨੇ ਪੀ.ਪੀ.ਐਸ.ਸੀ. ਵਿੱਚ ਕੁਰੱਪਸ਼ਨ ਨੂੰ ਰੋਕਣ ਲਈ ਪੀ.ਪੀ.ਐਸ.ਸੀ. ਦੇ ਚੇਅਰਮੈਨ ਨੂੰ ਹੱਥ ਪਾਇਆ ਸੀ। ਇੱਕ ਤਾਂ ਉਨ੍ਹਾਂ ਨੇ ਉਸ ਵਕਤ former Chief Minister ਨੂੰ ਹੱਥ ਪਾਇਆ ਸੀ ਪਰ ਉਹ ਹੱਥੋਂ ਨਿਕਲ ਗਏ ਤੇ ਦੂਜਾ ਪੀ.ਪੀ.ਐਸ.ਸੀ ਦੇ ਚੇਅਰਮੈਨ ਨੂੰ ਹੱਥ ਪਾਇਆ ਸੀ। ਉਸ ਦਾ ਥੱਲੇ ਤੱਕ ਮੈਸੇਜ ਗਿਆ and it means that Chief Minister means business. ਮੈਂ ਮੰਨਣ ਨੂੰ ਤਿਆਰ ਨਹੀਂ ਹਾਂ ਕਿ ਕੋਈ ਪੱਤਾ ਵੀ ਹਿਲ ਜਾਏ ਜੇ ਚੀਫ ਮਨਿਸਟਰ ਕਹਿ ਦੇਵੇ ਕਿ ਨਾ ਮੈਂ ਪੈਸੇ ਖਾਣੇ ਹਨ ਤੇ ਨਾ ਮੈਂ ਖਾਣ ਦੇਣੇ ਹਨ। ਕੋਈ ਜੇ.ਈ. ਜਾਂ ਪਟਵਾਰੀ ਟੇਬਲਾਂ ਦੇ ਥੱਲੇ ਲੁੱਕ ਕੇ ਪੈਸਾ ਲੈ ਸਕਦਾ ਹੈ ਪਰ ਸ਼ਰ੍ਹੇਆਮ ਕੋਈ ਪੈਸਾ ਨਹੀਂ ਲੈ ਸਕਦਾ ਹੈ। ਜਦੋਂ ਆਪਾਂ ਇੱਥੇ ਢਿੱਲ ਵਰਤਦੇ ਹਾਂ ਜਾਂ ਜਦੋਂ ਆਪਾਂ ਚੰਡੀਗੜ੍ਹ ਤੋਂ ਲੋਕਾਂ ਨੂੰ ਪ੍ਰੋਟੈਕਟ ਕਰਦੇ ਹਾਂ ਜਾਂ ਕਿਸੇ ਤਰੀਕੇ ਨਾਲ ਆਪਣੀ ਮਸ਼ੀਨਰੀ ਜਾਂ ਐਮ.ਐਲ.ਏਜ਼. ਨੂੰ ਫਾਇਦਾ ਦੇਣ ਵਾਸਤੇ ਕਰਦੇ ਹਾਂ ਭਾਵੇਂ ਉਹ ਤੁਹਾਡਾ ਫਾਇਦਾ ਹੀ ਕਰਦੇ ਹੋਣ ਪਰ ਅਸਲ ਵਿੱਚ ਉਹ ਨੁਕਸਾਨ ਹੀ ਹੋ ਜਾਂਦਾ ਹੈ। ਪਿਛਲੇ 10-15 ਸਾਲਾਂ ਤੋਂ ਕਿਸ ਨੂੰ ਫੜਿਆ ਗਿਆ ਹੈ? ਕਿਸੇ ਪਟਵਾਰੀ ਨੂੰ ਫੜਿਆ ਗਿਆ ਹੈ, ਕਿਸੇ ਜੇ.ਈ. ਨੂੰ ਫੜਿਆ ਗਿਆ ਹੈ, ਕਿਸੇ ਲਾਇਨਮੈਨ ਨੂੰ ਫੜਿਆ ਗਿਆ ਹੈ, ਕਿਸੇ ਹੌਲਦਾਰ ਨੂੰ ਫੜਿਆ ਗਿਆ ਹੈ, ਕੋਈ ਪੰਜ ਹਜ਼ਾਰ ਦੀ ਕੁਰੱਪਸ਼ਨ ਹੈ, ਕੋਈ ਛੇ ਹਜ਼ਾਰ ਦੀ ਕੁਰੱਪਸ਼ਨ ਹੈ। ਕੀ ਇਸ ਤਰ੍ਹਾਂ ਪੰਜਾਬ ਵਿੱਚੋਂ ਕੁਰੱਪਸ਼ਨ ਮੁੱਕ ਸਕਦੀ ਹੈ? ਨਹੀਂ ਮੁੱਕ ਸਕਦੀ। ਤੁਸੀਂ ਸਾਰੇ ਮੇਰੇ ਭਰਾ ਹੋ, ਮੇਰੇ former colleagues ਹੋ ਮੈਂ ਤੁਹਾਨੂੰ ਸਭ ਨੂੰ ਜਾਣਦਾ ਹਾਂ। ਤੁਸੀਂ ਸਾਰੇ ਚਾਹੁੰਦੇ ਹੋ ਕਿ ਘੱਟੋ-ਘੱਟ ਕੋਈ ਪਿਛਲੇ ਦਸ ਸਾਲਾਂ ਦੀ accountability ਤਾਂ ਹੋਵੇ ਜਿਵੇਂ ਹੁਣ ਸਰਦਾਰ ਤਰਸੇਮ ਸਿੰਘ ਡੀ.ਸੀ. ਸਾਹਿਬ ਬੋਲ ਕੇ ਗਏ ਹਨ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਦਾ ਵੀ ਜਿਹੜਾ ਭਾਸ਼ਣ ਸੀ, ਫਰੈਂਕਲੀ ਸਪੀਕਿੰਗ ਇਵੇਂ ਲੱਗਦਾ ਸੀ ਜਿਵੇਂ ਇੱਧਰੋਂ (ਵਿਰੋਧੀ ਧਿਰ ਦੇ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਬੋਲ ਰਹੇ ਹੋਣ। ਕਦੇ ਕਿਸੇ ਨੂੰ ਕੋਸ ਰਹੇ ਸੀ ਕਿ ਇਹ ਨਹੀਂ ਹੋ ਰਿਹਾ, ਇਹ ਖਾ ਗਏ, ਉਹ ਖਾ ਗਏ। ਇਨ੍ਹਾਂ ਨੇ ਪੰਜ-ਛੇ ਕਰੋੜ ਵਾਲੀ ਕੁਰੱਪਸ਼ਨ ਕਹਿੰਦੇ ਹੈਂਡਲ ਕਰ ਲਈ ਹੈ ਪਰ ਉਸ ਤੋਂ ਵੱਡੀ ਕੁਰੱਪਸ਼ਨ ਇਨ੍ਹਾਂ ਤੋਂ ਹੈਂਡਲ ਨਹੀਂ ਹੋ ਰਹੀ। Something has to be done about this. I am not blaming Capt. Amarinder Singh. ਵੈਸੇ ਕੈਪਟਨ ਅਮਰਿੰਦਰ ਸਿੰਘ ਤੋਂ ਲੋਕਾਂ ਨੂੰ ਉਮੀਦ ਸੀ। ਸਰਦਾਰ ਬਾਦਲ ਸਾਹਿਬ ਆਪਣਾ ਸਟੇਟਸਮੈਨਸ਼ਿਪ

[ਸਰਦਾਰ ਸੁਖਪਾਲ ਸਿੰਘ ਖਹਿਰਾ]

ਦਾ ਮੌਕਾ ਗਵਾ ਗਏ ਹਨ। He will be remembered in the history as a corrupt leader for his ill gotten wealth, dozens of companies, he may be a very rich person; ਸਰਦਾਰ ਸੁਖਬੀਰ ਬਾਦਲ ਦਾ ਮੈਂ ਸੁਣਿਆ ਸੀ ਪਤਾ ਨਹੀਂ ਉਹ ਕਿੰਨਾ ਕੁ ਸੱਚ ਹੈ ਜਾਂ ਝੂਠ ਹੈ, ਉਹ ਕਹਿੰਦੇ ਸਨ ਕਿ ਮੈਂ ਦੁਨੀਆਂ ਦਾ ਸਭ ਤੋਂ ਅਮੀਰ ਸਿੱਖ ਬਣਨਾ ਚਾਹੁੰਦਾ ਹਾਂ। ਬਣ ਗਏ ਹੋਣਗੇ ਪਰ ਉਹ ਇੱਜ਼ਤ ਲੈ ਕੇ ਨਹੀਂ ਜਾ ਰਹੇ ਹਨ। ਸਰਦਾਰ ਗੁਰਚਰਨ ਸਿੰਘ ਟੌਹੜੇ ਦੀ ਉਂਗਲ ਜਿੰਨੀ ਵੀ ਇੱਜ਼ਤ ਲੈ ਕੇ ਨਹੀਂ ਜਾ ਰਹੇ ਹਨ। ਇਸ ਲਈ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਭ੍ਰਿਸ਼ਟਾਚਾਰ ਦਾ ਮਸਲਾ ਸੀ ਉਸ ਸਬੰਧੀ ਲੋਕਾਂ ਨੂੰ ਕੈਪਟਨ ਅਮਰਿੰਦਰ ਸਿੰਘ ਤੋਂ ਉਮੀਦ ਸੀ। ਜਦੋਂ ਉਨ੍ਹਾਂ ਨੇ ਪਾਣੀਆਂ ਦਾ ਫੈਸਲਾ ਕੀਤਾ ਸੀ he had put his Chair to risk. ਉਨ੍ਹਾਂ ਨੇ ਸ਼੍ਰੀਮਤੀ ਸੋਨੀਆ ਗਾਂਧੀ, ਡਾਕਟਰ ਮਨਮੋਹਨ ਸਿੰਘ ਕਿਸੇ ਨੂੰ ਨਹੀਂ ਪੁੱਛਿਆ ਸੀ। ਇਨ੍ਹਾਂ ਨਾਲ ਮੇਰੀ ਗੱਲ ਵੀ ਹੋਈ ਸੀ, ਇਹ ਕਹਿੰਦੇ ਸਨ ਕਿ ਮੈਂ ਇਸੇ ਕਰਕੇ ਨਹੀਂ ਪੁੱਛਿਆ ਕਿਉਂਕਿ ਉਨ੍ਹਾਂ ਨੇ ਮੈਨੂੰ ਇਜਾਜ਼ਤ ਨਹੀਂ ਦੇਣੀ ਸੀ। ਉਨ੍ਹਾਂ ਨੇ ਉਹ ਕਿੰਨਾ ਦਲੇਰ ਫੈਸਲਾ ਕੀਤਾ ਸੀ। ਭਾਵੇਂ ਉਹ ਫੈਸਲਾ ਅੱਗੇ ਜਾ ਕੇ presidential reference ਵਿੱਚ ਡੁੱਬ ਗਿਆ ਪਰ ਇਨ੍ਹਾਂ ਨੇ ਆਪਣੇ ਵੱਲੋਂ ਤਾਂ ਕੋਈ ਕਸਰ ਨਹੀਂ ਛੱਡੀ ਸੀ। ਫਿਰ ਅੱਗੇ ਜਾ ਕੇ ਉਨ੍ਹਾਂ ਨੇ ਹੋਰ ਤਾਕਤਵਰ ਲੋਕਾਂ ਨੂੰ ਹੱਥ ਪਾਇਆ। ਇਸ ਵਾਰ ਮੈਨੂੰ ਉਮੀਦ ਸੀ ਕਿ ਕੈਪਟਨ ਅਮਰਿੰਦਰ ਸਿੰਘ ਹਨੇਰੀ ਲਿਆ ਦੇਣਗੇ। ਇਨ੍ਹਾਂ ਨੇ ਸ਼ੁਰੂ ਵਿੱਚ ਪੰਜ-ਸੱਤ ਨੈਤਿਕ ਫੈਸਲੇ ਲਏ ਸਨ, ਜਿਸ ਵਿੱਚ ਵੀ.ਆਈ.ਪੀ. ਕਲਚਰ ਤਿਆਗਣਾ, ਹਲਕਾ ਇੰਚਾਰਜ ਖਤਮ ਕਰਨੇ, ਨੀਂਹ ਪੱਥਰ ਨਾ ਰੱਖਣੇ, ਇਹ ਸਾਰੀਆਂ ਗੱਲਾਂ ਜਦੋਂ ਕਹੀਆਂ ਗਈਆਂ ਸਨ, I was the happiest person. ਐਂਰ ਮੈਂ ਸੋਚ ਰਿਹਾ ਸੀ ਕਿ ਇਹ ਕੈਪਟਨ ਅਮਰਿੰਦਰ ਸਿਘ ਜੀ ਦਾ ਲਾਸਟ ਟੈਨਿਉਰ ਹੈ ਤੇ ਇਹ ਜ਼ਰੂਰ ਕੁਝ ਕਰ ਗੁਜ਼ਰਨਗੇ। ਇੱਕ ਮੈਂਬਰ ਸਾਹਿਬ ਨੇ ਉਨ੍ਹਾਂ ਦੀ ਤੁਲਨਾ ਜੌਰਜ ਵਾਸ਼ਿੰਗਟਨ ਨਾਲ ਵੀ ਕੀਤੀ ਹੈ, ਇਸ ਤਰ੍ਹਾਂ ਨਾ ਕਰਿਆ ਕਰੋ। ਉਹ ਤੁਸੀਂ ਗਲਤ ਕਰ ਰਹੇ ਹੋ, mislead ਕਰ ਰਹੇ ਹੋ। ਉਨ੍ਹਾਂ ਨੂੰ ਕਹੋ ਤੁਸੀਂ ਪਾਣੀਆਂ ਤੇ ਕੰਮ ਕੀਤਾ ਹੈ, ਤੁਸੀਂ ਬਹੁਤ ਅੱਛੇ ਆਦਮੀ ਹੋ। ਜੌਰਜ ਵਾਸ਼ਿੰਗਟਨ ਕਿੱਥੇ ਹੈ ਤੇ ਕਿੱਥੇ America is the super power of the World. How have they contributed and what they have done to take it up. ਸੋ, ਮੈਨੂੰ ਤਾਂ ਬਹੁਤ ਉਮੀਦ ਸੀ ਕਿ ਚੀਫ ਮਨਿਸਟਰ ਸਾਹਿਬ ਕੁਝ ਕਰਨਗੇ ਪਰ ਮੈਨੂੰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਨਹੀਂ। This time he is a non-starter, he has probably gotten old, he is probably unwell- ਇਹ ਸਭ ਜਵਾਬ ਉਹੀ ਦੇ ਸਕਦੇ ਹਨ। ਲੇਕਿਨ ਨਾ ਉਨ੍ਹਾਂ ਨੇ ਕੁਰੱਪਸ਼ਨ ਨੂੰ ਟੈਕਲ ਕਰਨ ਦਾ ਹੀਆ ਦਿਖਾਇਆ ਹੈ ਨਾ ਹੀ ਡਰੱਗਜ਼ ਨੂੰ ਟੈਕਲ ਕਰਨ ਦਾ ਹੀਆ ਦਿਖਾਇਆ ਹੈ। ਮੈਂ ਤੁਹਾਨੂੰ 12 ਮਾਰਚ ਦੀ ਇੱਕ ਰਿਪੋਰਟ ਦਿਖਾ ਦਿੰਦਾ ਹਾਂ ਇਹ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਹੈ (ਅਖਬਾਰ ਲਹਿਰਾਉਂਦੇ ਹੋਏ)। ਇਸ ਵਿੱਚ ਲਿਖਿਆ ਹੈ Death by Drugs ਐਂਰ ਹੈਡਿੰਗ ਲਗਾਇਆ ਗਿਆ ਹੈ Captain @ One. 16 ਪਰਿਵਾਰਾਂ ਨੇ ਕਿਹਾ ਹੈ ਕਿ ਸਾਡੇ ਬੱਚੇ ਨਸ਼ੇੜੀ ਹਨ। ਕੋਈ ਬੰਦਾ ਕਹਿੰਦਾ ਹੈ ਕਿ ਮੇਰਾ ਮੁੰਡਾ ਨਸ਼ੇੜੀ ਹੈ। ਤੁਸੀਂ ਕਹੀ ਜਾਓ ਜੋ ਮਰਜ਼ੀ, I will believe you. Press will also take your figures.

ਹੁਣ ਮੈਂ ਥੋੜ੍ਹਾ ਜਿਹਾ ਬਿਊਰੋਕਰੇਸੀ ਨੂੰ ਵੀ ਕਹਿਣਾ ਚਾਹੁੰਦਾ ਹਾਂ। Not that I am facing them, ਜਦੋਂ ਪੁਲੀਟੀਕਲ ਜਮਾਤ ਕੁਰੱਪਟ ਹੋਈ, ਉਨ੍ਹਾਂ ਨੇ ਆਪਣਾ ਸਿਧਾਂਤ 360 ਡਿਗਰੀ ਬਦਲ ਦਿੱਤਾ, ਨਾਲ ਹੀ ਇਨ੍ਹਾਂ ਨੇ ਵੀ ਬਦਲ ਦਿੱਤਾ। Mr. A.N. Fletcher ਇੱਕ ICS ਸਨ , ਜਿਹੜੇ ਜੁਆਇੰਟ ਪੰਜਾਬ ਦੇ ਵਿੱਚ ਸੈਸ਼ਨ ਜੱਜ ਵੀ ਰਹੇ ਹਨ ਕਿਉਂਕਿ ਉਸ ਵੇਲੇ ਉਨ੍ਹਾਂ ਨੂੰ ਜੁਡੀਸ਼ੀਅਲ ਡਿਊਟੀ ਵੀ ਦੇ ਦਿੰਦੇ ਸੀ।ਉਹ ਪੰਜ ਟਰਮਾਂ ਦੌਰਾਨ ਫਾਈਨਾਂਸ਼ੀਅਲ ਕਮਿਸ਼ਨਰ ਰਹੇ, ਕਸੂਰ ਵਿੱਚ ਅਤੇ ਕਦੇ ਇੱਧਰ ਕਦੇ ਉੱਧਰ ਫਿਰ ਇੰਡੀਪੈਂਡੈਂਟ ਪੰਜਾਬ ਵਿੱਚ ਆ ਗਏ। Mr. A.N. Fletcher

ਦੀਆਂ ਦੋ ਉਦਾਹਰਣਾਂ ਹਨ। ਉਨ੍ਹਾਂ ਨੂੰ Tony Fletcher ਵੀ ਕਹਿੰਦੇ ਹਨ, ਉਨ੍ਹਾਂ ਦੀ ਹੁਣੇ ਡੈੱਥ ਹੋਈ ਹੈ। ਮੈਂ ਉਨ੍ਹਾਂ ਦੀ ਓਬਿਚਰੀ ਪੜ੍ਹ ਰਿਹਾ ਹਾਂ। ਉਨ੍ਹਾਂ ਨੂੰ ਇੱਕ ਵਾਰ, ਉਸ ਵੇਲੇ ਦੇ ਜਿਹੜੇ ਪੰਜਾਬ ਦੇ ਚੀਫ ਮਨਿਸਟਰ ਸੀ, ਸਰ ਖਿਜਰ ਹਿਆਤ ਖਾਨ ਟਿਵਾਣਾ ਅਤੇ ਨਾਲ ਪੰਜਾਬ ਦੇ ਗਵਰਨਰ ਸਰ ਬੀ.ਜੀ. ਗਲੈਂਸੀ ਸਨ, ਉਨ੍ਹਾਂ ਨੇ ਇੱਕ ਜ਼ਮੀਨ ਦੇ ਫੈਸਲੇ ਵਿੱਚ ਕਿਹਾ ਕਿ ਜ਼ਮੀਨ ਸਾਡੇ ਅਨੁਕੂਲ ਕਰ ਦਿਉ। ਉਨ੍ਹਾਂ ਨੇ ਗੱਲ ਸੁਣ ਲਈ ਪਰ ਫੈਸਲਾ ਉਨ੍ਹਾਂ ਦੇ ਉਲਟ ਕਰ ਦਿੱਤਾ। They were totally flabbergasted. When he was Financial Commissioner, ਉਸ ਵੇਲੇ ਇੱਕ ਪਰੋਮੀਨੈਂਟ ਪਾਲੀਟੀਸ਼ਨ ਸੀ.ਐੱਮ. ਕੋਲ ਗਏ। ਉਹ ਕਹਿੰਦੇ ਕਿ ਮੇਰੇ ਬੱਚੇ ਨੂੰ ਨਾਇਬ ਤਹਿਸੀਲਦਾਰ ਭਰਤੀ ਕਰ ਦਿਉ। ਉਹ ਫਾਈਲ ਉਨ੍ਹਾਂ ਕੋਲ ਚੱਲੀ ਗਈ। ਮੈਂ ਹੁਣ ਬਾਕੀ ਨਹੀਂ ਪੜ੍ਹਦਾ। The C.M. wrote a note on which Fletcher recorded his dissent and requested the Chief Minister to reconsider his decision. The C.M. again directed Fletcher to comply with his orders. However, Fletcher recorded his reasons and wrote on the file that "I am convinced that this file needs to be punished, please keep it under lock and key. The file was consigned to lock and key. ਇਹ ਸੀ ਉਸ ਸਮੇਂ ਦੇ ਬਿਊਰੋਕਰੇਟਸ। ਆਪਾਂ ਤਨਖਾਹਾਂ ਤਾਂ ਲੈਂਦੇ ਹਾਂ ਤੇ ਇੱਕ ਇੱਕ ਅਫਸਰ ਸਾਨੂੰ 50-50 ਲੱਖ ਨੂੰ ਪੈਂਦਾ ਹੈ, ਜਿਹੜਾ ਚੰਡੀਗੜ੍ਹ ਬੈਠਾ ਹੈ; ਇਸ ਤੋਂ ਇਲਾਵਾ ਇੱਕ ਏਕੜ ਦੀ ਕੋਠੀ, ਗੱਡੀਆਂ, ਸਕਿਉਰਟੀ ਦਿੱਤੀ ਜਾਂਦੀ ਹੈ। ਆਪਾਂ ਗਲਤ ਆਰਡਰ ਕਰਨ ਲਈ ਥੋੜ੍ਹਾ ਬਣੇ ਹਾਂ। ਤੁਹਾਨੂੰ ਕੌਣ ਕੀ ਕਰ ਦਏਗਾ, ਕੀ ਤੁਹਾਨੂੰ ਆਈ.ਪੀ.ਐੱਸ. ਤੋਂ ਹਟਾ ਦਏਗਾ, ਆਈ.ਏ.ਐੱਸ. ਤੋਂ ਹਟਾ ਦਏਗਾ, ਪੀ.ਸੀ.ਐੱਸ. ਤੋਂ ਹਟਾ ਦਏਗਾ? ਉਹ ਵੱਧ ਤੋਂ ਵੱਧ ਬਦਲੀ ਕਰ ਦੇਣਗੇ। They started carrying out all the illegal orders of the State and the State has been rendered into a major mess, irreparable loss, ਲੋਕ ਯਾਦ ਰੱਖਣਗੇ। ਮੈਂ ਸਮਝਦਾ ਹਾਂ ਕਿ ਮੈਂ ਵਿਧਾਨ ਸਭਾ ਵਿੱਚ ਖੜ੍ਹ ਕੇ ਉਨ੍ਹਾਂ ਦੀ ਸਚਾਈ ਪੇਸ਼ ਕੀਤੀ ਹੈ ਕਿਉਂਕਿ ਸਾਰੇ ਮਿਨਟਸ ਰਿਕਾਰਡ ਹੋਣੇ ਹਨ। ਕੋਈ ਨਾ ਕੋਈ ਆਦਮੀ ਤਾਂ ਲਿਖੇਗਾ ਕਿ ਉਸ ਵਕਤ ਦੇ ਜਿਹੜੇ ਦੋ ਦਹਾਕੇ, ਤਿੰਨ ਦਹਾਕਿਆਂ ਦਾ ਪੁਲੀਟੀਕਲ ਕਲਚਰ ਸੀ, ਜਮਾਤ ਸੀ, ਉਹ ਕੀ ਸੀ, ਉਹ ਕੌਣ ਲੋਕ ਸਨ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਕਹਿਣਾ ਚਾਹੁੰਦਾ ਹਾਂ ਕਿ quickly if you please give me time.

**ਮਾਨਯੋਗ ਸਪੀਕਰ:** ਤੁਸੀਂ ਕਨਕਲੂਡ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਜੇ ਮੈਂ ਮਾੜੀ ਗੱਲ ਕਰਦਾ ਹਾਂ ਤਾਂ ਤੁਸੀਂ ਕਹੋ। ਮੈਂ ਕਿਸੇ ਦੇ ਖਿਲਾਫ ਕੋਈ ਮਾੜੀ ਗੱਲ ਨਹੀਂ ਕਹੀ ਜੀ।

**Mr. Speaker:** But there are time concerns.

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਉਸ ਦਿਨ 8-8.30 ਵਜੇ ਤੱਕ ਬੈਠੇ ਰਹੇ ਜਾਂ ਫਿਰ ਮੈਨੂੰ ਕੱਲ੍ਹ ਨੂੰ ਬੋਲਣ ਲਈ ਸਮਾਂ ਦੇ ਦੇਣਾ।

**ਮਾਨਯੋਗ ਸਪੀਕਰ:** ਨਹੀਂ ਨਹੀਂ, please conclude.

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, I need at least 15-20 minutes.

## EXTENSION OF TIME OF THE SITTING OF THE HOUSE AGAIN

**ਮਾਨਯੋਗ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਵਿਰੋਧੀ ਧਿਰ ਦੇ ਨੇਤਾ ਦੇ ਬੋਲਣ ਤੱਕ ਸਦਨ ਦਾ ਸਮਾਂ ਵਧਾ ਲਿਆ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ)

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸਪੀਕਰ ਸਾਹਿਬ, ਬੀ.ਏ.ਸੀ ਵਿੱਚ ਇਹ ਫੈਸਲਾ ਕੀਤਾ ਗਿਆ ਸੀ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਅਸੀਂ ਨਹੀਂ ਟੋਕਾਂਗੇ ਔਰ ਇਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਜਦੋਂ ਸੀ.ਐੱਮ. ਸਾਹਿਬ ਬੋਲਣਗੇ ਤਾਂ ਇਹ ਨਹੀਂ ਬੋਲਣਗੇ।

**Mr. Speaker:** We have already decided on this point. ਸਦਨ ਦਾ ਸਮਾਂ ਵਿਰੋਧੀ ਧਿਰ ਦੇ ਨੇਤਾ ਦੇ ਭਾਸ਼ਣ ਸਮਾਪਤ ਹੋਣ ਤੱਕ ਵਧਾਇਆ ਜਾਂਦਾ ਹੈ।

---

## DISCUSSION ON GOVERNOR'S ADDRESS AND VOTE ON THE MOTION OF THANKS (*Resumption)*

**ਸਰਦਾਰ ਸੁਖਪਾਲ ਸਿੰਘ ਖਹਿਰਾ:** ਕਿਉਂਕਿ ਇਹ ਗਵਰਨਰ ਐਡਰੈਸ ਤੇ ਬਹਿਸ ਹੋ ਰਹੀ ਹੈ I would quickly wind up ਕਰੰਟ ਇਸ਼ੂਜ਼ ਹਨ। ਮੇਰਾ ਖਿਆਲ ਹੈ ਕਿ ਜਿਹੜੇ ਜਾਗਦੀ ਜ਼ਮੀਰ ਦੇ ਆਦਮੀ ਹਨ, ਉਹ ਉੱਤੇ ਗੈਲਰੀਆਂ ਵਿੱਚ ਬੈਠੇ ਹਨ, ਭਾਵੇਂ ਇਧਰ ਉਧਰ ਬੈਠੇ ਹਨ। I think they would agree with me, ਪ੍ਰੰਤੂ ਜਿਹੜਾ ਕਰੰਟ ਇਸ਼ੂ ਹੈ, ਜਿਸ ਤੇ ਅਸੀਂ ਵਿਚਾਰ ਕਰਨਾ ਹੈ। ਮੰਨ ਲਿਆ ਕਿ ਸਾਨੂੰ ਇਹ ਖਜ਼ਾਨਾ ਖਾਲੀ ਦੇ ਕੇ ਗਏ ਹਨ, ਕਰਜ਼ਾ ਚੜ੍ਹਾ ਕੇ ਗਏ ਹਨ। ਪਰ ਜਦੋਂ ਆਪਾਂ ਕਿਸਾਨਾਂ ਨਾਲ ਟੋਟਲ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ, ਜਿਸ ਵਿੱਚ ਮੇਰੇ ਸਾਥੀ ਮੈਂਬਰ ਸਾਹਿਬ ਨੇ ਫਾਰਮ ਵੀ ਦਿਖਾ ਦਿੱਤਾ ਹੈ, ਛੋਟੇ ਮੋਟੇ ਕਿਸੇ ਮੈਂਬਰ ਨੂੰ ਤਾਂ ਹੋ ਸਕਦਾ ਹੈ ਕਿ ਉਸ ਨੂੰ ਪਤਾ ਨਹੀਂ ਸੀ ਕਿ ਪੰਜਾਬ ਦੇ ਆਰਥਿਕ ਹਾਲਤ ਕੀ ਹਨ। Captain Amarinder Singh had remained the Chief Minister of Punjab and he fully knew ਕਿ ਪੰਜਾਬ ਦੇ ਉੱਤੇ ਕਿੰਨਾ ਕਰਜ਼ਾ ਹੈ ਪਰ ਫਿਰ ਵੀ ਉਨ੍ਹਾਂ ਨੇ ਵਾਅਦਾ ਕਰ ਲਿਆ। ਇਲੈਕਸ਼ਨ ਹੋ ਗਏ, ਇਲੈਕਸ਼ਨ ਜਿੱਤ ਗਏ, 77 ਸੀਟਾਂ ਘੱਟ ਨਹੀਂ ਹੁੰਦੀਆਂ। ਸਪੀਕਰ ਸਾਹਿਬ, ਇਹ ਮੇਰੇ ਕੋਲ ਲਿਸਟ ਹੈ। ਤੁਸੀਂ ਵੀ ਦੇਖ ਸਕਦੇ ਹੋ ਇਹ ਸਾਰੇ ਕਿਸਾਨਾਂ ਦੀ ਆਤਮ ਹੱਤਿਆ ਅਤੇ ਖੇਤ ਮਜ਼ਦੂਰਾਂ ਦੀ ਟੋਟਲ ਲਿਸਟ ਹੈ। ਇਸ ਬਾਰੇ ਅੱਜ ਜਦ ਅਸੀਂ ਦੁਪਹਿਰੇ ਗੱਲਾਂ ਕਰ ਰਹੇ ਸੀ। ਇੱਕ ਆਨੰਦਪੁਰ ਸਾਹਿਬ ਦਾ ਕਿਸਾਨ ਜੋ ਤੁਹਾਡੇ ਹਲਕੇ ਦਾ ਸੀ, ਉਸ ਨੇ ਆਤਮ ਹੱਤਿਆ ਕਰ ਲਈ ਹੈ। ਜਦੋਂ ਤੁਸੀਂ ਸ਼ਾਮ ਨੂੰ ਜਾਓਗੇ ਤਾਂ ਤੁਹਾਨੂੰ ਪਤਾ ਲੱਗੇਗਾ। 381 suicides have happened, to be precise. 381 ਸੁਸਾਈਡਜ਼ ਕੋਈ ਥੋੜ੍ਹੀਆਂ ਹਨ।To invoke somebody's sympathy ਔਰ ਚਲੋ ਮੰਨ ਲਿਆ ਜੀ ਕਿ ਤੁਹਾਡੇ ਕੋਲ ਪੈਸੇ ਨਹੀ ਸਨ।ਫਿਰ ਤੁਸੀਂ ਆਪੇ ਹੀ ਇੱਕ ਕਰਾਈਟੇਰੀਆ ਘੜਿਆ ਕਿ ਪੰਜ ਏਕੜ ਵਾਲੇ ਨੂੰ ਦੋ ਲੱਖ ਰੁਪਏ ਕਰਜ਼ਾ ਮੁਆਫ ਕਰਾਂਗੇ। ਸਪੀਕਰ ਸਾਹਿਬ, ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਪੰਜਾਬ ਦੇ ਵਿੱਚ ਇਸ ਤਰ੍ਹਾਂ ਦਾ ਸਾਢੇ ਦੱਸ ਲੱਖ ਪਰਿਵਾਰ ਹੈ। ਇਸ ਦਾ ਮਤਲਬ ਇੱਕੀ ਹਜ਼ਾਰ ਕਰੋੜ ਰੁਪਿਆ ਹੈ।ਆਪਾਂ ਫਿਰ ਸ਼ਰਤ ਰੱਖ ਲੈਂਦੇ ਹਾਂ ਕਿ ਜਿਸਦਾ ਕਰਜ਼ਾ ਦੋ ਲੱਖ ਤੋਂ ਇੱਕ ਪੈਸਾ ਵੀ ਉੱਤੇ ਹੋਵੇਗਾ ਤਾਂ ਉਸ ਨੂੰ ਇਸ ਕਰਜ਼ਾ ਮੁਆਫੀ ਵਿਚੋਂ ਆਊਟ ਕਰ ਦਿੱਤਾ ਜਾਵੇਗਾ।ਸਪੀਕਰ ਸਾਹਿਬ, ਮੈਨੂੰ ਕੋਈ ਇਤਰਾਜ਼ ਨਹੀਂ, ਜਿਸ ਨੂੰ ਮਰਜ਼ੀ ਆਊਟ ਕਰ ਦੇਣ।ਇਸ ਦਾ

ਇੰਪੈਕਟ ਬਹੁਤ ਜ਼ਿਆਦਾ ਨੈਗੇਟਿਵ ਪੈ ਰਿਹਾ ਹੈ।ਆਤਮ-ਹੱਤਿਆਵਾਂ ਰੁਕ ਨਹੀਂ ਰਹੀਆਂ ਹਨ।ਕਿਸਾਨ ਰੌਂਦੇ ਪਏ ਹਨ।ਆਪਾਂ ਉਸ ਵਿੱਚ ਕੋਈ meaningful ਯੋਗਦਾਨ ਨਹੀਂ ਪਾ ਰਹੇ। ਕਹੀ ਜਾਂਦੇ ਹਨ ਕਿ ਡਾਈਵਰਸੀਫਿਕੇਸ਼ਨ ਹੈ, ਐਵੇਂ ਕਰ ਦਿਆਂਗੇ, ਉਹ ਕਰ ਦਿਆਂਗੇ, ਪਰ ਕੁਝ ਨਹੀਂ ਹੋਇਆ। ਸਪੀਕਰ ਸਾਹਿਬ, ਮੈਂ ਆਪ ਥੋੜ੍ਹੀ ਦੇਰ ਖੇਤੀ ਕੀਤੀ ਸੀ ਪਰ ਛੱਡ ਦਿੱਤੀ।ਮੈਂ ਕਿਹਾ ਕਿ ਇਹ ਸਭ ਤੋਂ ਵੱਡਾ ਘਾਟੇ ਦਾ ਸੌਦਾ ਹੈ।ਇਸ ਤੋਂ ਚੰਗਾ ਹੈ, ਠੇਕੇ ਤੇ ਦੇ ਦੇਵੋ ਜ਼ਮੀਨ ਬਚ ਜਾਵੇਗੀ।ਸਪੀਕਰ ਸਾਹਿਬ, ਜ਼ਮੀਨ ਵਿੱਚੋਂ ਕੁਝ ਨਹੀਂ ਬੱਚਦਾ।ਜਿਹੜੇ ਸਾਡੇ ਨੈਚੂਰਲ ਰਿਸੋਰਸਜ਼ ਹਨ, ਗੁਰਬਾਣੀ ਦਾ ਕਥਨ ਹੈ-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਪਾਣੀ ਸਾਡਾ ਇੱਕੋ ਨੈਚੂਰਲ ਰੀਸੋਰਸ ਹੈ, ਜਿਸ ਕਰਕੇ ਅਸੀਂ ਪਿੱਟ ਗਏ, ਮਰ ਗਏ ਹਾਂ।ਸਾਡੀ ਉਸ ਵੇਲੇ ਦੀ ਲੀਡਰਸ਼ਿਪ, I don't know why they did this, ਉਨ੍ਹਾਂ ਨੇ ਰਾਜਸਥਾਨ ਨੂੰ 8.60 ਐਮ.ਏ.ਐਫ. ਪਾਣੀ ਦੇ ਦਿੱਤਾ, ਪਤਾ ਨਹੀਂ ਹਰਿਆਣਾ ਨੂੰ ਕਿੰਨਾ ਦੇ ਦਿੱਤਾ ਅਤੇ ਦਿੱਲੀ ਨੂੰ ਕਿੰਨਾ ਦੇ ਦਿੱਤਾ।ਪਿਛਲੇ ਸਦਨ ਵਿੱਚ ਆਪਾਂ ਇੱਕ ਰੈਜ਼ੋਲਿਊਸ਼ਨ ਪਾਸ ਕੀਤਾ ਸੀ ਕਿ this money should be recovered ਕਿਉਂਕਿ ਅਸੀਂ ਢਾਈ ਲੱਖ ਕਰੋੜ ਰੁਪਏ ਦੇ ਕਰਜ਼ੇ ਵਿੱਚੋਂ ਨਹੀਂ ਨਿਕਲ ਸਕਦੇ।ਸਰਦਾਰ ਮਨਪ੍ਰੀਤ ਜੀ you are a very well meaning person. ਤੁਸੀਂ ਕਹਿੰਦੇ ਹੋ ਕਿ I see hope. It is very difficult to see hope. ਚਲੋ ਮੰਨ ਲਿਆ ਕਿ ਪਿਛਲੇ ਸਮੇਂ ਵਿਚ ਪਾਣੀ ਬਾਹਰਲੇ ਰਾਜਾਂ ਨੂੰ ਗਿਆ, ਉਹ ਤਾਂ ਗਿਆ।ਹੁਣ ਤਾਂ ਅਸੀਂ ਉਸ ਨੂੰ ਸੰਭਾਲ ਲਈਏ। ਕੀ ਰਾਜਸਥਾਨ ਤੁਹਾਨੂੰ ਫਰੀ ਮਾਰਬਲ ਦਿੰਦਾ ਹੈ, ਮੱਧ ਪ੍ਰਦੇਸ਼ ਤੁਹਾਨੂੰ ਟੀਕ ਦੀ ਲੱਕੜੀ ਦਿੰਦਾ ਹੈ।ਛੱਤੀਸਗੜ੍ਹ ਜਿਹੜਾ ਦੂਜਾ ਸੂਬਾ ਹੈ, ਉਹ ਸਾਨੂੰ ਕੋਲਾ ਦਿੰਦਾ ਹੈ, ਨੈਚੂਰਲ ਰਿਸਰੋਸਿਜ਼ ਕੋਈ ਨਹੀਂ ਦਿੰਦਾ।ਨੈਚੂਰਲ ਰਿਸਰੋਸਿਜ਼ ਦੀ ਦੁਨੀਆਂ ਭਰ ਵਿੱਚ ਜੰਗ ਹੈ।ਕਾਵੇਰੀ ਵਾਟਰਜ਼ ਦੇ ਉੱਤੇ ਸੁਪਰੀਮ ਕੋਰਟ ਦੀ ਰੂਲਿੰਗ ਨੂੰ ਡੀਫਾਈ ਕਰ ਦਿੱਤਾ।ਤਾਮਿਲਨਾਡੂ ਅਤੇ ਕਰਨਾਟਕਾ ਦੋਨਾਂ ਨੇ ਕਿਉਂਕਿ Karnataka does not agree ਕਿ ਇੰਨਾ quantum ਪਾਣੀ ਅਸੀਂ ਉਸ ਪਾਸੇ ਦੇ ਸਕਦੇ ਹਾਂ। ਹਾਊਸ ਦਾ ਰੈਜ਼ੋਲਿਊਸ਼ਨ ਪਾਸ ਕਰਕੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਡੀਫਾਈ ਕੀਤਾ ਗਿਆ। ਇਹ ਜਿਹੜੇ ਨੈਚੂਰਲ ਰਿਸੋਰਸਿਜ਼ ਹਨ, ਇਹ ਸਾਡੀ ਜਾਨ ਹਨ। ਸਪੀਕਰ ਸਾਹਿਬ, ਸਾਡੇ ਬਾਰਡਰ ਬੰਦ ਹੈ, ਸਾਡੇ ਕੋਲ ਕੋਈ ਬੰਦਰਗਾਹ ਨਹੀਂ, ਸਾਡੀ landlocked state ਹੈ, ਖੇਤੀ ਤੋਂ ਇਲਾਵਾ ਸਾਡੇ ਕੋਲ ਕੁਝ ਨਹੀਂ ਹੈ।ਸੂਬਿਆਂ ਦੇ ਆਲੇ-ਦੁਆਲੇ ਜਿਹੜਾ ਸਾਰਾ ਇੰਡਸਟਰੀਅਲ ਪੈਕੇਜ ਹੈ, ਉਹ ਗੁਆਂਢੀ ਸੂਬਿਆਂ ਨੂੰ ਦੇ ਦਿੱਤਾ। ਸਾਰੀ ਸਬਸਿਡੀ ਉਨ੍ਹਾਂ ਨੂੰ ਦੇ ਦਿੱਤੀ, ਛੋਟਾਂ ਦੇ ਦਿੱਤੀਆਂ, ਇਨਕਮ ਟੈਕਸ, ਜੀ.ਐਸ.ਟੀ. ਤੁਹਾਨੂੰ ਪਤਾ ਹੈ ਕਿ 4200 ਜਿਹੜੇ ਇੰਡਸਟਰੀਅਲ ਯੂਨਿਟ ਹਨ, ਹਿੱਲ ਸਟੇਟਸ ਦੇ ਵਿੱਚ ਉਨ੍ਹਾਂ ਨੂੰ ਗੌਰਮਿੰਟ ਆਫ ਇੰਡੀਆ ਵੱਲੋਂ 27 ਹਜ਼ਾਰ ਕਰੋੜ ਰੁਪਿਆ ਜੀ.ਐਸ.ਟੀ. ਰਿਫੰਡ ਹੋਣਾ ਹੈ। ਸਾਰਾ ਕੁਝ ਤਾਂ ਉੱਧਰ ਚਲਾ ਗਿਆ। ਸਾਡੇ ਕੋਲ ਕੀ ਹੈ। ਸਿਰਫ ਪਾਣੀ ਸੀ, ਉਹ ਵੀ ਸਾਡੇ forefather ਕੋਲੋਂ I don't know what happened. ਆਪਾਂ ਉਹ ਕੇਸ ਹਾਰ ਗਏ। ਉਸ ਦੇ ਬਾਰੇ ਕੁਝ ਸੋਚ ਲਓ। 14 ਲੱਖ ਟਿਊਬਵੈੱਲ ਲਗਾ ਲਿਆ, ਜਿਹੜਾ ਸਾਡਾ ਨੈਚੂਰਲ ਰਿਸੋਰਸ ਹੈ, ਉਹ ਆਪਾਂ ਨਹਿਰਾਂ ਨੂੰ ਭੇਜ ਦਿੱਤਾ ਤੇ ਪਾਣੀ ਜ਼ਮੀਨ ਵਿੱਚੋਂ ਕੱਢਣ ਲੱਗ ਪਏ।14 ਲੱਖ ਟਿਊਬਵੈੱਲ, ਕਿੰਨੀ ਦੇਰ ਕੱਢ ਲਓਗੇ।NASA ਦੀਆਂ statellites have reported and they show a red dot on Punjab ਤੇ ਨਾਸਾ ਕਹਿੰਦੀ ਹੈ ਕਿ ਜੇ ਇਸੇ ਸਪੀਡ ਨਾਲ ਤੁਸੀਂ ਪਾਣੀ ਨੂੰ ਵਰਤਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਪੰਜਾਬ ਦੀ ਧਰਤੀ ਬੰਜਰ ਹੋਵੇਗੀ ਔਰ ਉਹ ਦਿਨ ਜ਼ਰੂਰ ਆਵੇਗਾ। ਚੀਫ ਮਨਿਸਟਰ ਸਾਹਿਬ, ਮੈਂ ਰਾਈਜ਼ਿੰਗ ਇੰਡੀਆ ਪ੍ਰੋਗਰਾਮ ਵਿੱਚ ਆਪ ਸੁਣਿਆ ਹੈ ਕਿ ਜਿਹੜਾ ਪਟਿਆਲਾ ਸ਼ਹਿਰ ਹੈ........

**ਮਾਨਯੋਗ ਸਪੀਕਰ:** ਹੁਣ ਤੁਸੀਂ ਕਨਕਲੂਡ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇਹ ਤੁਸੀਂ ਕੀ ਛੋਟ ਦਿੱਤੀ ਜੀ।

**ਮਾਨਯੋਗ ਸਪੀਕਰ:** ਨਹੀਂ ਨਹੀਂ, ਛੋਟ ਤੁਹਾਨੂੰ ਬਹੁਤ ਦੇ ਦਿੱਤੀ ਹੈ। ਤੁਸੀਂ ਆਲਰੈਡੀ 15 ਮਿੰਟ ਫਾਲਤੂ ਲੈ ਲਏ ਹਨ।(ਵਿਘਨ..ਸ਼ੋਰ) ਤੁਹਾਡੀ ਪਾਰਟੀ ਦੇ ਟਾਈਮ ਤੋਂ ਤੁਸੀਂ 15 ਮਿੰਟ ਆਲਰੈਡੀ ਫਾਲਤੂ ਲੈ ਲਏ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਅੱਜ ਗਵਰਨਰ ਐਡਰੈਸ ਤੇ ਸਾਡੀ ਪਾਰਟੀ ਦਾ ਟਾਈਮ ਖਤਮ ਹੋ ਗਿਆ, ਹੁਣ ਅਸੀਂ ਅੱਗੇ ਬਜਟ ਐਡਰੈਸ ਤੇ ਬੋਲਾਂਗੇ।

**ਮਾਨਯੋਗ ਸਪੀਕਰ:** ਨਹੀਂ, ਤੁਸੀਂ ਉਸ ਤੋਂ ਅੱਗੇ ਚਲੇ ਗਏ। ਤੁਸੀਂ ਉਸ ਤੋਂ ਵੀ 15-20 ਮਿੰਟ ਫਾਲਤੂ ਚਲੇ ਗਏ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਥੋੜ੍ਹਾ ਜਿਹਾ ਰਹਿ ਗਿਆ ਜੀ।

**ਮਾਨਯੋਗ ਸਪੀਕਰ:** ਪਲੀਜ਼ ਦੋ ਮਿੰਟ ਵਿੱਚ ਵਾਈਂਡ ਅੱਪ ਕਰ ਦਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਆਪ ਕਿਹਾ ਕਿ ਮੇਰੇ ਪਟਿਆਲੇ ਜ਼ਿਲ੍ਹੇ ਵਿੱਚ 700 ਫੁੱਟ ਪਾਣੀ ਹੇਠਾਂ ਚਲਾ ਗਿਆ ਹੈ। ਸਬਮਰਸੀਬਲ ਲਗਾਉਣ ਲਈ ਪੰਜ ਲੱਖ ਰੁਪਿਆ ਕੌਣ ਲਗਾਏਗਾ? ਜ਼ਿਮੀਂਦਾਰ ਕੋਲ ਪੰਜ ਰੁਪਏ ਹੈ ਨਹੀਂ ।ਉਹ ਪੰਜ-ਪੰਜ, ਚਾਰ-ਚਾਰ, ਤਿੰਨ-ਤਿੰਨ, ਦੋ-ਦੋ ਲੱਖ, ਲੱਖ-ਲੱਖ ਰੁਪਏ ਨੂੰ ਆਤਮ-ਹੱਤਿਆ ਕਰ ਰਿਹਾ ਹੈ। Look at the state of Punjab. ਨੌਕਰੀਆਂ ਦੀ ਗੱਲ ਹੋ ਰਹੀ ਸੀ।ਸਪੀਕਰ ਸਾਹਿਬ, ਇਹ CRRID ਆਪਣਾ ਹੀ ਹੈ, ਪੰਜਾਬ ਦਾ ਜਿਹੜਾ ਅਦਾਰਾ ਬਣਾਇਆ ਹੈ, it's a very good organization. It does lot of research work. This CRRID says (Centre for Research in Rural and Industrial Development) , ਪੰਜਾਬ ਦਾ 22 ਲੱਖ ਹਿਊਮਨ ਰਿਸੋਰਸ, ਜਾਬਲੈੱਸ ਹੈ। ਆਂਗਣਵਾੜੀ ਟੀਚਰ ਅਤੇ ਹੋਰ ਫਲਾਣੇ ਫਲਾਣੇ ਸੜਕਾਂ ਤੇ ਧਰਨੇ ਮਾਰ ਰਹੇ ਹਨ, ਅਸੀਂ ਰੋਜ਼ ਅਖਬਾਰਾਂ ਵਿਚ ਪੜ੍ਹਦੇ ਹਾਂ।ਮੈਂ ਤੁਹਾਡੀ condemnation ਨਹੀਂ ਕਰਦਾ। ਤੁਹਾਡਾ ਵਾਅਦਾ ਸੀ ਕਿ ਹਰ ਘਰ ਵਿੱਚ ਨੌਕਰੀ ਦਿਆਂਗੇ।ਅਸੀਂ ਨੌਕਰੀ ਦੇਣਾ ਚਾਹੁੰਦੇ ਹਾਂ। ਮੈਂ ਨਹੀਂ ਕਹਿੰਦਾ ਕਿ ਤੁਸੀਂ ਨਹੀਂ ਦੇਣਾ ਚਾਹੁੰਦੇ ਸੀ।ਕੋਈ ਵੀ ਮਨਿਸਟਰ ਅਜਿਹਾ ਨਹੀਂ ਹੋਵੇਗਾ, ਜਿਹੜਾ ਨੌਕਰੀ ਨਹੀਂ ਦੇਣਾ ਚਾਹੁੰਦਾ। ਉਹ ਆਪਣੀ ਬਦਨਾਮੀ ਕਿਉਂ ਕਰਵਾਏਗਾ ਪਰ ਜਿਸ ਤਰ੍ਹਾਂ ਮੈਂ ਅੱਜ ਬੇਨਤੀ ਕੀਤੀ ਹੈ, ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਿ ਜਿਹੜੇ ਪਹਿਲਾਂ ਦਸ ਦਸ ਸਾਲ ਲਾਈਨ ਵਿੱਚ ਲੱਗੇ ਹੋਏ ਹਨ, ਉਨ੍ਹਾਂ ਵਿਚਾਰੇ ਗਰੀਬਾਂ ਨੂੰ ਤਾਂ ਨੌਕਰੀ ਦੇ ਦਿਓ।We have not been able to do it, I think ਗਵਰਨਰ ਐਡਰੈਸ ਅਤੇ ਬਜਟ ਵਿੱਚ ਪੜ੍ਹ ਕੇ ਤੁਸੀਂ ਕਹਿ ਦਿਓ ਕਿ ਅਸੀਂ ਨੌਕਰੀਆਂ ਦੇ ਦਿੱਤੀਆਂ, ਇਸ ਤਰ੍ਹਾਂ ਲੋਕ ਨਹੀਂ ਮੰਨਣਗੇ ।ਅੱਜ ਸੋਸ਼ਲ ਮੀਡੀਆ, ਦੂਜਾ ਮੀਡੀਆ ਬਹੁਤ super-active ਹੈ। ਲੋਕਾਂ ਨੇ ਤੁਹਾਡੀਆਂ ਇਹ ਗੱਲਾਂ ਸਵੀਕਾਰ ਨਹੀਂ ਕਰਨੀਆਂ। ਮੈਂ ਸਮਝਦਾ ਹਾਂ ਕਿ on the issue of employment, the Government has flopped very badly. You can say in whatever way, politics ਵਿਚ ਲਫਜ਼ਾਂ ਦਾ ਬਹੁਤ ਹੇਰ-ਫੇਰ ਚਲਦਾ ਹੈ, ਉਹ ਤੁਸੀਂ ਜਿੰਨਾ ਚਾਹੋਗੇ, ਓਨਾ ਤੁਸੀਂ ਕਰ ਸਕਦੇ ਹੋ। ਸਪੀਕਰ ਸਾਹਿਬ, ਇਸ ਸਦਨ ਵਿਚ ਪਿਛਲੇ 10 ਸਾਲਾਂ ਦੇ ਮਾਫੀਆ ਬਾਰੇ ਬਹੁਤ ਸ਼ੋਰ ਪਿਆ ਸੀ। ਮੈਂ ਕਦੇ ਵੀ ਪੰਜਾਬ ਵਿਚ ਮਾਫੀਆ ਨਹੀਂ ਸੁਣਿਆ ਸੀ। ਪੰਜਾਬ ਵਿਚ ਗੁੰਡਾ ਟੈਕਸ ਕਦੇ ਨਹੀਂ ਸੁਣਿਆ ਸੀ। ਲੇਕਿਨ ਪਿਛਲੇ 10 ਸਾਲਾਂ ਵਿਚ ਜਿਵੇਂ ਪੰਜਾਬੀ

ਵਿਚ ਕਿਹਾ ਜਾਂਦਾ ਹੈ ਕਿ ਓ ਧੁੱਕੀ ਕੱਢੀ, ਜਿਸ ਦਾ ਜਿੱਥੇ ਵੀ ਦਿਲ ਕੀਤਾ ਚਾਹੇ ਉਹ ਮਾਈਨਿੰਗ ਮਾਫੀਆ ਸੀ, ਚਾਹੇ ਲੈਂਡ ਮਾਫੀਆ ਸੀ, ਚਾਹੇ ਉਹ ਕੇਬਲ ਮਾਫੀਆ ਸੀ, ਚਾਹੇ ਉਹ ਟ੍ਰਾਂਸਪੋਰਟ ਮਾਫੀਆ ਸੀ, ਉਹ ਤਾਂ ਆਪਣੇ ਆਪ ਸਿੱਧੇ ਹੀ ਬਣ ਗਏ ਸੀ। ਚਾਹੇ ਕੇਬਲ ਮਾਫੀਆ ਸੀ, ਇਨ੍ਹਾਂ ਨਾਲ ਪੰਜਾਬ ਦੀ ਬੇਤਹਾਸ਼ਾ ਲੁੱਟ ਹੋਈ ਹੈ and in this government also, unfortunately. ਜਿਸ ਦਿਨ ਦੀ ਚੀਫ ਮਨਿਸਟਰ ਸਾਹਿਬ ਨੇ ਟਵੀਟ ਕੀਤੀ ਹੈ mid February ਦੀ ਜਿਹੜੀਆਂ official sites ਨੇ, ਉਹ ਵੀ ਬੰਦ ਪਈਆਂ ਹਨ। ਉੱਥੇ ਕੋਈ ਮਾਈਨਿੰਗ ਨਹੀਂ ਹੋ ਰਹੀ। ਉਹ ਜਾਂ ਤਾਂ ਡਰ ਗਏ ਜਾਂ ਪਤਾ ਨਹੀਂ ਗੌਰਮਿੰਟ ਨੇ ਕੀ instructions ਪਾਸ ਕੀਤੀਆਂ ਤੇ ਮਾਈਨਿੰਗ ਜਿਹੜੀ ਹੈ, ਅੱਜ ਵੀ ਰਾਤਾਂ ਨੂੰ ਹੋ ਰਹੀ ਹੈ।ਮੇਰੇ ਆਪਣੇ ਪਿੰਡ ਵਿਚੋਂ ਟਿੱਪਰ ਲੰਘ ਕੇ ਜਾਂਦੇ ਹਨ, ਉਹ 40,000 ਰੁਪਿਆ ਇੱਕ ਟਿੱਪਰ ਕਮਾਈ ਕਰ ਰਿਹਾ ਹੈ। ਅਸਲ ਬਲੈਕ ਮਾਰਕੀਟ ਤਾਂ ਹੁਣ ਚੱਲੀ ਹੈ। ਬਾਹਰ ਲੋਕਾਂ ਲਈ ਜਿਹੜਾ ਸੈਂਡ ਤੇ ਗ੍ਰੈਵਲ ਹੈ, ਉਹ ਬੇਤਹਾਸ਼ਾ ਮਹਿੰਗਾ ਹੋ ਗਿਆ ਹੈ। ਚੀਫ ਮਨਿਸਟਰ ਸਾਹਿਬ ਨੇ ਆਪ ਟਵੀਟ ਕੀਤਾ ਹੈ, ਮੈਂ ਨਹੀਂ ਕੀਤਾ ਤੇ ਨਾ ਹੀ ਤੁਸੀਂ ਕੀਤਾ ਹੈ। 6 ਖੱਡਾਂ ਦੀ ਅੱਜ ਤੱਕ ਵੀ ਕੋਈ ਰਿਪੋਰਟ ਨਹੀਂ ਆਈ ਕਿ ਉਨ੍ਹਾਂ ਦੇ ਖਿਲਾਫ ਪੁਖਤਾ ਐਕਸ਼ਨ ਕੀ ਹੋਇਆ? ਮੈਂ ਤੁਹਾਨੂੰ ਨਹੀਂ ਕਹਿ ਰਿਹਾ, ਲੇਕਿਨ ਇਲਜ਼ਾਮ ਤੁਹਾਡੇ ਤੇ ਬਹੁਤ ਲੱਗ ਰਹੇ ਹਨ। I am the Opposition Leader. There are hordes of complaints. ਮੈਂ ਹਾਲਾਂਕਿ, I avoid as much as I can ਲੇਕਿਨ ਬਹੁਤ ਸਾਰੀਆਂ ਸ਼ਿਕਾਇਤਾਂ ਆਈਆਂ ਹਨ, ਇਹ ਮੈਂ ਨਹੀਂ ਕਹਿੰਦਾ। ਮੈਨੂੰ ਪਤਾ ਹੈ ਕਿ ਐਮ.ਐਲ.ਏ. ਬਣਨਾ ਸੌਖਾ ਨਹੀਂ ਹੈ।ਕਿਸ ਢੰਗ ਨਾਲ ਅਸੀਂ ਲੋਕਾਂ ਦੀ ਕਚਹਿਰੀ ਵਿਚੋਂ ਹੋ ਕੇ ਆਉਂਦੇ ਹਾਂ।ਸਟੇਟ ਦੇ ਇੰਪਲਾਇਜ਼ ਬਾਰੇ ਮੈਂ ਪਹਿਲਾਂ ਵੀ ਜ਼ਿਕਰ ਕਰ ਚੁੱਕਾ ਹਾਂ, they are in the doldrums, ਤਨਖਾਹਾਂ ਨਹੀਂ ਮਿਲ ਰਹੀਆਂ, ਡੀ.ਏ. ਨਹੀਂ, 6th ਪੇਅ ਕਮਿਸ਼ਨ ਲਾਗੂ ਕਰਨਾ ਸੀ, ਸਾਰੇ ਆਲੇ ਦੁਆਲੇ ਲਾਗੂ ਹੋ ਗਿਆ ਪਰ ਪੰਜਾਬ ਵਿਚ ਨਹੀਂ ਕੀਤਾ ਗਿਆ।

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, Thank you so much, Thank you so much.

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇੱਕ ਮਿੰਟ ਪਲੀਜ਼। ਮੈਂ ਬਹੁਤ ਕੁਝ ਬੋਲਣਾ ਸੀ। ਇੱਕ ਮਿੰਟ ਜੀ। I can leave, ਮੈਂ ਛੱਡ ਦਿੰਦਾ ਹਾਂ। ਮੈਨੂੰ ਕੋਈ ਇਤਰਾਜ਼ ਨਹੀਂ। If you think so.

**Mr.Speaker:** Thank you so much. Thank you so much. ਹੁਣ, ਸਦਨ ਮੰਗਲਵਾਰ, ਮਿਤੀ 27 ਮਾਰਚ, 2018 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*7.17 ਵਜੇ ਸ਼ਾਮ) (ਇਸ *ਸਮੇਂ ਸਦਨ ਮੰਗਲਵਾਰ, ਮਿਤੀ 27 ਮਾਰਚ, 2018 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

----------

5377/30-7-18/Govt. Press, Patiala.

© 2018

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਪਟਿਆਲਾ ਵਿਖੇ ਟਾਈਪ ਸੈੱਟ ਕਰਵਾ ਕੇ ਸਰਕਾਰੀ ਪ੍ਰੈੱਸ, ਐੱਸ.ਏ.ਐੱਸ.ਨਗਰ (ਮੁਹਾਲੀ) ਵਿਖੇ ਛਾਪੀ ਗਈ ।